ਐਤਵਾਰ, 7 ਜੂਨ, 2026
24 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 6

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 7 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

## ਅਗਲੇ ਸ਼ਨੀਵਾਰ ਜੰਤਰ-ਮੰਤਰ ਵਿਖੇ ਹੋਵੇਗਾ ਵੱਡਾ ਇਕੱਠ : ਦੀਪਕੇ

### ਸਿੱਖਿਆ ਮੰਤਰੀ ਦੇ ਅਸਤੀਫਾ ਨਾ ਦੇਣ 'ਤੇ ਕੇਂਦਰ ਸਰਕਾਰ ਨੂੰ ਚਿਤਾਵਨੀ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਭਾਰੀ ਸੁਰੱਖਿਆ ਵਿਚਕਾਰ ਸਨਿੱਚਰਵਾਰ ਦਿੱਲੀ ਦੇ ਜੰਤਰ-ਮੰਤਰ ਵਿਖੇ ਆਯੋਜਿਤ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਇਸ ਪ੍ਰਦਰਸ਼ਨ ਵਿੱਚ ਸਕੂਲੀ ਅਤੇ ਕਾਲਜ ਦੇ ਹਜ਼ਾਰਾਂ ਵਿਦਿਆਰਥੀਆਂ ਸਮੇਤ ਨੌਜਵਾਨ ਪੇਸ਼ੇਵਰਾਂ ਦੀ ਵੱਡੀ ਗਿਣਤੀ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਕਈਆਂ ਨੇ ਕਾਕਰੋਚ ਦੇ ਮਾਸਕ ਪਾਏ ਹੋਏ ਸਨ ਅਤੇ ਹੱਥਾਂ ਵਿੱਚ ਫੁੱਲ ਫੜੇ ਹੋਏ ਸਨ। ਸੰਸਥਾ ਨੇ ਪਹਿਲਾਂ ਇੱਕ 'ਕੀ ਕਰਨਾ ਅਤੇ ਕੀ ਨਹੀਂ ਕਰਨਾ' ਦੀ ਇੱਕ ਸੂਚੀ ਜਾਰੀ ਕੀਤੀ ਸੀ ਅਤੇ ਪ੍ਰਦਰਸ਼ਨ ਵਾਲੀ ਥਾਂ 'ਤੇ ਸ਼ਾਮਲ ਹੋਣ ਵਾਲਿਆਂ ਨੂੰ ਤਿਰੰਗਾ, ਇੱਕ ਕਿਤਾਬ ਅਤੇ ਫੁੱਲ ਨਾਲ ਲਿਆਉਣ ਦੀ ਅਪੀਲ ਕੀਤੀ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਸੀ ਜੇ ਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਸਮਰਥਕਾਂ ਅਤੇ ਵਿਦਿਆਰਥੀਆਂ ਨੂੰ ਦਿੱਲੀ ਵਿੱਚ ਪ੍ਰਦਰਸ਼ਨ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਇਕੱਠ ਨੂੰ



ਸੰਬੋਧਨ ਕਰਦਿਆਂ ਦੀਪਕੇ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਸ਼ਾਮ 5 ਵਜੇ ਤੱਕ ਆਪਣੇ ਅਹੁਦੇ ਤੋਂ ਨਹੀਂ ਹਟਦੇ, ਤਾਂ ਦੇਸ਼ ਭਰ ਵਿੱਚ ਪ੍ਰਦਰਸ਼ਨ ਤੇਜ਼ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਆਉਣ ਵਾਲੇ ਹਫ਼ਤੇ ਦੌਰਾਨ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਉਨ੍ਹਾ ਅਗਲੇ ਸਨਿੱਚਰਵਾਰ ਜੰਤਰ-ਮੰਤਰ ਵਿਖੇ ਇੱਕ ਹੋਰ ਵੱਡੇ ਪੱਧਰ ਦੇ ਪ੍ਰਦਰਸ਼ਨ ਦੀ ਯੋਜਨਾ ਦਾ ਐਲਾਨ ਕੀਤਾ। ਉਨ੍ਹਾ ਸਰਕਾਰ ਦੀ ਆਲੋਚਨਾ ਕੀਤੀ ਕਿ ਉਹ ਉਨ੍ਹਾ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ ਸੰਸਥਾ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ 'ਤੇ ਧਿਆਨ ਕੇਂਦਰਤ ਕਰ ਰਹੀ ਹੈ। ਦੀਪਕੇ ਨੇ ਕਿਹਾ ਕਿ ਮੇਰੇ ਦੋਸਤੋ, 'ਇਹ ਇੱਕ ਲੰਮਾ ਸੰਘਰਸ਼ ਹੈ। ਸਾਨੂੰ ਸੋਸ਼ਲ ਮੀਡੀਆ 'ਤੇ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਇੱਕ ਮਹੀਨਾ ਹੋ ਗਿਆ ਹੈ, ਪਰ ਇਹ ਲੋਕ ਏਨੇ ਬੇਸ਼ਰਮ ਹਨ ਕਿ ਕਾਰਵਾਈ ਕਰਨ ਦੀ ਬਜਾਏ, ਉਹ ਹੋਰ ਭਟਕਾਉਣ ਵਾਲੀਆਂ ਚੀਜ਼ਾਂ 'ਤੇ ਧਿਆਨ ਕੇਂਦਰਤ ਕਰ ਰਹੇ ਹਨ, ਜਿਵੇਂ ਕਿ ਸਾਡੇ ਖਾਤਿਆਂ ਨੂੰ ਹੈਕ ਕਰਨਾ ਅਤੇ ਸਾਡੀਆਂ ਪੋਸਟਾਂ ਨੂੰ ਡਿਲੀਟ ਕਰਵਾਉਣਾ।' ਉਨ੍ਹਾ ਕਿਹਾ, 'ਤੁਸੀਂ ਸਾਡੀਆਂ ਪੋਸਟਾਂ ਨੂੰ ਡਿਲੀਟ ਕਰਨ ਦੇ ਯੋਗ ਹੋ ਸਕਦੇ ਹੋ, ਪਰ ਤੁਸੀਂ ਸਾਨੂੰ ਇਸ ਸਪੇਸ ਤੋਂ ਮਿਟਾ ਨਹੀਂ ਸਕਦੇ।' ਜਿਸ ਦਾ ਭੀੜ ਨੇ ਜੋਸ਼ ਨਾਲ ਸਮਰਥਨ ਕੀਤਾ। ਜੰਤਰ-ਮੰਤਰ ਵਿਖੇ ਦੋ ਸਮੂਹਾਂ ਵਿਚਕਾਰ ਸੰਭਾਵਤ ਟਕਰਾਅ ਨੂੰ ਰੋਕਣ ਲਈ ਛੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਅਧਿਕਾਰੀਆਂ ਦੱਸਿਆ ਕਿ ਇਹ ਹਿਰਾਸਤ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਇੱਕ ਸਾਵਧਾਨੀ ਉਪਾਅ ਵਜੋਂ ਕੀਤੀ ਗਈ ਸੀ, ਕਿਉਂਕਿ ਪੁਲਸ ਨੂੰ ਆਨਲਾਈਨ ਅੰਦੋਲਨ ਦੇ ਸਮਰਥਕਾਂ ਅਤੇ ਵਿਰੋਧੀਆਂ ਵਿਚਕਾਰ ਤਣਾਅ ਦੀ ਸੰਭਾਵਨਾ ਬਾਰੇ ਜਾਣਕਾਰੀ ਮਿਲੀ ਸੀ।

## ਭਿਆਨਕ ਸੜਕ ਹਾਦਸੇ 'ਚ 10 ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ 'ਤੇ ਸ਼ਨੀਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ 10 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 25 ਦੇ ਕਰੀਬ ਸਵਾਰੀਆਂ ਜ਼ਖ਼ਮੀ ਹੋ ਗਈਆਂ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਜਲਾਲਾਬਾਦ ਤੋਂ ਬਿਆਸ ਸਤਿਸੰਗ ਘਰ ਜਾ ਰਹੀ ਸ਼ਰਧਾਲੂਆਂ ਨਾਲ ਭਰੀ ਮਹਿੰਦਰਾ ਪਿਕਅੱਪ ਗੱਡੀ ਦੀ ਸਾਹਮਣੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਟਰਾਲੇ ਨਾਲ ਭਿਆਨਕ ਟੱਕਰ ਹੋ ਗਈ।

ਮੰਦਭਾਗੀ ਘਟਨਾ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਸਥਿਤ ਜੰਗ ਵਾਲਾ ਮੋੜ ਦੇ ਨਜ਼ਦੀਕ ਵਾਪਰੀ। ਜਲਾਲਾਬਾਦ ਇਲਾਕੇ ਨਾਲ ਸੰਬੰਧਤ ਇੱਕੋ ਪਰਵਾਰ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਮਹਿੰਦਰਾ ਪਿਕਅੱਪ ਗੱਡੀ ਵਿੱਚ ਸਵਾਰ ਹੋ ਕੇ ਰਾਧਾ ਸੁਆਮੀ ਸਤਿਸੰਗ ਬਿਆਸ ਵਿਖੇ ਦਰਸ਼ਨਾਂ ਲਈ ਜਾ ਰਹੇ ਸਨ। ਜਿਵੇਂ ਹੀ ਉਨ੍ਹਾਂ ਦੀ ਗੱਡੀ ਜੰਗ ਵਾਲਾ ਮੋੜ ਦੇ ਨੇੜੇ ਪਹੁੰਚੀ, ਤਾਂ ਸਾਹਮਣੇ ਪਾਸਿਓਂ ਆ ਰਹੇ ਇੱਕ ਬੇਕਾਬੂ ਘੋੜਾ-ਟਰਾਲੇ (ਟਰੱਕ) ਨੇ ਪਿਕਅੱਪ ਗੱਡੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਏਨੀ ਜ਼ਬਰਦਸਤ ਸੀ ਕਿ ਪਿਕਅੱਪ ਗੱਡੀ ਦੇ ਪਰਖੱਚੇ ਉੱਡ ਗਏ ਅਤੇ ਚੀਕ-ਚਿਹਾੜਾ ਮਚ ਗਿਆ। ਟੱਕਰ ਦੌਰਾਨ ਗੱਡੀ ਵਿੱਚ ਸਵਾਰ 10 ਲੋਕਾਂ ਦੀ ਮੌਕੇ 'ਤੇ ਹੀ ਜਾਨ ਚਲੀ ਗਈ। ਮਰਨ ਵਾਲਿਆਂ ਵਿੱਚ ਔਰਤਾਂ ਵੀ ਸ਼ਾਮਲ ਦੱਸੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ 22 ਤੋਂ 25 ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚ ਮਾਸੂਮ ਬੱਚੇ ਵੀ ਸ਼ਾਮਲ ਹਨ। ਆਸ-ਪਾਸ ਦੇ ਸਥਾਨਕ ਲੋਕ ਤੁਰੰਤ ਮਦਦ ਲਈ ਅੱਗੇ ਆਏ। ਉਨ੍ਹਾਂ



ਬੜੀ ਮੁਸ਼ਕਲ ਨਾਲ ਗੱਡੀ ਵਿੱਚ ਫਸੇ ਲੋਕਾਂ ਅਤੇ ਬੱਚਿਆਂ ਨੂੰ ਬਾਹਰ ਕੱਢਿਆ ਤੇ ਤੁਰੰਤ ਐਂਬੂਲੈਂਸਾਂ ਰਾਹੀਂ ਫਿਰੋਜ਼ਪੁਰ ਅਤੇ ਹੋਰ ਨੇੜਲੇ ਸ਼ਹਿਰਾਂ ਦੇ ਸਰਕਾਰੀ ਹਸਪਤਾਲਾਂ ਵਿੱਚ ਪਹੁੰਚਾਇਆ। ਡਾਕਟਰਾਂ ਅਨੁਸਾਰ ਕਈ ਜ਼ਖ਼ਮੀਆਂ ਦੀ ਹਾਲਤ ਬੇਹੱਦ ਨਾਜ਼ੁਕ ਬਣੀ ਹੋਈ ਹੈ।

ਸੂਚਨਾ ਮਿਲਦੇ ਸਾਰ ਹੀ ਜ਼ਿਲ੍ਹਾ ਫਿਰੋਜ਼ਪੁਰ ਦੇ ਐੱਸ ਐੱਸ ਪੀ ਭੁਪਿੰਦਰ ਸਿੰਘ ਆਪਣੀ ਵਿਸ਼ੇਸ਼ ਪੁਲਸ ਫੋਰਸ ਸਮੇਤ ਘਟਨਾ ਸਥਾਨ 'ਤੇ ਪਹੁੰਚੇ। ਐੱਸ ਐੱਸ ਪੀ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਦੀ ਹਾਲਤ • ਬਾਕੀ ਸਫਾ 2 'ਤੇ

## ਭਾਰਤ ਨੇ ਏਸ਼ੀਆ ਕੱਪ ਜਿੱਤਿਆ



**ਟੋਕੀਓ** : ਭਾਰਤ ਨੇ ਸ਼ਨੀਵਾਰ ਜਾਪਾਨ ਦੇ ਕਾਕਾਮਿਗਾਹਾਰਾ ਦੇ ਕਾਵਾਸਾਕੀ ਹੈਵੀ ਇੰਡਸਟਰੀਜ਼ ਹਾਕੀ ਸਟੇਡੀਅਮ ਵਿੱਚ ਪੁਰਸ਼ ਹਾਕੀ ਅੰਡਰ-18 ਏਸ਼ੀਆ ਕੱਪ 2026 ਦੇ ਫਾਈਨਲ ਵਿੱਚ ਜਾਪਾਨ ਨੂੰ 4-1 ਨਾਲ ਹਰਾ ਕੇ ਤੀਸਰੀ ਵਾਰ ਖਿਤਾਬ 'ਤੇ ਕਬਜ਼ਾ ਕੀਤਾ ਤੇ ਸੋਨੇ ਦਾ ਤਗਮਾ ਹਾਸਲ ਕੀਤਾ। ਆਸ਼ੀਸ਼ ਪੂਰਤੀ ਨੇ ਹੈਟ੍ਰਿਕ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਦ ਕਿ ਭਾਰਤੀ ਟੀਮ ਦੇ ਕਪਤਾਨ ਕੇਤਨ ਕੁਸ਼ਵਾਹਾ ਨੇ ਇਕ ਗੋਲ ਕੀਤਾ।

ਮੇਜ਼ਬਾਨ ਟੀਮ ਲਈ ਗਾਕੂ ਨੁਮਾਦਾ ਨੇ ਇੱਕੋ-ਇੱਕ ਗੋਲ ਕੀਤਾ। ਇਸ ਤੋਂ ਪਹਿਲਾਂ ਦਿਨੇ ਭਾਰਤੀ ਮਹਿਲਾ ਟੀਮ ਨੇ ਦੱਖਣੀ ਕੋਰੀਆ ਨੂੰ 3-0 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ।

## 10 ਲੱਖ ਉਸਾਰੀ ਮਜ਼ਦੂਰਾਂ ਦੀ ਮੁਫ਼ਤ ਰਜਿਸਟ੍ਰੇਸ਼ਨ ਹੋਵੇਗੀ : ਮਾਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਪੂਰੇ ਪੰਜਾਬ ਵਿੱਚ 10 ਲੱਖ ਉਸਾਰੀ ਕਿਰਤੀਆਂ ਦੀ ਮੁਫ਼ਤ ਰਜਿਸਟ੍ਰੇਸ਼ਨ ਅਤੇ ਪੁਰਾਣੀ ਰਜਿਸਟ੍ਰੇਸ਼ਨ ਨਵਿਆਉਣ ਲਈ ਵੱਡੀ ਮੁਹਿੰਮ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਭਲਾਈ ਸਕੀਮਾਂ ਦਾ ਲਾਭ ਸਿੱਧਾ ਕਿਰਤੀਆਂ ਤੱਕ ਪਹੁੰਚਾਇਆ ਜਾਵੇ। ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਉਸਾਰੀ ਕਿਰਤੀ ਨੂੰ ਸਮਾਜਿਕ ਸੁਰੱਖਿਆ ਲਾਭ, ਭਲਾਈ ਸਹਾਇਤਾ ਅਤੇ ਹੁਨਰ ਵਿਕਾਸ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ।ਮਾਨ ਨੇ ਕਿਹਾ, 'ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ' ਦਾ ਗਠਨ



ਨਿਰਮਾਣ ਕਾਮਿਆਂ ਦੀ ਰਜਿਸਟ੍ਰੇਸ਼ਨ, ਵਿੱਤੀ ਸਹਾਇਤਾ ਅਤੇ ਭਲਾਈ ਸਕੀਮਾਂ ਰਾਹੀਂ ਉਨ੍ਹਾਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਸਮਾਜਿਕ-ਆਰਥਿਕ ਤਰੱਕੀ ਯਕੀਨੀ ਬਣਾਉਣ ਲਈ ਕੀਤਾ ਗਿਆ ਹੈ। ਇਹ ਮੰਦਭਾਗਾ ਹੈ ਕਿ ਲੋੜੀਂਦੇ ਫੰਡ ਉਪਲੱਬਧ ਹੋਣ ਦੇ ਬਾਵਜੂਦ ਲੰਮੇ ਪ੍ਰੋਸੈਸਿੰਗ ਸਮੇਂ ਕਾਰਨ ਕਿਰਤੀਆਂ ਲਈ ਭਲਾਈ ਸਕੀਮਾਂ ਲੋੜੀਂਦੀ ਸਫ਼ਲਤਾ ਹਾਸਲ ਨਹੀਂ ਕਰ ਸਕੀਆਂ। ਭਲਾਈ ਸਕੀਮਾਂ ਦਾ ਘੇਰਾ ਵਧਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਬੀ ਓ ਸੀ ਡਬਲਯੂ ਵੈੱਲਫੇਅਰ ਬੋਰਡ ਕੋਲ 2.21 ਲੱਖ ਮਜ਼ਦੂਰ ਰਜਿਸਟਰਡ ਹਨ, ਜੋ ਪੰਜਾਬ ਭਰ ਵਿੱਚ ਚੱਲ ਰਹੀਆਂ ਵੱਡੇ ਪੱਧਰ ਦੀਆਂ ਨਿਰਮਾਣ ਗਤੀਵਿਧੀਆਂ ਅਤੇ ਸ਼ਹਿਰੀਕਰਨ ਨੂੰ ਦੇਖਦੇ ਹੋਏ ਕਾਫ਼ੀ ਘੱਟ ਹੈ।ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਇਸ ਵਿਸ਼ੇਸ਼ ਮੁਹਿੰਮ ਦੌਰਾਨ ਮਜ਼ਦੂਰਾਂ 'ਤੇ ਰਜਿਸਟ੍ਰੇਸ਼ਨ ਫੀਸ ਦਾ ਬੋਝ ਖ਼ਤਮ ਕਰੇਗੀ । ਇਸ ਮੁਹਿੰਮ ਦੌਰਾਨ ਲਗਭਗ 10 ਲੱਖ ਮਜ਼ਦੂਰਾਂ ਨੂੰ ਰਜਿਸਟਰਡ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਇਸ ਦੇ ਲਗਪਗ 15 ਕਰੋੜ ਰੁਪਏ ਦੇ ਵਿੱਤੀ ਖ਼ਰਚੇ ਨੂੰ ਖ਼ੁਦ ਸਹਿਣ ਕਰੇਗੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਲੇਬਰ ਚੌਕਾਂ 'ਤੇ ਮਜ਼ਦੂਰਾਂ ਲਈ ਉਪਲੱਬਧ ਸਹੂਲਤਾਂ ਵਿੱਚ ਸੁਧਾਰ ਕਰਨ ਦੇ ਨਿਰਦੇਸ਼ ਵੀ ਦਿੱਤੇ। ਲੇਬਰ ਚੌਕਾਂ 'ਤੇ ਸ਼ੈੱਡ ਬਣਾਏ ਜਾਣੇ ਚਾਹੀਦੇ ਹਨ ਅਤੇ • ਬਾਕੀ ਸਫਾ 2 'ਤੇ

## ਲੁਧਿਆਣਾ ਸਟੇਸ਼ਨ 'ਤੇ ਰੇਲ ਗੱਡੀ ਦੋ-ਫਾੜ

**ਲੁਧਿਆਣਾ** : ਲੁਧਿਆਣਾ ਦੇ ਮੁੱਖ ਰੇਲਵੇ ਸਟੇਸ਼ਨ 'ਤੇ ਸ਼ਨੀਵਾਰ ਸਵੇਰੇ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ, ਜਦੋਂ ਨਵੀਂ ਦਿੱਲੀ ਤੋਂ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਜਾ ਰਹੀ ਸਪੈਸ਼ਲ ਰੇਲ ਗੱਡੀ



ਸਟੇਸ਼ਨ ਤੋਂ ਰਵਾਨਾ ਹੁੰਦੇ ਸਾਰ ਹੀ ਦੋ ਹਿੱਸਿਆਂ ਵਿੱਚ ਵੰਡੀ ਗਈ। ਰੇਲ ਗੱਡੀ ਦੇ ਦੋ ਡੱਬਿਆਂ ਨੂੰ ਆਪਸ ਵਿੱਚ ਜੋੜਨ ਵਾਲੀ ਕਲਿਪਿੰਗ ਟੁੱਟਣ ਕਾਰਨ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਸਲੀਪਰ ਕੋਚ ਦਾ ਪਖਾਨਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਗੱਡੀ ਦੇ ਦੋ-ਫਾੜ ਹੁੰਦਿਆਂ ਹੀ ਮੁਸਾਫ਼ਰਾਂ ਵਿੱਚ ਰੌਲਾ ਪੈ ਗਿਆ ਅਤੇ ਸਵਾਰੀਆਂ ਆਪਣੀ ਜਾਨ ਬਚਾਉਣ ਲਈ ਇੱਧਰ-ਉਧਰ ਭੱਜਣ ਲੱਗੀਆਂ। ਘਟਨਾ ਸਥਾਨ 'ਤੇ ਮੌਜੂਦ ਲੋਕਾਂ ਦਾ ਦਾਅਵਾ ਹੈ ਕਿ ਡੱਬਾ ਕਿਸੇ ਧਮਾਕੇ ਦੀ ਆਵਾਜ਼ ਨਾਲ ਟੁੱਟਿਆ ਹੈ, ਜਦ ਕਿ ਪੁਲਸ ਅਧਿਕਾਰੀ ਫਿਲਹਾਲ ਇਸ ਮਾਮਲੇ ਵਿੱਚ ਕੁਝ ਵੀ ਬੋਲਣ ਤੋਂ ਗੁਰੇਜ਼ ਕਰ ਰਹੇ ਹਨ। ਪੁਲਸ ਮੁਤਾਬਕ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਇਹ ਸਾਫ਼ ਨਹੀਂ ਕੀਤਾ ਜਾ ਸਕਦਾ ਕਿ ਡੱਬਾ ਕਿਸੇ ਬਾਹਰੀ ਧਮਾਕੇ ਨਾਲ ਟੁੱਟਿਆ ਹੈ ਜਾਂ ਫਿਰ ਕਲਿਪਿੰਗ ਟੁੱਟਣ ਕਾਰਨ ਇਹ ਜ਼ੋਰਦਾਰ ਆਵਾਜ਼ ਪੈਦਾ ਹੋਈ ਸੀ।

## ਸ਼੍ਰੇਅਸ ਅਈਅਰ ਭਾਰਤੀ ਟੀ-20 ਟੀਮ ਦਾ ਨਵਾਂ ਕਪਤਾਨ

**ਨਵੀਂ ਦਿੱਲੀ** : ਅਜੀਤ ਅਗਰਕਰ ਦੀ ਅਗਵਾਈ ਵਾਲੀ ਚੋਣ ਕਮੇਟੀ ਦੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਵਿਚ ਆਇਰਲੈਂਡ ਵਿਰੁੱਧ ਦੋ ਟੀ-20 ਮੈਚਾਂ ਅਤੇ ਇੰਗਲੈਂਡ ਵਿਰੁੱਧ ਪੰਜ ਮੈਚਾਂ ਦੀ ਟੀ-20 ਸੀਰੀਜ਼ ਦੇ ਨਾਲ-ਨਾਲ ਸਤੰਬਰ ਵਿਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਲਈ ਟੀਮਾਂ ਦੀ ਚੋਣ ਕੀਤੀ। ਸ਼੍ਰੇਅਸ ਅਈਅਰ ਨੂੰ ਭਾਰਤੀ ਟੀ-20 ਟੀਮ ਦਾ ਨਵਾਂ ਕਪਤਾਨ ਬਣਾਇਆ ਗਿਆ ਹੈ, ਜਦੋਂ ਕਿ 15 ਸਾਲਾ ਵੈਭਵ ਸੂਰਿਆਵੰਸ਼ੀ ਨੂੰ ਸੀਨੀਅਰ ਟੀਮ ਵਿਚ ਸ਼ਾਮਿਲ ਕੀਤਾ ਗਿਆ ਹੈ। ਭਾਰਤ 26 ਅਤੇ 28 ਜੂਨ ਨੂੰ ਆਇਰਲੈਂਡ ਵਿਰੁੱਧ ਦੋ ਟੀ-20 ਮੈਚ ਖੇਡੇਗਾ, ਜਦੋਂ ਕਿ 1 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਇੰਗਲੈਂਡ ਵਿਰੁੱਧ ਸੀਮਤ ਓਵਰਾਂ ਦੀ ਲੜੀ ਵਿਚ ਪੰਜ ਟੀ-20 ਮੈਚ ਅਤੇ 3 ਇਕ ਰੋਜ਼ਾ ਮੈਚ ਹੋਣਗੇ। ਭਾਰਤ ਅਤੇ ਇੰਗਲੈਂਡ ਵਿਚਕਾਰ ਪੰਜ ਮੈਚਾਂ ਦੀ ਟੀ-20 ਸੀਰੀਜ਼ ਦਾ ਪਹਿਲਾ ਮੈਚ 1 ਜੁਲਾਈ ਨੂੰ ਚੈਸਟਰ-ਲੀਗ ਸਟੇਡੀਅਮ ਵਿਚ ਖੇਡਿਆ ਜਾਵੇਗਾ। ਬਾਕੀ ਚਾਰ ਮੈਚ 4, 7, 9 ਅਤੇ 11 ਜੁਲਾਈ ਨੂੰ ਖੇਡੇ ਜਾਣਗੇ। ਇਸ ਤੋਂ ਬਾਅਦ ਦੋਵਾਂ ਟੀਮਾਂ ਵਿਚਕਾਰ 14 ਜੁਲਾਈ ਨੂੰ ਬਰਮਿੰਘਮ ਵਿਚ ਤਿੰਨ ਮੈਚਾਂ ਦੀ ਇਕ ਰੋਜ਼ਾ ਲੜੀ ਸ਼ੁਰੂ ਹੋਵੇਗੀ, ਜਿਸ ਦਾ ਆਖਰੀ ਮੈਚ 19 ਜੁਲਾਈ ਨੂੰ ਲੰਡਨ ਦੇ ਲਾਰਡਜ਼ ਵਿਚ ਹੋਵੇਗਾ।

## ਧਰਮਸ਼ਾਲਾ ਖੇਤਰ 'ਚ ਭੁਚਾਲ ਦੇ ਝਟਕੇ

**ਧਰਮਸ਼ਾਲਾ** : ਧਰਮਸ਼ਾਲਾ ਖੇਤਰ ਵਿੱਚ ਰਿਕਟਰ ਪੈਮਾਨੇ 'ਤੇ 5.0 ਦੀ ਸ਼ਿੱਦਤ ਵਾਲੇ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ, ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਪੈਦਾ ਹੋ ਗਈ, ਹਾਲਾਂ ਕਿ ਕਿਸੇ ਜਾਨੀ ਨੁਕਸਾਨ ਜਾਂ ਜਾਇਦਾਦ ਦੇ ਵੱਡੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਸਭ ਤੋਂ ਤੇਜ਼ ਝਟਕਾ ਰਾਤ 10.04 ਵਜੇ ਮਹਿਸੂਸ ਕੀਤਾ ਗਿਆ। ਇਸ ਦਾ ਕੇਂਦਰ ਧਰਮਸ਼ਾਲਾ ਤੋਂ ਲਗਭਗ 40 ਕਿਲੋਮੀਟਰ ਦੂਰ ਕਾਂਗੜਾ-ਚੰਬਾ ਸਰਹੱਦ ਦੇ ਨਾਲ ਧੌਲਾਧਾਰ ਰੇਂਜ ਵਿੱਚ ਧਾਰ ਘੜੋਈ ਅਤੇ ਆਰ ਐੱਫ ਕੁਗਤੀ ਦੇ ਵਿਚਕਾਰ ਸਥਿਤ ਸੀ। ਭੁਚਾਲ 22.5 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ ਅਤੇ ਇਸ ਦੇ ਸੰਖੇਪ ਝਟਕੇ ਕਾਂਗੜਾ, ਚੰਬਾ ਅਤੇ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਮਹਿਸੂਸ ਕੀਤੇ ਗਏ। ਬਹੁਤ ਸਾਰੇ ਲੋਕ ਸਾਵਧਾਨੀ ਵਜੋਂ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ।

## ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੂੰ ਠੇਕੇਦਾਰੀ ਸਿਸਟਮ 'ਚੋਂ ਕੱਢ ਕੇ ਪੱਕਾ ਕੀਤਾ ਜਾਵੇ : ਬਰਾੜ

**ਸੁਨਾਮ/ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**

ਪਿਛਲੇ ਦਿਨਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ਸ਼ੀਲ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸ਼ਨੀਵਾਰ ਸਥਾਨਕ ਅਨਾਜ ਮੰਡੀ ਵਿਖੇ ਕੀਤੀ ਗਈ ਵਿਸ਼ਾਲ ਰੈਲੀ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਸੂਬੇ ਭਰ ਤੋਂ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ। ਇਸ ਰੈਲੀ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਜਥੇਬੰਦੀਆਂ ਦਾ ਭਰਪੂਰ ਸਮਰਥਨ ਮਿਲਿਆ, ਜਿਸ ਨਾਲ



ਪ੍ਰਦਰਸ਼ਨਕਾਰੀਆਂ ਦਾ ਇਹ ਪ੍ਰਦਰਸ਼ਨ ਹੋਰ ਮਜ਼ਬੂਤ ਹੋ ਗਿਆ।ਪ੍ਰਦਰਸ਼ਨ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਏਟਕ ਦੇ ਸੂਬਾ ਪ੍ਰਧਾਨ ਬੰਤ ਸਿੰਘ ਬਰਾੜ ਨੇ ਕਿਹਾ ਕਿ ਪਿਛਲੇ 10 ਸਾਲਾਂ ਤੋਂ ਸੇਵਾ ਕੇਂਦਰਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਇਹਨਾਂ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਇਹ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਮਹਿੰਗਾਈ ਦੇ ਯੁੱਗ ਵਿੱਚ ਨਿਗੁਣੀਆਂ ਤਨਖਾਹਾਂ 'ਤੇ ਕੰਮ ਕਰਨ ਲਈ ਮਜਬੂਰ ਹਨ, ਜਿਸ ਨਾਲ ਇਹਨਾਂ ਮੁਲਾਜ਼ਮਾਂ ਵੱਲੋਂ ਆਪਣੇ ਪਰਵਾਰਾਂ ਦਾ ਪਾਲਣ-ਪੋਸ਼ਣ ਅਤੇ ਗੁਜ਼ਾਰਾ ਕਰਨਾ ਅਤਿ ਮੁਸ਼ਕਿਲ ਹੈ। ਉਹਨਾਂ ਕਿਹਾ ਕਿ ਇਹਨਾਂ ਸੰਘਰਸ਼ਸ਼ੀਲ ਮੁਲਾਜ਼ਮਾਂ ਦੀ ਮੁੱਖ ਮੰਗ ਹੈ ਕਿ ਉਹਨਾਂ ਨੂੰ ਠੇਕੇਦਾਰੀ ਸਿਸਟਮ ਵਿੱਚੋਂ ਕੱਢ ਕੇ ਪੱਕਾ ਕਰਦੇ ਹੋਏ ਸਰਕਾਰੀ ਮੁਲਾਜ਼ਮ ਬਣਾਇਆ ਜਾਵੇ ਅਤੇ ਉਹਨਾਂ ਨੂੰ ਹੋਰ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਵਾਂਗ ਤਨਖਾਹਾਂ ਅਦਾ ਕੀਤੀਆਂ ਜਾਣ, ਤਾਂ ਜੋ ਉਹ ਵੀ ਆਪਣੇ ਪਰਵਾਰਾਂ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰ ਸਕਣ। ਉਹਨਾ ਕਿਹਾ ਕਿ ਪ੍ਰਦਰਸ਼ਨ ਕਰਨ ਆਏ ਇਹਨਾਂ ਮੁਲਾਜ਼ਮਾਂ ਵਿੱਚੋਂ ਸੈਂਕੜਿਆਂ ਦੀ ਗਿਣਤੀ ਵਿੱਚ ਮੁਲਾਜ਼ਮਾਂ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਿਉਂਕਿ ਸਮਾਜ ਦੇ ਹਰ ਵਿਅਕਤੀ ਦਾ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨਾ ਸੰਵਿਧਾਨਿਕ ਅਧਿਕਾਰ ਹੈ । ਸਮੇਂ-ਸਮੇਂ ਦੀਆਂ ਸਰਕਾਰਾਂ ਆਪਣਾ ਹੱਕ ਮੰਗਦੇ ਸੰਘਰਸ਼ਕਾਰੀਆਂ ਉਤੇ ਤਸ਼ੱਦਦ ਕਰਦੀਆਂ ਆਈਆਂ ਹਨ, ਜਦ ਕਿ ਇਸ ਤਸ਼ੱਦਦ ਨਾਲ ਸੰਘਰਸ਼ਕਾਰੀਆਂ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਉਹਨਾ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਅਧੀਨ ਕੰਮ ਕਰਨ ਵਾਲੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਣਾ ਚਾਹੀਦਾ ਹੈ ਅਤੇ ਅੱਜ ਉਹ ਇਹਨਾਂ ਮੁਲਾਜ਼ਮਾਂ ਦੇ ਸਮਰਥਨ ਵਿੱਚ ਆਏ ਹਨ।

## ਨੌਜਵਾਨਾਂ 'ਤੇ ਤਸ਼ੱਦਦ ਕਰਨ ਦੀ ਥਾਂ ਸਰਕਾਰ ਨੌਕਰੀਆਂ ਦੇਵੇ : ਧਾਲੀਵਾਲ

**ਪਟਿਆਲਾ (ਨ ਜ਼ ਸ)**

ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਸਾਬਕਾ ਸੂਬਾ ਸਕੱਤਰ ਤੇ ਪ੍ਰਧਾਨ ਏਟਕ ਪੰਜਾਬ ਬੰਤ ਸਿੰਘ ਬਰਾੜ ਨੇ ਸਾਂਝੇ ਬਿਆਨ ਵਿੱਚ ਬਿਜਲੀ ਨਿਗਮ ਦੇ ਮੁੱਖ ਦਫਤਰ ਪਟਿਆਲਾ ਅੱਗੇ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਆਈ ਟੀ ਆਈ ਪਾਸ ਨੌਜਵਾਨਾਂ



'ਤੇ ਪੁਲਸ ਵੱਲੋਂ ਕੀਤੇ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਹਨਾਂ ਕਿਹਾ ਕਿ 2600 ਆਈ ਟੀ ਆਈ ਅਪ੍ਰੈਂਟਸ਼ਿਪ ਅਤੇ ਆਈ ਟੀ ਆਈ ਪਾਸ ਯੋਗਤਾ ਵਾਲੇ ਨੌਜਵਾਨਾਂ ਨੂੰ ਲਾਈਨਮੈਨ ਅਤੇ ਸਹਾਇਕ ਲਾਈਨਮੈਨ ਦੇ ਤੌਰ 'ਤੇ ਮਹਿਕਮੇ 'ਚ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਜਦੋਂ ਪਾਵਰਕਾਮ ਮੈਨੇਜਮੈਂਟ ਕੀਤਾ ਵਾਅਦਾ ਵਫਾ ਕਰਨ ਤੋਂ ਪਾਸੇ ਹਟ ਗਈ ਤਾਂ ਨੌਜਵਾਨਾਂ ਅੰਦਰ ਗੁੱਸਾ ਵਧਣਾ ਕੁਦਰਤੀ ਸੀ। ਨੌਜਵਾਨਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਉਹਨਾਂ ਦੇ ਹੱਕਾਂ ਦੀ ਪੂਰਤੀ ਦੀ ਥਾਂ ਪੁਲਸ ਰਾਹੀਂ ਸਰਕਾਰ ਨੇ ਤਸ਼ੱਦਦ ਦਾ ਰਾਹ ਫੜ ਲਿਆ। ਸਰਕਾਰ ਵੱਲੋਂ ਹਰ ਰੋਜ਼ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ ਹੋਰ ਰੁਜ਼ਗਾਰ ਪੈਦਾ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਉਹਨਾਂ ਦਾਅਵਿਆਂ ਦੀ ਫੂਕ ਉਸ ਵੇਲੇ ਨਿਕਲ ਜਾਂਦੀ ਹੈ, ਜਦੋਂ ਹੱਕ ਮੰਗਦੀ ਜਵਾਨੀ ਨੂੰ ਲਾਠੀਆਂ ਨਾਲ ਨਿਵਾਜਿਆ ਜਾਂਦਾ ਹੈ।ਆਗੂਆਂ ਕਿਹਾ ਕਿ ਨੌਜਵਾਨ ਪਾਵਰਕਾਮ ਮੈਨੇਜਮੈਂਟ ਵੱਲੋਂ ਕੀਤੇ ਲਿਖਤੀ ਵਾਅਦਿਆਂ ਦੀ ਪੂਰਤੀ ਲਈ ਹੀ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵਾਅਦੇ ਪੂਰੇ ਕਰਨ ਦੀ ਬਜਾਏ ਉਹਨਾਂ 'ਤੇ ਡੰਡੇ ਵਰ੍ਹਾਉਣ ਤੁਰ ਪਈ।ਕਮਿਊਨਿਸਟ ਆਗੂਆਂ ਨੇ ਕਿਹਾ ਕਿ ਦੇਸ਼ ਦੀ ਅਦਾਲਤ ਦੇ ਮੁੱਖ ਜੱਜ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਕਾਕਰੋਚ ਗਰਦਾਨਣ ਦੇ ਮੁੱਦੇ 'ਤੇ ਜਵਾਨੀ ਤਾਂ ਪਹਿਲਾਂ ਹੀ ਉਬਾਲੇ ਖਾ ਰਹੀ ਹੈ।ਅਜਿਹੀਆਂ ਪ੍ਰਸਥਿਤੀਆਂ ਵਿੱਚ ਸਰਕਾਰਾਂ ਨੂੰ ਸੋਚ-ਸਮਝ ਕੇ ਕਦਮ ਪੁੱਟਣ ਦੀ ਲੋੜ ਹੁੰਦੀ ਹੈ।ਦੋਵਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਜਵਾਨੀ ਦਾ ਇੱਕ ਹਿੱਸਾ ਨਸ਼ੇ ਦੀ ਦਲਦਲ ਵਿੱਚ ਧੱਸ ਚੁੱਕਾ ਹੈ।ਅਜਿਹੇ ਵਿੱਚ ਪੜ੍ਹਾਈ ਕਰਨ ਉਪਰੰਤ ਨੌਕਰੀ ਲਈ ਯੋਗਤਾ ਪ੍ਰਾਪਤ ਨੌਜਵਾਨਾਂ ਨਾਲ ਸਰਕਾਰਾਂ ਨੂੰ ਸੁਹਿਰਦਤਾ ਨਾਲ ਪੇਸ਼ ਹੋਣਾ ਚਾਹੀਦਾ ਹੈ। ਉਹਨਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਆਈ ਟੀ ਆਈ ਅਪ੍ਰੈਂਟਸ਼ਿਪ ਅਤੇ ਆਈ ਟੀ ਆਈ ਪਾਸ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ।

## ਘੱਲੂਘਾਰਾ ਸਮਾਗਮ 'ਚ ਲੱਗੇ ਖਾਲਿਸਤਾਨ ਦੇ ਨਾਅਰੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਜੂਨ 1984 'ਚ ਸਮੇਂ ਦੀ ਕੇਂਦਰ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਮਾਰੇ ਗਏ ਸਿੱਖ ਮਰਦਾਂ, ਔਰਤਾਂ ਤੇ ਬੱਚਿਆਂ ਦੀ ਯਾਦ 'ਚ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਇਆ ਗਿਆ।ਇਸ ਮੌਕੇ ਖਾਲਿਸਤਾਨੀ ਨਾਅਰਿਆਂ ਦੀ ਗੂੰਜ ਵੀ ਸੁਣਾਈ ਦਿੰਦੀ ਰਹੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਦੋਂ ਸਮੇਂ ਦੀ ਭਾਰਤੀ ਹਕੂਮਤ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਫੌਜਾਂ, ਟੈਂਕਾਂ ਤੇ ਤੋਪਾਂ ਨਾਲ ਹਮਲਾ ਕੀਤਾ ਤਾਂ ਇਸ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੱਖ ਮਾਰੇ ਗਏ। ਇਸ ਦਾ ਦਰਦ ਰਹਿੰਦੀ ਦੁਨੀਆਂ ਤੱਕ ਸਿੱਖ ਹਿਰਦਿਆਂ 'ਚ ਰਹੇਗਾ। ਅੱਜ ਸਿੱਖਾਂ ਨੇ ਪੂਰੀ ਦੁਨੀਆ ਅੰਦਰ ਸਰਬੱਤ ਦੇ ਭਲੇ ਦੇ ਸਿਧਾਂਤ ਉਤੇ ਪਹਿਰਾ ਦਿੰਦਿਆਂ ਅਤੇ ਮਨੁੱਖਤਾ ਦੀ ਸੇਵਾ ਕਰਦਿਆਂ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। ਉਨ੍ਹਾ ਦੇਸ਼-ਦੁਨੀਆਂ ਅੰਦਰ ਵਸਦੇ ਸਿੱਖਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਾਡਾ ਘਰ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਇਸ ਧਰਤੀ ਨਾਲ ਜੋੜੀ ਰੱਖਣ ਲਈ ਸੁਹਿਰਦ ਯਤਨ ਕਰਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੱਜ ਤੋਂ 42 ਸਾਲ ਪਹਿਲਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਮੇਂ ਦੀ ਕੇਂਦਰ ਸਰਕਾਰ ਨੇ ਸਿੱਖ ਗੁਰਧਾਮਾਂ 'ਤੇ ਫ਼ੌਜੀ ਹਮਲਾ ਕਰਵਾਇਆ, ਜਿਸ ਵਿਚ ਹਜ਼ਾਰਾਂ ਸਿੱਖ ਮਰਦ, ਔਰਤਾਂ ਤੇ ਬੱਚੇ ਮਾਰੇ ਗਏ। ਇਸ ਦਰਦਨਾਕ ਸਾਕੇ ਨੂੰ ਭੁਲਾਇਆ ਨਹੀਂ ਜਾ ਸਕਦਾ।

## ਨਿਊ ਚੰਡੀਗੜ੍ਹ 'ਚ ਪੰਜਾਬ ਦਾ ਮਾਣ ਕ੍ਰਿਕਟਰਾਂ ਦਾ ਸਨਮਾਨ

### ਮੀਤ ਹੇਅਰ ਨੇ ਸ਼ੁਭਮਨ ਗਿੱਲ ਤੇ ਗੁਰਨੂਰ ਬਰਾੜ ਨੂੰ ਕੀਤਾ ਸਨਮਾਨਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੀ ਸੀ ਏ ਦੇ ਨਿਊ ਚੰਡੀਗੜ੍ਹ ਕ੍ਰਿਕਟ ਸਟੇਡੀਅਮ ਵਿੱਚ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਨੌਜਵਾਨ ਕ੍ਰਿਕਟ ਸਿਤਾਰਿਆਂ ਦਾ ਸਨਮਾਨ ਕੀਤਾ ਗਿਆ। ਪੀ ਸੀ ਏ ਦੇ ਆਨਰੇਰੀ ਸਕੱਤਰ ਗੁਰਮੀਤ ਸਿੰਘ ਮੀਤ ਹੇਅਰ ਨੇ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਅਤੇ ਹਾਲ ਹੀ ਵਿੱਚ ਟੀਮ ਵਿੱਚ ਚੁਣੇ ਗਏ ਗੁਰਨੂਰ ਬਰਾੜ ਨੂੰ ਸਨਮਾਨਤ ਕੀਤਾ। ਇਸ ਸਮਾਗਮ ਵਿੱਚ ਦੋਵਾਂ ਖਿਡਾਰੀਆਂ ਦੇ ਮਾਤਾ-ਪਿਤਾ ਵੀ ਮੌਜੂਦ ਸਨ।ਭਾਰਤੀ ਇਕ ਰੋਜ਼ਾ ਅਤੇ ਟੈਸਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਅਤੇ ਦੋਵਾਂ ਟੀਮਾਂ ਦੇ ਨਵੇਂ ਮੈਂਬਰ ਗੁਰਨੂਰ ਬਰਾੜ ਨੂੰ ਸਨਮਾਨਤ ਕਰਦਿਆਂ ਮੀਤ ਹੇਅਰ ਨੇ ਅਫਗਾਨਿਸਤਾਨ ਖ਼ਿਲਾਫ਼ ਇਕਲੌਤੇ ਟੈਸਟ ਮੈਚ ਦੇ ਪਹਿਲੇ ਦਿਨ ਭਾਰਤੀ ਕਪਤਾਨ ਵੱਲੋਂ ਜੜੇ ਗਏ ਸ਼ਾਨਦਾਰ ਸੈਂਕੜੇ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਪੀ ਸੀ ਏ ਦੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ ਇਤਿਹਾਸਕ ਪੰਨਾ ਜੁੜ ਗਿਆ ਜਦੋਂ ਮੀਤ ਹੇਅਰ ਨੇ ਰਵਾਇਤੀ ਘੰਟੀ ਵਜਾ ਕੇ ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਪਹਿਲੇ ਟੈਸਟ ਮੈਚ ਦਾ ਆਗਾਜ਼ ਕੀਤਾ ਅਤੇ ਨਿਊ ਚੰਡੀਗੜ੍ਹ ਸਟੇਡੀਅਮ ਨੂੰ ਅਧਿਕਾਰਤ ਤੌਰ 'ਤੇ ਬੀ ਸੀ ਸੀ ਆਈ ਦੇ ਟੈਸਟ ਮੇਜ਼ਬਾਨ ਵਜੋਂ ਸਮਰਪਤ ਕੀਤਾ। ਨਿਊ ਚੰਡੀਗੜ੍ਹ ਪੰਜਾਬ ਦਾ ਤੀਜਾ ਅਤੇ ਭਾਰਤ ਦਾ 31ਵਾਂ ਟੈਸਟ ਕ੍ਰਿਕਟ ਮੇਜ਼ਬਾਨ ਬਣਨ ਵਾਲਾ ਸਟੇਡੀਅਮ ਹੈ।



## ਅੱਜ-ਨਾਮਾ

ਦੱਸਦੇ ਦਿੱਲੀ ਤੋਂ ਲੀਡਰ ਨੇ ਕਾਂਗਰਸ ਦੇ,
ਲੱਗਾ ਛੇਤੀ ਕੋਈ ਆਉਣ ਐਲਾਨ ਬੇਲੀ।
ਸੈੱਟ ਲੀਡਰਾਂ ਦਾ ਸਾਰਾ ਈ ਬਦਲ ਦੇਣਾ,
ਪੰਜਾਬ ਵਿੱਚ ਲੈਣਗੇ ਨਵੇਂ ਸਥਾਨ ਬੇਲੀ।
ਅਗਲੇ ਸਾਲ ਜੋ ਚੋਣ ਹੈ ਆਉਣ ਵਾਲੀ,
ਸੋਚਿਆ ਉਹਦਾ ਵੀ ਕੁੱਲ ਪਲਾਨ ਬੇਲੀ।
ਸਰਵੇ ਬਹੁਤ ਕਰਵਾਏ ਗਏ ਵੋਟਰਾਂ ਦੇ,
ਕਾਂਗਰਸ-ਪੱਖੀ ਆ ਕੁੱਲ ਰੁਝਾਨ ਬੇਲੀ।
ਆਵੇ ਪਹਿਲਾ ਬਿਆਨ ਤਾਂ ਲੋਕ ਸੋਚਣ,
ਲੱਗਦੀ ਹੈ ਗੱਲ ਗੰਭੀਰ ਤੇ ਖਾਸ ਬੇਲੀ।
ਉਹੀਓ ਰੋਜ਼ ਬਿਆਨ ਜਦ ਸੁਣੀ ਜਾਂਦਾ,
ਟੁੱਟਦਾ ਲੋਕਾਂ ਦਾ ਜਾਏ ਧਰਵਾਸ ਬੇਲੀ।

-ਤੀਸ ਮਾਰ ਖਾਂ

## ਲਾਪਤਾ ਆਸਟਰੇਲੀਆਈ ਭਾਰਤੀ ਦਾ ਭਰਾ ਹੀ ਨਿਕਲਿਆ ਕਾਤਲ

**ਅੰਮ੍ਰਿਤਸਰ** : ਪਿਛਲੇ ਕੁਝ ਦਿਨਾਂ ਤੋਂ ਰਹੱਸਮਈ ਹਾਲਾਤ ਵਿੱਚ ਲਾਪਤਾ ਹੋਏ 66 ਸਾਲਾ ਆਸਟਰੇਲੀਆਈ ਨਾਗਰਿਕ (ਪਰਵਾਸੀ ਭਾਰਤੀ) ਸੁਨੀਲ ਸ਼ਰਮਾ ਦੀ ਭਾਲ ਦਾ ਦੁਖਾਂਤਕ ਅੰਤ ਹੋਇਆ ਹੈ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਪੁਸ਼ਟੀ ਕੀਤੀ ਹੈ



ਕਿ ਲਾਪਤਾ ਐੱਨ ਆਰ ਆਈ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਪੁਲਸ ਨੇ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਵਿੱਚ ਮ੍ਰਿਤਕ ਦਾ ਆਪਣਾ ਸਕਾ ਭਰਾ ਵੀ ਸ਼ਾਮਲ ਹੈ। ਮੈਲਬੌਰਨ (ਆਸਟਰੇਲੀਆ) ਵਿੱਚ ਗਣਿਤ ਦੇ ਅਧਿਆਪਕ ਵਜੋਂ ਕੰਮ ਕਰਦੇ ਸੁਨੀਲ ਸ਼ਰਮਾ ਬੀਤੀ 22 ਮਈ ਤੋਂ ਪੰਜਾਬ ਫੇਰੀ ਦੌਰਾਨ ਅਚਾਨਕ ਲਾਪਤਾ ਹੋ ਗਏ ਸਨ। ਉਹ ਅੰਮ੍ਰਿਤਸਰ ਸਥਿਤ ਆਪਣੀ ਇੱਕ ਜਾਇਦਾਦ ਦੇ ਮਾਮਲੇ ਨੂੰ ਸੁਲਝਾਉਣ ਅਤੇ ਉੱਥੇ ਘਰ ਦੇ ਰੰਗ-ਰੋਗਨ ਦੇ ਕੰਮ ਦੀ ਦੇਖਭਾਲ ਕਰਨ ਲਈ ਆਏ ਹੋਏ ਸਨ। ਸੁਨੀਲ ਸ਼ਰਮਾ ਦੇ ਅਚਾਨਕ ਗਾਇਬ ਹੋਣ ਅਤੇ ਉਨ੍ਹਾਂ ਦਾ ਮੋਬਾਇਲ ਫ਼ੋਨ ਲਗਾਤਾਰ ਬੰਦ ਆਉਣ ਕਾਰਨ ਆਸਟਰੇਲੀਆ ਵਿੱਚ ਰਹਿੰਦੇ ਉਨ੍ਹਾ ਦੇ ਪਰਿਵਾਰਕ ਮੈਂਬਰ ਗਹਿਰੀ ਚਿੰਤਾ ਵਿੱਚ ਸਨ।

ਪੁਲਸ ਜਾਂਚ ਵਿੱਚ ਉਸ ਵੇਲੇ ਵੱਡਾ ਮੋੜ ਆਇਆ, ਜਦੋਂ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸ਼ੱਕ ਦੀ ਸੂਈ ਮ੍ਰਿਤਕ ਦੇ ਭਰਾ ਸੰਨੀ ਸ਼ਰਮਾ ਵੱਲ ਘੁਮਾਈ। ਪੁਲਸ ਸੂਤਰਾਂ ਮੁਤਾਬਕ ਦੋਵਾਂ ਭਰਾਵਾਂ ਵਿਚਾਲੇ ਚੱਲ ਰਿਹਾ ਜਾਇਦਾਦ ਦਾ ਵਿਵਾਦ ਹੀ ਇਸ ਕਤਲ ਦਾ ਮੁੱਖ ਕਾਰਨ ਬਣਿਆ। ਅੰਮ੍ਰਿਤਸਰ ਦੇ ਐੱਸ ਐੱਸ ਪੀ ਕੰਵਲਪ੍ਰੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਸੁਨੀਲ ਸ਼ਰਮਾ ਨੂੰ ਪਹਿਲਾਂ 22 ਮਈ ਨੂੰ ਅੰਮ੍ਰਿਤਸਰ ਵਿੱਚ ਨੀਂਦ ਦੀਆਂ ਗੋਲੀਆਂ ਦਿੱਤੀਆਂ ਗਈਆਂ। ਫਿਰ ਉਸ ਦਾ ਬੇਸਬਾਲ ਬੈਟ ਸਿਰ ਵਿੱਚ ਮਾਰ ਕੇ ਕਤਲ ਕਰ ਦਿੱਤਾ ਗਿਆ। ਕਤਲ ਤੋਂ ਬਾਅਦ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਦੀ ਲਾਸ਼ ਹਰੀਕੇ ਨੇੜੇ ਇੱਕ ਨਹਿਰ ਵਿੱਚ ਸੁੱਟ ਦਿੱਤੀ ਗਈ। ਐੱਸ ਐੱਸ ਪੀ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਿਆ ਕਿ ਸੁਨੀਲ ਦੇ ਭਰਾ ਸਤੀਸ਼ ਨੇ ਪਹਿਲਾਂ ਹੀ ਲੁਧਿਆਣਾ ਤੋਂ ਜਾਲ੍ਹੀ ਪਾਵਰ ਆਫ਼ ਅਟਾਰਨੀ ਦੀ ਵਰਤੋਂ ਕਰਕੇ ਸੁਨੀਲ ਦੀਆਂ ਕਈ ਜਾਇਦਾਦਾਂ ਵੇਚ ਦਿੱਤੀਆਂ ਸਨ। ਅੰਮ੍ਰਿਤਸਰ ਦੇ ਏਸ਼ਾਨਾ ਅਸਟੇਟ ਵਿੱਚ ਇੱਕ ਜਾਇਦਾਦ ਵੀ ਵੇਚ ਦਿੱਤੀ ਗਈ ਸੀ। ਮੁਹਾਲੀ ਵਿੱਚ 4 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਨੂੰ ਲੈ ਕੇ ਭਰਾਵਾਂ ਵਿਚਕਾਰ ਵਿਵਾਦ ਹੋਇਆ ਸੀ। ਉਨ੍ਹਾ ਦੱਸਿਆ ਕਿ ਪੁਲਸ ਨੇ ਸਤੀਸ਼ ਸ਼ਰਮਾ, ਉਸ ਦੀ ਪਤਨੀ ਅਨੁਸ਼ਕਾ ਸ਼ਰਮਾ ਅਤੇ ਉਨ੍ਹਾ ਦੇ ਪੁੱਤਰ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਹੈ। ਪ੍ਰਾਪਰਟੀ ਡੀਲਰ ਲਕਸ਼ਮਣ ਸਿੰਘ ਬੱਲ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਜ਼ਿਆਦਾਤਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਦੋ ਅਜੇ ਵੀ ਫਰਾਰ ਹਨ।

## ਹੱਕੀ ਮੰਗਾਂ ਮੰਨਵਾਉਣ ਲਈ ਮਜ਼ਦੂਰਾਂ ਦਾ ਇਕੱਠ ਪਹਿਲੀ ਲੋੜ : ਗੋਰੀਆ

### ਸਰਕਾਰ ਨੇ ਨਰੇਗਾ ਕਾਮਿਆਂ ਨੂੰ ਮਰਨ ਲਈ ਛੱਡਿਆ : ਦੇਵੀ ਕੁਮਾਰੀ

**ਜਲਾਲਾਬਾਦ (ਜੀਤ ਕੁਮਾਰ)**

ਪੰਜਾਬ ਖੇਤ ਮਜ਼ਦੂਰ ਸਭਾ ਅਤੇ ਭੱਠਾ ਵਰਕਰ ਯੂਨੀਅਨ ਏਟਕ ਦੀ ਜ਼ਿਲ੍ਹਾ ਫਾਜ਼ਿਲਕਾ ਤੇ ਜ਼ਿਲ੍ਹਾ ਫਿਰੋਜ਼ਪੁਰ ਦੀ ਕਨਵੈਨਸ਼ਨ ਮੰਡੀ ਲਾਧੂਕਾ ਦੇ ਸ਼ਗਨ ਪੈਲਸ ਵਿੱਚ ਕੀਤੀ ਗਈ, ਜਿਸ ਵਿੱਚ ਗੁਲਜਾਰ ਸਿੰਘ ਗੋਰੀਆ ਤੇ ਦੇਵੀ ਕੁਮਾਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਸਮੇਂ ਗੁਲਜਾਰ ਗੋਰੀਆ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਖੇਤਾਂ ਵਿੱਚ ਮਸ਼ੀਨੀਕਰਨ ਕਾਰਨ ਮਜ਼ਦੂਰਾਂ ਕੋਲ ਕੰਮ ਨਹੀਂ ਅਤੇ ਉਹ ਖੇਤਾਂ ਦੇ ਬਜਾਏ ਭੱਠਿਆਂ ਤੇ ਹੋਰ ਛੋਟੀਆਂ ਫੈਕਟਰੀਆਂ ਵਿੱਚ ਮਜਬੂਰੀਵੱਸ ਛੋਟੇ-ਮੋਟੇ ਕੰਮ ਕਰਨ ਲੱਗ ਪਏ ਹਨ। ਪੰਜਾਬ ਏਟਕ, ਪੰਜਾਬ ਖੇਤ ਮਜ਼ਦੂਰਾਂ, ਭੱਠਾ ਵਰਕਰਾਂ ਦੀਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕਰਦੀ ਹੈ। ਉਹਨਾ ਕਿਹਾ ਕਿ ਤੁਸੀਂ ਇਕੱਠੇ ਹੋ ਕੇ • ਬਾਕੀ ਸਫਾ 2 'ਤੇ



# ਐੱਸ ਬੀ ਆਈ ਨੇ ਖਾਤਾ ਧਾਰਕ ਦੇ ਪਰਵਾਰ ਨੂੰ ਬੀਮਾ ਯੋਜਨਾ ਤਹਿਤ ਦਿੱਤੇ 2 ਲੱਖ ਰੁਪਏ



**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਧਾਨ ਮੰਤਰੀ ਸੁਰੱਖਿਆ ਯੋਜਨਾ ਤਹਿਤ ਐੱਸ ਬੀ ਆਈ ਨੇ ਖਾਤਾ ਧਾਰਕ ਦੇ ਪਰਵਾਰ ਨੂੰ 2 ਲੱਖ ਰੁਪਏ ਦਿੱਤੇ। ਸਥਾਨਕ ਅਕਾਲਸਰ ਰੋਡ ਮੋਗਾ ਵਿੱਚ ਸਥਿਤ ਐੱਸ ਬੀ ਆਈ ਦੀ ਬ੍ਰਾਂਚ ਵੱਲੋਂ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਮ੍ਰਿਤਕ ਰਾਜਾ ਰਾਮ ਵਾਸੀ ਪ੍ਰੇਮ ਨਗਰ ਮੋਗਾ ਦੇ ਪਰਵਾਰ ਨੂੰ 2 ਲੱਖ ਰੁਪਏ ਦਾ ਕਲੇਮ ਦਾ ਚੈੱਕ ਬਰਾਂਚ ਮੈਨੇਜਰ ਹਰਪ੍ਰੀਤ ਕਾਜਲ ਵੱਲੋਂ ਸਾਰੇ ਸਟਾਫ ਦੀ ਹਾਜ਼ਰੀ ਵਿੱਚ ਦਿੱਤਾ ਗਿਆ।ਜਾਣਕਾਰੀ ਦਿੰਦਿਆਂ ਬ੍ਰਾਂਚ ਮੈਨੇਜਰ ਹਰਪ੍ਰੀਤ ਕਾਜਲ ਨੇ ਦੱਸਿਆ ਕਿ ਮ੍ਰਿਤਕ ਰਾਜਾ ਰਾਮ ਨੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਰੁਪਏ 436 ਰੁਪਏ ਦਾ ਇੰਸ਼ੋਰੈਂਸ ਕੀਤਾ ਸੀ, ਜਿਸ ਦੀ ਪਰਿਵਾਰਕ ਮੈਂਬਰਾਂ ਨੂੰ ਜਾਣਕਾਰੀ ਨਹੀਂ ਸੀ।ਖਾਤਾ ਧਾਰਕ ਦੀ ਪਤਨੀ ਸੁਨੀਤਾ ਤੇ ਪੁੱਤਰ ਲਲਿਤ ਖਾਤੇ ਦੀ ਬਕਾਇਆ ਰਾਸ਼ੀ ਲੈਣ ਆਏ ਤਾਂ ਬ੍ਰਾਂਚ ਮੈਨੇਜਰ ਨੇ ਮ੍ਰਿਤਕ ਰਾਜਾ ਰਾਮ ਦੇ ਹੋਏ ਇੰਸ਼ੋਰੈਂਸ ਬਾਰੇ ਜਾਣਕਾਰੀ ਦਿੰਦੇ ਲੋੜੀਂਦੇ ਦਸਤਾਵੇਜ਼ ਪੂਰੇ ਕਰਨ ਉਪਰੰਤ ਇਹ ਕਲੇਮ ਦਿੱਤਾ ਗਿਆ।ਇਸ ਮੌਕੇ ਫੀਲਡ ਅਫ਼ਸਰ ਨਪੁਰ ਗਰਗ, ਕੈਸ਼ੀਅਰ ਪ੍ਰਥਮ, ਕਲਰਕ ਚਾਰੂ, ਸਿਕਿਉਰਿਟੀ ਗਾਰਡ ਦਲਜੀਤ ਸਿੰਘ ਤੇ ਦਫਤਰੀ ਲੱਖਾ ਸਿੰਘ ਸ਼ਾਮਲ ਸਨ।

# ਪੈਨਸ਼ਨਰ ਐਸੋਸੀਏਸ਼ਨ ਦਫਤਰ ਡੀ ਸੀ ਲੁਧਿਆਣਾ ਦੀ ਮੀਟਿੰਗ



**ਲੁਧਿਆਣਾ (ਸਤੀਸ਼ ਸਚਦੇਵਾ)**-ਪੈਨਸ਼ਨਰ ਐਸੋਸੀਏਸ਼ਨ ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਮਹੀਨਾਵਾਰ ਮੀਟਿੰਗ ਨਿਰਮਲ ਸਿੰਘ ਲਲਤੋਂ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਹੋਈ, ਜਿਸ ਵਿਚ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਨੇ ਸਭ ਤੋਂ ਪਹਿਲਾਂ ਹਾਊਸ ਵਿੱਚ ਫੈਮਲੀ ਪੈਨਸ਼ਨਰ ਮਾਤਾ ਨਸੀਬ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ।ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਸਬ ਕਮੇਟੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿਰੁੱਧ ਸੀਲਬੰਦ ਲਫਾਫੇ ਵਿੱਚ ਮਾਨਯੋਗ ਡਬਲ ਬੈਂਚ ਅਦਾਲਤ ਵਿੱਚ ਪੇਸ਼ ਕੀਤੀ ਗਈ ਰਿਪੋਰਟ ਦੀ ਘੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਪੀਐਸਐਮਐਸ ਵੱਲੋਂ 9 ਜੂਨ ਨੂੰ ਸਬ ਕਮੇਟੀ ਵਿਰੁੱਧ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਸਰਵਸ੍ਰੀ ਬਲਜਿੰਦਰ ਸਿੰਘ ਜਨਰਲ ਸਕੱਤਰ, ਬਲਦੇਵ ਸਿੰਘ ਜੜਤੌਲੀ, ਭੀਸ਼ਮ ਸਿੰਘ, ਜਗਜੀਤ ਸਿੰਘ, ਰਛਪਾਲ ਸਿੰਘ, ਪ੍ਰੀਤਮ ਸਿੰਘ ਪਹਿਰਾ, ਜਸਵੰਤ ਸਿੰਘ ਵਾਲੀਆ, ਪਿਆਰਾ ਸਿੰਘ, ਗੁਲਸ਼ਨ ਕੁਮਾਰ, ਬ੍ਰਿਛ ਭੂਸ਼ਨ, ਮੋਹਨ ਸਿੰਘ, ਰਵਿੰਦਰ ਸਿੰਘ, ਗੁਰਮੀਤ ਸਿੰਘ, ਦਵਿੰਦਰ ਕੌਰ, ਆਸ਼ਾ ਰਾਣੀ, ਨਿਰਮਲ ਸ਼ਰਮਾ, ਹਰਮਿੰਦਰ ਕੌਰ, ਰਣਜੀਤ ਕੌਰ, ਸੁਰਿੰਦਰ ਕੌਰ ਤੇ ਹੋਰ ਹਾਜ਼ਰ ਸਨ।


# ਭਾਈ ਗੁਰਦਾਸ ਗਰੁੱਪ ਵਿਖੇ ਵਾਤਾਵਰਣ ਦਿਵਸ ਮੌਕੇ ਹਰਿਆਵਲ ਮੁਹਿੰਮ ਦਾ ਆਗਾਜ਼

**ਚੇਅਰਮੈਨ ਡਾ. ਜਵੰਧਾ ਨੇ ਪੌਦੇ ਲਗਾ ਕੇ ਨੌਜਵਾਨਾਂ ਨੂੰ ਦਿੱਤਾ ਵਾਤਾਵਰਣ ਸੰਭਾਲ ਦਾ ਸੰਦੇਸ਼**



**ਭਵਾਨੀਗੜ੍ਹ (ਰਾਜ ਖੁਰਮੀ)**-ਵਿਸ਼ਵ ਵਾਤਾਵਰਣ ਦਿਵਸ ਮੌਕੇ ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨ ਵਿਖੇ ਹਰਿਆਵਲ ਤੇ ਵਾਤਾਵਰਣ ਸੰਭਾਲ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਮੌਕੇ ਪੰਜਾਬ ਇਨਫੋਟੈੱਕ ਤੇ ਭਾਈ ਗੁਰਦਾਸ ਗਰੁੱਪ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ (ਮਿੰਕੂ) ਜਵੰਧਾ ਨੇ ਕੈਂਪਸ ਵਿੱਚ ਪੌਦੇ ਲਗਾ ਕੇ ਹਰਿਆਵਲ ਮੁਹਿੰਮ ਦੀ ਸ਼ੁਰੂਆਤ ਕੀਤੀ।ਸਮਾਗਮ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਨੂੰ ਸੰਬੋਧਨ ਕਰਦਿਆਂ ਡਾ. ਮਿੰਕੂ ਜਵੰਧਾ ਨੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਤੇ ਕੁਦਰਤੀ ਸਰੋਤਾਂ ਦੀ ਰੱਖਿਆ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਚੁੱਕੀ ਹੈ।ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਤੇ ਪ੍ਰਦੂਸ਼ਣ ਵਧਣ ਕਾਰਨ ਵਾਤਾਵਰਣ ਨੂੰ ਗੰਭੀਰ ਖਤਰੇ ਪੈਦਾ ਹੋ ਰਹੇ ਹਨ।ਅਜਿਹੇ ਹਾਲਾਤਾਂ ਵਿੱਚ ਹਰ ਵਿਅਕਤੀ, ਖਾਸ ਕਰਕੇ ਨੌਜਵਾਨਾਂ ਨੂੰ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।ਡਾ. ਜਵੰਧਾ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਰੁੱਖ ਲਗਾਉਣਾ ਤੱਕ ਹੀ ਸੀਮਤ ਨਾ ਰਹਿਣ, ਸਗੋਂ ਉਨ੍ਹਾਂ ਦੀ ਸੰਭਾਲ ਕਰਕੇ ਉਨ੍ਹਾਂ ਨੂੰ ਵੱਡੇ ਰੁੱਖ ਬਣਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਣ। ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਕੈਂਪਸ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਡੀ ਗਿਣਤੀ ਵਿੱਚ ਪੌਦੇ ਲਗਾਏ ਤੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ, ਪਾਣੀ ਦੀ ਬਚਤ ਕਰਨ ਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਦੀ ਸਹੁੰ ਚੁੱਕੀ।

# ਨਗਰ ਕੌਂਸਲ ਦੀ ਮਾਸਿਕ ਮੀਟਿੰਗ 'ਚ 9.20 ਕਰੋੜ ਦਾ ਬਜਟ ਪਾਸ



**ਮਾਛੀਵਾੜਾ ਸਾਹਿਬ (ਡੈਵੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਨਗਰ ਕੌਂਸਲ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਿਤ ਕੁੰਦਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਾਲ 2026-27 ਦਾ ਸਾਲਾਨਾ ਬਜਟ ਪੇਸ਼ ਕੀਤਾ ਗਿਆ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਕੁੰਦਰਾ ਨੇ ਦੱਸਿਆ ਕਿ ਉਹ ਜਦ ਪਹਿਲਾਂ ਉਨ੍ਹਾਂ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਸੀ ਤਾਂ ਉਸ ਸਮੇਂ ਸਾਲਾਨਾ ਬਜਟ 5 ਕਰੋੜ ਸੀ, ਪਿਛਲੇ ਸਾਲ ਉਨ੍ਹਾਂ ਨੇ ਵਧਾ ਕੇ 7.10 ਕਰੋੜ ਕੀਤਾ ਤੇ ਹੁਣ ਸ਼ਹਿਰ ਦੇ ਹਿੱਤਾਂ ਨੂੰ ਦੇਖਦਿਆਂ ਵਧਾ ਕੇ 9.20 ਕਰੋੜ ਰੁਪਏ ਦਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਜਟ ਰਾਸ਼ੀ 'ਚੋਂ 4.50 ਕਰੋੜ ਰੁਪਏ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਦੀ ਦਿੱਖ ਨੂੰ ਸੁੰਦਰ ਬਣਾਉਣ ਤੇ ਵੱਖ-ਵੱਖ ਵਾਰਡਾਂ 'ਚ ਵਿਕਾਸ ਕਾਰਜਾਂ ਲਈ ਖਰਚੇ ਜਾਣਗੇ। ਇਸ ਤੋਂ ਇਲਾਵਾ ਮੁਲਾਜ਼ਮਾਂ ਦੀਆਂ ਤਨਖਾਹਾਂ, ਸੇਵਾਮੁਕਤੀ ਖਰਚੇ, ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਡੀ.ਏ. ਕਿਸ਼ਤਾਂ, ਛੇਵੇਂ ਪੇਅ ਕਮਿਸ਼ਨ ਦੇ ਬਕਾਏ 'ਤੇ 4.40 ਕਰੋੜ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਨਗਰ ਕੌਂਸਲ ਦੀ ਮੀਟਿੰਗ ਵਿੱਚ 2 ਕਰੋੜ ਰੁਪਏ ਦੇ ਸ਼ਹਿਰ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦੇ ਤਖਮੀਨੇ ਵੀ ਪਾਸ ਕੀਤੇ ਗਏ, ਜਿਸ ਵਿੱਚ ਸਮਰਾਲਾ ਰੋਡ 'ਤੇ 65 ਲੱਖ ਰੁਪਏ ਦੀ ਲਾਗਤ ਵਾਲਾ ਇੱਕ ਨਵਾਂ ਯਾਦਗਾਰੀ ਗੇਟ ਵੀ ਉਸਾਰਿਆ ਜਾਵੇਗਾ। ਮੀਟਿੰਗ ਵਿੱਚ ਕਾਰਜ ਸਾਧਕ ਅਫ਼ਸਰ ਬਿਕਰਮ ਸਿੰਘ, ਅਸ਼ੋਕ ਸੂਦ, ਜਗਮੀਤ ਸਿੰਘ ਮੱਕੜ, ਸੁਰਿੰਦਰ ਛਿੰਦੀ, ਰਸ਼ਮੀ ਜੈਨ, ਪ੍ਰਕਾਸ਼ ਕੌਰ, ਕੁਲਵਿੰਦਰ ਕੌਰ ਜੱਜ, ਹਰਵਿੰਦਰ ਕੌਰ, ਰਵਿੰਦਰਜੀਤ ਕੌਰ, ਪਰਮਜੀਤ ਕੌਰ, ਧਰਮਪਾਲ (ਸਾਰੇ ਕੌਂਸਲਰ), ਲੇਖਾਕਾਰ ਸੰਜੀਵ ਗਰੋਵਰ ਮੌਜੂਦ ਸਨ।

# ਹਡਾਣਾ ਦੀ ਅਗਵਾਈ 'ਚ ਜਲਖੇੜੀ ਦੇ ਸੈਂਕੜੇ ਲੋਕ 'ਆਪ' 'ਚ ਸ਼ਾਮਲ



**ਭੁੰਨਰਹੇੜੀ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਇਮਾਨਦਾਰ ਨੀਤੀਆਂ ਤੇ ਹਲਕਾ ਸਨੌਰ ਵਿੱਚ ਕਰਵਾਏ ਜਾ ਰਹੇ ਚੌਤਰਫਾ ਵਿਕਾਸ ਕਾਰਜਾਂ ਸਦਕਾ ਆਮ ਆਦਮੀ ਪਾਰਟੀ ਦਾ ਕਾਫਲਾ ਦਿਨ-ਬ-ਦਿਨ ਹੋਰ ਵੱਡਾ ਹੁੰਦਾ ਜਾ ਰਿਹਾ ਹੈ।ਇਸੇ ਲੜੀ ਤਹਿਤ ਹਲਕੇ ਵਿੱਚ ਪਾਰਟੀ ਨੂੰ ਉਸ ਸਮੇਂ ਬਹੁਤ ਵੱਡੀ ਸੰਗਠਨਾਤਮਕ ਮਜ਼ਬੂਤੀ ਮਿਲੀ, ਜਦੋਂ ਹਲਕਾ ਇੰਚਾਰਜ ਤੇ ਚੇਅਰਮੈਨ ਸ੍ਰ ਰਣਜੋਧ ਸਿੰਘ ਹਡਾਣਾ ਦੀ ਯੋਗ ਅਗਵਾਈ ਹੇਠ ਅਤੇ ਬਲਾਕ ਸੰਮਤੀ ਮੈਂਬਰ ਰਾਮ ਸਿੰਘ ਜਲਖੇੜੀ ਦੀ ਯੋਗ ਅਗਵਾਈ ਵਿੱਚ ਪਿੰਡ ਜਲਖੇੜੀ ਦੇ ਸੈਂਕੜੇ ਪਰਿਵਾਰਾਂ ਨੇ ਝੂਠੇ ਲਾਰਿਆਂ ਨੂੰ ਨਕਾਰ ਕੇ 'ਆਪ' ਪਰਵਾਰ ਵਿੱਚ ਸ਼ਾਮਲ ਹੋ ਗਏ।ਇਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸੈਂਕੜੇ ਪਿੰਡ ਵਾਸੀਆਂ ਨੂੰ ਸਿਰੋਪਾਓ ਭੇਟ ਕਰਕੇ ਜਥੇਬੰਦੀ ਵਿੱਚ ਨਿੱਘਾ ਸਵਾਗਤ ਕੀਤਾ।ਸ. ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਨ ਵਾਲੇ ਤੇ ਮਿਹਨਤੀ ਆਗੂਆਂ ਦੀ ਆਪਣੀ ਪਾਰਟੀ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਸਾਥੀ ਤੇ ਆਗੂ ਨੂੰ ਜਥੇਬੰਦੀ ਅੰਦਰ ਪੂਰਾ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਹੁਦੇਦਾਰ, ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ, ਪਾਰਟੀ ਦੇ ਮਿਹਨਤੀ ਵਲੰਟੀਅਰ ਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਗਿੱਲੇ ਤੇ ਸੁੱਕੇ ਕੂੜੇ ਦੇ ਸੰਬੰਧ 'ਚ ਕੀਤੀਆਂ ਵਾਰਡ ਮੀਟਿੰਗਾਂ



**ਕੋਟ ਈਸੇ ਖਾਂ (ਅਰੋੜਾ)**-ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਜ ਸਾਧਕ ਅਫਸਰ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ।ਸ਼ਹਿਰ ਕੋਟ ਈਸੇ ਖਾਂ ਦੇ ਵੱਖ-ਵੱਖ ਵਾਰਡਾਂ ਵਿੱਚ ਗਿੱਲੇ ਤੇ ਸੁੱਕੇ ਕੂੜੇ ਦੇ ਸੰਬੰਧ ਵਿੱਚ ਵਾਰਡ ਮੀਟਿੰਗਾਂ ਕੀਤੀਆਂ ਗਈਆਂ, ਸ਼ਹਿਰ ਵਾਸੀਆਂ ਨੂੰ ਚਾਰ ਢੰਗ ਨਾਲ ਕੋਸ਼ਿਸ਼ ਕੂੜਾ ਇਕੱਠਾ ਕਰਨ ਬਾਰੇ ਸਮਝਾਇਆ ਗਿਆ ਅਤੇ ਸਾਲਿਡ ਵੇਸਟ ਮੈਨੇਜਮੈਂਟ ਰੂਲ 2026 ਦੀਆਂ ਗਾਈਡਲਾਈਨਜ਼ ਬਾਰੇ ਦੱਸਿਆ ਗਿਆ। ਉਨ੍ਹਾਂ ਨੂੰ ਕੂੜੇ ਦੇ ਚਾਰ ਭਾਗਾਂ ਗਿੱਲਾ ਕੂੜਾ, ਸੁੱਕਾ ਕੂੜਾ, ਸਪੈਸ਼ਲ ਕੇਅਰ ਵੇਸਟ, ਸੈਨਟਰੀ ਵੇਸਟ, ਤੋਂ ਜਾਣੂ ਕਰਵਾਇਆ ਗਿਆ।ਮੋਟੀਵੇਟਰਾਂ ਵੱਲੋਂ ਮੌਕੇ 'ਤੇ ਹੀ ਕੂੜੇ ਨੂੰ ਸੈਗਰੀਗੇਟ ਕਰਕੇ ਡੈਮੋ ਕਰਕੇ ਸ਼ਹਿਰ ਵਾਸੀਆਂ ਨੂੰ ਸਮਝਾਇਆ ਗਿਆ।ਇਸ ਸਮੇਂ ਸੈਨੇਟਰੀ ਇੰਸਪੈਕਟਰ ਰਵਿੰਦਰ ਸਿੰਘ, ਸੀ. ਐੱਫ. ਸੀਮਾ, ਮੋਟੀਵੇਟਰ ਗੀਤਾ ਰਾਣੀ, ਮਿਸ਼ਨ, ਸਫ਼ਾਈ ਸੇਵਕ, ਵੇਸਟ ਕੁਲੈਕਟਰ ਹਾਜ਼ਰ ਸਨ।

# ਰਿਪੁਦਮਨ ਸਿੰਘ ਰੂਪ ਦਾ ਸਿਮਰਤੀ ਸਮਾਗਮ ਅਮਿੱਟ ਪੈੜਾਂ ਛੱਡ ਗਿਆ



**ਚੰਡੀਗੜ੍ਹ (ਗੁਰਜੀਤ ਬਿੱਲਾ, ਰੈਕਟਰ ਕਥੂਰੀਆ)**-ਕਿਸਾਨ ਭਵਨ ਦੇ ਹਾਲ 'ਚ ਸਾਹਿਤਕਾਰ ਰਿਪੁਦਮਨ ਸਿੰਘ ਰੂਪ ਹੁਰਾਂ ਦੇ ਸਿਮਰਤੀ ਸਮਾਗਮ 'ਚ ਸਮੂਹ ਵਰਗਾਂ ਨੇ ਭਰਵੀਂ ਸ਼ਿਰਕਤ ਕੀਤੀ।ਬੀਤੇ ਦਿਨੀਂ ਜਿਸਮਾਨੀ ਵਿਛੋੜਾ ਦੇ ਗਏ ਪੰਜਾਬੀ ਲੇਖਕ ਐਡਵੋਕੇਟ ਰਿਪੁਦਮਨ ਸਿੰਘ ਰੂਪ ਦੇ ਸਮਰਤੀ ਸਮਾਗਮ ਦੌਰਾਨ ਕਿਸਾਨ ਭਵਨ ਚੰਡੀਗੜ੍ਹ ਵਿਖੇ ਲੇਖਕਾਂ, ਬੁੱਧੀਜੀਵੀਆਂ, ਵਕੀਲਾਂ, ਰੰਗਮੰਚ ਅਤੇ ਫਿਲਮ ਅਦਾਕਾਰਾਂ, ਰਾਜਨੀਤਕ ਅਤੇ ਸਮਾਜਿਕ ਕਾਰਕੁਨਾਂ, ਮੁਲਾਜ਼ਮ ਆਗੂਆਂ ਨੇ ਭਰਵੀਂ ਹਾਜ਼ਰੀ ਲਵਾਈ। ਇਸ ਮੌਕੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਕਾਲਮ ਨਵੀਸ ਸ਼ਾਮ ਸਿੰਘ (ਅੰਗ-ਸੰਗ), ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ, ਸਾਬਕਾ ਡਿਪਟੀ ਮੇਅਰ ਮੁਹਾਲੀ ਕੁਲਜੀਤ ਸਿੰਘ ਬੇਦੀ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਮੈਂਬਰ ਬਾਰ ਕੌਂਸਲ ਦਿਆਲ ਪ੍ਰਤਾਪ ਸਿੰਘ ਰੰਧਾਵਾ, ਮੁਲਾਜ਼ਮ ਆਗੂ ਗੁਰਮੇਲ ਸਿੱਧੂ, ਨਾਟਕਾਰ ਦਵਿੰਦਰ ਦਮਨ, ਜਸਟਿਸ ਦਯਾ ਚੌਧਰੀ, ਸਮਾਜਿਕ ਕਾਰਕੁਨ ਦਵਿੰਦਰ ਜਟਾਣਾ, ਨਾਟਕਰਮੀ ਡਾ. ਸਹਿਬ ਸਿੰਘ, ਐੱਮ ਐਲ ਏ ਐਡਮਿੰਟਨ ਜਸਬੀਰ ਦਿਓਲ, ਸ਼ਾਇਰਾ ਕੁਲਵਿੰਦਰ ਕੋਮਲ (ਦੁਬਈ), ਸਾਬਕਾ ਸਕੱਤਰ ਸੀ ਪੀ ਆਈ ਪੰਜਾਬ ਬੰਤ ਸਿੰਘ ਬਰਾੜ, ਇਪਟਾ ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ, ਚੰਡੀਗੜ੍ਹ ਸੰਗੀਤ ਨਾਟਕ ਅਕਾਦਮੀ ਦੀ ਚੇਅਰਪਰਸਨ ਸੁੱਖੀ ਬਰਾੜ, ਸੁਰਿੰਦਰਪ੍ਰੀਤ ਘਣੀਆਂ, ਜਾਇੰਟ ਸੈਕਟਰੀ ਡਾ. ਕਿਰਨਦੀਪ ਕੌਰ ਅਤੇ ਪੋਤ-ਜਵਾਈ ਉਜਵਲ ਤੇ ਮੋਹਿਤ ਵੇਦ ਨੇ ਕਿਹਾ ਕਿ ਰੂਪ ਝੱਖੜਾਂ 'ਚ ਝੂਲਦਾ ਉਹ ਰੁੱਖ ਸੀ, ਜੋ ਲੋਕਾਂ ਦੇ ਪੱਖ ਅਤੇ ਹੱਕ 'ਚ ਸਾਰੀ ਉਮਰ ਖੜੇ ਤੇ ਲੜੇ, ਆਪਣੇ ਮੁਲਾਜ਼ਮ ਸਾਥੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਮੋਹਰਲੀ ਕਤਾਰ ਵਿਚ ਸਰਗਰਮ ਰਹੇ। ਸ੍ਰੀ ਰੂਪ ਨੂੰ ਨਮਨ ਕਰਨ ਆਏ ਬੇਮਿਸਾਲ ਇਕੱਠ ਮੌਕੇ ਉਨ੍ਹਾ ਦੇ ਸਕੇ-ਸਬੰਧੀਆਂ ਅਤੇ ਨੇੜਲਿਆਂ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਨੂਪ ਚਿੱਤਕਾਰਾ, ਜਸਟਿਸ (ਰਿਟਾ.) ਜਸਬੀਰ ਸਿੰਘ ਤੇ ਜਸਟਿਸ ਹਰਸਿਮਰਨ ਸਿੰਘ ਸੇਠੀ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਭੁਪਿੰਦਰ ਮਲਿਕ, ਦਿਨੇਸ਼ ਗੁਪਤਾ ਰਜਿਸਟਰਾਰ (ਜੁਡੀਸ਼ੀਅਲ) ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਜਗਦੀਪ ਸਿੱਧੂ, ਪਾਲ ਅਜਨਬੀ, ਜਸਬੀਰ ਢਿੱਲੋਂ, ਅਨੀਤਾ ਸਬਦੀਸ਼, ਨਰਿੰਦਰ ਨਸਰੀਨ, ਕਰਮ ਸਿੰਘ ਧਨੋਆ, ਬਲਦੇਵ ਝੱਜ, ਗੁਰਮੇਲ ਮੌਜੇਵਾਲ, ਇਪਟਾ ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ, ਜਸਵੰਤ ਦਮਨ, ਰਜਿੰਦਰ ਰੋਜ਼ੀ, ਬਨਿੰਦਰ ਬੰਨੀ, ਜਸਬੀਰ ਢਿੱਲੋਂ, ਸਤਵਿੰਦਰ ਧੀਮਾਨ, ਰਾਬਿੰਦਰ ਰੱਬੀ, ਸੁਰਿੰਦਰ ਰਸੂਲਪੁਰੀ, ਜਸਬੀਰ ਢਿੱਲੋਂ, ਰਾਣਾ ਸੋਢੀ, ਅਵਤਾਰ ਕਲਸੀਆਂ, ਅਸ਼ੋਕ ਬਜਹੇੜੀ, ਰਣਜੀਤ ਹਾਂਸ, ਡਾ. ਨਰਿੰਦਰ ਗੁਪਤਾ, ਐਡਵੋਕਟ ਰਵਿੰਦਰ ਸਾਂਪਲਾ, ਏ ਐੱਸ ਪਾਲ, ਬਾਬੂ ਰਾਮ ਦੀਵਾਨਾ, ਕਰਨੈਲ ਸਿੰਘ ਸੋਮਲ, ਨਰਪਿੰਦਰ ਸਿੰਘ ਰੰਗੀ, ਗੌਰਵ ਜੈਨ, ਸਤਬੀਰ ਸਿੰਘ ਧਨੋਆ ਅਤੇ ਰੂਪ ਸਾਹਿਬ ਦੇ ਜਵਾਈ ਪੱਤਰਕਾਰ ਦਵਿੰਦਰਜੀਤ ਦਰਸ਼ੀ, ਨੂੰਹ ਚਰਨਜੀਤ ਕੌਰ, ਪੂਨਮ, ਪੋਤ ਨੂੰਹ ਪੁਰਵਾ ਅਤੇ ਪੋਤੀ ਰਿਤੂ ਰਾਗ ਅਤੇ ਪ੍ਰਿਯਰਾਗ ਕੌਰ, ਪੋਤੇ ਰਿਸ਼ਮ ਰਾਗ ਅਤੇ ਉਦੈਰਾਗ ਵੀ ਸ਼ਾਮਲ ਸਨ।ਰਿਪੁਦਮਨ ਸਿੰਘ ਰੂਪ ਦੇ ਵੱਡੇ ਪੁੱਤਰ ਸੰਜੀਵਨ ਸਿੰਘ ਨੇ ਦੱਸਿਆ ਕਿ ਉਨ੍ਹਾ ਦੀਆਂ ਤਿੰਨ ਕਿਤਾਬਾਂ (ਵਾਰਤਕ, ਕਹਾਣੀਆਂ-ਕਵਿਤਾਵਾਂ ਅਤੇ ਨਾਵਲਿਟ) ਛਪਾਈ ਅਧੀਨ ਹਨ, ਜੋ ਜਲਦੀ ਹੀ ਛਪ ਕੇ ਪਾਠਕਾਂ ਤੱਕ ਪਹੁੰਚਣ ਦੀ ਆਸ ਹੈ ਅਤੇ ਜ਼ਿੰਦਗੀ ਬਾਰੇ ਦਸਤਾਵੇਜ਼ੀ ਫਿਲਮ 'ਮੈਂ ਗੀਪਾ ਬੋਲਦਾਂ' ਵੀ ਬਣਾਣ ਦੀ ਯੋਜਨਾ ਹੈ। ਉਨ੍ਹਾ ਦੇ ਛੋਟੇ ਪੁੱਤਰ ਰੰਜੀਵਨ ਸਿੰਘ ਨੇ ਬਹੁਤ ਹੀ ਸੰਖੇਪ ਤੇ ਸੰਤੁਲਿਤ ਜਿਹੇ ਸ਼ਬਦਾਂ 'ਚ ਸ਼ਰਧਾਂਜਲੀ ਦੇਣ ਲਈ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸਾਂਝੇ ਫਰੰਟ ਨੇ ਡੀ ਸੀ ਰਾਹੀਂ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਇੰਪਲਾਈਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸਿਕਦਰ ਸਿੰਘ ਘਰਾਂਗਣਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ।ਮੀਟਿੰਗ ਦੇ ਸ਼ੁਰੂ 'ਚ ਪੈਨਸ਼ਨ ਪਰਿਵਾਰ 'ਚੋਂ ਵਿੱਛੜੀਆਂ ਰੂਹਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਸਮੇਂ ਸੰਬੋਧਨ ਘਰਾਂਗਣਾਂ ਨੇ ਕਿਹਾ ਕਿ ਸਰਕਾਰ ਮਹਿੰਗਾਈ ਭੱਤੇ, ਤਨਖਾਹ ਕਮਿਸ਼ਨ ਦੇ ਬਕਾਏ ਸਬੰਧੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਇਸ ਸਮੇਂ ਉਨ੍ਹਾਂ ਦੋਸ਼ ਲਗਾਇਆ ਕਿ ਇਹ ਪਹਿਲੀ ਸਰਕਾਰ ਹੋਵੇਗੀ, ਜਿਸ ਨੇ ਮਾਣਯੋਗ ਹਾਈਕੋਰਟ 'ਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਖਿਲਾਫ ਡਬਲ ਬੈਂਚ ਤੱਕ ਪਹੁੰਚ ਕੀਤੀ ਹੋਵੇ। ਉਨ੍ਹਾਂ ਸਰਕਾਰ ਵੱਲੋਂ ਕੋਰਟ 'ਚ ਪੇਸ਼ ਤੱਥਹੀਣ ਤੇ ਗੈਰ-ਪ੍ਰਸੰਗਕ ਸੀਲਬੰਦ ਰਿਪੋਰਟ ਲਈ ਵੀ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ।ਇਸ ਮੌਕੇ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਆਤਮਾ ਸਿੰਘ ਪਮਾਰ, ਜਗਦੀਸ਼ ਰਾਏ, ਕੇਵਲ ਸਿੰਘ ਮਾਨਸਾ, ਹਾਕਮ ਸਿੰਘ ਤੇ ਹਰਬੰਸ ਸਿੰਘ ਢਿੱਲੋਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਸੇਵਾ ਕੇਂਦਰ ਦੇ ਮੁਲਾਜ਼ਮਾਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰੇ।ਉਨ੍ਹਾਂ ਸਪੱਸ਼ਟ ਕੀਤਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਦੋਂ ਤੱਕ ਯਥਾਰਥ ਰੂਪ 'ਚ ਲਾਗੂ ਨਹੀਂ ਹੁੰਦੀਆਂ, ਉਦੋਂ ਤੱਕ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।ਇਸ ਸਮੇਂ ਇੱਕ ਮਤਾ ਪਾਸ ਕਰਕੇ ਆਗਾਮੀ ਵਿਧਾਨ ਸਭਾ ਚੋਣਾਂ 'ਚ ਸਰਕਾਰ ਦੇ ਬਾਈਕਾਟ ਦਾ ਅਹਿਦ ਵੀ ਲਿਆ ਗਿਆ ਹੈ।ਮੀਟਿੰਗ ਉਪਰੰਤ ਸਮੁੱਚੇ ਵਿਭਾਗਾਂ ਦੀਆਂ ਪੈਨਸ਼ਨਰਜ਼ ਐਸੋਸੀਏਸ਼ਨਾਂ 'ਤੇ ਅਧਾਰਤ ਸਾਂਝੀ ਐਕਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇੰਸਟੀਚਿਊਟ ਆਫ ਐਗਰੀਕਲਚਰ (ਆਈ.ਓ.ਏ.) ਬਠਿੰਡਾ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ।ਇਸ ਮੌਕੇ ਵਾਤਾਵਰਨ ਸੁਰੱਖਿਆ ਤੇ ਟਿਕਾਊ ਜੀਵਨ ਸ਼ੈਲੀ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ 'ਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਆਈ.ਓ.ਏ. ਦੇ ਫੈਕਲਟੀ ਮੈਂਬਰਾਂ ਨੇ ਵੀ ਪੂਰੇ ਉਤਸ਼ਾਹ ਨਾਲ ਭਾਗ ਲੈਂਦਿਆਂ ਵਿਦਿਆਰਥੀਆਂ ਨੂੰ ਵਾਤਾਵਰਨ ਸੰਭਾਲ ਲਈ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਡਾ. ਅਵਤਾਰ ਸਿੰਘ ਐਸੋਸੀਏਟ ਡੀਨ ਆਈ.ਓ.ਏ. ਵੱਲੋਂ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਤੇ ਇੱਕ ਹਰਿਆ-ਭਰਿਆ, ਸਾਫ਼-ਸੁਥਰਾ ਤੇ ਸਿਹਤਮੰਦ ਵਾਤਾਵਰਨ ਸਿਰਜਣ ਲਈ ਮਿਲਜੁਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਭ ਤੋਂ ਵਧੀਆ ਪੋਸਟਰ ਤਿਆਰ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਮੁਕਾਬਲੇ ਦਾ ਮੁਲਾਂਕਣ ਡਾ. ਅਮਰਜੀਤ ਸਿੰਘ ਸੰਧੂ, ਪ੍ਰਿੰਸੀਪਲ ਐਕਸਟੈਂਸ਼ਨ ਸਪੈਸ਼ਲਿਸਟ ਐੱਫ.ਏ.ਐੱਸ.ਸੀ. ਬਠਿੰਡਾ ਤੇ ਡਾ. ਲਵਜੀਤ ਕੌਰ ਸਹਾਇਕ ਪ੍ਰੋਫੈਸਰ (ਸਮਾਜ ਸ਼ਾਸਤਰ) ਵੱਲੋਂ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਦੀ ਸ਼ਲਾਘਾ ਕੀਤੀ ਗਈ ਤੇ ਰੋਜ਼ਾਨਾ ਜੀਵਨ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਤੇ ਟਿਕਾਊ ਵਿਕਾਸ ਨਾਲ ਸੰਬੰਧਤ ਅਮਲਾਂ ਨੂੰ ਅਪਣਾਉਣ ਦਾ ਸੰਦੇਸ਼ ਦਿੱਤਾ ਗਿਆ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਧਾਇਕ ਗੋਲਡੀ ਵੱਲੋਂ ਮੀਟਿੰਗ



**ਜਲਾਲਾਬਾਦ (ਬਲਵਿੰਦਰ ਸਿੰਘ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਮੰਤਵ ਨਾਲ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਹਲਕੇ ਦੇ ਪੰਚਾਂ, ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ, ਬਲਾਕ ਸੰਮਤੀ ਮੈਂਬਰਾਂ ਤੇ ਪਾਰਟੀ ਅਹੁਦੇਦਾਰਾਂ ਨਾਲ ਡਰੀਮ ਵਿਲਾ ਪੈਲੇਸ ਵਿਖੇ ਇੱਕ ਭਰਵੀਂ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਨਸ਼ਿਆਂ ਖ਼ਿਲਾਫ਼ ਸਰਕਾਰ ਦੀ ਚੱਲ ਰਹੀ ਮੁਹਿੰਮ ਨੂੰ ਪਿੰਡ ਪੱਧਰ ਤੱਕ ਲੈ ਕੇ ਜਾਣ ਤੇ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨਸ਼ਿਆਂ ਖ਼ਿਲਾਫ਼ ਜ਼ੀਰੋ ਟੋਲਰੈਂਸ ਦੀ ਨੀਤੀ ਅਪਨਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਹੁਣ ਤੱਕ ਸੂਬੇ ਭਰ ਵਿੱਚ 60 ਹਜ਼ਾਰ ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦਕਿ ਕਰੀਬ 95 ਹਜ਼ਾਰ ਨਸ਼ੇ ਦੇ ਆਦੀ ਨੌਜਵਾਨਾਂ ਦਾ ਮੁਫ਼ਤ ਇਲਾਜ ਕਰਵਾ ਕੇ ਉਨ੍ਹਾਂ ਨੂੰ ਮੁੜ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦਾ ਕੰਮ ਕੀਤਾ ਗਿਆ ਹੈ।ਵਿਧਾਇਕ ਗੋਲਡੀ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਿਰਫ਼ ਪੁਲਸ ਤੇ ਸਰਕਾਰ ਦੇ ਯਤਨ ਹੀ ਕਾਫ਼ੀ ਨਹੀਂ ਹਨ, ਸਗੋਂ ਪਿੰਡਾਂ ਦੀਆਂ ਪੰਚਾਇਤਾਂ, ਯੂਥ ਕਲੱਬਾਂ, ਸਮਾਜਿਕ ਸੰਸਥਾਵਾਂ ਤੇ ਆਮ ਲੋਕਾਂ ਨੂੰ ਵੀ ਅੱਗੇ ਆਉਣਾ ਪਵੇਗਾ।ਉਨ੍ਹਾਂ ਪਿੰਡਾਂ ਦੇ ਪੰਚਾਂ ਤੇ ਸਰਪੰਚਾਂ ਨੂੰ ਅਪੀਲ ਕੀਤੀ ਕਿ ਆਪਣੇ-ਆਪਣੇ ਪਿੰਡਾਂ ਵਿੱਚ ਨਸ਼ਾ ਵਿਰੋਧੀ ਮੁਹਿੰਮਾਂ ਚਲਾਈਆਂ ਜਾਣ ਤੇ ਨੌਜਵਾਨਾਂ ਨੂੰ ਖੇਡਾਂ, ਸਿੱਖਿਆ ਤੇ ਰੋਜ਼ਗਾਰ ਵੱਲ ਪ੍ਰੇਰਿਤ ਕੀਤਾ ਜਾਵੇ।ਮੀਟਿੰਗ ਦੌਰਾਨ ਹਾਜ਼ਰ ਪੰਚਾਂ, ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰਾਂ ਨੇ ਵੀ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਆਪਣੇ-ਆਪਣੇ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਉਣ ਦਾ ਸੰਕਲਪ ਲਿਆ।

# ਖਾਲਸਾ ਕਾਲਜ ਝਾੜ ਸਾਹਿਬ ਵਿਖੇ ਵਾਤਾਵਰਣ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਲਜ ਦੀ ਆਈ.ਕਿਊ.ਏ.ਸੀ. ਕਮੇਟੀ ਅਧੀਨ ਸੋਸ਼ਲ ਸੈਲਫ ਹੈਲਪ ਗਰੁੱਪ, ਐੱਨ.ਐੱਸ.ਐੱਸ. ਯੂਨਿਟ, ਖੇਡ ਵਿਭਾਗ ਤੇ ਈਕੋ ਕਲੱਬ ਦੀਆਂ ਇੰਚਾਰਜ ਡਾ. ਸੁਨੀਤਾ ਕੌਸ਼ਲ, ਪ੍ਰੋ. ਸਵੀਰ ਕੌਰ, ਡਾ. ਮਨਦੀਪ ਕੌਰ, ਪ੍ਰੋ. ਸੁਖਨਪ੍ਰੀਤ ਕੌਰ, ਰਣਵੀਰ ਸਿੰਘ ਸੋਮਲ ਤੇ ਲੈਕਚਰਾਰ ਨਵਪ੍ਰੀਤ ਕੌਰ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।ਇਸ ਮੌਕੇ ਕਿਰਨਜੀਤ ਕੌਰ ਤੇ ਨਹਿਰੂ ਯੁਵਾ ਕੇਂਦਰ ਸੰਗਠਨ, ਯੁਵਾ ਮਾਮਲੇ ਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਛਾਂਦਾਰ ਤੇ ਫਲਦਾਰ ਪੌਦੇ ਲਗਾਏ ਤੇ ਵਾਤਾਵਰਣ ਦੀ ਸੰਭਾਲ ਲਈ ਆਪਣਾ ਪੂਰਾ ਯੋਗਦਾਨ ਪਾਉਣ ਲਈ ਸਹੁੰ ਚੁੱਕੀ।ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਡਾ. ਸੁਨੀਤਾ ਕੌਸ਼ਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਕਾਲਜ ਵੱਲੋਂ ਅਜਿਹੇ ਪ੍ਰੋਗਰਾਮ ਉਲੀਕੇ ਜਾਂਦੇ ਹਨ।ਪ੍ਰੋਗਰਾਮ ਦੇ ਅੰਤ ਵਿੱਚ ਸਾਰਿਆਂ ਨੂੰ ਵਾਤਾਵਰਣ ਸੰਭਾਲ ਵਿੱਚ ਸਰਗਰਮ ਯੋਗਦਾਨ ਪਾਉਣ ਤੇ ਇੱਕ ਸਾਫ਼-ਸੁਥਰੀ, ਸੁੰਦਰ ਤੇ ਹਰਿਆਲੀ ਭਰੀ ਧਰਤੀ ਦੀ ਸਿਰਜਣਾ ਲਈ ਨਿਰੰਤਰ ਯਤਨਸ਼ੀਲ ਰਹਿਣ ਦਾ ਸੰਦੇਸ਼ ਦਿੱਤਾ ਗਿਆ।

# ਪਬਲਿਕ ਕਾਲਜ ਤੇ ਸਕੂਲ 'ਚ ਵਣ-ਮਹਾਂਉਤਸਵ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਰਿਜਨਲ ਡਾਇਰੈਕਟਰ ਐੱਨ.ਐੱਸ.ਐੱਸ. ਚੰਡੀਗੜ੍ਹ ਦੇ ਆਦੇਸ਼ਾਂ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੌਮੀ ਸੇਵਾ ਯੋਜਨਾ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਬਲਿਕ ਕਾਲਜ ਸਮਾਣਾ ਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਦੇ ਐੱਨ.ਐੱਸ.ਐੱਸ. ਵਿਭਾਗ ਤੇ ਐੱਨ.ਸੀ.ਸੀ. ਵਿੰਗ ਵੱਲੋਂ ਪੂਰਾ ਹਫ਼ਤਾ ਫਲਦਾਰ ਤੇ ਛਾਂਦਾਰ ਬੂਟੇ ਲਗਾ ਕੇ ਵਣ ਮਹਾਂਉਤਸਵ ਮਨਾਇਆ ਜਾ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਸਰਪ੍ਰਸਤੀ ਹੇਠ ਇਸ ਹਫ਼ਤੇ ਦਾ ਆਗਾਜ਼ ਪੰਛੀਆਂ ਤੇ ਜਨੌਰਾਂ ਨੂੰ ਪਿਆਸ ਤੋਂ ਬਚਾਉਣ ਲਈ ਕਾਲਜ ਕੈਂਪਸ ਵਿੱਚ ਵੱਖ-ਵੱਖ ਥਾਵਾਂ 'ਤੇ ਪਾਣੀ ਦੇ ਭਰੇ ਮਿੱਟੀ ਦੇ ਕਟੋਰੇ ਰੱਖਵਾ ਕੇ ਕੀਤਾ ਗਿਆ।ਇਸੇ ਹੀ ਲਗਾਤਾਰਤਾ ਤਹਿਤ ਅੱਜ ਦਾ ਦਿਨ ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਿਤ ਕੀਤਾ ਗਿਆ।ਪ੍ਰਿੰਸੀਪਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੁੱਖ ਜਿੱਥੇ ਸਾਡੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਨ, ਉੱਥੇ ਪੰਛੀ ਸਾਡੀ ਕੁਦਰਤ ਦਾ ਅਹਿਮ ਸ਼ਿੰਗਾਰ ਹਨ।ਇਸ ਲਈ ਦੋਨਾਂ ਨੂੰ ਸੁਰੱਖਿਅਤ ਰੱਖਣਾ ਸਾਡੀ ਜ਼ਿੰਮੇਵਾਰੀ ਹੈ।ਉਪਰੰਤ ਕਾਲਜ ਵਿੱਚ ਕਰੀਬ 100 ਬੂਟੇ ਲਗਾਏ ਗਏ। ਵਿਦਿਆਰਥੀਆਂ ਨੇ ਇਸ ਦਿਨ ਨੂੰ ਸਮਰਪਤ ਪੋਸਟਰ ਵੀ ਬਣਾਏ।ਅਖੀਰ ਵਿੱਚ ਕਾਲਜ ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ ਨੇ ਕਿਹਾ ਕਿ ਰੁੱਖ ਸਾਨੂੰ ਅੰਦਰੂਨੀ ਸ਼ਾਂਤੀ ਬਖਸ਼ਦੇ ਹਨ।ਇਹ ਸਾਨੂੰ ਜਿੱਥੇ ਸੋਕੇ ਤੋਂ ਬਚਾਉਂਦੇ ਹਨ, ਉੱਥੇ ਹੜ੍ਹਾਂ ਵਰਗੀ ਕੁਦਰਤੀ ਆਫ਼ਤ ਨੂੰ ਰੋਕਣ ਵਿਚ ਵੀ ਮਦਦਗਾਰ ਹੁੰਦੇ ਹਨ।

# ਪ੍ਰਾਚੀਨ ਸ਼ਿਵ ਮੰਦਰ 'ਚ ਮਾਤਾ ਚਿੰਤਪੁਰਨੀ ਦੀ ਜੋਤ ਤੇ ਮੂਰਤੀ ਦੀ ਸਥਾਪਨਾ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**-ਬ੍ਰਹਮਲੀਨ ਮਹੰਤ ਸ਼ੇਰ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਪ੍ਰੇਮਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਗਣਪਤੀ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਪ੍ਰਯਾਗਨਾਨੰਦ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਸ਼੍ਰੀ ਸ਼੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਅਸ਼ੀਰਵਾਦ ਨਾਲ ਤੇ ਮਹੰਤ ਸ਼੍ਰੀ ਜੈ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਲੋਹੀਆਂ ਖਾਸ ਇਲਾਕੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਾਂ ਚਿੰਤਪੁਰਨੀ (ਮਾਂ ਛਿੰਨਮਸਤਿਕਾ ਜੀ) ਦੀ ਪਵਿੱਤਰ ਅਖੰਡ ਜੋਤ ਤੇ ਮਾਤਾ ਰਾਣੀ ਜੀ ਦੀ ਮੂਰਤੀ ਦੀ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਵਿੱਚ ਸਥਾਪਨਾ ਕੀਤੀ ਗਈ। ਇਸ ਮੌਕੇ ਮਾਂ ਚਿੰਤਪੁਰਨੀ ਜੀ ਦੀ ਪਵਿੱਤਰ ਅਖੰਡ ਜੋਤ ਲੈਣ ਲਈ 75 ਗੱਡੀਆਂ ਦਾ ਕਾਫਲਾ ਰਵਾਨਾ ਹੋਇਆ।ਇਸ ਸਮਾਗਮ ਵਿੱਚ ਸੂਰਤ ਅਤੇ ਪਾਲਮਪੁਰ ਤੇ ਨਵਾਂਸ਼ਹਿਰ ਤੋਂ ਮਹੰਤ ਸ਼੍ਰੀ ਪ੍ਰਭੂ ਗਿਰੀ ਜੀ ਮਹਾਰਾਜ ਅਤੇ ਮਹੰਤ ਸ਼੍ਰੀ ਸ਼ਿਵ ਗਿਰੀ ਜੀ ਮਹਾਰਾਜ ਤੇ ਸੁਆਮੀ ਰਿਸ਼ੀ ਰਾਜ ਜੀ ਤੇ ਮਾਤਾ ਅਨੰਦ ਗਿਰੀ ਜੀ ਵਿਸ਼ੇਸ਼ ਰੂਪ 'ਚ ਪਹੁੰਚੇ।ਸਮਾਗਮ ਮੌਕੇ ਸ਼ੋਭਾ ਯਾਤਰਾ ਦੇ ਰੂਪ 'ਚ ਮਾਤਾ ਚਿੰਤਪੁਰਨੀ ਜੀ ਦੀ ਜੋਤ ਅਤੇ ਮਾਤਾ ਰਾਣੀ ਜੀ ਦੀ ਮੂਰਤੀ ਦੀ ਪੂਰੇ ਸ਼ਹਿਰ ਵਿੱਚ ਪਰਿਕਰਮਾ ਕੀਤੀ ਗਈ।ਇਸ ਸਮਾਗਮ ਵਿੱਚ ਪ੍ਰਾਚੀਨ ਸ਼ਿਵ ਮੰਦਰ ਦੇ ਗੱਦੀਨਸ਼ੀਨ ਸ਼੍ਰੀ ਸ਼੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਜੀ ਵੱਲੋਂ ਮਾਤਾ ਰਾਣੀ ਜੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਹਲਕਾ ਸ਼ਾਹਕੋਟ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਆਪ ਹਲਕਾ ਇੰਚਾਰਜ ਪਰਿੰਦਰ ਸਿੰਘ ਪਿੰਦਰ ਪੰਡੋਰੀ, ਬੀਬੀ ਰਣਜੀਤ ਕੌਰ ਕਾਕੜ ਕਲਾਂ, ਦੀਪਕ ਬੱਲੀ, ਸਰਬਜੀਤ ਸਿੰਘ ਚਤਰੱਥ ਮੰਦਰ 'ਚ ਨਤਮਸਤਕ ਹੋਏ।ਇਸ ਮੌਕੇ ਮਾਤਾ ਕਮਲੇਸ਼, ਰੁਪੇਸ਼ ਕੁਮਾਰ ਸੱਦੀ, ਮੋਨੂੰ ਸ਼ਾਹ, ਆਰਜੂ ਅਰੋੜਾ, ਰਵੀ ਸ਼ੰਕਰ, ਸੰਜੀਵ ਕੰਡਾ, ਬੌਬੀ ਕੰਡਾ, ਅਸ਼ਵਨੀ ਕੰਡਾ, ਰਾਕੇਸ਼ ਕੰਡਾ, ਖਜ਼ਾਨਚੀ ਦਾਸ, ਲਖਨ ਵਰਮਾ, ਯੋਗੇਸ਼ਵਰ ਸ਼ਰਮਾ, ਰੋਹਿਤ ਸ਼ਰਮਾ, ਹਨੀ ਸ਼ਰਮਾ, ਸ਼ਾਲੂ ਸੱਦੀ, ਮੁਨੀਤ ਗਾਂਧੀ, ਮਾ. ਰਮੇਸ਼ ਸ਼ਰਮਾ, ਸਾਹਿਲ ਸ਼ਰਮਾ, ਜਗਜੀਤ ਸਿੰਘ ਨੋਨੀ, ਪਵਨ ਗਾਂਧੀ, ਕਮਲ ਸ਼ਰਮਾ, ਡਾ. ਪ੍ਰਮੋਦ ਸ਼ਰਮਾ, ਸਾਜਨ ਸ਼ਰਮਾ, ਸਮੀਰ ਖੇੜਾ, ਮਾਂ ਦੁਰਗਾ ਭਜਨ ਮੰਡਲੀ, ਮਹਾਂਦੇਵ ਸੇਵਾ ਦਲ, ਭਜਨ ਗਾਇਕ ਹੈਪੀ ਅਰੋੜਾ, ਕਪਿਲ ਕਵੀ ਰਤਨ, ਵਿਪਨ ਅਤੇ ਸੰਦੀਪ ਸਹੋਤਾ ਸਮੇਤ ਆਦਿ ਸ਼ਹਿਰ ਵਾਸੀ ਤੇ ਸ਼ਰਧਾਲੂ ਵੱਡੀ ਗਿਣਤੀ ਚ ਹਜ਼ਾਰ ਸਨ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਗਰੀਨ ਪੰਜਾਬ ਮਿਸ਼ਨ ਵੱਲੋਂ ਜਾਗਰੂਕਤਾ ਰੋਡ ਸ਼ੋਅ




**ਜਗਰਾਉਂ (ਅਮਿਤ ਖੰਨਾ)**-ਵਿਸ਼ਵ ਵਾਤਾਵਰਨ ਦਿਵਸ ਮੌਕੇ ਗਰੀਨ ਪੰਜਾਬ ਮਿਸ਼ਨ ਟੀਮ ਇੰਟਰਨੈਸ਼ਨਲ ਚੈਰੀਟੇਬਲ ਟਰਸਟ ਵੱਲੋਂ ਸ਼ਹਿਰ ਵਿੱਚ ਇੱਕ ਵਿਸ਼ਾਲ ਜਾਗਰੂਕਤਾ ਰੋਡ ਸ਼ੋਅ ਕੱਢਿਆ ਗਿਆ।ਇਹ ਰੋਡ ਸ਼ੋਅ ਸ੍ਰੀ ਦਵਾਰਕਾਧੀਸ਼ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਮੁੱਖ ਚੌਕਾਂ ਤੇ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਲਾਲਾ ਲਾਜਪਤ ਰਾਏ ਕਮੇਟੀ ਪਾਰਕ ਵਿਖੇ ਸਮਾਪਤ ਹੋਇਆ।ਰੋਡ ਸ਼ੋਅ ਵਿੱਚ ਵੱਖ-ਵੱਖ ਸਮਾਜ ਸੇਵੀ, ਧਾਰਮਿਕ ਤੇ ਸਿੱਖਿਆਕ ਸੰਸਥਾਵਾਂ ਦੇ ਨੁਮਾਇੰਦਿਆਂ, ਬੱਚਿਆਂ ਤੇ ਵਾਤਾਵਰਨ ਪ੍ਰੇਮੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਬੱਚਿਆਂ ਵੱਲੋਂ ਵਾਤਾਵਰਨ ਸੰਭਾਲ, ਰੁੱਖ ਲਗਾਉਣ ਤੇ ਪ੍ਰਦੂਸ਼ਣ ਰੋਕਣ ਸਬੰਧੀ ਆਕਰਸ਼ਕ ਸਲੋਗਨ ਤੇ ਪੋਸਟਰ ਤਿਆਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਵਧੀਆ ਸਲੋਗਨ ਤਿਆਰ ਕਰਨ ਵਾਲੇ ਬੱਚਿਆਂ ਨੂੰ ਸੰਸਥਾ ਵੱਲੋਂ ਸਨਮਾਨਤ ਕੀਤਾ ਗਿਆ।'ਕਰ ਭਲਾ ਹੋ ਭਲਾ' ਟੀਮ ਵੱਲੋਂ ਸਾਰੇ ਬੱਚਿਆਂ ਤੇ ਭਾਗੀਦਾਰਾਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ, ਜਦਕਿ ਬੂਟਿਆਂ ਦੀ ਸੇਵਾ ਹਰਿੰਦਰਜੀਤ ਸਿੰਘ ਭੁੱਲਰ ਤੇ ਰਜਿੰਦਰ ਜੈਨ (ਕਾਕਾ) ਵੱਲੋਂ ਕੀਤੀ ਗਈ।ਰੋਡ ਸ਼ੋਅ ਵਿੱਚ ਲਾਲਾ ਲਾਜਪਤ ਰਾਏ ਚੈਰੀਟੇਬਲ ਵੈੱਲਫੇਅਰ ਸੋਸਾਇਟੀ ਸਮੇਤ ਕਈ ਹੋਰ ਸੰਸਥਾਵਾਂ ਨੇ ਵੀ ਸਰਗਰਮ ਭੂਮਿਕਾ ਨਿਭਾਈ।ਇਸ ਦੌਰਾਨ ਕੈਪਟਨ ਨਰੇਸ਼ ਵਰਮਾ ਨੇ ਲੋਕਾਂ ਨੂੰ ਵਾਤਾਵਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਨ ਹੀ ਸਿਹਤਮੰਦ ਤੇ ਖੁਸ਼ਹਾਲ ਸਮਾਜ ਦੀ ਨੀਂਹ ਹੈ।ਵਾਤਾਵਰਨ ਦੀ ਰੱਖਿਆ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਸ ਲਈ ਸਮੂਹ ਸਮਾਜ ਨੂੰ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਵਾਤਾਵਰਨ ਪ੍ਰੇਮੀ, ਸਮਾਜ ਸੇਵੀ ਤੇ ਸ਼ਹਿਰ ਦੇ ਪਤਵੰਤੇ ਵਿਅਕਤੀ ਹਾਜ਼ਰ ਸਨ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਵਰਨ ਭੰਗੂ ਦੇ ਦਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ (ਭਾਟੀਆ, ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਸ੍. ਸਵਰਨ ਸਿੰਘ ਭੰਗੂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍. ਸਵਰਨ ਸਿੰਘ ਭੰਗੂ ਨੇ ਆਪਣਾ ਸਾਰਾ ਜੀਵਨ ਸਿੱਖਿਆ, ਸਮਾਜਿਕ ਜਾਗਰੂਕਤਾ ਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਤ ਕੀਤਾ ਹੋਇਆ ਸੀ।ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍. ਸਵਰਨ ਸਿੰਘ ਭੰਗੂ ਦੇ ਬੇਵਕਤ ਅਕਾਲ ਚਲਾਣੇ ਨਾਲ ਪਰਵਾਰ ਨੂੰ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੇ ਸਮੇਂ ਅਕਾਦਮੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ. ਸਵਰਨ ਸਿੰਘ ਭੰਗੂ ਪੇਂਡੂ ਵਿੱਦਿਅਕ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਸਾਬਕਾ ਪੱਤਰਕਾਰ ਸਨ।ਉਹ ਫ਼ਿਲਮ ਅਦਾਕਾਰਾ ਸ੍ਰੀਮਤੀ ਗੁਰਪ੍ਰੀਤ ਕੌਰ ਭੰਗੂ ਦੇ ਜੀਵਨ ਸਾਥੀ ਤਾਂ ਸੀ ਹੀ ਪਰ ਉਨ੍ਹਾਂ ਦਾ ਆਪਣਾ ਕਾਰਜ ਵੀ ਬੇਮਿਸਾਲ ਹੈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਇਕਬਾਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਜਸਪਾਲ ਮਾਨਖੇੜਾ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ, ਸ੍ਰੀਮਤੀ ਸੁਰਿੰਦਰ ਨੀਰ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਹਰਵਿੰਦਰ ਸਿੰਘ ਸਿਰਸਾ, ਡਾ. ਅੰਮੀਆਂ ਕੁੰਵਰ, ਡਾ. ਹਰੀ ਸਿੰਘ ਜਾਚਕ, ਕੇ. ਸਾਧੂ ਸਿੰਘ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਡਾ. ਸਿਮਰਜੀਤ ਕੌਰ ਗਿੱਲ, ਡਾ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਪ੍ਰਭਜੋਤ ਸਿੰਘ ਸੋਹੀ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਰਜਿੰਦਰ ਸਿੰਘ ਰਾਜਨ, ਮੱਖਣ ਮਾਨ, ਰੋਜ਼ੀ ਸਿੰਘ ਸ਼ਾਮਲ ਹਨ।

## ਸਫਾ 1 ਦੇ ਬਾਕੀ...

### ਭਿਆਨਕ ਸੜਕ...

ਜ਼ਿਆਦਾ ਚਿੰਤਾਜਨਕ ਸੀ, ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਤੁਰੰਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਫਰੀਦਕੋਟ ਅਤੇ ਹੋਰ ਉੱਚ ਸਿਹਤ ਕੇਂਦਰਾਂ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਇਸ ਘਟਨਾ ਕਾਰਨ ਪੂਰੇ ਇਲਾਕੇ ਅਤੇ ਪੀੜਤ ਪਰਵਾਰ ਦੇ ਪਿੰਡ ਵਿਚ ਸੋਗ ਦੀ ਲਹਿਰ ਹੈ। ਹਾਦਸੇ 'ਚ ਜਾਨ ਗੁਆਉਣ ਵਾਲਿਆਂ 'ਚ ਕਰਨੈਲ ਸਿੰਘ ਵਾਸੀ ਟਾਹਲੀਵਾਲਾ, ਲਕਸ਼ਮੀ ਬਾਈ ਪਤਨੀ ਰੇਸ਼ਮ ਵਾਸੀ ਜਲਾਲਾਬਾਦ, ਸੀਰਤ ਕੌਰ (ਬੱਚੀ) ਪੁੱਤਰੀ ਮੋਹਣ ਸਿੰਘ ਵਾਸੀ ਜਲਾਲਾਬਾਦ, ਭਾਗੋ ਰਾਣੀ ਪਤਨੀ ਸਤਨਾਮ ਸਿੰਘ ਵਾਸੀ ਮਲਕਜਾਦਾ, ਮਾਇਆ ਬਾਈ ਪਤਨੀ ਬਲਬੀਰ ਸਿੰਘ ਵਾਸੀ ਜਲਾਲਾਬਾਦ, ਮਹਿੰਦਰ ਸਿੰਘ ਪੁੱਤਰ ਫੱਗਣ ਸਿੰਘ ਵਾਸੀ ਜਲਾਲਾਬਾਦ ਤੇ ਰਾਜ ਸਿੰਘ ਵਾਸੀ ਜਲਾਲਾਬਾਦ ਸ਼ਾਮਲ ਹਨ।

### ਹੱਕੀ ਮੰਗਾਂ ਮੰਨਵਾਉਣ...

ਪਹਿਲਾਂ ਵੀ ਕਈ ਜਿੱਤਾਂ ਪ੍ਰਾਪਤ ਕੀਤੀਆਂ ਹਨ ਅਤੇ ਤੁਹਾਡਾ ਇਕੱਠ ਤੁਹਾਡੀਆਂ ਹੱਕੀ ਮੰਗਾਂ ਨੂੰ ਠੁਕਰਾ ਨਹੀਂ ਸਕਦਾ। ਉਹਨਾ ਕਿਹਾ ਕਿ ਲਗਾਤਾਰ ਵੱਧ ਰਹੀ ਮਹਿੰਗਾਈ ਅਤੇ ਕੰਮ ਨਾ ਮਿਲਣ ਕਰਕੇ ਅਤੇ ਜ਼ਿੰਦਗੀ ਵਿਚ ਹੋਰ ਦੁਸ਼ਵਾਰੀਆਂ ਕਾਰਨ ਮਜ਼ਦੂਰ ਜਮਾਤ ਦਾ ਜੀਵਨ ਦੂਭਰ ਹੋਇਆ ਪਿਆ ਹੈ।

ਉਹਨਾ ਕਿਹਾ ਕਿ ਕੇਂਦਰ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ, ਕਿਸਾਨ ਵਿਰੋਧੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਦੇਸ਼ ਦੀ ਆਰਥਿਕਤਾ ਅਤੇ ਦੇਸ਼ ਦੇ ਆਮ ਲੋਕਾਂ ਨੂੰ ਬਰਬਾਦ ਕਰ ਰਹੀਆਂ ਹਨ।। ਇਹ ਸਰਕਾਰ ਉਹਨਾਂ ਲੋਕਾਂ ਦੀ ਹੈ, ਜਿਨ੍ਹਾਂ ਦੇਸ਼ ਦੀ ਆਜ਼ਾਦੀ ਦਾ ਵਿਰੋਧ ਕੀਤਾ ਅਤੇ ਇਹ ਸਰਕਾਰ ਅੰਬਾਨੀ ਅਡਾਨੀ ਕਾਰਪੋਰੇਟ ਅਦਾਰਿਆਂ ਦੀ ਸਰਕਾਰ ਹੈ, ਜਿਹੜੇ ਦੇਸ਼ ਦੇ ਸਾਧਨਾਂ ਨੂੰ ਰੱਜ ਕੇ ਲੁੱਟ ਕਰ ਰਹੇ ਹਨ ਅਤੇ ਭਾਜਪਾ ਸਰਕਾਰ ਵਿੱਚ ਕਾਰਪੋਰੇਟ ਅਦਾਰਿਆਂ ਤੋਂ ਬਿਨਾਂ ਹੋਰ ਕਿਸੇ ਦੀ ਸੁਣਦੀ ਨਹੀਂ। ਪੰਜਾਬ ਦੀਆਂ ਹੱਕਾਂ ਦੀ ਗੱਲ ਕਰਦਿਆਂ ਉਹਨਾ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ 'ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਬੰਦ ਕੀਤੀਆਂ ਜਾਣ, ਪਾਣੀ ਦਾ ਮਸਲਾ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨਾ ਚਾਹੀਦਾ ਹੈ, ਬੀ ਬੀ ਐਮ ਬੀ ਵਿੱਚ ਪੰਜਾਬ ਦਾ ਪਹਿਲਾਂ ਵਾਲਾ ਰੁਤਬਾ ਬਹਾਲ ਕੀਤਾ ਜਾਵੇ ਅਤੇ ਪੰਜਾਬੀ ਬੋਲਦੇ ਇਲਾਕੇ ਜੋ ਹਰਿਆਣੇ ਵਿੱਚ ਚਲੇ ਗਏ ਸਨ, ਨੂੰ ਪੰਜਾਬ ਵਿੱਚ ਵਾਪਸ ਸ਼ਾਮਿਲ ਕੀਤਾ ਜਾਵੇ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਨੌਜਵਾਨੀ ਨੂੰ ਕੰਮ ਦੇ ਕੇ ਨਸ਼ਿਆਂ ਦੀ ਜਿਲਤ ਤੋਂ ਬਚਾਏ।

ਦੇਵੀ ਕੁਮਾਰੀ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰਾਂ ਨੂੰ ਕੰਮ ਦੇਣ ਵਾਲੇ ਕਾਨੂੰਨ ਨੂੰ ਬਦਲ ਕੇ ਨਰੇਗਾ ਕਾਮਿਆਂ ਨੂੰ ਮਾਰਨ ਲਈ ਛੱਡ ਦਿੱਤਾ ਗਿਆ ਹੈ। ਉਹਨਾ ਕਿਹਾ ਕਿ ਖੇਤਾਂ ਵਿੱਚ ਮਸ਼ੀਨੀਕਰਨ ਹੋਣ ਕਰਕੇ ਮਜ਼ਦੂਰ ਭੱਠਿਆਂ ਅਤੇ ਹੋਰ ਛੋਟੀਆਂ ਮੋਟੀਆਂ ਦਿਹਾੜੀਆਂ ਕਰਨ ਲਈ ਸ਼ਹਿਰ ਵੱਲ ਨੂੰ ਤੁਰ ਪਏ ਹਨ, ਜਿੱਥੇ ਕੰਮ ਦੀ ਕੋਈ ਗਰੰਟੀ ਨਹੀਂ।

ਇਸ ਕਰਕੇ ਜ਼ਿੰਦਗੀ ਦਾ ਪਹੀਆ ਚਾਲੂ ਰੱਖਣ ਵਾਸਤੇ ਲੋਕਾਂ ਨੂੰ ਇੱਕ ਵੱਡੇ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਸਮੇਂ ਹਰੇਕ ਔਰਤ ਦੇ ਖਾਤੇ ਵਿੱਚ 1000 ਰੁਪਏ ਪਾਉਣ ਦੀ ਗੱਲ ਕੀਤੀ ਸੀ, ਜੋ ਸਾਢੇ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਔਰਤਾਂ ਨੂੰ ਨਹੀਂ ਮਿਲੇ।

ਕਨਵੈਨਸ਼ਨ ਨੂੰ ਤੇਜਾ ਸਿੰਘ, ਕਸ਼ਮੀਰ ਸਿੰਘ ਫਿਰੋਜ਼ਪੁਰ, ਰਿਸ਼ੀ ਨਾਲ ਅਬੋਹਰ, ਢੋਲਾ ਮਾਹੀ ਬਹਾਦਰਕੇ, ਜੀਤ ਕੁਮਾਰ ਚੌਹਾਨਾ, ਗੁਰਨਾਮ ਸਿੰਘ ਆਗੂ ਭੱਠਾ ਮਜ਼ਦੂਰ ਯੂਨੀਅਨ ਏਟਕ ਤੇ ਨਾਨਕ ਚੰਦ ਲੰਬੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜੈ ਪਾਲ ਸਿੰਘ ਭੱਠਾ ਮਜ਼ਦੂਰ ਆਗੂ, ਰਾਣੋ ਇਸਤਰੀ ਸਭਾ ਆਗੂ, ਮੁਖਤਿਆਰ ਸਿੰਘ ਕਮਰੇਵਾਲਾ, ਰਾਜ ਰਾਣੀ ਭੱਠਾ ਮਜ਼ਦੂਰ ਇਸਤਰੀ ਆਗੂ, ਬਲਵਿੰਦਰ ਸਿੰਘ ਭੱਟਾਂ ਵਰਕਰ ਆਗੂ ਵੀ ਹਾਜ਼ਰ ਸਨ। ਇਸ ਕਨਵੈਨਸ਼ਨ ਦਾ ਪ੍ਰਬੰਧ ਗੁਰਨਾਮ ਸਿੰਘ ਭੱਠਾ ਮਜ਼ਦੂਰ ਯੂਨੀਅਨ ਏਟਕ ਆਗੂ ਨੇ ਕੀਤਾ। ਕਨਵੈਨਸ਼ਨ ਵਿੱਚ ਆਏ ਇਕੱਠ ਅਤੇ ਆਗੂਆਂ ਦਾ ਧੰਨਵਾਦ ਬਲਵਿੰਦਰ ਸਿੰਘ ਨੇ ਕੀਤਾ। ਸਟੇਜ ਸੰਚਾਲਨ ਬਖਤਾਵਰ ਸਿੰਘ ਨੇ ਬਾਖੂਬੀ ਨਾਲ ਕੀਤਾ।

### ਬੇਰੁਜ਼ਗਾਰ ਨੌਜਵਾਨਾਂ 'ਤੇ ਪੁਲਸ ਤਸ਼ੱਦਦ ਦੀ ਅਸਪਾ ਵੱਲੋਂ ਜ਼ੋਰਦਾਰ ਨਿੰਦਾ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਅਧਿਕਾਰ ਸੰਘਰਸ਼ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਪ੍ਰਮੁੱਖ ਸਲਾਹਕਾਰ ਇੰਜ. ਐੱਸ ਐੱਸ ਭਿੰਡਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਇਹ ਪ੍ਰਗਟਾਵਾ ਕੀਤਾ ਕਿ ਬੇਰੁਜ਼ਗਾਰ ਆਪ੍ਰੈਂਟਿਸਸ਼ਿਪ ਸਹਾਇਕ ਲਾਇਨਮੈਨ ਤੇ ਡਿਪਲੋਮਾ ਹੋਲਡਰ ਨੌਜਵਾਨ ਪਿਛਲੇ ਪੰਜ ਦਿਨਾਂ ਤੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਹੈੱਡ ਆਫਿਸ ਪਟਿਆਲਾ ਵਿਖੇ ਸ਼ਾਂਤਮਈ ਧਰਨਾ ਦੇ ਰਹੇ ਸਨ।ਧਰਨਾ ਪ੍ਰਦਰਸ਼ਨਕਾਰੀਆਂ ਵੱਲੋਂ ਪਾਵਰਕਾਮ ਦਫ਼ਤਰ ਦਾ ਬੰਦ ਕੀਤਾ ਮੁੱਖ ਗੇਟ ਖੁੱਲ੍ਹਵਾਉਣ ਲਈ ਪੁਲਸ ਬਲ ਵੱਲੋਂ ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ 'ਤੇ ਬੇਰਹਿਮ ਤੇ ਅੰਨ੍ਹਾ ਲਾਠੀਚਾਰਜ ਕੀਤਾ ਗਿਆ, ਜੋ ਕਿ ਅਣਮਨੁੱਖੀ ਵਰਤਾਰਾ ਹੈ।ਪ੍ਰਦਰਸ਼ਨਕਾਰੀ ਆਪਣੀ ਗੱਲ ਸਰਕਾਰ ਤੱਕ ਪਹੁੰਚਾਉਣ ਲਈ ਪਾਵਰਕਾਮ ਦਾ ਮੁੱਖ ਗੇਟ ਬੰਦ ਕਰਕੇ ਰੋਸ ਦਾ ਇਜ਼ਹਾਰ ਕਰ ਰਹੇ ਸਨ।ਇਸ ਧਰਨਾ ਪ੍ਰਦਰਸ਼ਨ ਨੂੰ ਖਿੰਡਾਉਣ ਲਈ ਨਾ ਸਿਰਫ਼ ਪੁਲਸ ਮੁਲਾਜ਼ਮ, ਸਗੋਂ ਇਲਾਕੇ ਦਾ ਡੀ ਐੱਸ ਪੀ ਸੰਜੀਵ ਸਿੰਗਲਾ ਸਮੇਤ ਕਈ ਇੰਸਪੈਕਟਰ ਵੀ ਡਾਂਗਾਂ ਵਰ੍ਹਾਉਂਦੇ ਨਜ਼ਰ ਆਏ।

### 10 ਲੱਖ ਉਸਾਰੀ...

ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ, ਤਾਂ ਜੋ ਮਜ਼ਦੂਰਾਂ ਨੂੰ ਕੰਮ ਦੀ ਉਡੀਕ ਕਰਦੇ ਸਮੇਂ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਵਿੱਤੀ ਸਾਲ 2022-23 ਵਿੱਚ ਮਜ਼ਦੂਰਾਂ ਲਈ ਭਲਾਈ ਸਕੀਮਾਂ ਦਾ ਪ੍ਰੋਸੈਸਿੰਗ ਸਮਾਂ 203 ਦਿਨ ਸੀ। ਪੰਜਾਬ ਸਰਕਾਰ ਨੇ ਹੁਣ ਇਸ ਨੂੰ ਘਟਾ ਕੇ 73 ਦਿਨ ਕਰ ਦਿੱਤਾ ਹੈ।ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਕਿ ਮਹਿਲਾ ਮਜ਼ਦੂਰਾਂ ਨੂੰ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਭਲਾਈ ਯੋਜਨਾਵਾਂ ਦਾ ਲਾਭ ਮਿਲੇ।

# ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ



**ਪਟਿਆਲਾ (ਰਾਜਿੰਦਰ ਥਿੰਦ)**-ਮਨੁੱਖਤਾ ਦੇ ਭਲੇ ਲਈ ਵਿਸ਼ਵ ਵਾਤਾਵਰਣ ਦਿਵਸ ਮੌਕੇ ਤੇ ਵਿਸ਼ਵ ਖ਼ੂਨਦਾਨੀ ਦਿਵਸ ਨੂੰ ਸਮਰਪਤ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 347ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਦਾ ਉਦਘਾਟਨ ਲਖਪਤ ਸਿੰਘ ਪਟਿਆਲਾ ਨੇ ਖੁਦ ਖ਼ੂਨ ਦਾਨ ਕਰਕੇ ਕੀਤਾ, ਜਦੋਂ ਕਿ ਤਰਸੇਮ ਲਾਲ ਦੀਵਾਨਵਾਲਾ ਨੇ 58ਵੀਂ ਵਾਰ, ਲਖਵਿੰਦਰ ਸਿੰਘ ਬਡਲਾ ਨੇ ਆਪਣੇ ਪੁੱਤਰ ਹਰਪ੍ਰੀਤ ਸਿੰਘ ਦੇ ਜਨਮ ਦਿਨ ਮੌਕੇ 55ਵੀਂ ਵਾਰ, ਭਾਈ ਜਸਵੰਤ ਸਿੰਘ ਕਾਠਗੜ੍ਹ ਨੇ 54ਵੀਂ ਵਾਰ, ਪਿਆਰਾ ਸਿੰਘ ਬਿਸ਼ਨਗੜ੍ਹ ਤੇ ਲਖਵੀਰ ਲੱਕੀ ਸਿੰਘ ਲੋਕ ਗਾਇਕ ਨੇ 14ਵੀਂ ਵਾਰ, ਸੂਬਾ ਸਿੰਘ ਬਠੋਈ ਕਲਾਂ, ਹਰਪ੍ਰਤਾਪ ਸਿੰਘ ਦਿੱਤੂਪੁਰ ਜੱਟਾਂ, ਕੁਲਦੀਪ ਸਿੰਘ ਰਾਮਗੜ੍ਹ ਤੇ ਪਰਮਜੀਤ ਸਿੰਘ ਅਗਰਵਾਲ ਸੰਯੋਜਕ ਨਸ਼ਾ ਵਿਰੋਧੀ 'ਪੰਜਾਬ ਜਗਾਓ ਯਾਤਰਾ' ਨੇ ਵੀ ਖ਼ੂਨ ਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ, ਗਮਛਾ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੋਲਡਨ ਸਟਾਰ ਬਲੱਡ ਡੋਨਰ ਸਾਬਕਾ ਡੀ. ਐੱਸ. ਪੀ. ਨਾਹਰ ਸਿੰਘ ਮਾਜਰੀ ਤੇ ਕਿਸਾਨ ਆਗੂ ਜਗਸੀਰ ਸਿੰਘ ਧਾਲੀਵਾਲ ਬੌੜਾਂ ਕਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਸ੍ਰੀ ਮਾਜਰੀ ਨੇ ਕਿਹਾ ਕਿ ਲੋੜਵੰਦ ਮਰੀਜ਼ਾਂ ਲਈ ਖ਼ੂਨ ਸੰਜੀਵਨੀ ਹੈ।ਖ਼ੂਨ ਦਾਨ ਕਰਨ ਉਪਰੰਤ ਪੰਜਾਬ ਜਗਾਓ ਯਾਤਰਾ ਦੇ ਸੰਯੋਜਕ ਪਰਮਜੀਤ ਸਿੰਘ ਅਗਰਵਾਲ ਨੇ ਕਿਹਾ ਕਿ ਸਮੂਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪਰਉਪਕਾਰ ਦੀ ਇਸ ਮਹਾਨ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਕੈਂਪ ਵਿੱਚ ਮੁੱਖ ਸੇਵਾਦਾਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸੋਹਲ, ਯੂਥ ਆਗੂ ਹਰਮੀਤ ਸਿੰਘ ਬੜੂੰਗਰ, ਹਰਮਿੰਦਰ ਸਿੰਘ ਢੀਂਡਸਾ, ਗੁਰਮੀਤ ਸਿੰਘ, ਭਾਈ ਜਰਨੈਲ ਸਿੰਘ ਝੰਡੀ, ਗੁਰੀ ਧਾਲੀਵਾਲ, ਸੁਰਿੰਦਰ ਸਿੰਘ ਪਟਿਆਲਾ ਤੇ ਗੁਰਮੀਤ ਸਿੰਘ ਡੀਲਵਾਲ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

## ਕਮਿਊਨਿਸਟ ਆਗੂ ਅੱਜ ਲੁਧਿਆਣਾ ਕਨਵੈਨਸ਼ਨ 'ਚ ਹੋਣਗੇ ਸ਼ਾਮਿਲ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਅੰਦਰ ਵੀ ਚੋਣ ਕਮਿਸ਼ਨ ਵੱਲੋਂ ਐੱਸ. ਆਈ. ਆਰ. ਤਹਿਤ ਵੱਡੇ ਪੱਧਰ 'ਤੇ ਅਸਾਮ, ਪੱਛਮੀ ਬੰਗਾਲ ਵਿੱਚ ਘੱਟ ਗਿਣਤੀ ਵਰਗ ਅਤੇ ਭਾਜਪਾ ਵਿਰੋਧੀ ਵੋਟ ਨੂੰ ਕੱਟਣ ਦੇ ਨਾਲ ਨਾਲ ਗਲਤ ਵੋਟਾਂ ਬਣਾਏ ਜਾਣ ਦੇ ਖਤਰਿਆਂ ਨੂੰ ਦੇਖਦੇ ਹੋਏ ਲੋਕਾਂ ਨੂੰ ਅਗਾਊਂ ਸੁਚੇਤ ਕਰਨ ਅਤੇ ਲੋਕ ਮੁੱਦਿਆਂ ਆਧਾਰਿਤ ਆਰਥਿਕ ਤੇ ਸਮਾਜਿਕ ਸੁਰੱਖਿਆ ਲਈ ਲੋਕ ਪੱਖੀ ਰਾਜਨੀਤਕ ਬਦਲ ਉਸਾਰਨ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਸੀਪੀਆਈ (ਐੱਮ ਐੱਲ) ਲਿਬਰੇਸ਼ਨ ਅਤੇ ਡਾ. ਬੀ ਆਰ ਅੰਬੇਡਕਰ ਮਿਸ਼ਨਰੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ 7 ਜੂਨ ਨੂੰ ਲੁਧਿਆਣਾ ਅੰਬੇਡਕਰ ਭਵਨ ਵਿਖੇ ਹੋ ਰਹੀ ਵਿਸ਼ਾਲ ਕਨਵੈਨਸ਼ਨ ਵਿਚ ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹੇ ਵਿੱਚੋਂ ਵੀ ਸਾਥੀ ਸ਼ਾਮਿਲ ਹੋਣਗੇ। ਆਰ. ਐੱਮ. ਪੀ. ਆਈ. ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਾ ਕਮੇਟੀ ਮੀਟਿੰਗ ਵਿਚ ਪਹੁੰਚੇ ਪਾਰਟੀ ਦੇ ਮੁੱਖ ਆਗੂ ਕਾਮਰੇਡ ਮੰਗਤ ਰਾਮ ਪਾਸਲਾ ਨੇ ਮੀਟਿੰਗ ਉਪਰੰਤ ਦੇਸ਼ ਤੇ ਪੰਜਾਬ ਦੀ ਮੌਜੂਦਾ ਆਰਥਿਕ ਤੇ ਰਾਜਨੀਤਕ ਅਵਸਥਾ ਬਾਰੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਲਗਾਤਾਰ ਵਧ ਰਹੀਆਂ ਤੇਲ, ਗੈਸ ਦੀਆਂ ਕੀਮਤਾਂ ਨਾਲ ਜਨਰਲ ਮਹਿੰਗਾਈ ਵੱਧਣ ਕਰਕੇ ਦੇਸ਼ ਅੰਦਰ ਬੇਚੈਨੀ ਦਾ ਮਾਹੌਲ ਪੈਦਾ ਹੋ ਰਿਹਾ ਹੈ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਕਿਹਾ ਕਿ 'ਲੋਕਾਂ ਕੋਲ ਚੱਲੋ' ਮੁਹਿੰਮ ਨੂੰ ਮਿਲੇ ਚੰਗੇ ਹੁੰਗਾਰੇ ਨੂੰ ਦੇਖਦੇ ਹੋਏ ਮੁਹਿੰਮ ਨੂੰ ਦੋ ਹਫਤੇ ਹੋਰ ਜਾਰੀ ਰੱਖਿਆ ਜਾਵੇਗਾ। ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕਾਮਰੇਡ ਅਜੀਤ ਸਿੰਘ ਠੱਕਰਸੰਧੂ, ਧਿਆਨ ਸਿੰਘ ਠਾਕੁਰ, ਮੱਖਣ ਕੁਹਾੜ, ਹਰਿੰਦਰ ਸਿੰਘ ਰੰਧਾਵਾ, ਸੰਤੋਖ ਸਿੰਘ ਔਲਖ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਜਸਵੰਤ ਸਿੰਘ ਬੁੱਟਰ, ਅਬਿਨਾਸ਼ ਸਿੰਘ, ਜਗੀਰ ਸਿੰਘ ਸਲਾਚ, ਬਲਵੰਤ ਸਿੰਘ ਘੋਹ, ਬਲਕਾਰ ਚੰਦ ਭਰਿਆਲ ਲਾਹੜੀ, ਬਲਦੇਵ ਰਾਜ ਭੋਆ ਅਤੇ ਹੋਰ ਹਾਜ਼ਰ ਸਾਥੀਆਂ ਨੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ।



## ਤਰੁਣ ਚੁੱਘ ਨੇ ਰਾਜ ਸਭਾ ਲਈ ਕਾਗਜ਼ ਦਾਖ਼ਲ ਕਰਵਾਏ



**ਛੇਹਰਟਾ, (ਮਨੋਜ ਕੁਮਾਰ)** : ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤੇ ਮੱਧ ਪ੍ਰਦੇਸ਼ ਤੋਂ ਰਾਜ ਸਭਾ ਉਮੀਦਵਾਰ ਤਰੁਣ ਚੁੱਘ ਐਤਵਾਰ ਨੂੰ ਮੱਧ ਪ੍ਰਦੇਸ਼ ਵਿਧਾਨ ਸਭਾ ਪੁੱਜੇ ਅਤੇ ਰਾਜ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਇਸ ਮੌਕੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ, ਸੂਬਾ ਭਾਜਪਾ ਪ੍ਰਧਾਨ ਹੇਮੰਤ ਖੰਡੇਲਵਾਲ, ਸੂਬਾ ਸਰਕਾਰ ਦੇ ਮੰਤਰੀ, ਸੀਨੀਅਰ ਭਾਜਪਾ ਆਗੂ ਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਮੌਜੂਦ ਸਨ। ਇਸ ਮੌਕੇ ਤਰੁਣ ਚੁੱਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਵੀਨ ਅਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਆਮ ਵਰਕਰ ਵਿਚ ਜੋ ਵਿਸ਼ਵਾਸ ਪ੍ਰਗਟਾਇਆ ਹੈ, ਇਹ ਉਨ੍ਹਾਂ ਲਈ ਮਾਣ ਦੇ ਨਾਲ-ਨਾਲ ਵੱਡੀ ਜ਼ਿੰਮੇਵਾਰੀ ਦੀ ਵੀ ਗੱਲ ਹੈ। ਚੁੱਘ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਪੂਰੀ ਵਫ਼ਾਦਾਰੀ, ਇਮਾਨਦਾਰੀ ਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਮੁੱਖ ਮੰਤਰੀ ਡਾ. ਮੋਹਨ ਯਾਦਵ, ਸੂਬਾ ਪ੍ਰਧਾਨ ਹੇਮੰਤ ਖੰਡੇਲਵਾਲ ਤੇ ਸੀਨੀਅਰ ਭਾਜਪਾ ਆਗੂਆਂ ਨੇ ਤਰੁਣ ਚੁੱਘ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਵਿਸ਼ਵਾਸ ਪ੍ਰਗਟਾਇਆ ਕਿ ਉਹ ਰਾਜ ਸਭਾ ਵਿਚ ਮੱਧ ਪ੍ਰਦੇਸ਼ ਤੇ ਭਾਜਪਾ ਦੀ ਆਵਾਜ਼ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਗੇ।

## ਝੋਨੇ ਦੀ ਬਿਜਾਈ ਲਈ ਬਿਜਲੀ, ਬੀਜ, ਤੇਲ, ਖਾਦ ਤੇ ਦਵਾਈਆਂ ਦੇ ਅਗਾਊਂ ਪ੍ਰਬੰਧ ਕਰਨ ਦੀ ਮੰਗ

**ਬਟਾਲਾ/ਫਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)**- ਜਮਹੂਰੀ ਕਿਸਾਨ ਸਭਾ ਪੰਜਾਬ ਦੀ ਮੀਟਿੰਗ ਪਿੰਡ ਨਿੱਕੇ ਰਵਾਲ ਗੁਰਦੁਆਰਾ ਬਾਬਾ ਧੰਨਾ ਸਾਹਿਬ ਜੀ ਵਿਖੇ ਹਰਦੇਵ ਸਿੰਘ ਰਵਾਲ, ਜਗਤਾਰ ਸਿੰਘ ਰਵਾਲ ਦੀ



ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ, ਸੂਬਾਈ ਆਗੂ ਮੱਖਣ ਕੁਹਾੜ, ਤਹਿਸੀਲ ਪ੍ਰਧਾਨ ਅਵਤਾਰ ਸਿੰਘ ਠੱਠਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਅਤੇ ਜਮਹੂਰੀ ਕਿਸਾਨ ਸਭਾ ਪੰਜਾਬ ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਬਿਜਾਈ ਲਈ ਬਿਜਲੀ, ਬੀਜ, ਤੇਲ, ਖਾਦ, ਦਵਾਈਆਂ ਆਦਿ ਦੀ ਕੋਈ ਥੋੜ ਨਾ ਆਵੇ ਇਸ ਦੇ ਪ੍ਰਬੰਧ ਲਈ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਨਾਂ ਜ਼ਰੂਰੀ ਵਸਤਾਂ ਨੂੰ ਸਹਿਕਾਰੀ ਸੁਸਾਇਟੀਆਂ ਰਾਹੀਂ ਕਿਸਾਨਾਂ ਤੱਕ ਪਹੁੰਚਦੀ ਕਰੇ।ਬਿਜਲੀ ਦੀ ਨਿਰਵਿਘਨ ਸਪਲਾਈ ਲਈ ਬਿਜਲੀ ਘਰਾਂ ਵਿੱਚ ਵਾਧੂ ਟ੍ਰਾਂਸਫਾਰਮਰ ਅਤੇ ਹੋਰ ਲੋੜੀਂਦਾ ਸਾਮਾਨ ਸਟੋਰ ਵਿੱਚ ਰੱਖਿਆ ਜਾਵੇ।ਉਨ੍ਹਾਂ ਆਖਿਆ ਕਿ ਨਹਿਰੀ ਪਾਣੀ ਨੂੰ ਹਰ ਕਿਸਾਨ ਦੇ ਖੇਤ ਤੱਕ ਪੁੱਜਦਾ ਕੀਤਾ ਜਾਵੇ। ਬਾਰਡਰ ਏਰੀਏ ਦੇ ਕਿਸਾਨਾਂ ਨੂੰ ਜਿੰਨਾ ਦੀ ਜ਼ਮੀਨ ਤਾਰ ਤੋਂ ਪਾਰ ਹੈ ਦਾ ਮੁਆਵਜ਼ੇ ਦੇ ਤੌਰ ਤੇ ਜਾਰੀ ਕੀਤਾ 10000 ਹਜ਼ਾਰ ਰੁਪਏ ਏਕੜ ਦੇ ਪੈਸੇ ਤੁਰੰਤ ਵੰਡੇ ਜਾਣ ਅਤੇ ਅੱਗੇ ਤੋਂ 30000 ਰੁਪਏ ਪ੍ਰਤੀ ਏਕੜ ਦਾ ਐਲਾਨ ਕੀਤਾ ਜਾਵੇ।

ਉਹਨਾਂ ਕਿਹਾ ਕਿ ਬਾਸਮਤੀ ਝੋਨੇ ਦਾ ਫ਼ਾਈਨ ਦਾ 4500 ਰੁਪਏ ਅਤੇ ਸੁਪਰ ਫ਼ਾਈਨ ਦਾ 5500 ਪ੍ਰਤੀ ਕੁਇੰਟਲ ਭਾਅ ਤੈਅ ਕੀਤਾ ਜਾਵੇ।ਉਨ੍ਹਾਂ ਆਖਿਆ ਕਿ ਜੇਕਰ ਸੂਬਾ ਤੇ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਧਿਆਨ ਨਾ ਦਿੱਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਤਹਿਸੀਲ ਸਕੱਤਰ ਰਾਜਪਾਲ ਸਿੰਘ ਫਤਿਹਗੜ੍ਹ ਚੂੜੀਆਂ, ਦਲਬੀਰ ਸਿੰਘ ਜੇਈ ਠੱਠਾ, ਬਾਬਾ ਚਰਨ ਸਿੰਘ ਫਤਿਹਗੜ੍ਹ ਚੂੜੀਆਂ, ਗੁਰਦੇਵ ਸਿੰਘ ਪਿੰਡੀ, ਜਸਵੰਤ ਸਿੰਘ ਪਿੰਡੀ, ਕੁਲਦੀਪ ਸਿੰਘ ਰਵਾਲ, ਰਛਪਾਲ ਸਿੰਘ ਰਵਾਲ, ਜੋਗਿੰਦਰ ਸਿੰਘ ਰਵਾਲ, ਪਲਵਿੰਦਰ ਸਿੰਘ ਰਵਾਲ, ਅਜੀਤ ਪਾਲ ਸਿੰਘ ਰਵਾਲ, ਜਰਨੈਲ ਸਿੰਘ ਰਵਾਲ, ਗੁਰਮੇਜ ਸਿੰਘ ਰਵਾਲ, ਦਲਜੀਤ ਸਿੰਘ ਰਵਾਲ, ਹਰਦੀਪ ਸਿੰਘ ਛਾਗੇਂਵਾਲੀ, ਕੁਲਬੀਰ ਸਿੰਘ ਛਾਗੇਂਵਾਲੀ ਆਦਿ ਹਾਜ਼ਰ ਸਨ।

## ਰੇਲਵੇ ਸਟੇਸ਼ਨ ਬਿਆਸ ਤੋਂ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ



**ਬਿਆਸ (ਪਰਮਜੀਤ ਸਿੰਘ ਰੱਖੜਾ)**- ਜੀ. ਆਰ. ਪੀ. ਚੌਕੀ ਬਿਆਸ ਦੇ ਏ. ਐੱਸ. ਆਈ. ਜਸਪਿੰਦਰ ਸਿੰਘ ਅਤੇ ਏ. ਐੱਸ. ਆਈ. ਸੁਰੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਸਟੇਸ਼ਨ ਬਿਆਸ ਦੇ ਪਲੇਟਫਾਰਮ ਨੰਬਰ 2 'ਤੇ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਜਿਸ ਦੀ ਉਮਰ ਕਰੀਬ 40/45 ਸਾਲ ਸੀ। ਲਾਸ਼ ਨੂੰ ਸ਼ਨਾਖਤ ਲਈ 72 ਘੰਟਿਆਂ ਲਈ ਬਾਬਾ ਬਕਾਲਾ ਸਾਹਿਬ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ ਅਤੇ ਜੀ. ਆਰ. ਪੀ. ਦੇ ਪੁਲਸ ਥਾਣਾ ਅਮ੍ਰਿਤਸਰ ਵਿਖੇ ਕਾਰਵਾਈ ਕੀਤੀ ਗਈ ਹੈ।

## ਪ੍ਰਾਈਵੇਟ ਸਕੂਲਾਂ 'ਤੇ ਕੱਸਿਆ ਸ਼ਿਕੰਜਾ ਸ਼ਲਾਘਾਯੋਗ : ਸਹੋਤਾ

**ਬਿਆਸ (ਪਰਮਜੀਤ ਸਿੰਘ ਰੱਖੜਾ)** ਹਲਕਾ ਬਾਬਾ ਬਕਾਲਾ ਸਾਹਿਬ ਦੇ 'ਆਪ' ਦੇ ਸੀਨੀਅਰ ਆਗੂ ਰਜਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜੀ ਨਾਲ ਵਧਾਈਆਂ ਜਾ ਰਹੀਆ ਫੀਸਾਂ ਵਿਰੁੱਧ ਜੋ ਨਿਰਦੇਸ਼ ਦਿੱਤੇ ਹਨ, ਉਹ ਇਕ ਸ਼ਲਾਘਾਯੋਗ ਕਦਮ ਹੈ । ਪੰਜਾਬ ਵਿੱਚ ਕੈਪਟਨ ਸਰਕਾਰ ਸਮੇਂ ਪ੍ਰਾਈਵੇਟ ਸਕੂਲਾਂ ਨੂੰ ਮਨਮਰਜ਼ੀ ਅਨੁਸਾਰ ਹਰੇਕ ਸਾਲ ਫੀਸਾਂ ਵਧਾਉਣ ਦੀ ਖੁੱਲ੍ਹ ਦਿੱਤੀ ਗਈ ਸੀ, ਪਰ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਦੇ ਮਾਪਿਆਂ ਦੇ ਹੱਕ ਵਿਚ ਫ਼ੈਸਲਾ ਲੈਂਦੇ ਹੋਏ ਪ੍ਰਾਈਵੇਟ ਸਕੂਲਾਂ ਨੂੰ ਸਲਾਨਾ 5 ਫੀਸਦੀ ਤੋਂ ਵੱਧ ਫੀਸ ਨਾ ਵਧਾਉਣ ਦੀ ਹਦਾਇਤ ਕੀਤੀ ਹੈ । ਇਸ ਨਾਲ ਪ੍ਰਾਈਵੇਟ ਸਕੂਲਾਂ ਦੁਆਰਾ ਮਾਪਿਆਂ ਕੋਲੋਂ ਜੋ ਵੱਧ ਫੀਸਾਂ ਵਸੂਲੀਆਂ ਜਾ ਰਹੀਆਂ ਹਨ, ਉਸ 'ਤੇ ਰੋਕ ਲੱਗੇਗੀ। ਇਹਨਾਂ ਹੁਕਮਾਂ ਨੂੰ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਇਕ ਕਾਨੂੰਨ ਦੇ ਤੌਰ 'ਤੇ ਪਾਸ ਕਰਕੇ ਜਲਦ ਹੀ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ।



## ਪਟਿਆਲਾ ਵਿਖੇ ਨੌਜਵਾਨਾਂ 'ਤੇ ਹੋਏ ਲਾਠੀਚਾਰਜ ਦੀ ਕਰਮਚਾਰੀ ਦਲ ਵੱਲੋਂ ਨਿੰਦਾ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਨੇ ਪੁਲਸ ਪ੍ਰਸ਼ਾਸਨ ਵੱਲੋਂ ਮੁੱਖ ਦਫ਼ਤਰ ਪਟਿਆਲਾ ਵਿਖੇ ਸੰਘਰਸ਼ ਕਰ ਰਹੇ ਆਈ. ਟੀ. ਆਈ. ਪਾਸੇ ਨੌਜਵਾਨਾਂ 'ਤੇ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ, ਡਵੀਜ਼ਨ ਪ੍ਰਧਾਨ ਤਰਲੋਕ ਸਿੰਘ ਖੁੱਡੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਨੌਜਵਾਨਾਂ 'ਤੇ ਕੀਤੇ ਗਏ ਲਾਠੀਚਾਰਜ ਨੇ ਨੌਜਵਾਨਾਂ ਦਾ ਮਨੋਬਲ ਤੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੂੰ ਗੱਲ ਕਰਨ ਦੀ ਬਜਾਏ ਇਨ੍ਹਾਂ 'ਤੇ ਲਾਠੀਚਾਰਜ ਕਰਕੇ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਸਮੂਹ ਨੌਜਵਾਨਾਂ ਦਾ ਸਾਡੀ ਯੂਨੀਅਨ ਸਮਰਥਨ ਕਰਦੀ ਹੈ ਅਤੇ ਨੌਜਵਾਨਾਂ ਦੇ ਮੋਢੇ ਨਾਲ ਮੋਢਾ ਜੋੜ 'ਤੇ ਸੰਘਰਸ਼ ਕਰਨ ਦਾ ਐਲਾਨ ਕਰਦੀ ਹੈ। ਇਸ ਮੌਕੇ ਇੰਦਰਪਾਲ ਸਿੰਘ, ਅਮਰਦੀਪ ਸਿੰਘ ਹੈਪੀ, ਜਗਦੀਪ ਸਿੰਘ, ਪ੍ਰੇਮ ਸਿੰਘ, ਮਨਜੋਤ ਸਿੰਘ, ਲਖਵਿੰਦਰ ਸਿੰਘ ਚੱਕਰਾਜਾ, ਰਵਿੰਦਰ ਸਿੰਘ, ਜਸਵਿੰਦਰ ਸਿੰਘ, ਬਲਕਾਰ ਸਿੰਘ, ਮੇਹਰ ਸਿੰਘ ਅਤੇ ਪ੍ਰਕਾਸ਼ ਘੁੱਲਾ ਆਦਿ ਹਾਜ਼ਰ ਸਨ।



## ਬੇਰੁਜ਼ਗਾਰ ਲਾਈਨਮੈਨਾਂ 'ਤੇ ਵਹਿਸ਼ੀਆਨਾ ਲਾਠੀਚਾਰਜ ਨਿੰਦਣਯੋਗ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲ੍ਹਾ, ਬਲਦੇਵ ਸਿੰਘ ਪੰਡੋਰੀ ਨੇ ਪਟਿਆਲਾ ਵਿਖੇ ਬੇਰੁਜ਼ਗਾਰ ਲਾਈਨਮੈਨਾਂ 'ਤੇ ਕੀਤੇ ਗਏ ਵਹਿਸ਼ੀਆਨਾ ਪੁਲਸ ਲਾਠੀਚਾਰਜ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਪੰਡੋਰੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਜਾਬਰ ਕਿਰਦਾਰ ਦਿਨੋ-ਦਿਨ ਬੇਪਰਦ ਹੁੰਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਪੁਲਸ ਦੇ ਜ਼ੋਰ ਨਾਲ ਜਮਹੂਰੀਅਤ ਦਾ ਗਲਾ ਘੁੱਟ ਰਹੀ ਹੈ ਅਤੇ ਹੱਕ ਮੰਗਦੇ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸੰਘਰਸ਼ੀ ਤਬਕਿਆਂ ਦਾ ਇਕ ਵੀ ਸੰਗਠਨ ਅਜਿਹਾ ਨਹੀਂ ਬਚਿਆ ਜਿਸ 'ਤੇ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਪੁਲਸੀਆ ਕਹਿਰ ਨਾ ਵਾਪਰਿਆ ਹੋਵੇ।ਉਨ੍ਹਾਂ ਲੋਕਾਂ ਨੂੰ ਸਰਕਾਰ ਦੇ ਇਨ੍ਹਾਂ ਜਾਬਰ ਹੱਥਕੰਡਿਆਂ ਦਾ ਹਰ ਮੰਚ ਤੋਂ ਤਿੱਖਾ ਵਿਰੋਧ ਕਰਨ ਦੀ ਅਪੀਲ ਕੀਤੀ ਹੈ।



## ਭਗਤ ਪੂਰਨ ਸਿੰਘ ਦੇ 122ਵੇਂ ਜਨਮ ਦਿਹਾੜੇ ਨੂੰ ਸਮਰਪਿਤ ਪੌਦੇ ਲਗਾਏ

**ਧਾਰੀਵਾਲ, (ਮਨਦੀਪ ਵਿੱਕੀ)**- ਭਗਤ ਪੂਰਨ ਸਿੰਘ ਸਮਾਜ ਭਲਾਈ ਸੁਸਾਇਟੀ ਧਾਰੀਵਾਲ ਦੇ ਪ੍ਰਧਾਨ ਇੰਜ.ਪ੍ਰੀਤਮ ਸਿੰਘ ਭੱਟੀ ਵਲੋਂ ਆਪਣੀ ਟੀਮ ਦੇ ਸਹਿਯੋਗ ਨਾਲ ਮਿਸ਼ਨ ਸਕੂਲ ਦੀ ਗਰਾਉਂਡ ਵਿੱਚ ਪਿੰਗਲਵਾੜਾ (ਅੰਮ੍ਰਿਤਸਰ) ਦੇ ਬਾਨੀ ਭਗਤ ਪੂਰਨ ਸਿੰਘ ਜੀ ਦੇ 122ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵੱਖ ਵੱਖ ਕਿਸਮਾਂ ਦੇ ਪੌਦੇ ਲਗਾਏ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਇੰਜ.ਪ੍ਰੀਤਮ ਸਿੰਘ ਭੱਟੀ ਨੇ ਕਿਹਾ ਭਗਤ ਪੂਰਨ ਸਿੰਘ ਜੀ ਦੇ ਦਰਸਾਏ ਮਾਰਗ ਅਨੁਸਾਰ ਹਰੇਕ ਵਿਅਕਤੀ ਨੂੰ ਕੰਮ ਕਰਨਾ ਚਾਹੀਦਾ ਹੈ। ਅਪਾਹਜ਼ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ, ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਰੁੱਖ ਲਗਾਉਣੇ ਅਤੇ ਸਾਦਾ ਭੋਜਨ ਖਾਣਾ ਚਾਹੀਦੀ ਹੈ।ਉਨ੍ਹਾਂ ਕਿਹਾ ਰੁੱਖਾਂ ਅਤੇ ਵਾਤਾਵਰਨ ਦੀ ਸਾਂਭ ਸੰਭਾਲ ਕਰਨਾ ਹਰੇਕ ਮਨੁੱਖ ਦਾ ਫਰਜ ਬਣਦਾ ਹੈ। ਮਨੁੱਖੀ ਜੀਵਨ ਲਈ ਆਕਸ਼ੀਜ਼ਨ ਅਤੇ ਸੁੱਧ ਵਾਤਾਵਰਨ ਦਾ ਹੋਣਾ ਬਹੁਤ ਜਰੂਰੀ ਹੈ। ਆਕਸ਼ੀਜ਼ਨ ਤੋਂ ਬਿਨਾ ਮੁਨੁੱਖ ਦਾ ਜਿਊਣਾ ਨਾ-ਮੁਮਕਨ ਹੈ। ਪ੍ਰਦੂਸ਼ਨ ਰਹਿਤ ਵਾਤਾਵਰਨ ਬਨਾਉਣ ਲਈ ਵਧੇਰੇ ਪੌਦੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਧਾਰੀਵਾਲ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਸਾਰੇ ਨਾਗਰਿਕਾਂ ਨੂੰ ਅਪੀਲ ਕਿ ਘੱਟੋ-ਘੱਟ ਇੱਕ ਰੁੱਖ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਇੰਜ.ਪ੍ਰੀਤਮ ਸਿੰਘ ਭੱਟੀ ਦੇ ਨਾਲ ਰਾਜ ਕੁਮਾਰ, ਹਰਜੀਤ ਸਿੰਘ, ਵਿਜੇ ਕੁਮਾਰ, ਪਵਨਦੀਪ ਸਿੰਘ ਵਿੱਕੀ ਕਵਾਲਟੀ ਆਦਿ ਹਾਜ਼ਰ ਸਨ।



## ਸਰਕਲ ਪ੍ਰਧਾਨ ਸਰਬਜੀਤ ਲਾਲੀਆਂ ਨੇ ਵਿਨੇ ਪਰਿਯਾਲ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਗੁਰਦਾਸਪੁਰ, (ਜਨਕ ਮਹਾਜਨ)**- ਸਰਕਲ ਪੁਰਾਣਾ ਸ਼ਾਲਾ ਦੇ ਪ੍ਰਧਾਨ ਸਰਬਜੀਤ ਸਿੰਘ ਲਾਲੀਆਂ ਨੇ ਆਪਣੇ ਸਾਥੀਆਂ ਸਮੇਤ ਦੀਨਾਨਗਰ ਦੇ ਵਾਰਡ ਨੰਬਰ ਇੱਕ ਤੋਂ ਉਮੀਦਵਾਰ ਵਿਨੇ ਪਰਿਯਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਆਰੰਭ ਕਰ ਦਿੱਤਾ ਹੈ। ਲਾਲੀਆਂ ਨੇ ਦੱਸਿਆ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਹਲਕਾ ਇੰਚਾਰਜ ਕਮਲਜੀਤ ਸਿੰਘ ਚਾਵਲਾ ਦੀ ਅਗਵਾਈ ਹੇਠ ਦੀਨਾਨਗਰ ਦੇ ਨਗਰ ਕੌਂਸਲ ਦੇ 15 ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਦੱਸਿਆ ਕਿ ਉਮੀਦਵਾਰ ਵਿਨੇ ਪਰਿਯਾਲ ਦੇ ਹੱਕ ਵਿਚ ਕਾਫੀ ਹਵਾ ਚੱਲ ਰਹੀ ਹੈ ਅਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਦੀਨਾਨਗਰ ਕੌਂਸਲ ਬਦਲਾਅ ਦੀ ਲਹਿਰ ਚੱਲ ਪਈ ਹੈ ਅਤੇ ਵੋਟਰਾਂ ਵੱਲੋਂ ਪਾਰਟੀ ਨੂੰ ਵੱਡੇ ਪੱਧਰ ਤੇ ਸਮਰਥਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਪ੍ਰਵੀਨ ਚੌਧਰੀ ਸਰਕਲ ਪ੍ਰਧਾਨ, ਲਵਪ੍ਰੀਤ ਸਿੰਘ ਯੂਥ ਪ੍ਰਧਾਨ, ਪਵਨ ਮੇਘੀਆਂ, ਬਲਕਾਰ ਸਿੰਘ ਬਿੱਟੂ ਪ੍ਰਧਾਨ ਸ਼ਹਿਰੀ, ਵਿਜੇ ਕੁਮਾਰ ਜੋਨੀ, ਬਲਕਾਰ ਸਿੰਘ ਬਿੱਟੂ, ਰਾਜਾ ਆਦਿ ਹਾਜ਼ਰ ਸਨ।



## ਅਕਾਲੀ ਆਗੂ ਸੁਖਜਿੰਦਰ ਸਿੰਘ ਕਸੇਲ ਨੂੰ ਸਦਮਾ; ਪਿਤਾ ਦਾ ਦਿਹਾਂਤ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਸੀਨੀਅਰ ਅਕਾਲੀ ਆਗੂ ਸੁਖਜਿੰਦਰ ਸਿੰਘ ਤੇ ਲੱਕੀ ਕਸੇਲ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸਾਬਕਾ ਸਰਪੰਚ ਸ੍ਰ: ਭਗਵੰਤ ਸਿੰਘ ਦਾ ਸੰਖੇਪ ਬਿਮਾਰੀ ਬਾਅਦ ਦਿਹਾਂਤ ਹੋ ਗਿਆ।ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਕਸੇਲ ਵਿਖੇ ਕਰ ਦਿੱਤਾ ਗਿਆ। ਉਨ੍ਹਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਕੰਚਨਪ੍ਰੀਤ ਕੌਰ, ਨਵਤੇਜ ਸਿੰਘ ਮੈਨੇਜਰ, ਜੇ ਈ ਨੌਨਿਹਾਲ ਸਿੰਘ ਕਸੇਲ, ਲਖਨਪਾਲ ਲਾਲੀ ਸਿੰਘ ਕਸੇਲ, ਬਾਬਾ ਭੋਲਾ ਸਿੰਘ ਬੀੜ ਸਾਹਿਬ, ਸਾਬਕਾ ਚੇਅਰਮੈਨ ਤੇਗਾਂ ਸਿੰਘ ਸੋਹਲ, ਸਾਬਕਾ ਐੱਸਜੀਪੀਸੀ ਮੈਂਬਰ ਜਥੇਦਾਰ ਕਸ਼ਮੀਰ ਸਿੰਘ ਗੰਡੀਵਿੰਡ, ਸਾਬਕਾ ਚੇਅਰਮੈਨ ਪ੍ਰਭਜੀਤ ਸਿੰਘ ਕੋਟ, ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਪਟਵਾਰੀ ਬਖਸ਼ੀਸ਼ ਸਿੰਘ ਝਬਾਲ, ਪ੍ਰਗਟ ਸਿੰਘ, ਸਰਪੰਚ ਮਨਜਿੰਦਰ ਸਿੰਘ ਐਮਾ, ਦਲਜੀਤ ਸਿੰਘ ਐਮਾ, ਸ਼ਰਨਜੀਤ ਸਿੰਘ ਭੋਜੀਆਂ, ਕੁਲਦੀਪ ਸਿੰਘ ਕਸੇਲ, ਖਜ਼ਾਨ ਸਿੰਘ ਫੌਜੀ, ਜਗਰੂਪ ਸਿੰਘ, ਲਾਲ ਸਿੰਘ, ਬੌਬੀ ਕਸੇਲ, ਨਿਰਵੈਰ ਸਿੰਘ, ਬਲਗੇਰ ਸਿੰਘ, ਮੈਂਬਰ ਦਲਬੀਰ ਸਿੰਘ ਕਸੇਲ, ਮੈਂਬਰ ਜਸਬੀਰ ਕੌਰ, ਮੈਂਬਰ ਸਾਬ ਸਿੰਘ, ਕੁਲਦੀਪ ਸਿੰਘ ਬੋਰਾਂ ਵਾਲੇ, ਸਾਜਨ ਸਿੰਘ, ਬਲਵਿੰਦਰ ਸਿੰਘ ਬਿੱਲੂ ਅਤੇ ਸ਼ਮਸ਼ੇਰ ਸਿੰਘ ਕਸੇਲ ਨੇ ਸਰਪੰਚ ਭਗਵੰਤ ਸਿੰਘ ਦੇ ਵਿਛੋੜੇ ਨੂੰ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ।



## ਆਰਐੱਸਪੀਐੱਲ ਗਰੁੱਪ ਨੇ ਤਰੱਕੀ ਦੇ ਰਾਹ 'ਤੇ ਚਲਦਿਆਂ 50 ਸਾਲ ਪੂਰੇ ਕੀਤੇ

**ਲੁਧਿਆਣਾ** : ਭਾਰਤ ਦੇ ਪ੍ਰਮੁੱਖ ਐਫਐਮਸੀਜੀ ਸਮੂਹਾਂ ਵਿੱਚੋਂ ਇੱਕ ਆਰਐੱਸਪੀਐੱਲ ਗਰੁੱਪ ਨੇ ਆਪਣੀ ਹੋਂਦ ਦੇ 50 ਸ਼ਾਨਦਾਰ ਸਾਲ ਮਨਾਏ।ਇਹ ਸਿਰਫ ਇੱਕ ਕੰਪਨੀ ਦੀ ਸੁਨਹਿਰੀ ਯਾਤਰਾ ਨਹੀਂ ਹੈ, ਸਗੋਂ ਭਾਰਤ ਦੀ ਕਹਾਣੀ ਵੀ ਹੈ, ਜਿਸਨੇ ਪਿਛਲੇ ਪੰਜ ਦਹਾਕਿਆਂ ਦੌਰਾਨ ਆਤਮ-ਵਿਸ਼ਵਾਸ, ਸਵੈ-ਨਿਰਭਰਤਾ ਅਤੇ ਨਵੀਨਤਾ ਦੁਆਰਾ ਸੰਚਾਲਿਤ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹਿਆ ਹੈ।ਪਿਛਲੇ 50 ਸਾਲਾਂ ਵਿੱਚ ਆਰਐੱਸਪੀਐੱਲ ਨੇ ਹਮੇਸ਼ਾ ਮੇਡ ਇਨ ਇੰਡੀਆ, ਮੇਡ ਫਾਰ ਇੰਡੀਅਨਜ਼ ਦੇ ਆਪਣੇ ਮੁੱਖ ਦਰਸ਼ਨ ਨੂੰ ਕੇਂਦਰ ਵਿੱਚ ਰੱਖਿਆ ਹੈ।

ਇਹ ਭਾਵਨਾ ਇਸਨੂੰ ਦੇਸ਼ ਭਰ ਦੇ ਲੱਖਾਂ ਪਰਿਵਾਰਾਂ ਨਾਲ ਜੋੜਦੀ ਹੈ।ਆਰਐੱਸਪੀਐੱਲ ਗਰੁੱਪ ਦੇ ਡਾਇਰੈਕਟਰ ਮਨੋਜ ਗਿਆਨਚੰਦਾਨੀ ਨੇ ਕਿਹਾ ਕਿ 50 ਸਾਲਾਂ ਦੇ ਇਸ ਪ੍ਰੇਰਨਾਦਾਇਕ ਸਫ਼ਰ ਵਿੱਚ, ਆਰਐੱਸਪੀਐੱਲ ਇੱਕ ਸਿੰਗਲ ਉਤਪਾਦ ਤੋਂ ਇੱਕ ਬਹੁਪੱਖੀ ਖਪਤਕਾਰ ਸਮੂਹ ਵਿੱਚ ਵਧਿਆ ਹੈ।ਜਿਵੇਂ ਕਿ ਅਸੀਂ ਜੀਵਨ ਸ਼ੈਲੀ ਅਤੇ ਭੋਜਨ ਸ਼੍ਰੇਣੀਆਂ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਦੇ ਹਾਂ ਸਾਡਾ ਉਦੇਸ਼ ਉਤਮ ਗੁਣਵੱਤਾ, ਨਵੀਨਤਾ ਅਤੇ ਖਪਤਕਾਰਾਂ ਦੀਆਂ ਵਿਕਸਤ ਜ਼ਰੂਰਤਾਂ ਦੇ ਅਨੁਸਾਰ ਤਿਆਰ ਕੀਤੇ ਉਤਪਾਦ ਪ੍ਰਦਾਨ ਕਰਨਾ ਹੈ।

## ਧਾਰਮਿਕ ਗੀਤ 'ਪੰਜਵਾਂ ਨਾਨਕ' ਸੰਗਤਾਂ ਨੂੰ ਅਰਪਿਤ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**- 11 ਸਾਲਾ ਬਾਲ ਕਲਾਕਾਰ ਜਪਦੀਪ ਸਿੰਘ ਨੇ ਆਪਣੀ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਗੀਤ ਪੰਜਵਾਂ ਨਾਨਕ ਨਾਲ ਕੀਤੀ ਹੈ।ਇੱਥੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਕਰਵਾਏ ਗਏ ਇਕ ਸਮਾਗਮ



ਦੌਰਾਨ ਜਪਦੀਪ ਸਿੰਘ ਦੇ ਇਸ ਧਾਰਮਿਕ ਗੀਤ 'ਪੰਜਵਾਂ ਨਾਨਕ' ਨੂੰ ਸਾਬਕਾ ਵਿਧਾਇਕ ਜਥੇਦਾਰ ਬਲਜੀਤ ਸਿੰਘ ਜਲਾਲ ਉਸਮਾ ਮੈਂਬਰ ਸ਼੍ਰੋਮਣੀ ਕਮੇਟੀ, ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਦੇ ਮੈਨੇਜਰ ਭਾਈ ਨਿਸ਼ਾਨ ਸਿੰਘ ਜ਼ਫਰਵਾਲ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਾਂਝੇ ਤੌਰ 'ਤੇ ਸੰਗਤਾਂ ਨੂੰ ਅਰਪਿਤ ਕੀਤਾ ।ਸ੍ਰੀ ਰਾਮ ਆਸ਼ਰਮ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿਖੇ ਪੰਜਵੀਂ ਜਮਾਤ ਦੇ ਜਪਦੀਪ ਸਿੰਘ ਨੇ ਦੱਸਿਆ ਕਿ ਗੀਤ ਦੇ ਬੋਲ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਕੱਤਰ ਅਤੇ ਉੱਘੇ ਸ਼ਾਇਰ ਦਿਲਰਾਜ ਸਿੰਘ ਦਰਦੀ ਵੱਲੋਂ ਲਿਖੇ ਗਏ ਹਨ, ਜੋ ਜਪਦੀਪ ਸਿੰਘ ਦੇ ਪਿਤਾ ਹਨ ।ਇਸ ਮੌਕੇ ਐਡੀਸ਼ਨਲ ਮੈਨੇਜਰ ਭਾਈ ਬਲਜੀਤ ਸਿੰਘ ਕੰਗ, ਪ੍ਰਿੰ. ਦਿਲਬਾਗ ਸਿੰਘ ਮਾਨ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਖ਼ਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਡਾ: ਕੁਲਵੰਤ ਸਿੰਘ ਬਾਠ, ਕਵੀਸ਼ਰ ਅਮਰਜੀਤ ਸਿੰਘ ਰਤਨਗੜ੍ਹ, ਬਲਵਿੰਦਰ ਸਿੰਘ ਅਠੌਲਾ, ਮੈਡਮ ਸੁਖਵੰਤ ਕੌਰ ਵੱਸੀ, ਗੁਰਮੀਤ ਕੌਰ ਬੱਲ, ਸਰਬਜੀਤ ਸਿੰਘ ਪੱਡਾ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਪ੍ਰਭਸਿਮਰਨ ਸਿੰਘ, ਗੁਰੂਵਰਜੀਤ ਸਿੰਘ ਜਲਾਲ ਉਸਮਾ, ਕੌਂਸਲਰ ਕਰਮ ਸਿੰਘ, ਬਖਸ਼ੀਸ਼ ਸਿੰਘ, ਤਰਸੇਮ ਸਿੰਘ ਮੱਟੂ, ਪ੍ਰਤਾਪ ਸਿੰਘ, ਜੋਗਿੰਦਰ ਸਿੰਘ ਪਾਇਲਟ, ਜਸਬੀਰ ਸਿੰਘ ਬੱਲ ਖੱਬੇ ਰਾਜਪੂਤਾਂ, ਸਰਬਜੀਤ ਸਿੰਘ ਜਲਾਲ ਉਸਮਾ ਸਮੇਤ ਹਾਜ਼ਰੀਨ ਇਲਾਕੇ ਦੇ ਲੋਕਾਂ, ਸਾਹਿਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਜਪਦੀਪ ਸਿੰਘ ਦੀ ਇਸ ਕੋਸ਼ਿਸ਼ ਦੀ ਭਰਪੂਰ ਸ਼ਲਾਘਾ ਕੀਤੀ।

## ਭੱਠਾ ਮਾਲਕਾਂ ਨਾਲ ਕੀਤਾ ਸਮਝੌਤਾ ਮਜ਼ਦੂਰਾਂ ਨਾਲ ਸਰਾਸਰ ਧੋਖਾ : ਪ੍ਰਧਾਨ ਹੈਪੀ



**ਬਟਾਲਾ (ਤਰਲੋਕ ਬੱਗਾ)**- ਭੱਠਾ ਮਜ਼ਦੂਰ ਯੂਨੀਅਨ ਆਜ਼ਾਦ ਦੀ ਇੱਕ ਹੰਗਾਮੀ ਮੀਟਿੰਗ ਦੀਨਾਨਗਰ ਵਿਖੇ ਹੋਈ। ਮੀਟਿੰਗ ਵਿੱਚ ਬੋਲਦਿਆਂ ਜਥੇਬੰਦੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਹੈਪੀ ਅਤੇ ਸੀਨੀਅਰ ਆਗੂ ਗੋਪਾਲ ਕ੍ਰਿਸ਼ਨ ਪਾਲਾ ਨੇ ਆਖਿਆ ਕਿ ਬੀਤੇ ਦਿਨੀਂ ਭੱਠਾ ਮਜ਼ਦੂਰਾਂ ਦੀਆਂ ਕੁਝ ਜਥੇਬੰਦੀਆਂ ਵੱਲੋਂ ਜੋ ਸਮਝੌਤਾ ਭੱਠਾ ਮਾਲਕਾਂ ਨਾਲ ਕੀਤਾ ਗਿਆ ਹੈ, ਉਹ ਭੱਠਿਆਂ ਉਪਰ ਕੰਮ ਕਰਨ ਵਾਲੇ ਸਮੂਹ ਮਜ਼ਦੂਰਾਂ ਦੇ ਨਾਲ ਧੋਖਾ ਕਰਨ ਦੇ ਸਮਾਨ ਹੈ ਕਿਉਂਕਿ ਇਸ ਸਮਝੌਤੇ ਦੇ ਲਾਗੂ ਹੋਣ ਦੀ 1 ਤਰੀਕ ਮਿੱਥੀ ਗਈ ਹੈ ਜਦਕਿ ਭੱਠਿਆਂ ਦਾ ਸੀਜ਼ਨ ਫਰਵਰੀ ਦੇ ਅਖੀਰ ਜਾਂ ਮਾਰਚ ਦੇ ਸ਼ੁਰੂ ਵਿੱਚ ਸ਼ੁਰੂ ਹੋ ਜਾਂਦਾ ਹੈ ।ਇਸ ਸਮਝੌਤੇ ਅਨੁਸਾਰ ਭੱਠਾ ਮਜ਼ਦੂਰ ਮਾਰਚ ਅਤੇ ਅਪ੍ਰੈਲ ਮਹੀਨੇ ਵਿੱਚ ਕੀਤੀ ਮਜ਼ਦੂਰੀ ਦਾ ਮਿਹਨਤਾਨਾ ਲੈਣ ਦੇ ਹੱਕਦਾਰ ਨਹੀਂ ਰਹਿ ਗਏ ।ਉਨ੍ਹਾਂ ਆਖਿਆ ਕਿ ਇਸ ਸਮਝੌਤੇ ਦੀ ਆੜ ਹੇਠ ਭੱਠਾ ਮਾਲਕ ਭੱਠਾ ਮਜ਼ਦੂਰਾਂ ਵੱਲੋਂ ਮਾਰਚ ਅਤੇ ਅਪ੍ਰੈਲ ਮਹੀਨੇ ਵਿੱਚ ਕੀਤੇ ਗਏ ਕੰਮ ਦੇ ਮਨਮਰਜ਼ੀ ਦੇ ਰੇਟ ਦੇ ਕੇ ਉਨ੍ਹਾਂ ਦੀ ਅੰਨ੍ਹੀ ਲੁੱਟ ਕਰਨਗੇ।ਸ਼੍ਰੀ ਹੈਪੀ ਅਤੇ ਪਾਲਾ ਨੇ ਕੀਤੇ ਗਏ ਇਸ ਸਮਝੌਤੇ ਨੂੰ ਰੱਦ ਕਰਦਿਆਂ ਆਖਿਆ ਕਿ ਭੱਠਾ ਮਜ਼ਦੂਰਾਂ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਕੰਮ ਦਾ ਪੂਰਾ ਮਿਹਨਤਾਨਾ ਦਿਵਾਉਣ ਲਈ ਭੱਠਾ ਮਜ਼ਦੂਰ ਯੂਨੀਅਨ ਆਜ਼ਾਦ ਸੰਘਰਸ਼ ਦਾ ਰਸਤਾ ਅਖਤਿਆਰ ਕਰੇਗੀ ਅਤੇ ਜਲਦੀ ਹੀ ਭੱਠਿਆਂ ਉਪਰ ਸੰਘਰਸ਼ ਦਾ ਬਿਗਲ ਵਜਾ ਦਿੱਤਾ ਜਾਵੇਗਾ।

## ਮਜੀਠੀਆ ਖਿਲਾਫ ਗੁੰਮਰਾਹਕੁਨ ਪ੍ਰਚਾਰ ਕਰਨ ਤੋਂ ਗੁਰੇਜ਼ ਕਰੇ 'ਆਪ' : ਔਲਖ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਔਲਖ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਾਲ ਹੀ 'ਚ ਨਗਰ ਨਿਗਮ ਅਤੇ ਨਗਰ ਪੰਚਾਇਤ ਚੋਣਾਂ ਵਿੱਚ ਪੂਰੇ ਪੰਜਾਬ ਵਿੱਚ ਪ੍ਰਸ਼ਾਸਨ ਤੇ ਦਬਾਅ ਬਣਾ ਕੇ ਬਹੁਤ ਧੱਕੇਸ਼ਾਹੀ ਕਰਕੇ ਚੋਣਾਂ ਜਿੱਤੀਆਂ ਗਈਆਂ ਹਨ।ਸਭ ਤੋਂ ਵੱਧ ਧੱਕੇਸ਼ਾਹੀ ਮਜੀਠਾ ਹਲਕੇ ਵਿੱਚ ਕੀਤੀ ਗਈ ਪਰ ਫਿਰ ਵੀ ਮਜੀਠਾ ਦੇ ਵੋਟਰਾਂ ਵੱਲੋਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਹੱਕ ਵਿੱਚ ਫਤਵਾ ਦਿੱਤਾ ਗਿਆ ਅਤੇ ਉਨ੍ਹਾਂ ਦੇ 6 ਕੌਂਸਲਰ ਜਿੱਤਣ ਵਿੱਚ ਕਾਮਯਾਬ ਹੋਏ।ਸਰਕਾਰ ਵੱਲੋਂ ਹੁਣ ਫਿਰ ਮਨਘੜਤ ਕਹਾਣੀ ਬਣਾ ਕੇ ਮਜੀਠੀਆ 'ਤੇ ਐੱਫ ਆਈ ਆਰ ਦਰਜ ਕੀਤੀ ਗਈ ਹੈ ਜੋ ਬਹੁਤ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਮਜੀਠੀਆ ਦੀ ਲੋਕਾਂ ਵਿੱਚ ਲੋਕਪ੍ਰਿਯਤਾ ਪੰਜਾਬ ਸਰਕਾਰ ਨੂੰ ਹਜ਼ਮ ਨਹੀਂ ਹੋ ਰਹੀ।ਉਨ੍ਹਾਂ ਕਿਹਾ ਕਿ ਇਸ ਸਰਕਾਰ ਦੇ ਇੰਨ੍ਹਾਂ ਵਤੀਰਿਆਂ ਕਰਕੇ ਇਸ ਸਰਕਾਰ ਨੂੰ ਚਲਦਾ ਕਰਨ ਲਈ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਉਡੀਕ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਿਚਲੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪਟਿਆਲਾ ਵਿਖੇ ਪਾਵਰਕੌਮ ਦੇ ਦਫਤਰ ਅੱਗੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ 2600 ਨੌਜਵਾਨਾਂ ਤੇ ਅਣਮਨੁੱਖੀ ਤਸ਼ੱਦਦ ਕਰਕੇ ਲੋਕਤੰਤਰ ਦਾ ਕਤਲ ਕੀਤਾ ਗਿਆ ਹੈ ਜਿਸ ਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਜਲਦੀ ਹੀ ਭੁਗਤਣਾ ਪਵੇਗਾ। ਇਸ ਤੋਂ ਇਲਾਵਾ ਪੰਜਾਬ ਸਰਕਾਰ ਸੇਵਾ ਕੇਂਦਰ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਸੇਵਾ ਕੇਂਦਰ ਦੇ ਮੁਲਾਜ਼ਮਾਂ ਪ੍ਰਤੀ ਗਲਤ ਬਿਆਨਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਨ੍ਹਾਂ ਜਥੇਬੰਦੀਆਂ ਦੀਆਂ ਸਮੱਸਿਆਂਵਾਂ ਦਾ ਹੱਲ ਨਹੀਂ ਕਰ ਸਕਦੀ ਤਾਂ ਭਗਵੰਤ ਸਿੰਘ ਮਾਨ ਤਰਤ ਅਸਤੀਫਾ ਦੇਵੇ।



## ਮਜੀਠਾ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ : ਤਲਬੀਰ ਗਿੱਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਆਮ ਆਦਮੀ ਪਾਰਟੀ ਸਰਕਾਰ ਪੰਜਾਬ ਦੇ ਹਰ ਵਰਗ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਕੀਤੇ ਹੋਏ ਵਾਅਦੇ ਪੂਰੇ ਕਰਕੇ ਇਤਿਹਾਸ ਰਚ ਰਹੀ ਹੈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਹਲਕਾ ਮਜੀਠਾ ਦੇ ਪਿੰਡ



ਖਿੱਦੋਵਾਲੀ ਵਿਖੇ ਬਾਬਾ ਚੈਂਚਲ ਸਿੰਘ ਦੀ ਸਾਲਾਨਾ ਬਰਸੀ ਮੌਕੇ ਹਾਜ਼ਰੀ ਭਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਮਜੀਠਾ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਹਲਕਾ ਮਜੀਠਾ ਦਾ ਕੰਮ ਸੰਭਾਲਿਆ ਹੈ ਉਸੇ ਦਿਨ ਤੋਂ ਹੀ ਮੇਰੀ ਕੋਸ਼ਿਸ਼ ਹੈ ਕਿ ਹਲਕੇ ਦੇ ਹਰ ਪਿੰਡ ਨੂੰ ਬਨਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਇਸੇ ਲੜੀ ਤਹਿਤ ਹੀ ਹਲਕੇ ਵਿੱਚ ਉਹ ਪਿੰਡਾਂ ਦੇ ਕੰਮ ਕਰਵਾਏ ਜਾ ਰਹੇ ਹਨ ਜੋ ਪਿਛਲੇ ਦਹਾਕਿਆਂ ਤੋਂ ਨਹੀਂ ਹੋਏ ਸਨ ਜਿਸ ਦੀ ਮਿਸਾਲ ਹੈ ਪਿੰਡ ਖਿੱਦੋਵਾਲੀ ਤੋਂ ਨਿੱਬਰਵਿੰਡ, ਸਾਧਪੁਰ ਨੂੰ ਨਿਕਲਦਾ ਰਸਤਾ ਜਿਸ ਨੂੰ ਪਿਛਲੀਆਂ ਸਾਰੀਆਂ ਹੀ ਸਰਕਾਰਾਂ ਨੇ ਅੱਖੋਂ ਪਰੋਖੇ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਵਿਰੋਧੀਆਂ ਤੋਂ ਹਲਕਾ ਮਜੀਠਾ ਦਾ ਵਿਕਾਸ ਬਰਦਾਸ਼ਤ ਨਹੀਂ ਹੋ ਰਿਹਾ, ਇਸੇ ਲਈ ਉਹ ਹਰ ਜਗ੍ਹਾ ਹੋ ਰਹੇ ਕੰਮ ਨੂੰ ਰੋਕਣ ਲਈ ਜ਼ੋਰ ਲਗਾ ਦਿੰਦੇ ਹਨ ਪਰ ਹਲਕੇ ਦਾ ਕੰਮ ਰੁਕਣ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਅਤੇ ਮਹਾਨ ਸ਼ਖ਼ਸੀਅਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸਿਕੰਦਰ ਸਿੰਘ, ਜਥੇਦਾਰ ਸਵਰਨਜੀਤ ਸਿੰਘ ਤਰਨਾ ਦਲ ਦੁਆਬਾ, ਜਥੇਦਾਰ ਅੰਗਰੇਜ਼ ਸਿੰਘ ਮਹਾਕਾਲ, ਬਲਜਿੰਦਰ ਸਿੰਘ ਛੀਨਾ ਪੀਏ, ਤਰਸੇਮ ਸਿੰਘ, ਹਰਭੇਜ ਸਿੰਘ, ਧਰਮ ਸਿੰਘ, ਬਲਦੇਵ ਸਿੰਘ, ਸਕੱਤਰ ਸਿੰਘ, ਹਰਦੀਪ ਸਿੰਘ ਡੇਹਰੀਵਾਲਾ, ਬਿਕਰਮ ਸਿੰਘ ਮੈਂਬਰ ਪੰਚਾਇਤ, ਬਿਕਰਮਜੀਤ ਸਿੰਘ ਮੈਂਬਰ ਪੰਚਾਇਤ, ਬਚਿੱਤਰ ਸਿੰਘ, ਸੁੱਚਾ ਸਿੰਘ, ਮਹਿਤਾਬ ਸਿੰਘ ਅਤੇ ਸਾਹਿਬ ਸਿੰਘ ਰੰਗੀਲਪੁਰਾ ਆਦਿ ਆਗੂ ਹਾਜ਼ਰ ਸਨ।

## ਅਪ੍ਰੈਂਟਿਸ ਲਾਈਨਮੈਨਾਂ 'ਤੇ ਕੀਤੇ ਲਾਠੀਚਾਰਜ ਦੀ ਸੀ ਪੀ ਆਈ (ਐੱਮ) ਵੱਲੋਂ ਨਿਖੇਧੀ

**ਪਠਾਨਕੋਟ (ਦਵਿੰਦਰ ਸਿੰਘ)**- ਪਟਿਆਲਾ ਵਿਖੇ ਪੀ ਐੱਸ ਪੀ ਸੀ ਐੱਲ ਦੇ ਦਫ਼ਤਰ ਸਾਹਮਣੇ 2600 ਅਪ੍ਰੈਂਟਿਸ ਲਾਈਨਮੈਨਾਂ 'ਤੇ ਕੀਤੇ ਲਾਠੀਚਾਰਜ ਦੀ ਸੀ. ਪੀ. ਆਈ. ( ਐੱਮ) ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰ ਸਹਿਗਲ ਨੇ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ ਪਟਿਆਲਾ ਵਿਖੇ ਬਿਜਲੀ ਬੋਰਡ ਦੇ ਦਫ਼ਤਰ ਸਾਹਮਣੇ ਸ਼ਾਂਤਮਈ ਧਰਨਾ ਦੇ ਰਹੇ ਲਾਈਨਮੈਂਨਾਂ ਨੂੰ ਭਗਵੰਤ ਮਾਨ ਦੀ ਸਰਕਾਰ ਦੀ ਸ਼ਹਿ ਤੇ ਪੰਜਾਬ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪੁਲੀਸ ਨੇ ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਛੱਲੀਆਂ ਵਾਂਗ ਕੁੱਟਿਆ ਹੈ। ਕਾਮਰੇਡ ਸੁਰਿੰਦਰ ਸਹਿਗਲ ਨੇ ਕਿਹਾ ਕਿ ਕੀ ਇਸਨੂੰ ਬਦਲਾਅ ਕਹਿੰਦੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਮੁਲਾਜ਼ਮਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਮੰਗ ਕੀਤੀ ਕਿ ਸਾਰੇ ਠੇਕਾ ਅਧਾਰਿਤ ਕਰਮਚਾਰੀਆਂ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ।



## ਮੋਦੀ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਮਿਹਨਤਕਸ਼ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਫੈਸਲੇ ਆਨੁਸਾਰ ਮਹਿੰਗਾਈ ਵਿਰੁੱਧ ਸਰਹੱਦੀ ਪਿੰਡ ਸਾਰੰਗਦੇਵ ਵਿਖੇ ਜਨਤਕ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਰਜਿੰਦਰ ਸਿੰਘ ਭਲਾਪਿੰਡ ਦੀ ਅਗਵਾਈ 'ਚ ਦਿਹਾਤੀ ਮਜ਼ਦੂਰ ਸਭਾ ਦੀ ਵਿਸ਼ਾਲ ਇੱਕਤਰਤਾ ਹੋਈ ਜਿਸ ਵਿੱਚ ਵੱਡੀ ਗਿਣਤੀ 'ਚ ਨੌਜਵਾਨ, ਔਰਤਾਂ ਤੇ ਹੋਰ ਮਿਹਨਤਕਸ਼ ਲੋਕਾਂ ਨੇ ਸਰਗਰਮੀ ਨਾਲ ਹਿੱਸਾ ਲਿਆ।ਮੋਦੀ ਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਜੇ. ਪੀ. ਐੱਮ. ਓ. ਦੇ ਕਨਵੀਨਰ ਡਾ. ਸਤਨਾਮ ਸਿੰਘ ਅਜਨਾਲਾ ਨੇ ਸਭਾ 'ਚ ਬੋਲਦਿਆਂ ਦੱਸਿਆ ਕਿ ਜਿਹੜੀ ਦਿਨ-ਬ-ਦਿਨ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕਤਲੋ ਗਾਰਤ, ਚੋਰੀਆਂ ਡਾਕੇ ਵਧ ਰਹੇ ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਦੇ ਪਰਚੇ ਲੀਕ ਹੋ ਰਹੇ ਹਨ ਇਹ ਕੋਈ ਆਮ ਵਰਤਾਰਾ ਨਹੀਂ ਹੈ, ਇਹ ਬੀਜੇਪੀ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਸਿੱਟਾ ਹੈ।ਉਨ੍ਹਾਂ ਕਿਹਾ ਕਿ ਉਕਤ ਸਮੱਸਿਆਵਾਂ ਦੇ ਹੱਲ ਲਈ ਪਹਿਲੇ ਪੜਾਅ 'ਚ ਲੋਕਾਂ ਨੂੰ ਫਿਰਕਿਆਂ ਤੇ ਜਾਤਾਂ-ਪਾਤਾਂ 'ਚ ਵੰਡਣ ਅਤੇ ਦੇਸੀ ਵਿਦੇਸ਼ੀ ਕਾਰਪੋਰੇਟ ਪੱਖੀ ਬੀਜੇਪੀ ਦੀ ਮੋਦੀ ਸਰਕਾਰ ਨੂੰ ਚਲਦਾ ਕੀਤਾ ਜਾਵੇ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਉਖਾੜਿਆ ਜਾਵੇ। ਅਜਿਹਾ ਕਰਨ ਲਈ ਮਜ਼ਦੂਰਾਂ, ਕਿਸਾਨਾਂ ਤੇ ਆਮ ਲੋਕਾਂ ਦੀ ਲਾਮਬੰਦੀ ਕਰਦੇ ਹੋਏ ਸੰਘਰਸ਼ਾਂ ਦੇ ਪਿੜ ਮੱਲੀਏ।

## ਨਰਸਰੀ ਮਾਲਕਾਂ ਤੇ ਮਾਲੀਆਂ ਨੂੰ ਡੇਂਗੂ ਦੇ ਲੱਛਣ ਤੇ ਬਚਾਅ ਬਾਰੇ ਦਿੱਤੀ ਜਾਣਕਾਰੀ

**ਚੋਹਲਾ ਸਾਹਿਬ (ਰਮਨ ਚੱਢਾ)**- ਕਾਰਜਕਾਰੀ ਸਿਵਲ ਸਰਜਨ ਤਾਰਨ ਡਾ. ਭਾਰਤੀ ਧਵਨ ਅਤੇ ਜ਼ਿਲ੍ਹਾ ਮਲੇਰੀਆ ਅਫਸਰ ਡਾ. ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਵੱਖ ਵੱਖ ਨਰਸਰੀਆਂ 'ਚ ਜਾ ਕੇ ਨਰਸਰੀ ਮਾਲਕਾਂ ਅਤੇ ਮਾਲੀਆਂ ਨੂੰ ਡੇਂਗੂ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਵੱਖ-ਵੱਖ ਨਰਸਰੀਆਂ ਤੇ ਪਹੁੰਚੀ ਜਿੱਥੇ ਨਰਸਰੀ ਮਾਲਕਾਂ ਅਤੇ ਬੂਟਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਮਾਲੀਆਂ ਨੂੰ ਦੱਸਿਆ ਕਿ ਉਹ ਨਰਸਰੀਆਂ ਵਿੱਚ ਵਾਧੂ ਪਾਣੀ ਖੜ੍ਹਾ ਨਾ ਹੋਣ ਦੇਣ ਖਾਸ ਕਰਕੇ ਟੁੱਟੇ ਗਮਲਿਆਂ ਜਾਂ ਟੁੱਟੇ ਟਾਇਰਾਂ ਆਦਿ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ ਕਿਉਂਕਿ ਖੜ੍ਹੇ ਪਾਣੀ ਵਿੱਚ ਡੇਂਗੂ ਫੈਲਾਉਣ ਵਾਲੇ ਮੱਛਰ ਪੈਦਾ ਹੁੰਦੇ ਹਨ। ਇਸ ਸਮੇਂ ਹੈਲਥ ਵਰਕਰ ਪ੍ਰਧਾਨ ਜਸਪਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੂਟਿਆਂ ਦੀ ਸਾਂਭ ਸੰਭਾਲ ਸਹੀ ਢੰਗ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਖਰਾਬ ਅਤੇ ਇੱਕਠੇ ਹੋਏ ਬੂਟਿਆਂ ਵਿੱਚ ਵੀ ਮੱਛਰ ਪੈਦਾ ਨਾ ਹੋਵੇ। ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਤ ਨੂੰ ਸੌਣ ਸਮੇਂ ਪੂਰਾ ਤਨ ਢੱਕ ਕੇ ਸੌਣਾ ਚਾਹੀਦਾ। ਇਸ ਸਮੇਂ ਐੱਸ. ਆਈ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਬੁਖਾਰ ਹੈ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਤੋਂ ਜਾਂਚ ਕਰਵਾਓ। ਇਸ ਸਮੇਂ ਹੈਲਥ ਵਰਕਰ ਗੁਰਪਵਿੱਤਰ ਸਿੰਘ ਸੋਹਲ, ਗੁਰਨਾਮ ਸਿੰਘ ਬਰੀਡਿੰਗ ਚੈੱਕਰ ਅਤੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਹਾਜ਼ਰ ਸਨ।



## 8 ਉਮੀਦਵਾਰਾਂ ਨੇ ਨਾਂਅ ਵਾਪਸ ਲਏ, 13 ਨੂੰ ਪੈਣਗੀਆਂ ਵੋਟਾਂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**13 ਜੂਨ ਨੂੰ ਨਗਰ ਕੌਂਸਲ ਕਾਦੀਆਂ ਦੀ ਹੋਣ ਜਾ ਰਹੀਆਂ ਚੋਣਾਂ ਵਿੱਚ 93 ਉਮੀਦਵਾਰਾਂ ਦੇ ਕਾਗਜ਼ਾਤ ਦਰੁਸਤ ਪਾਏ ਜਾਣ ਤੋਂ ਬਾਅਦ ਅੱਜ ਨਾਮਜ਼ਦਗੀਆ ਵਾਪਸ ਲੈਣ ਦਾ ਦਿਨ ਸੀ। ਕੁਲ 38 ਉਮੀਦਵਾਰਾਂ ਨੇ ਆਪਣੇ ਨਾਂ ਵਾਪਸ ਲਏ ਹਨ। ਮੁੱਖ ਮੁਕਾਬਲਾ ਆਪ, ਅਕਾਲੀ ਦਲ (ਬਾਦਲ) ਅਤੇ ਕਾਂਗਰਸ ਚ ਹੈ। ਭਾਜਪਾ ਨੇ ਵੀ 13 ਵਾਰਡਾਂ ਚ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਹਨ। ਰਿਟਰਨਿੰਗ ਆਫ਼ਿਸਰ ਡਾਕਟਰ ਸੁਪਨੰਦਨਦੀਪ ਕੌਰ ਉੱਪਲ ਨੇ ਦੱਸਿਆ ਕਿ ਵਾਰਡ 6 ਤੋਂ ਅਤਿਆ ਤੁਲ ਵਹੀਦ ਬਿਨਾਂ ਮੁਕਬਲਾ ਚੋਣ ਜਿੱਤ ਗਏ ਹਨ। ਕਾਦੀਆਂ ਚ ਕੁਲ 15 ਵਾਰਡਾਂ ਹਨ। ਹੁਣ 14 ਵਾਰਡਾਂ ਤੋਂ ਉਮੀਦਵਾਰ ਚੋਣ ਲੜਣਗੇ। ਉਨ੍ਹਾਂ ਦੱਸਿਆ ਕਿ ਸਾਰਾ ਪਰੋਸਸ ਬੜੇ ਹੀ ਸੁਚਜੇ ਅਤੇ ਅਮਨੋ ਅਮਾਨ ਨਾਲ ਹੋ ਗਿਆ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ 13 ਜੂਨ ਨੂੰ ਆਪਣੇ ਮੌਲਿਕ ਅਧਿਕਾਰਾਂ ਦਾ ਜ਼ਰੂਰ ਇਸਤੇਮਾਲ ਕਰਨ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਜਾਰੀ ਸ਼ਿਨਾਖ਼ਤੀ ਕਾਰਡ, ਵੋਟਰ ਕਾਰਡ, ਫ਼ੋਟੋ ਲੱਗੀ ਬੈਂਕ ਪਾਸ ਬੁ ਦਿਖਾ ਕੇ ਵੀ ਵੋਟ ਪਾਈ ਜਾ ਸਕਦੀ ਹੈ।

## ਵਸੀਕਾ ਨਵੀਸ ਤੇ ਟਾਈਪਿਸਟ ਉਤਰੇ ਸੇਵਾ ਕੇਂਦਰ ਕਾਮਿਆਂ ਦੇ ਸਮਰਥਨ 'ਚ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਸਬਾ ਝਬਾਲ ਦੀ ਸਬ-ਤਹਿਸੀਲ ਝਬਾਲ ਦੇ ਸਮੂਹ ਵਸੀਕਾ ਨਵੀਸ ਅਤੇ ਟਾਈਪਿਸਟਾਂ ਵੱਲੋਂ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਉਨ੍ਹਾਂ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਸੇਵਾ ਕੇਂਦਰ ਕਾਮਿਆਂ ਵੱਲੋਂ ਆਪਣੀਆਂ ਸੇਵਾਵਾਂ ਰੈਗੂਲਰ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਾਉਣ ਲਈ ਪਿਛਲੇ 7 ਦਿਨਾਂ ਤੋਂ ਸ਼ੁਰੂ ਕੀਤੀ ਗਈ ਹੜਤਾਲ ਦਾ ਅਸੀਂ ਸਮਰਥਨ ਕਰਦੇ ਹਾਂ ਕਿਉਂਕਿ ਉਨ੍ਹਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ।ਸੇਵਾ ਕੇਂਦਰ ਮੁਲਾਜ਼ਮ ਲੱਗਭਗ 15 ਸਾਲਾਂ ਤੋਂ ਸੇਵਾ ਕੇਂਦਰਾਂ ਵਿੱਚ ਬੜੀ ਨਿਗੂਣੀ ਤਨਖਾਹ 'ਤੇ ਕੰਮ ਕਰਦੇ ਆ ਰਹੇ ਹਨ।ਵਸੀਕਾ ਨਵੀਸ ਤੇ ਟਾਇਪਿਸਟਾ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਸੇਵਾ ਕੇਂਦਰਾਂ ਵਿੱਚ ਆਊਟਸੋਰਸ ਕੰਮ ਕਰਦੇ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਵੱਲ ਧਿਆਨ ਦਿੰਦਿਆਂ ਉਨਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ।

ਇਸ ਮੌਕੇ ਜਸਪਾਲ ਸਿੰਘ ਕੰਗ, ਬੰਟੀ ਸੂਦ, ਹਰਪ੍ਰੀਤ ਸਿੰਘ ਹੈਪੀ ਤਰਨ ਤਾਰਨ, ਮੰਨਾ ਵੀਰ ਤਰਨਤਾਰਨ, ਮੁਖਤਾਰ ਸਿੰਘ ਭੰਗੂ, ਡਿਪਟੀ ਰਾਜਪੂਤ, ਬਲਜੀਤ ਸਿੰਘ ਪੰਨੂ, ਹਰਿੰਦਰ ਸਿੰਘ ਝਬਾਲ, ਕੁਲਦੀਪ ਸਿੰਘ ਗਹਿਰੀ, ਹੈਪੀ ਝਬਾਲ, ਹੈਪੀ ਛਾਪਾ, ਹੈਪੀ ਮੀਰਾਂਕੋਟੀਆ, ਇਕਬਾਲ ਸਿੰਘ, ਹਨੀ ਝਬਾਲ, ਨੀਤਿਸ਼ ਭਾਰਤਵਾਜ, ਅਵਤਾਰ ਸਿੰਘ ਬੁਰਜ, ਮਨਦੀਪ ਸਿੰਘ ਗੰਡੀਵਿੰਡ, ਪ੍ਰਦੀਪ ਸਿੰਘ ਗੰਡੀਵਿੰਡ, ਜਗਜੀਤ ਸਿੰਘ ਜੱਗਾ ਗੰਡੀਵਿੰਡ, ਲਵ ਟੀ ਸਟਾਲ, ਬਲਦੇਵ ਸਿੰਘ, ਅਰਸ਼ਦੀਪ ਸਿੰਘ, ਗੁਰਜੀਤ ਸਿੰਘ ਬੁਰਜ, ਅਮਰਜੀਤ ਸਿੰਘ ਗੱਗੋਬੂਹਾ, ਬਿੰਨੀ ਤਰਨਤਾਰਨ ਆਦਿ ਵੀ ਹਾਜ਼ਰ ਸਨ।

## ਮਾਸਟਰ ਜਗਦੀਪ ਸਿੰਘ ਕਤਲ ਮਾਮਲੇ 'ਚ ਪੀੜਤ ਪਰਿਵਾਰ ਨੂੰ ਮਿਲੇ ਗੁਰਜੀਤ ਔਜਲਾ

**ਛੇਹਰਟਾ, (ਮਨੋਜ ਕੁਮਾਰ)** : ਪਿਛਲੇ ਦਿਨੀਂ ਹੋਏ ਮਾਸਟਰ ਜਗਦੀਪ ਸਿੰਘ ਦੇ ਕਤਲ ਮਾਮਲੇ ਨੂੰ ਲੈ ਕੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਐਤਵਾਰ ਨੂੰ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਘਰ ਪੁੱਜੇ। ਇਸ ਮੌਕੇ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਮਾਮਲੇ ਦੀ ਜਾਣਕਾਰੀ ਲਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਔਜਲਾ ਨੇ ਦੋਸ਼ ਲਗਾਇਆ ਕਿ ਦਿਨ-ਦਿਹਾੜੇ ਹੋਏ ਕਤਲ ਨੂੰ ਸ਼ੁਰੂਆਤੀ ਪੜਾਅ ਵਿਚ ਪੁਲਸ ਵੱਲੋਂ ਹਾਦਸੇ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਕਤਲ ਵਰਗੀ ਗੰਭੀਰ ਘਟਨਾ ਤੋਂ ਬਾਅਦ ਵੀ ਜਾਂਚ ਨੂੰ ਲੈ ਕੇ ਸਵਾਲ ਉੱਠਣ ਲੱਗਣ ਤਾਂ ਲੋਕਾਂ ਦਾ ਇਨਸਾਫ਼ ਪ੍ਰਣਾਲੀ ਤੋਂ ਭਰੋਸਾ ਉੱਠਣਾ ਸੁਭਾਵਿਕ ਹੈ। ਔਜਲਾ ਨੇ ਕਿਹਾ ਕਿ ਪਰਿਵਾਰ ਤੇ ਪਿੰਡ ਵਾਸੀਆਂ ਵੱਲੋਂ ਕਈ ਅਹਿਮ ਜਾਣਕਾਰੀਆਂ ਅਤੇ ਸਬੂਤ ਪੁਲਸ ਨੂੰ ਦਿੱਤੇ ਗਏ ਹਨ, ਪਰ ਇਸ ਦੇ ਬਾਵਜੂਦ ਕਾਰਵਾਈ ਦੀ ਰਫ਼ਤਾਰ ਨੂੰ ਲੈ ਕੇ ਲੋਕਾਂ ਵਿਚ ਨਿਰਾਸ਼ਾ ਹੈ। ਉਨ੍ਹਾਂ ਮੰਗ ਕੀਤੀ ਕਿ ਜਾਂਚ ਏਜੰਸੀਆਂ ਇਸ ਮਾਮਲੇ ਦੀ ਪਾਰਦਰਸ਼ੀ ਜਾਂਚ ਕਰਨ ਤੇ ਜੇਕਰ ਕਿਸੇ ਵੀ ਪੱਧਰ 'ਤੇ ਰਾਜਨੀਤਿਕ ਦਖ਼ਲਅੰਦਾਜ਼ੀ ਜਾਂ ਸ਼ਹਿ ਮਿਲਣ ਦੇ ਸਬੂਤ ਸਾਹਮਣੇ ਆਉਂਦੇ ਹਨ ਤਾਂ ਉਨ੍ਹਾਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਮਾਮਲੇ ਦੀ ਉੱਚ ਪੱਧਰੀ ਤੇ ਨਿਰਪੱਖ ਜਾਂਚ ਕਰਵਾਈ ਜਾਵੇ, ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਜੇਕਰ ਕਿਸੇ ਵੀ ਵਿਅਕਤੀ ਨੇ ਆਪਣੀ ਸਿਆਸੀ ਜਾਂ ਪ੍ਰਸ਼ਾਸਨਿਕ ਪਹੁੰਚ ਦਾ ਗਲਤ ਇਸਤੇਮਾਲ ਕਰਕੇ ਮੁਲਜ਼ਮਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਉਸ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇ। ਔਜਲਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੀੜਤ ਪਰਿਵਾਰ ਨੂੰ ਜਲਦੀ ਇਨਸਾਫ਼ ਨਾ ਮਿਲਿਆ ਤਾਂ ਉਹ ਪਰਿਵਾਰ ਦੇ ਨਾਲ ਮਿਲ ਕੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

## ਪੰਜਾਬ ਸਰਕਾਰ ਲੋਕਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ : ਡਾ. ਵੇਰਕਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਸਾਬਕਾ ਵਿਧਾਇਕ ਡਾ. ਦਲਬੀਰ ਸਿੰਘ ਵੇਰਕਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਤਲਵੰਡੀ ਮਾਲੋਵਾਲ ਵਿਖੇ ਜਿੱਥੋਂ ਦੇ ਅਧਿਆਪਕ ਜਗਦੀਪ ਸਿੰਘ ਦਾ ਬੀਤੇ ਦਿਨੀਂ ਕਤਲ ਕਰ ਦਿੱਤਾ ਗਿਆ ਸੀ, ਦੇ ਗ੍ਰਹਿ ਵਿਖੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਪਹੁੰਚੇ। ਇਸ ਮੌਕੇ ਪਰਿਵਾਰ ਪੰਜਾਬ ਪੁਲਸ ਅਤੇ ਪੰਜਾਬ ਸਰਕਾਰ ਵੱਲੋਂ ਕੋਈ ਵੀ ਢੁੱਕਵੀ ਕਾਰਵਾਈ ਕਰਕੇ ਅਜੇ ਤੱਕ ਦੋਸ਼ੀਆਂ ਨੂੰ ਕਾਬੂ ਨਾ ਕਰਨ ਦਾ ਸ਼ਿਕਵਾ ਕਰਦਿਆਂ ਉਨ੍ਹਾਂ ਮੰਗ ਕੀਤੀ ਕਿ ਇਹ ਕਤਲ ਦਾ ਕੇਸ ਕਿਸੇ ਕੇਂਦਰੀ ਏਜੰਸੀ ਨੂੰ ਦਿੱਤਾ ਜਾਵੇ ਨਹੀਂ ਤਾਂ ਪੰਜਾਬ ਪੁਲਸ ਅਤੇ ਪੰਜਾਬ ਸਰਕਾਰ ਤੋਂ ਇਨਸਾਫ ਮਿਲਣ ਦੀ ਉਮੀਦ ਬਹੁਤ ਘੱਟ ਹੈ। ਡਾ. ਵੇਰਕਾ ਨੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਦੀ ਹਰ ਮੁਸ਼ਕਿਲ ਵਿੱਚ ਸਾਥ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਦਲਬੀਰ ਸਿੰਘ ਵੇਰਕਾ ਨੇ ਕਿਹਾ ਕਿ ਉਹ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਕੋਟਲਾ ਬਥੋਨਗੜ੍ਹ ਦੇ ਜਮਪਲ ਹਨ ਅਤੇ ਇਸ ਇਲਾਕੇ ਵਿੱਚ ਉਨ੍ਹਾਂ ਨੇ ਆਪਣਾ ਬਚਪਨ ਹੰਢਾਇਆ ਹੈ। ਇਸ ਪ੍ਰਵਾਰ ਨਾਲ ਉਨ੍ਹਾਂ ਦਾ ਮੋਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਨੂੰ ਮਾਹੌਲ ਖਰਾਬ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਕੇ ਮ੍ਰਿਤਕ ਜਗਦੀਪ ਸਿੰਘ ਦੇ ਪਰਿਵਾਰ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਪੁਲਸ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਅਧਿਆਪਕ ਜਗਦੀਪ ਸਿੰਘ ਦੇ ਕਾਤਲਾਂ ਨੂੰ ਫੜ ਕੇ ਜੇਲ ਵਿੱਚ ਡੱਕਿਆ ਜਾਵੇ ਅਤੇ ਮ੍ਰਿਤਕ ਜਗਦੀਪ ਸਿੰਘ ਦੇ ਪਰਿਵਾਰ ਨੂੰ ਭਰੋਸੇ ਵਿੱਚ ਲਿਆ ਜਾਵੇ । ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਬਿਕਰਮਜੀਤ ਸਿੰਘ ਕੋਟਲਾ, ਸਾਬਕਾ ਸਰਪੰਚ ਕੁਲਵਿੰਦਰ ਸਿੰਘ ਮਾਲੋਵਾਲ, ਮਾਸਟਰ ਸਤਨਾਮ ਸਿੰਘ, ਮਾਸਟਰ ਜਗੀਰ ਸਿੰਘ, ਕੰਵਲਜੀਤ ਸਿੰਘ ਤਲਵੰਡੀ, ਬਲਦੇਵ ਸਿੰਘ ਤਲਵੰਡੀ, ਸਾਬੀ ਸੋਹਲ ਵੀ ਹਾਜ਼ਰ ਸਨ ।



## ਇੰਪਲਾਈਜ਼ ਫੈਡਰੇਸ਼ਨ ਡਵੀਜ਼ਨ ਕਮੇਟੀ ਪਾਵਰਕਾਮ ਮਾਨਸਾ ਦੀ ਚੋਣ



**ਮਾਨਸਾ (ਆਤਮਾ ਸਿੰਘ ਪਮਾਰ)**-ਇੰਪਲਾਈਜ਼ ਫੈਡਰੇਸ਼ਨ ਪੀਐੱਸਈਬੀ ਹੁਣ ਪਾਵਰਕਾਮ ਪਹਿਲਵਾਨ ਦੀ ਚੋਣ ਵੰਡ ਉਪ ਮੰਡਲ ਪੀਐੱਸਪੀਸੀਐੱਲ ਦੀ ਇੱਕ ਅਹਿਮ ਮੀਟਿੰਗ ਦਫ਼ਤਰ ਉਪ ਮੰਡਲ ਮਾਨਸਾ ਵਿਖੇ ਸੂਬਾ ਆਗੂ ਵਰਿੰਦਰਪਾਲ ਲਾਡੀ ਦੀ ਰਹਿਨੁਮਾਈ ਹੇਠ ਹੋਈ।ਮੀਟਿੰਗ 'ਚ ਵਿਚਾਰ ਵਟਾਂਦਰਾ ਕਰਨ ਉਪਰੰਤ ਪਹਿਲੀ ਕਮੇਟੀ ਭੰਗ ਕਰਕੇ ਨਵੀਂ ਡਵੀਜ਼ਨ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਇੰਜੀਨੀਅਰ ਗੁਰਦਰਸ਼ਨ ਸਿੰਘ ਸੂਸੀ ਸੇਵਾ ਮੁਕਤ ਜੇਈ ਨੂੰ ਸਰਪ੍ਰਸਤ, ਸੁਖਪ੍ਰੀਤ ਸਿੰਘ ਪ੍ਰਧਾਨ, ਅੰਗਰੇਜ ਸਿੰਘ ਮੌਜੋ ਸੀਨੀਅਰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਗੁਰਜੰਟ ਸਿੰਘ ਮੀਤ ਪ੍ਰਧਾਨ, ਸੁਖਬੀਰ ਸਿੰਘ ਹਨੀ ਸਕੱਤਰ, ਗੁਰਦਿੱਤ ਸਿੰਘ ਸਹਾਇਕ ਸਕੱਤਰ, ਬਿੱਕਰ ਸਿੰਘ ਮਾਖਾ ਖਜ਼ਾਨਚੀ, ਗੁਰਦੀਪ ਸਿੰਘ ਸਹਾਇਕ ਖਜ਼ਾਨਚੀ ਤੇ ਕੁਲਵਿੰਦਰ ਸਿੰਘ ਭੀਮੜਾ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ।ਕਮੇਟੀ ਦੀ ਚੋਣ ਉਪਰੰਤ ਨਵੇਂ ਅਹੁਦੇਦਾਰਾਂ ਨੂੰ ਮੁਬਾਰਕਬਾਦ ਵੀ ਦਿੱਤੀ ਗਈ।ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਬੜੀ ਵੱਡੀ ਆਸ ਨਾਲ ਮੁਲਾਜ਼ਮਾਂ ਨੇ ਆਪਣੀਆਂ ਵੋਟਾਂ ਪਾ ਕੇ ਇਹ ਮਾਨ ਸਰਕਾਰ ਸੱਤਾ 'ਚ ਲਿਆਂਦੀ ਸੀ, ਪਰ ਬੜੀ ਮਾਨਸਿਕ ਪ੍ਰੇਸ਼ਾਨੀ ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜੋ ਮਾਨ ਸਰਕਾਰ ਨੇ ਵੋਟਾਂ ਲੈਣ ਵੇਲੇ ਮੁਲਾਜ਼ਮਾਂ ਨਾਲ ਹੱਕੀ ਮੰਗਾਂ ਪੂਰੀਆਂ ਕਰਨ ਪ੍ਰਤੀ ਵਾਅਦੇ ਕੀਤੇ ਸਨ, ਜਿਨ੍ਹਾਂ 'ਚ ਪੁਰਾਣੀ ਪੈਨਸ਼ਨ ਸਕੀਮ ਤੇ ਡੀ ਏ ਦੇ ਬਕਾਏ ਨੂੰ ਸਰਕਾਰ ਬਣਦਿਆਂ ਹੀ ਪਹਿਲ ਦੇ ਅਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪ੍ਰੰਤੂ ਅਫਸੋਸ ਅੱਜ ਤੱਕ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਸਮੁੱਚੇ ਮੁਲਾਜ਼ਮਾਂ ਤੇ ਮੁਲਾਜ਼ਮ ਜਥੇਬੰਦੀਆਂ 'ਚ ਵੱਡੀ ਗੁੱਸੇ ਤੇ ਰੋਹ ਦੀ ਲਹਿਰ ਪਾਈ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਜੇਕਰ ਤੁਰੰਤ ਇਹ ਵਾਅਦੇ ਪੂਰੇ ਨਹੀਂ ਕੀਤੇ ਗਏ ਤਾਂ ਆਉਣ ਵਾਲੇ ਦਿਨਾਂ 'ਚ ਵੱਡੇ ਸੰਘਰਸ਼ ਵੱਡੇ ਵਿੱਢੇ ਜਾਣਗੇ ਤੇ ਆਗਾਮੀ ਚੋਣਾਂ 'ਚ ਸਰਕਾਰ ਨੂੰ ਖਮਿਆਜ਼ਾ ਭੁਗਤਣਾ ਪਵੇਗਾ।

## ਸੇਵਾ ਕੇਂਦਰ ਮੁਲਾਜ਼ਮਾਂ ਦੇ ਹੱਕੀ ਸੰਘਰਸ਼ ਬਾਰੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਪੰਜਾਬ ਦੇ ਸੇਵਾ ਕੇਂਦਰਾਂ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪਿਛਲੇ 10 ਦਿਨ ਤੋਂ ਸੰਘਰਸ਼ ਕਰਦੇ ਆ ਰਹੇ ਹਨ।ਲੁਧਿਆਣਾ ਜ਼ਿਲ੍ਹਾ ਕਚਹਿਰੀਆਂ 'ਚ ਸਥਿਤ ਸੇਵਾ ਕੇਂਦਰ ਦੇ ਗੇਟ ਅੱਗੇ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ਦੇ ਕੰਟਰੈਕਟ ਮੁਲਾਜ਼ਮ ਪੁਰਅਮਨ ਧਰਨਾ ਪ੍ਰਦਰਸ਼ਨ ਕਰਦੇ ਆ ਰਹੇ ਹਨ।ਅੱਜ ਏਟਕ, ਇੰਟਕ, ਸੀਟੂ, ਸੀਟੀਯੂ ਪੰਜਾਬ, ਐਕਟੂ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ 1946, ਜਮਹੂਰੀ ਕਿਸਾਨ ਸਭਾ, ਬੀਕੇਯੂ ਏਕਤਾ ਉਗਰਾਹਾਂ, ਜਮਹੂਰੀ ਅਧਿਕਾਰ ਸਭਾ ਤੇ ਪਲਸ ਮੰਚ ਦੇ ਆਗੂਆਂ ਨੇ ਧਰਨੇ 'ਤੇ ਬੈਠੇ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਆਪਣਾ ਸਮਰਥਨ ਦਿੱਤਾ।ਉਸ ਤੋਂ ਬਾਅਦ ਸਾਰਿਆਂ ਵੱਲੋਂ ਡਿਪਟੀ ਕਮਿਸ਼ਨਰ ਲੁਧਿਆਣਾ ਦਫਤਰ ਵਿੱਚ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ, ਜੋ ਡਿਪਟੀ ਕਮਿਸ਼ਨਰ ਦੀ ਗੈਰ-ਹਾਜ਼ਰੀ ਵਿੱਚ ਮੁੱਖ ਮੰਤਰੀ ਦੇ ਖੇਤਰੀ ਅਫਸਰ ਮੈਡਮ ਖੁਸ਼ੀ ਦਾ ਗੁਲਾਟੀ ਪੀਸੀਐੱਸ ਨੇ ਪ੍ਰਾਪਤ ਕੀਤਾ ਅਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਬਾਰੇ ਸਰਕਾਰ ਨੂੰ ਕਹਿਣਗੇ।ਇਸ ਸਮੇਂ ਐੱਮ ਐੱਸ ਭਾਟੀਆ, ਜਗਦੀਸ਼ ਚੰਦ, ਜੈ ਪ੍ਰਕਾਸ਼ ਨਰਾਇਣ, ਹਰਜਿੰਦਰ ਸਿੰਘ, ਕਸਤੂਰੀ ਲਾਲ, ਰਘਬੀਰ ਸਿੰਘ ਬੈਨੀਪਾਲ, ਸੌਦਾਗਰ ਸਿੰਘ ਘੁਡਾਣੀ, ਚਮਕੌਰ ਸਿੰਘ ਬਰਮੀ, ਜਸਵੰਤ ਸਿੰਘ ਜੀਰਖ ਤੇ ਅਵਤਾਰ ਛਿੱਬੜ ਸ਼ਾਮਲ ਸਨ।

## ਬੀਬੀ ਬਲਜੀਤ ਕੌਰ ਖ਼ਾਲਸਾ ਦਾ ਹਲਕਾ ਪ੍ਰਧਾਨ ਬਣਨ 'ਤੇ ਸਨਮਾਨ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਵੱਲੋਂ ਹਲਕਾ ਇੰਚਾਰਜ ਜਥੇ: ਨਾਥ ਸਿੰਘ ਹਮੀਦੀ ਦੀ ਸਿਫ਼ਾਰਸ਼ 'ਤੇ ਬੀਬੀ ਬਲਜੀਤ ਕੌਰ ਖ਼ਾਲਸਾ ਪਤਨੀ ਕੁਲਵਿੰਦਰ ਸਿੰਘ ਵਾਸੀ ਮਾਂਗੇਵਾਲ ਨੂੰ ਇਸਤਰੀ ਅਕਾਲੀ ਦਲ ਹਲਕਾ ਮਹਿਲ ਕਲਾਂ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਮਾਂਗੇਵਾਲ ਵਿਖੇ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਬੀਬੀ ਬਲਜੀਤ ਕੌਰ ਖਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇ: ਹਮੀਦੀ ਨੇ ਬੀਬੀ ਬਲਜੀਤ ਕੌਰ ਖਾਲਸਾ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ ਪਾਰਟੀ ਵੱਲੋਂ ਸੌਂਪੀ ਗਈ ਅਹਿਮ ਜ਼ਿੰਮੇਵਾਰੀ ਨੂੰ ਵਧੇਰੇ ਦ੍ਰਿੜ੍ਹਤਾ, ਈਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਮਜ਼ਬੂਤੀ ਲਈ ਵੱਡਾ ਯੋਗਦਾਨ ਪਾਉਣਗੇ।ਬੀਬੀ ਬਲਜੀਤ ਕੌਰ ਖਾਲਸਾ ਨੇ ਪਾਰਟੀ ਹਾਈਕਮਾਂਡ, ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਲਗਨ, ਮਿਹਨਤ, ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸਾਬਕਾ ਸਰਪੰਚ ਜਗਰੂਪ ਸਿੰਘ ਤੇ ਗੁਰਮੀਤ ਸਿੰਘ, ਮੈਂਬਰ ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ ਖਾਲਸਾ, ਸਰਕਲ ਪ੍ਰਧਾਨ ਬੀ. ਸੀ. ਵਿੰਗ, ਕੁਲਵੰਤ ਸਿੰਘ ਜਗਦੇ ਹਲਕਾ ਪ੍ਰਧਾਨ ਬੀ. ਸੀ. ਵਿੰਗ, ਡਾ. ਸੋਮਾ ਖਾਨ, ਹਰਦੀਪ ਸਿੰਘ ਹੈਪੀ, ਹਰਪਾਲ ਸਿੰਘ, ਸੇਵਕ ਸਿੰਘ ਆਦਿ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਵਾਤਾਵਰਣ ਦਿਵਸ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀ. ਸੈਕੰ. ਸਕੂਲ ਫਤਿਹਪੁਰ ਵਿਖੇ ਵਾਤਾਵਰਣ ਦਿਵਸ ਮਨਾਇਆ ਗਿਆ।ਇਸ ਮੌਕੇ ਅਧਿਆਪਕਾਂ ਨੇ ਪੌਦੇ ਲਗਾਏ ਤੇ ਵਾਤਾਵਰਣ ਨੂੰ ਸਵੱਛ ਬਣਾਈ ਰੱਖਣ ਲਈ ਵਿਦਿਆਰਥੀਆਂ ਵੱਲੋਂ ਪੋਸਟਰ ਬਣਾਏ ਗਏ।ਇਸ ਦੌਰਾਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਪਰਦਮਨ ਸਿੰਘ ਵਿਰਕ, ਸਕੂਲ ਮੈਨੇਜਮੈਂਟ ਤੇ ਸਟਾਫ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ ਲਈ ਜਾਗਰੂਕ ਹੋਣ ਲਈ ਕਿਹਾ।

## ਗੁਰਦੁਆਰਾ ਪ੍ਰਬੰਧਕ ਕਮੇਟੀ ਬਾਹਮਣੀਆਂ ਦੀ ਸਰਬ-ਸੰਮਤੀ ਨਾਲ ਚੋਣ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਬਾਹਮਣੀਆਂ ਵਿਖੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ।ਇਸ ਮੌਕੇ ਨਵੇਂ ਚੁਣੇ ਗਏ ਅਹੁਦੇਦਾਰਾਂ ਪ੍ਰਧਾਨ ਪਲਵਿੰਦਰ ਸਿੰਘ ਸੰਧੂ ਤੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਖ਼ਾਲਸਾ ਨੂੰ ਸੀਨੀਅਰ ਆਗੂ ਰਿੰਕਾ ਕੁਤਬਾ ਬਾਹਮਣੀਆਂ, ਭਗਵੰਤ ਸਿੰਘ ਬੈਨੀਪਾਲ ਵੱਲੋਂ ਨਗਰ ਨਿਵਾਸੀਆਂ ਦੀ ਹਾਜ਼ਰੀ ਵਿੱਚ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਾਬਕਾ ਸਰਪੰਚ ਬੂਟਾ ਸਿੰਘ ਬਾਹਮਣੀਆ, ਡਾ: ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਖ਼ਾਲਸਾ, ਹਰਜੀਤ ਸਿੰਘ ਪੰਚ, ਦਵਿੰਦਰ ਸਿੰਘ ਸੰਧੂ, ਸੁਖਪਾਲ ਸਿੰਘ ਖਾਲਸਾ, ਬਲਦੇਵ ਸਿੰਘ ਪੰਧੇਰ, ਗੁਰਮੇਲ ਸਿੰਘ ਪੰਚ, ਬਲਵਿੰਦਰ ਸਿੰਘ ਫੌਜੀ, ਰਾਜਿੰਦਰ ਸਿੰਘ ਬੈਨੀਪਾਲ, ਚੈਚਲ ਸਿੰਘ, ਅਵਤਾਰ ਸਿੰਘ, ਸੁਰਿੰਦਰ ਸਿੰਘ ਬੈਨੀਪਾਲ, ਜਗਤਾਰ ਸਿੰਘ ਬੈਨੀਪਾਲ, ਕੁਲਦੀਪ ਸਿੰਘ, ਦਵਿੰਦਰ ਸਿੰਘ ਸੰਧੂ, ਗੱਜਣ ਸਿੰਘ, ਗਿਆਨ ਸਿੰਘ, ਗੁਲਸ਼ਨ ਸਿੰਘ, ਮਨਦੀਪ ਸਿੰਘ ਬੈਨੀਪਾਲ, ਬੰਤ ਸਿੰਘ ਬੈਨੀਪਾਲ ਆਦਿ ਹਾਜ਼ਰ ਸਨ।

## ਚੇਅਰਮੈਨ ਜੁਨੇਜਾ ਨੇ ਡਰਾਈਵਰਾਂ/ਕੰਡਕਟਰਾਂ ਨੂੰ ਕੀਤਾ ਜਾਗਰੂਕ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਪਣੀ ਤੇ ਦੂਜਿਆਂ ਦੀ ਸੁਰੱਖਿਆ, ਸਹਾਇਤਾ ਸਨਮਾਨ ਲਈ ਡਰਾਈਵਰਾਂ/ਕੰਡਕਟਰਾਂ ਨੂੰ ਜਾਗਰੂਕ ਕੀਤਾ।ਪੀ ਆਰ ਟੀ ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਦੀ ਅਗਵਾਈ ਹੇਠ ਕਰਮਚਾਰੀਆਂ ਵੱਲੋਂ ਪਬਲਿਕ ਨੂੰ ਵਧੀਆ ਸਹੂਲਤਾਂ ਦੇਣ ਲਈ ਯਤਨ ਕੀਤੇ ਜਾ ਰਹੇ ਹਨ।ਟ੍ਰੇਨਿੰਗ ਸਕੂਲ ਵਿਖੇ ਆਏ ਪੰਜਾਬ ਦੇ ਵੱਖ ਵੱਖ ਡਿੱਪੂਆਂ ਦੇ ਡਰਾਈਵਰਾਂ, ਕੰਡਕਟਰਾਂ ਤੇ ਟੈਕਨੀਕਲ ਸਟਾਫ਼ ਮੈਂਬਰਾਂ ਨੂੰ ਸ੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ, ਰੈੱਡ ਕਰਾਸ ਵੱਲੋਂ ਨਿਮਰਤਾ, ਸਹਿਣਸ਼ੀਲਤਾ, ਸਬਰ ਸ਼ਾਂਤੀ, ਸੁਰੱਖਿਆ ਤੇ ਐਮਰਜੈਂਸੀ ਦੌਰਾਨ ਪੀੜਤਾਂ ਦੀ ਸਹਾਇਤਾ ਕਰਨ ਸਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਆਵਾਜਾਈ ਸੁਰੱਖਿਆ, ਫਸਟ ਏਡ, ਫਾਇਰ ਸੇਫਟੀ, ਅੱਗਾਂ ਲੱਗਣ ਤੇ ਬੁਝਾਉਣ ਦੇ ਢੰਗ ਤਰੀਕਿਆਂ ਬਾਰੇ ਜਾਗਰੂਕ ਕੀਤਾ।ਗਰਮੀਆਂ ਵਿੱਚ ਹੀਟਵੇਵ, ਤਪਸ਼, ਸੰਨ ਸਟਰੋਕ, ਹੈਜ਼ਾ, ਡਿਹਾਇਡਰੈਸ਼ਨ ਸਦਮੇਂ, ਕੈਂਸਰ, ਕਾਲਾ ਪੀਲੀਆ, ਨਸ਼ਿਆਂ, ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ ਤੋਂ ਬਚਣ ਤੇ ਆਪਣੀ ਸਿਹਤ ਤੰਦਰੁਸਤੀ ਲਈ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਪਾਲਣਾ ਕਰਨ, ਐਲਕਲਾਇਨ ਭੋਜਨ ਪਾਣੀ ਤੇ ਬੱਸਾਂ ਵਿੱਚ ਰੱਖੇ ਅੱਗ ਬੁਝਾਉਣ ਵਾਲੇ ਸਿਲੰਡਰਾਂ ਦੀ ਵਰਤੋਂ ਬਾਰੇ ਵੀ ਜਾਣਕਾਰੀ ਦਿੱਤੀ।ਇੰਸਪੈਕਟਰ ਜਸਪਾਲ ਸਿੰਘ ਨੇ ਉੱਚ ਅਧਿਕਾਰੀਆਂ ਵੱਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਸਟਾਫ਼ ਮੈਂਬਰਾਂ, ਵਿਦਿਆਰਥੀਆਂ, ਨਾਗਰਿਕਾਂ ਨੂੰ ਹਾਦਸੇ ਘਟਾਉਣ ਤੇ ਕੀਮਤੀ ਜਾਨਾਂ ਬਚਾਉਣ ਲਈ ਹਮੇਸ਼ਾ ਯਤਨ ਕਰਨੇ ਚਾਹੀਦੇ ਹਨ।

# ਮੀਟਿੰਗ ਦਾ ਸਮਾਂ ਵਾਰ-ਵਾਰ ਅੱਗੇ ਪਾਉਣ ਦੀ ਅਧਿਆਪਕ ਜਥੇਬੰਦੀਆਂ ਵੱਲੋਂ ਸਖ਼ਤ ਨਿੰਦਾ

### ਸਿੱਖਿਆ ਮੰਤਰੀ ਖਿਲਾਫ ਗੰਭੀਰਪੁਰਾ 'ਚ ਰੋਸ ਧਰਨਾ 11 ਨੂੰ



**ਮਾਨਸਾ (ਆਤਮਾ ਸਿੰਘ ਪਮਾਰ)** 4161 ਮਾਸਟਰ ਕਾਡਰ ਰੀਕਾਸਟ ਸੂਚੀਆਂ ਅਧਿਆਪਕ ਪੰਜਾਬ ਜਥੇਬੰਦੀ ਨੂੰ ਸਿੱਖਿਆ ਮੰਤਰੀ ਤੇ ਸਿੱਖਿਆ ਸਕੱਤਰ ਨਾਲ ਮਿਲੀਆਂ ਮੀਟਿੰਗਾਂ ਦਾ ਸਮਾਂ ਵਾਰ ਵਾਰ ਅੱਗੇ ਕਰਨ ਖ਼ਿਲਾਫ਼ ਅਧਿਆਪਕ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਗਈ।ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ 4161 ਮਾਸਟਰ ਕਾਡਰ ਰੀਕਾਸਟ ਸੂਚੀਆਂ ਅਧਿਆਪਕ ਪੰਜਾਬ ਦੇ ਆਗੂ ਬਲਕਾਰ ਸਿੰਘ ਮੱਘਾਣੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਅਤੇ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਣੀ ਕਮੇਟੀ ਰਾਹੀਂ ਸੂਚੀਆਂ ਸੋਧ ਕੇ ਪਿਛਲੇ ਤਿੰਨ ਸਾਲਾਂ ਤੋਂ ਕੰਮ ਕਰ ਰਹੇ ਅਧਿਆਪਕਾਂ ਨੂੰ ਪਰਖਕਾਲ ਪੂਰਾ ਕਰਨ ਦੇ ਇੱਕ ਦਿਨ ਪਹਿਲਾਂ ਟਰਮੀਨੇਸ਼ਨ ਸੰਬੰਧੀ ਕਾਰਨ ਦੱਸੋ (ਸ਼ੋਅ ਕਾਜ਼) ਨੋਟਿਸ ਜਾਰੀ ਕਰਕੇ ਉਨ੍ਹਾਂ ਦੇ ਪਰਖ ਕਾਲ ਪਾਰ ਕਰਨ 'ਚ ਰੁਕਾਵਟ ਖੜ੍ਹੀ ਕਰ ਦਿੱਤੀ ਗਈ ਹੈ ਅਤੇ ਸੇਵਾਵਾਂ 'ਤੇ ਸਮਾਪਤੀ ਦੀ ਤਲਵਾਰ ਲਟਕਾ ਦਿੱਤੀ ਹੈ।ਇਸ ਖਿਲਾਫ ਜਥੇਬੰਦੀ ਵੱਲੋਂ ਭਰਾਤਰੀ ਅਧਿਆਪਕ ਜਥੇਬੰਦੀਆਂ ਦੇ ਸਹਿਯੋਗ ਨਾਲ 8 ਮਈ ਨੂੰ ਡੀ ਐੱਸ ਈ ਦਫਤਰ ਅੱਗੇ ਰੋਸ ਭਰਪੂਰ ਮੁਜ਼ਾਹਰਾ ਵੀ ਕੀਤਾ ਗਿਆ ਸੀ, ਜਿਸ 'ਤੇ ਮੋਹਾਲੀ ਪ੍ਰਸ਼ਾਸਨ ਵੱਲੋਂ 15 ਮਈ ਦੀ ਸਿੱਖਿਆ ਸਕੱਤਰ ਨਾਲ ਮੀਟਿੰਗ ਨਿਸ਼ਚਿਤ ਕਰਵਾਈ ਗਈ ਸੀ, ਪਰ 20 ਦਿਨ ਬੀਤ ਜਾਣ ਦੇ ਬਾਵਜੂਦ ਉਹ ਮੀਟਿੰਗ ਵਾਰ-ਵਾਰ ਅੱਗੇ ਪਾਈ ਜਾ ਰਹੀ ਹੈ।ਇਸੇ ਤਰ੍ਹਾਂ ਇਨ੍ਹਾਂ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕਰਨ ਦੇ ਮੱਦੇਨਜ਼ਰ ਅਨੰਦਪੁਰ ਸਾਹਿਬ ਪ੍ਰਸ਼ਾਸਨ ਵੱਲੋਂ ਵੀ ਸਿੱਖਿਆ ਮੰਤਰੀ ਨਾਲ ਮੀਟਿੰਗ ਫਿਕਸ ਕਰਵਾਈ ਗਈ ਸੀ, ਪਰ ਐਨ ਮੌਕੇ 'ਤੇ ਆ ਕੇ ਉਸ ਮੀਟਿੰਗ ਨੂੰ ਵੀ ਅੱਗੇ ਪਾ ਦਿੱਤਾ ਗਿਆ।ਆਗੂਆਂ ਨੇ ਦੱਸਿਆ ਕਿ ਪੀੜਤ ਅਧਿਆਪਕ ਲਗਾਤਾਰ ਇਮਾਨਦਾਰੀ ਨਾਲ ਸਕੂਲਾਂ 'ਚ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਜਨਗਣਨਾ, ਡਰੱਗ ਜਨਗਣਨਾ, ਐੱਸ ਆਈ ਆਰ ਦੀਆਂ ਡਿਊਟੀਆਂ ਵੀ ਨਿਭਾਅ ਰਹੇ ਹਨ ਅਤੇ ਉਹ ਸਿੱਖਿਆ ਵਿਭਾਗ ਦੀ ਚੋਣ ਪ੍ਰਕਿਰਿਆ 'ਚੋਂ ਲੰਘ ਕੇ ਹੀ ਨਿਯੁਕਤ ਹੋਏ ਹਨ, ਪਰ ਸਿੱਖਿਆ ਵਿਭਾਗ ਵੱਲੋਂ ਮਾਣਯੋਗ ਅਦਾਲਤ ਦੇ ਫੈਸਲੇ ਦੀ ਆੜ ਹੇਠ ਰੀਕਾਸਟ ਸੂਚੀਆਂ ਰਾਹੀਂ 253 ਅਧਿਆਪਕਾਂ ਦੀਆਂ ਸੇਵਾਵਾਂ ਸਮਾਪਤ ਕਰਨ ਦੀ ਤਜਵੀਜ਼ ਲਿਆਂਦੀ ਜਾ ਰਹੀ ਹੈ।ਆਗੂਆਂ ਨੇ ਇਸ ਖ਼ਿਲਾਫ਼ 11 ਜੂਨ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਧਰਨਾ ਦੇ ਕੇ ਮੰਤਰੀ ਦੀ ਕੋਠੀ ਵੱਲ ਮਾਰਚ ਕਰਨ ਦਾ ਐਲਾਨ ਕਰਦਿਆਂ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਇਸ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।ਇਸ ਮੌਕੇ ਬਲਵਿੰਦਰ ਸਿੰਘ, ਪਰਮਿੰਦਰ ਸਿੰਘ, ਕੁਲਵੰਤ ਸਿੰਘ, ਮਨਪ੍ਰੀਤ ਸਿੰਘ, ਕ੍ਰਿਸ਼ਨ ਸਿੰਘ, ਜਸਪਾਲ ਸਿੰਘ, ਸੁਰੇਸ਼ ਕੁਮਾਰ ਆਦਿ ਅਧਿਆਪਕ ਸ਼ਾਮਲ ਸਨ।

## 517 ਗ੍ਰਾਮ ਹੈਰੋਇਨ ਸਣੇ 3 ਵਿਅਕਤੀ ਗ੍ਰਿਫ਼ਤਾਰ, ਦੋ ਮੁਕੱਦਮੇ ਦਰਜ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਦੋ ਵੱਖ-ਵੱਖ ਥਾਵਾਂ ਤੋਂ 517 ਗ੍ਰਾਮ ਹੈਰੋਇਨ ਸਣੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਥਾਣਾ ਏਰੀਏ ਵਿੱਚ ਗਸ਼ਤ ਕਰ ਰਹੇ ਸੀ ਤੇ ਨਹਿਰ ਪਟੜੀ ਸੁਖੇਰਾ ਬੋਦਲਾ ਤੋਂ ਲੱਧੂ ਵਾਲਾ ਹਿਠਾੜ ਮੌਜੂਦ ਸੀ ਤਾਂ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਕਾਈ ਦਿੱਤਾ, ਜਿਸ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਕੀਤੀ ਗਈ ਤਾਂ ਉਸ ਪਾਸੋਂ 2 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਕੁਲਦੀਪ ਸਿੰਘ ਉਰਫ ਗੋਬੀ ਪੁੱਤਰ ਮਹਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ ਨੂੰ ਹੈਰੋਇਨ ਸਣੇ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 114 ਮਿਤੀ 3 ਜੂਨ 2026 ਨੂੰ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਗਿਆ ਹੈ। ਹੋਰ ਮੁਕੱਦਮੇ ਦੇ ਜਾਂਚ ਅਧਿਕਾਰੀ ਐਸ.ਆਈ. ਕੁਲਵੰਤ ਸਿੰਘ ਸੀ.ਆਈ.ਏ. ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਲਿੰਕ ਰੋਡ ਪਿੰਡ ਮੋਜੇ ਵਾਲਾ ਨਾਕਾਬੰਦੀ ਕੀਤੀ ਗਈ ਸੀ ਤਾਂ ਕੁਝ ਦੇਰ ਬਾਅਦ ਸਾਹਮਣੇ ਤੋਂ ਇੱਕ ਮੋਟਰ ਸਾਇਕਲ ਸ਼ੱਕੀ ਹਾਲਤ ਵਿੱਚ, ਜਿਸ ਤੇ ਦੋ ਮੋਨੇ ਨੌਜਵਾਨ ਆਉਦੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜੇ ਵਿਚੋਂ 515 ਗ੍ਰਾਮ ਹੈਰੋਇਨ ਤੇ ਇੱਕ ਪਿਸਟਲ ਮਾਰਕਾ ਗਲੋਕ ਸਮੇਤ ਮੈਗਜੀਨ ਫਿਟ ਬਰਾਮਦ ਕੀਤਾ ਹੈ। ਪੁਲਸ ਨੇ ਗਗਨਦੀਪ ਸਿੰਘ ਉਰਫ ਗੱਗੀ ਪੁੱਤਰ ਛਿੰਦਰ ਸਿੰਘ ਵਾਸੀ ਘੁਰਕਾ (ਥਾਣਾ ਸਦਰ ਫ਼ਾਜ਼ਿਲਕਾ) ਤੇ ਦਰਸ਼ਨ ਸਿੰਘ ਪੁੱਤਰ ਭਜਨ ਸਿੰਘ ਵਾਸੀ ਆਰ.ਓ. ਵਾਲੀ ਗਲੀ ਮੰਡੀ ਲਾਧੂਕਾ ਨੂੰ ਹੈਰੋਇਨ ਤੇ ਪਿਸਟਲ ਸਮੇਤ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 115 ਮਿਤੀ 3 ਜੂਨ 2026 ਨੂੰ ਧਾਰਾ 21,29/61/85 ਐਨ.ਡੀ.ਪੀ.ਐਸ. ਐਕਟ ਤੇ 25/54/59 ਆਰਮਜ ਐਕਟ ਅਧੀਨ ਦਰਜ ਕੀਤਾ ਗਿਆ ਹੈ।

## ਭਲਾਈ ਕੇਂਦਰ ਨੇ ਭਗਤ ਪੂਰਨ ਸਿੰਘ ਦਾ ਜਨਮ ਦਿਵਸ ਮਨਾਇਆ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਮਨੁੱਖਤਾ ਦੇ ਪੁਜਾਰੀ ਤੇ ਪਿੰਗਲਵਾੜਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਸਮਾਜ ਸੇਵਾ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ, ਸਮਾਜ ਸੇਵਕਾਂ ਤੇ ਪਤਵੰਤਿਆਂ ਨੇ ਭਾਗ ਲਿਆ ਤੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੇ ਕਾਰਜਾਂ ਨੂੰ ਯਾਦ ਕੀਤਾ।ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਕੁਲਦੀਪ ਸਿੰਘ ਅਨੇਜਾ ਤੇ ਕੁਲਵਿੰਦਰ ਸਿੰਘ ਈ ਓ ਨੇ ਦੱਸਿਆ ਕਿ ਮਾਤਾ ਗੁਜਰੀ ਜੀ ਭਲਾਈ ਕੇਂਦਰ ਦੇ ਮੈਂਬਰ ਭਗਤ ਜੀ ਨੂੰ ਆਪਣਾ ਆਦਰਸ਼ ਸਮਝਦੇ ਹਨ।ਭਗਤ ਜੀ ਦਾ 123ਵਾਂ ਜਨਮ ਦਿਨ ਮਨਾਉਂਦੇ ਹੋਏ ਪਹਿਲਾਂ ਰਹਰਾਸਿ ਸਾਹਿਬ ਜੀ ਦੇ ਪਾਠ ਕੀਤੇ ਗਏ, ਉਪਰੰਤ ਸਮਾਗਮ ਦੌਰਾਨ ਮਾਸਟਰ ਕੁਲਵੰਤ ਸਿੰਘ, ਸੁਖਦਰਸ਼ਨ ਸਿੰਘ ਕੁਲਾਨਾ ਤੇ ਸਟੇਟ ਅਵਾਰਡੀ ਰਜਿੰਦਰ ਵਰਮਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਤ ਪੂਰਨ ਸਿੰਘ ਜੀ ਦਾ ਜੀਵਨ ਮਨੁੱਖਤਾ ਦੀ ਸੇਵਾ ਲਈ ਸਮਰਪਤ ਸੀ।ਉਨ੍ਹਾਂ ਆਪਣਾ ਸਾਰਾ ਜੀਵਨ ਗਰੀਬਾਂ, ਬੇਸਹਾਰਿਆਂ, ਅਪਾਹਜਾਂ ਤੇ ਲੋੜਵੰਦਾਂ ਦੀ ਸੇਵਾ ਵਿੱਚ ਲਗਾ ਦਿੱਤਾ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਭਗਤ ਪੂਰਨ ਸਿੰਘ ਜੀ ਦੀ ਸੋਚ ਤੇ ਸੇਵਾ ਭਾਵਨਾ ਨੂੰ ਅਪਣਾਉਣ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਸਮਾਜ ਵਿੱਚ ਆਪਸੀ ਭਾਈਚਾਰਾ, ਪਿਆਰ ਤੇ ਸਹਿਯੋਗ ਦੀ ਭਾਵਨਾ ਹੋਰ ਮਜ਼ਬੂਤ ਹੋ ਸਕੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸੰਸਥਾ ਮੈਂਬਰ ਬਲਬੀਰ ਸਿੰਘ ਕੈਂਥ, ਵਿਜੇ ਕੁਮਾਰ ਗੋਇਲ, ਨਰੇਸ਼ ਕੁਮਾਰ ਬੰਸੀ, ਸੋਹਣ ਸਿੰਘ ਕਣਕਵਾਲੀਆ, ਰਜਿੰਦਰ ਸਿੰਘ ਭੋਲਾ, ਮਿਸਤਰੀ ਮਿੱਠੂ ਸਿੰਘ, ਨੱਥਾ ਸਿੰਘ, ਮਹਿੰਦਰਪਾਲ ਸਿੰਘ ਅਨੰਦ, ਕਮਲਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਨੌਜਵਾਨਾਂ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਬਹੁਜਨ ਸਮਾਜ ਪਾਰਟੀ 'ਚ ਸ਼ਮੂਲੀਅਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਮੋਗਾ ਫੇਰੀ ਦੌਰਾਨ ਕੋਟ ਈਸੇ ਖਾਂ ਦੇ ਨੌਜਵਾਨ (ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਤੇ ਗੁਰਪ੍ਰੀਤ ਸਿੰਘ ਸਹੋਤਾ ਦੀ ਪ੍ਰੇਰਨਾ ਸਦਕਾ) ਬਲਜੀਤ ਸਿੰਘ ਵਿਜੇ ਕੋਟ ਈਸੇ ਖਾਂ, ਲਵਪ੍ਰੀਤ ਸਿੰਘ ਕੋਟ ਈਸੇ ਖਾਂ, ਕਰਨ ਕੋਟ ਈਸੇ ਖਾਂ ਨੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਬਹੁਜਨ ਸਮਾਜ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਸੂਬਾ ਪ੍ਰਧਾਨ ਨੇ ਸਿਰੋਪਾਓ ਦੇ ਕੇ ਪਾਰਟੀ ਵਿੱਚ ਜੀ ਆਇਆਂ ਕਿਹਾ ਅਤੇ ਆਪਣੇ ਚੰਗੇ ਭਵਿੱਖ ਲਈ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਤੇ ਪੰਜਾਬ ਨੂੰ ਸੰਭਾਲਣ ਲਈ ਅਪੀਲ ਕੀਤੀ।ਇਸ ਮੌਕੇ ਪੰਜਾਬ ਦੇ ਇੰਚਾਰਜ ਸ੍ਰ. ਕੁਲਦੀਪ ਸਿੰਘ ਸਰਦੂਲਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਜ਼ਿਲ੍ਹੇ ਦੇ ਆਗੂਆਂ ਨੂੰ ਪਿੰਡ ਪੱਧਰ 'ਤੇ ਸੰਗਠਨ ਮਜ਼ਬੂਤ ਕਰਨ ਲਈ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੌਕੇ ਸੂਬਾ ਜਨਰਲ ਸਕੱਤਰ ਗੁਰਬਖਸ਼ ਸਿੰਘ ਚੌਹਾਨ, ਸੂਬਾ ਜਨਰਲ ਸਕੱਤਰ ਸੰਤ ਰਾਮ ਮੱਲੀਆਂ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਚੜਿੱਕ, ਜ਼ਿਲ੍ਹਾ ਜਨਰਲ ਸੱਕਤਰ ਗੁਰਪ੍ਰੀਤ ਸਿੰਘ ਸਹੋਤਾ, ਜ਼ਿਲ੍ਹਾ ਪ੍ਰਧਾਨ ਲੇਡੀਜ਼ ਵਿੰਗ ਬੀਬੀ ਕੁਲਵਿੰਦਰ ਕੌਰ ਚੀਮਾ, ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਸ਼ਿੰਦ ਸਿੰਘ ਬੱਧਨੀ ਕਲਾਂ, ਜ਼ਿਲ੍ਹਾ ਕੈਸ਼ੀਅਰ ਬਿੱਟੂ ਕਪੂਰੇ, ਹਲਕਾ ਪ੍ਰਧਾਨ ਪਿਰਥੀ ਸਿੰਘ ਰੋਲੀ, ਹਲਕਾ ਪ੍ਰਧਾਨ ਦੇਵ ਸਿੰਘ ਘਾਲ੍ਹੀ, ਹਲਕਾ ਪ੍ਰਧਾਨ ਭਰਭੂਰ ਸਿੰਘ ਖੋਟੇ, ਹਲਕਾ ਇੰਚਾਰਜ ਜਗਤਾਰ ਸਿੰਘ ਲੋਗੀਵਿੰਡ, ਹਲਕਾ ਇੰਚਾਰਜ ਬਲਵਿੰਦਰ ਸਿੰਘ ਅਟਵਾਲ, ਹਲਕਾ ਇੰਚਾਰਜ ਕੇਵਲ ਸਿੰਘ ਸੈਦੋਕੇ, ਹਲਕਾ ਸਕੱਤਰ ਲਖਵੀਰ ਸਿੰਘ ਬੁੱਘੀਪੁਰਾ, ਹਲਕਾ ਜਨ. ਸੱਕਤਰ ਲਖਵੀਰ ਸਿੰਘ ਚੜਿੱਕ, ਕਿਸਾਨ ਆਗੂ ਹੈਰੀ ਬਰਾੜ, ਯੂਥ ਆਗੂ ਜਗਸੀਰ ਸਿੰਘ ਕਲਿਆਣ, ਕੁਲਦੀਪ ਸਿੰਘ ਬੱਧਨੀ ਕਲਾਂ, ਬਾਬੂ ਸਿੰਘ ਬੱਧਨੀ ਕਲਾਂ, ਸੀਰਾ ਚੜਿੱਕ ਤੇ ਹੋਰ ਸਾਥੀ ਸ਼ਾਮਲ ਸਨ।

## ਡਿਪਟੀ ਕਮਿਸ਼ਨਰ ਵੱਲੋਂ ਨੀਟ ਪ੍ਰੀਖਿਆ ਦੇ ਪ੍ਰਬੰਧਾਂ ਸੰਬੰਧੀ ਅਧਿਕਾਰੀਆਂ ਨਾਲ ਮੀਟਿੰਗ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਜ਼ਿਲ੍ਹਾ ਫ਼ਰੀਦਕੋਟ ਵਿੱਚ 21 ਜੂਨ 2026 ਨੂੰ ਹੋਣ ਵਾਲੀ ਨੀਟ ਦੀ ਪ੍ਰੀਖਿਆ ਨੂੰ ਲੈ ਕੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਆਪਣੇ ਦਫ਼ਤਰ ਵਿਖੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਡਿਪਟੀ ਕਮਿਸ਼ਨਰ ਨੇ ਸਿੱਖਿਆ, ਪੁਲਸ ਤੇ ਹੋਰਨਾਂ ਵਿਭਾਗੀ ਅਧਿਕਾਰੀਆਂ ਨੂੰ ਸਮਾਂ ਰਹਿੰਦਿਆਂ ਨੀਟ ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਬੰਧਾਂ ਵਿੱਚ ਸੈਂਟਰਾਂ ਵਿਖੇ ਤਜਰਬੇਕਾਰ ਸਟਾਫ, ਟ੍ਰੈਫਿਕ ਪਲਾਨ ਤਿਆਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਨੀਟ ਦੀ ਪ੍ਰੀਖਿਆ ਪੂਰੀ ਪਾਰਦਰਸ਼ਤਾ ਤੇ ਸੁਖਾਵੇਂ ਮਾਹੌਲ ਵਿੱਚ ਹੋਵੇ, ਇਸ ਲਈ ਸਮੂਹ ਅਧਿਕਾਰੀ ਆਪੋ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ।ਇਸ ਮੌਕੇ ਡੀ.ਈ.ਓ. ਅੰਜਨਾ ਕੌਸ਼ਲ, ਡਾ. ਸੁਨੀਲ ਕੁਮਾਰ ਪ੍ਰਿੰਸੀਪਲ, ਰਾਜ ਕੁਮਾਰ ਸੱਚਦੇਵਾ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



## ਅਪ੍ਰੈਂਟਿਸਸ਼ਿਪ ਲਾਈਨਮੈਨਾਂ ਉੱਪਰ ਲਾਠੀਚਾਰਜ ਦੀ ਸਖਤ ਨਿਖੇਧੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੀ. ਐੱਸ ਪੀ ਸੀ ਐੱਲ ਹੈੱਡ ਆਫਿਸ ਪਟਿਆਲਾ ਦੇ ਗੇਟ ਅੱਗੇ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਧਰਨੇ ਉੱਪਰ ਬੈਠੇ 2600 ਅਪ੍ਰੈਂਟਿਸਸ਼ਿਪ ਲਾਈਨਮੈਨਾਂ ਨੂੰ ਬੇਦਰਦੀ ਨਾਲ ਜਾਨਵਰਾਂ ਵਾਂਗ ਕੁੱਟਿਆ ਗਿਆ। ਗੌਰ ਤਲਬ ਹੈ ਕਿ ਪਿਛਲੇ ਦਿਨਾਂ ਵਿੱਚ ਪਾਵਰਕਾਮ ਮੈਨੇਜਮੈਂਟ ਤੇ ਅਪ੍ਰੈਂਟਿਸਸ਼ਿਪ ਲਾਈਨਮੈਨਾਂ ਵਿੱਚ ਲਿਖਤੀ ਸਮਝੌਤਾ ਹੋਇਆ ਸੀ, ਜਿਸ ਨੂੰ ਲਾਗੂ ਕਰਨ ਲਈ ਧਰਨੇ ਉੱਪਰ ਸ਼ਾਂਤਮਈ ਬੈਠੇ ਸਨ।ਪੰਜਾਬ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਫੇਲ੍ਹ ਹੋਈ।ਝੋਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਿਆ ਹੈ ਤੇ ਮੁਲਾਜ਼ਮਾਂ ਦੀ ਬਹੁਤ ਘਾਟ ਨਾਲ ਬਿਜਲੀ ਬੋਰਡ ਆਪਣਾ ਡੰਗ ਟਪਾ ਰਿਹਾ ਹੈ।ਜਥੇਬੰਦੀ ਮੁਲਾਜ਼ਮ ਯੂਨਾਈਟਡ ਔਰਗਨਾਈਜੇਸ਼ਨ ਪੀ. ਐੱਸ. ਪੀ. ਸੀ. ਐੱਲ./ਪੀ. ਐੱਸ. ਪੀ. ਸੀ. ਐੱਲ. ਵੱਲੋਂ ਅਪ੍ਰੈਂਟਿਸਸ਼ਿਪ ਲਾਈਨਮੈਨਾਂ ਉੱਪਰ ਪੰਜਾਬ ਸਰਕਾਰ ਵੱਲੋਂ ਲਾਠੀਚਾਰਜ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਕਿ ਇਨ੍ਹਾਂ ਲਾਈਨਮੈਨਾਂ ਨਾਲ ਜੋ ਲਿਖਤੀ ਸਮਝੌਤਾ ਹੋਇਆ, ਉਸ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਪਾਵਰਕਾਮ ਵਿੱਚ ਭਰਤੀ ਕੀਤਾ ਜਾਵੇ।

# ਕਮਿਊਨਿਟੀ ਹੈੱਲਥ ਅਫ਼ਸਰਾਂ ਵੱਲੋਂ ਸੰਘਰਸ਼ ਦਾ ਬਿਗੁਲ

### ਮੰਗਾਂ ਨਾ ਮੰਨਣ 'ਤੇ ਸਿਹਤ ਸੇਵਾਵਾਂ ਠੱਪ ਕਰਨ ਦੀ ਚੇਤਾਵਨੀ



**ਫਿਰੋਜ਼ਪੁਰ (ਗੁਰਬਚਨ ਸਿੰਘ)**

ਸੂਬਾ ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਪੇਂਡੂ ਖੇਤਰਾਂ ਵਿੱਚ ਕਮਿਊਨਿਟੀ ਹੈਲਥ ਅਫ਼ਸਰ (ਸੀ ਐੱਚ ਓ) ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਰੋਜ਼ਾਨਾ ਸਿਹਤ ਸੇਵਾਵਾਂ ਤੋਂ ਇਲਾਵਾ ਕੋਰੋਨਾ ਕਾਲ, ਹੜ੍ਹਾਂ ਤੇ ਹੋਰ ਆਫ਼ਤਾਂ ਦੌਰਾਨ ਵੀ ਸੀ ਐੱਚ ਓਜ਼ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ।ਇਸ ਦੇ ਬਾਵਜੂਦ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲੰਬੇ ਸਮੇਂ ਤੋਂ ਅਣਡਿੱਠਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੁਣ ਕਮਿਊਨਿਟੀ ਹੈਲਥ ਅਫ਼ਸਰਾਂ ਨੇ ਸੰਘਰਸ਼ ਦਾ ਬੀਗੁਲ ਵਜਾ ਦਿੱਤਾ ਹੈ। ਗੱਲਬਾਤ ਕਰਦਿਆਂ ਜ਼ਿਲ੍ਹਾ ਫਿਰੋਜ਼ਪੁਰ ਯੂਨੀਅਨ ਦੇ ਆਗੂ ਕਮਿਊਨਿਟੀ ਹੈਲਥ ਅਫ਼ਸਰ ਨਰਿੰਦਰ ਸਿੰਘ ਤੇ ਡਾ. ਪ੍ਰੀਤ ਮਖੀਜਾ ਨੇ ਦੱਸਿਆ ਕਿ ਪੰਜਾਬ ਦੇ ਸੀ ਐੱਚ ਓਜ਼ ਨੂੰ ਹੋਰ ਰਾਜਾਂ ਦੇ ਮੁਕਾਬਲੇ ਕਰੀਬ 5 ਹਜ਼ਾਰ ਰੁਪਏ ਘੱਟ ਤਨਖਾਹ ਦਿੱਤੀ ਜਾ ਰਹੀ ਹੈ।ਇਸ ਤੋਂ ਇਲਾਵਾ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਿੱਤਾ ਜਾਣ ਵਾਲਾ ਲੋਇਲਟੀ ਬੋਨਸ ਵੀ ਉਨ੍ਹਾਂ ਨੂੰ ਨਹੀਂ ਮਿਲ ਰਿਹਾ।ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਸਰਕਾਰ ਤੇ ਸਿਹਤ ਵਿਭਾਗ ਨੂੰ ਕਈ ਵਾਰ ਇਸ ਸਬੰਧੀ ਜਾਣੂ ਕਰਵਾਇਆ ਗਿਆ ਤੇ ਮੀਟਿੰਗਾਂ ਦੌਰਾਨ ਭਰੋਸੇ ਵੀ ਦਿੱਤੇ ਗਏ, ਪਰ ਮੰਗਾਂ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਉੱਤੇ ਕੰਮ ਦਾ ਬੋਝ ਹੋਰ ਵਧਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਹੁਣ ਤੱਕ ਮਰੀਜ਼ਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਸੇਵਾਵਾਂ ਨਿਰਵਿਘਨ ਜਾਰੀ ਰੱਖੀਆਂ ਗਈਆਂ ਹਨ, ਪਰ ਜੇਕਰ ਉਨ੍ਹਾਂ ਦੀਆਂ ਮੰਗਾਂ ਜਿਵੇਂ ਬਰਾਬਰ ਕੰਮ ਬਰਾਬਰ ਤਨਖਾਹ, ਲੋਇਲਟੀ ਬੋਨਸ, ਪੁਰਾਣੇ ਟੀਚਿਆਂ ਅਨੁਸਾਰ ਕੰਮ ਤੇ ਦਵਾਈਆਂ ਸਿਹਤ ਕੇਂਦਰਾਂ ਤੱਕ ਪਹੁੰਚਾਉਣ ਵਰਗੇ ਮੁੱਦੇ ਹੱਲ ਨਾ ਕੀਤੇ ਗਏ ਤਾਂ ਆਉਣ ਵਾਲੇ ਦਿਨਾਂ ਵਿੱਚ ਸੂਬੇ ਭਰ ਦੇ ਕਮਿਊਨਿਟੀ ਹੈਲਥ ਅਫ਼ਸਰ ਆਨਲਾਈਨ ਤੇ ਆਫਲਾਈਨ ਕੰਮ ਬੰਦ ਕਰਕੇ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜਬੂਰ ਹੋਣਗੇ।ਇਸ ਮੌਕੇ ਕਮਿਊਨਿਟੀ ਹੈਲਥ ਅਫ਼ਸਰ ਮਨੀਸ਼ਾ, ਬਲਦੇਵ ਸਿੰਘ, ਮੋਨਿਕਾ, ਅਮਰੀਕ ਸਿੰਘ, ਸ਼ਿੰਦਾ, ਗੁਰਵਿੰਦਰ ਸਿੰਘ, ਨਵਜੀਤ, ਸਤਨਾਮ ਸਿੰਘ ਤੇ ਗੌਰਵ ਆਦਿ ਹਾਜ਼ਰ ਸਨ।

## ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟ੍ਰਾਂਸਕੋ ਦੀ ਜਨਰਲ ਬਾਡੀ ਦੀ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਪੈਨਸ਼ਨਰ ਐਸੋਸੀਏਸ਼ਨ ਰਜਿ. ਨੰ: 56 ਪਾਵਰਕਾਮ ਤੇ ਟ੍ਰਾਂਸਕੋ ਡਵੀਜ਼ਨ ਦੋਰਾਹਾ ਦੀ ਜਨਰਲ ਬਾਡੀ ਦੀ ਮੀਟਿੰਗ ਡਵੀਜ਼ਨ ਪ੍ਰਧਾਨ ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹਿੰਦੂ ਧਰਮਸ਼ਾਲਾ ਵਿਖੇ ਕਰਦੇ ਹੋਏ ਸੂਬਾ ਕਮੇਟੀ ਵੱਲੋਂ ਉਲੀਕੇ ਸੰਘਰਸ਼ ਪ੍ਰੋਗਰਾਮਾਂ ਨੂੰ ਸਰਕਲ ਵਰਕਿੰਗ ਕਮੇਟੀ ਖੰਨਾ ਦੇ ਫੈਸਲੇ ਮੁਤਾਬਕ ਡਵੀਜ਼ਨ ਵਿੱਚ ਲਾਗੂ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ। ਡਵੀਜ਼ਨ ਦੇ ਸਕੱਤਰ ਤਰਸੇਮ ਲਾਲ ਤੇ ਪ੍ਰੈੱਸ ਸਕੱਤਰ ਕ੍ਰਿਸ਼ਨ ਕੁਮਾਰ ਨੇ ਸਾਂਝੇ ਰੂਪ ਵਿੱਚ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਮੀਟਿੰਗ ਵਿੱਚ ਸੇਵਾ ਮੁਕਤ ਬਿਜਲੀ ਕਾਮਿਆਂ ਨੇ ਸਬ ਡਵੀਜ਼ਨ ਸਿਟੀ ਦੋਰਾਹਾ, ਰਾਮਪੁਰ, ਪਾਇਲ, ਧਮੋਟ, ਘੁਡਾਣੀ ਕਲਾਂ, ਗਰਿੱਡ ਸਬ ਸਟੇਸ਼ਨਾਂ ਤੇ ਡਵੀਜ਼ਨ ਦਫਤਰ ਵਿੱਚੋਂ ਭਰਵੀਂ ਸ਼ਮੂਲੀਅਤ ਕੀਤੀ।ਆਗੂਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸਰਕਲ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ 'ਦੋਬੁਰਜੀ', ਮੀਤ ਪ੍ਰਧਾਨ ਪਲਵਿੰਦਰ ਸਿੰਘ, ਮੈਂਬਰ ਸੁਰਜੀਤ ਸਿੰਘ, ਦੋਰਾਹਾ ਡਵੀਜ਼ਨ ਦੇ ਆਗੂ ਹਰਚਰਨ ਸਿੰਘ 'ਗਰੇਵਾਲ', ਰਾਮ ਕ੍ਰਿਸ਼ਨ, ਰਕੇਸ਼ ਕੁਮਾਰ, ਭਗਵੰਤ ਸਿੰਘ, ਜਗਦੇਵ ਸਿੰਘ, ਅਵਤਾਰ ਸਿੰਘ, ਸਾਂਗਾ ਰਾਮ, ਰਾਮ ਸਰੂਪ, ਸਿਕੰਦਰ ਸਿੰਘ, ਨਛੱਤਰ ਸਿੰਘ ਤੇ ਸਰਗਰਮ ਮੈਂਬਰਾਂ ਨੇ ਆਪਣੇ ਵਿਚਾਰ ਰੱਖਦੇ ਹੋਏ ਕੇਂਦਰ ਦੀ ਮੋਦੀ ਸਰਕਾਰ, ਪੰਜਾਬ ਸਰਕਾਰ ਤੇ ਪਾਵਰਕਾਮ/ਟ੍ਰਾਂਸਕੋ ਦੀਆਂ ਮੈਨੇਜਮੈਂਟਾਂ ਦੀਆਂ ਕਿਸਾਨ-ਮਜ਼ਦੂਰ-ਮੁਲਾਜ਼ਮ, ਵਿਦਿਆਰਥੀ, ਬੇ-ਰੁਜ਼ਗਾਰ ਨੌਜਵਾਨ ਤੇ ਆਮ ਮਿਹਨਤੀ ਵਰਗ ਵਿਰੋਧੀ ਮਾਰੂ ਨੀਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵੱਲੋਂ ਜਲੰਧਰ ਵਿਖੇ ਹੋਈ ਕਨਵੈਂਸ਼ਨ ਵਿੱਚ ਦਿੱਤੇ ਸੰਘਰਸ਼ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹੁਣ ਤੋਂ ਹੀ ਤਿਆਰੀਆਂ ਕਰਨ ਦੀ ਅਪੀਲ ਕੀਤੀ।ਆਗੂਆਂ ਨੇ ਹੱਕਾਂ ਲਈ ਸੰਘਰਸ਼ ਕਰਦੇ ਮੁਲਾਜ਼ਮਾਂ-ਕਿਸਾਨ-ਮਜ਼ਦੂਰਾਂ 'ਤੇ ਪੰਜਾਬ ਸਰਕਾਰ ਵੱਲੋਂ ਪੁਲਸ ਰਾਹੀਂ ਕਰਾਏ ਜਾ ਰਹੇ ਜਬਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਉਨ੍ਹਾਂ ਦੇ ਮਸਲੇ ਜਲਦੀ ਤੋਂ ਜਲਦੀ ਹੱਲ ਕਰਨ ਦੀ ਮੰਗ ਕੀਤੀ।

## ਮੋਟਰਾਂ ਚੋਰੀ ਕਰਨ ਦੇ ਮਾਮਲੇ 'ਚ 2 ਗ੍ਰਿਫ਼ਤਾਰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਦੇ ਪਿੰਡਾਂ 'ਚ ਕਿਸਾਨਾਂ ਦੇ ਖੇਤਾਂ ਵਿੱਚ ਲੱਗੀਆਂ ਮੋਟਰਾਂ ਚੋਰੀ ਕਰਨ ਦੇ ਮਾਮਲੇ ਹੇਠ ਪੁਲਸ ਵੱਲੋਂ ਕਬਾੜੀਏ ਪਿਓ ਪ੍ਰਦੀਪ ਕੁਮਾਰ, ਪੁੱਤਰ ਰਾਜੂ ਤੋਂ ਇਲਾਵਾ ਬਿੰਦਰ ਵਾਸੀ ਚਕਲੀ ਆਦਲ, ਸ਼ੇਰਾ ਤੇ ਲਾਡੀ ਵਾਸੀ ਸਹਿਬਾਜ਼ਪੁਰ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪਿੰਡ ਰਾਮਗੜ੍ਹ ਦੇ ਵਾਸੀ ਮੰਗਲਜੀਤ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਕਿੱਤੇ ਵਜੋਂ ਕਿਸਾਨ ਹੈ, ਜਿਸ ਨੇ ਖੇਤੀਬਾੜੀ ਲਈ ਕਈ ਜ਼ਮੀਨਾਂ ਚਕੌਤੇ 'ਤੇ ਲਈਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਉਸ ਦੇ ਖੇਤਾਂ 'ਚੋਂ ਮੋਟਰਾਂ ਚੋਰੀ ਹੋ ਚੁੱਕੀਆਂ ਹਨ ਤੇ 2 ਜੂਨ ਦੀ ਰਾਤ ਨੂੰ ਜਦੋਂ ਉਹ ਪਿੰਡ ਮਹੱਦੀਪੁਰ ਵਿਖੇ ਖੇਤਾਂ ਵਿੱਚ ਗਿਆ ਤਾਂ ਉਸ ਨੇ ਦੇਖਿਆ ਕਿ ਉਸ ਦੀਆਂ 2 ਤੇ ਨਾਲ ਲੱਗਦੇ ਖੇਤਾਂ 'ਚੋਂ ਕਿਸਾਨ ਹਰਪ੍ਰੀਤ ਸਿੰਘ ਦੀ ਇੱਕ ਮੋਟਰ ਚੋਰੀ ਹੋ ਚੁੱਕੀ ਹੈ। ਬਿਆਨਕਰਤਾ ਅਨੁਸਾਰ ਉਸ ਨੂੰ ਪਤਾ ਲੱਗਾ ਕਿ ਸਾਡੇ ਖੇਤਾਂ ਵਿੱਚ ਲੱਗੀਆਂ ਮੋਟਰਾਂ ਬਿੰਦਰ, ਸ਼ੇਰਾ ਤੇ ਲਾਡੀ ਨੇ ਚੋਰੀ ਕੀਤੀਆਂ ਹਨ, ਜੋ ਕਿ ਮਾਛੀਵਾੜਾ ਵਿਖੇ ਰਾਜੂ ਕਬਾੜੀਏ ਨੂੰ ਵੇਚਦੇ ਹਨ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਪਰਚਾ ਦਰਜ ਕਰਨ ਤੋਂ ਬਾਅਦ ਤੁਰੰਤ ਕਾਰਵਾਈ ਕੀਤੀ ਗਈ ਤੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਵੱਲੋਂ ਲਖਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੀ ਨਿਸ਼ਾਨਦੇਹੀ 'ਤੇ ਜੋ ਚੋਰੀ ਕੀਤੀਆਂ ਮੋਟਰਾਂ ਉਨ੍ਹਾਂ ਵੱਲੋਂ ਰਾਜੂ ਕਬਾੜੀਏ ਨੂੰ ਵੇਚੀਆਂ ਸਨ, ਉੱਥੇ ਜਾ ਕੇ ਕਬਾੜ ਦਾ ਕੰਮ ਕਰਦੇ ਉਸ ਦੇ ਪਿਤਾ ਪ੍ਰਦੀਪ ਕੁਮਾਰ ਨੂੰ ਗ੍ਰਿਫ਼ਤਾਰ ਕਰ ਚੋਰੀ ਦੀਆਂ ਵੇਚੀਆਂ ਮੋਟਰਾਂ ਵੀ ਬਰਾਮਦ ਕਰ ਲਈਆਂ ਹਨ। ਥਾਣਾ ਮੁਖੀ ਨੇ ਦੱਸਿਆ ਕਿ ਬਾਕੀ ਜੋ ਮੁਲਜਮ ਫਰਾਰ ਹਨ, ਉਨ੍ਹਾਂ ਨੂੰ ਵੀ ਜਲਦ ਕਾਬੂ ਕਰ ਲਿਆ ਜਾਵੇਗਾ।

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਦਾ ਡੀ ਸੀ ਵੱਲੋਂ ਆਗਾਜ਼

### ਐੱਸ.ਐੱਸ.ਪੀ., ਏ.ਡੀ.ਸੀ., ਸਹਾਇਕ ਕਮਿਸ਼ਨਰ (ਜ) ਵੀ ਰਹੇ ਮੌਜੂਦ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਪਹਿਲਕਦਮੀ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਅੰਦਰ ਕਈ ਪੌਦੇ ਲਗਾਏ ਗਏ, ਜੋ ਕਿ ਵਾਤਾਵਰਣ ਸੁਰੱਖਿਆ ਤੇ ਟਿਕਾਊ ਜੀਵਨ ਪ੍ਰਤੀ ਸਮੂਹਿਕ ਵਚਨਬੱਧਤਾ ਦਾ ਪ੍ਰਤੀਕ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸਾਗਰ ਸੇਤੀਆ ਨਾਲ ਸੀਨੀਅਰ ਕਪਤਾਨ ਪੁਲਸ ਮੋਗਾ ਸ੍ਰੀ ਸਰਤਾਜ ਸਿੰਘ ਚਾਹਲ, ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰ. ਜਸਪਿੰਦਰ ਸਿੰਘ, ਸਹਾਇਕ ਕਮਿਸ਼ਨਰ (ਜ) ਸਤਵਿੰਦਰਪਾਲ ਸਿੰਘ ਰਟੌਲ ਤੋਂ ਇਲਾਵਾ ਹੋਰ ਵੀ ਅਧਿਕਾਰੀ ਮੌਜੂਦ ਸਨ।ਇਸ ਮੌਕੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਵਾਤਾਵਰਣ ਸੰਤੁਲਨ ਨੂੰ ਸੁਰੱਖਿਅਤ ਰੱਖਣ ਤੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਵਿੱਚ ਰੁੱਖਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ ਤੇ ਇਹ ਦਿਨ ਸਾਨੂੰ ਕੁਦਰਤ ਪ੍ਰਤੀ ਸਾਡੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ।ਉਨ੍ਹਾਂ ਕਿਹਾ ਕਿ ਵਿਅਕਤੀ ਦੀ ਚੰਗੀ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਸਾਫ ਸੁਥਰਾ ਵਾਤਾਵਰਨ ਹੋਣਾ ਬਹੁਤ ਲਾਜ਼ਮੀ ਹੈ ਤੇ ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਵਾਤਾਵਰਨ ਦੀ ਸਾਫ ਸਫਾਈ ਪ੍ਰਤੀ ਵਚਨਬੱਧ ਰਹੀਏ।ਡਿਪਟੀ ਕਮਿਸ਼ਨਰ ਦਫ਼ਤਰ ਦੇ ਸਟਾਫ਼ ਵੱਲੋਂ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਕੀਤੀ ਸ਼ਮੂਲੀਅਤ ਨੇ ਇਸ ਪਹਿਲਕਦਮੀ ਨੂੰ ਵੱਡਾ ਸਮਰਥਨ ਦਿੱਤਾ, ਜੋ ਵਾਤਾਵਰਣ ਦੀ ਜ਼ਿੰਮੇਵਾਰੀ ਤੇ ਭਾਈਚਾਰਕ ਭਲਾਈ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ।

## ਸਮਾਜ ਦਾ ਹਰੇਕ ਵਰਗ ਨਸ਼ਿਆਂ ਦੇ ਖਾਤਮੇ ਲਈ ਯੋਗਦਾਨ ਪਾਵੇ : ਸਤਿੰਦਰ ਚੱਠਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਮਕਸਦ ਨਾਲ ਧੂਰੀ ਵਿਖੇ ਇੱਕ ਸਮੀਖਿਆ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਸਰਪੰਚਾਂ, ਪੰਚਾਂ, ਵਿਲੇਜ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ ਤੇ ਇਸ ਮੁਹਿੰਮ ਦੀ ਸਫਲਤਾ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਸਰਕਾਰ ਜਾਂ ਪੁਲਸ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕਿਆਂ ਵਿੱਚ ਨਸ਼ਾ ਤਸਕਰੀ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਤੇ ਨੌਜਵਾਨਾਂ ਨੂੰ ਇਸ ਬੁਰਾਈ ਤੋਂ ਦੂਰ ਰੱਖਣ ਲਈ ਸਰਗਰਮ ਭੂਮਿਕਾ ਨਿਭਾਉਣ।ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਰਛਪਾਲ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਬਣੀਆਂ ਵਿਲੇਜ ਡਿਫੈਂਸ ਕਮੇਟੀਆਂ ਤੇ ਸ਼ਹਿਰੀ ਖੇਤਰਾਂ ਦੀਆਂ ਵਾਰਡ ਡਿਫੈਂਸ ਕਮੇਟੀਆਂ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ।ਉਨ੍ਹਾਂ ਕਮੇਟੀਆਂ ਦੇ ਨੁਮਾਇੰਦਿਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਚੌਕਸੀ ਵਧਾਉਣ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਚਲਾਉਣ ਲਈ ਪ੍ਰੇਰਿਤ ਕੀਤਾ।

## ਰੂਪ ਵਾਟਿਕਾ ਸਕੂਲ 'ਚ ਯੋਗਾ ਕੈਂਪ ਸਫਲਤਾਪੂਰਵਕ ਸੰਪੰਨ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਯੋਜਿਤ 6 ਦਿਨਾ ਯੋਗਾ ਤੇ ਸਿਹਤ ਜਾਗਰੂਕਤਾ ਕੈਂਪ ਦਾ ਸਫਲਤਾਪੂਰਵਕ ਸਮਾਪਨ ਹੋਇਆ।ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਸਕੂਲ ਦੇ ਸਾਰੇ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ ਤੇ ਯੋਗਾ, ਪ੍ਰਾਣਾਯਾਮ ਅਤੇ ਜ਼ੁੰਬਾ ਸੈਸ਼ਨਾਂ ਰਾਹੀਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੰਕਲਪ ਲਿਆ।ਕੈਂਪ ਦੌਰਾਨ ਟ੍ਰੇਨਰਾਂ ਵੱਲੋਂ ਵੱਖ-ਵੱਖ ਯੋਗ ਆਸਨਾਂ ਤੇ ਪ੍ਰਾਣਾਯਾਮ ਦੀਆਂ ਵਿਧੀਆਂ ਦਾ ਅਭਿਆਸ ਕਰਵਾਇਆ ਗਿਆ, ਜਿਸ ਨਾਲ ਅਧਿਆਪਕਾਂ ਨੂੰ ਸਰੀਰਕ ਤੇ ਮਾਨਸਿਕ ਸਿਹਤ ਦੇ ਮਹੱਤਵ ਬਾਰੇ ਜਾਣਕਾਰੀ ਮਿਲੀ।ਜ਼ੁੰਬਾ ਸੈਸ਼ਨ ਨੇ ਪ੍ਰੋਗਰਾਮ ਨੂੰ ਹੋਰ ਵੀ ਰੁਚਿਕਰ ਤੇ ਉਤਸ਼ਾਹਪੂਰਨ ਬਣਾ ਦਿੱਤਾ।ਸਾਰੇ ਅਧਿਆਪਕਾਂ ਨੇ ਪੂਰੇ ਜੋਸ਼ ਤੇ ਅਨੁਸ਼ਾਸਨ ਨਾਲ ਭਾਗ ਲੈਂਦਿਆਂ ਸਿਹਤ ਪ੍ਰਤੀ ਆਪਣੀ ਜਾਗਰੂਕਤਾ ਨੂੰ ਹੋਰ ਮਜ਼ਬੂਤ ਕੀਤਾ।ਇਸ ਮੌਕੇ ਅਧਿਆਪਕਾਂ ਨੂੰ ਪੌਸ਼ਟਿਕ ਨਾਸ਼ਤਾ ਵੀ ਵੰਡਿਆ ਗਿਆ ਅਤੇ ਉਨ੍ਹਾਂ ਨੂੰ ਸੰਤੁਲਿਤ ਖੁਰਾਕ ਤੇ ਨਿਯਮਿਤ ਕਸਰਤ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ।ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਵਿੰਮੀ ਠਾਕੁਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਯੋਗਾ ਸਿਹਤਮੰਦ ਜੀਵਨ ਦਾ ਆਧਾਰ ਹੈ। ਨਿਯਮਿਤ ਯੋਗਾ ਤੇ ਸੰਤੁਲਿਤ ਖੁਰਾਕ ਨਾਲ ਅਸੀਂ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਸਕਦੇ ਹਾਂ।ਸਕੂਲ ਵਿੱਚ ਕਰਵਾਏ ਗਏ ਇਸ ਛੇ ਦਿਨਾਂ ਯੋਗਾ ਕੈਂਪ ਦਾ ਮੁੱਖ ਉਦੇਸ਼ ਅਧਿਆਪਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।

## ਬੇਸਹਾਰਾ ਬਜ਼ੁਰਗ ਔਰਤ ਨੂੰ ਮਾਨਵਤਾ ਸੇਵਾ ਆਸ਼ਰਮ ਨੇ ਸੰਭਾਲਿਆ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ)**-ਬੱਚਿਆਂ ਔਰਤਾਂ ਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਨੂੰ ਸਮਰਪਤ ਇਲਾਕੇ ਦੇ ਨਾਮਵਰ ਸੰਸਥਾ ਮਾਨਵਤਾ ਫਾਊਂਡੇਸ਼ਨ ਵੱਲੋਂ ਅਨਾਥ ਬੇਸਹਾਰਾ ਔਰਤਾਂ ਤੇ ਅਣਗੌਲੇ ਬੱਚਿਆਂ ਲਈ ਮਾਨਵਤਾ ਸੇਵਾ ਆਸ਼ਰਮ ਡੀ ਸੀ ਆਫਿਸ/ਸੰਘੂਧੋਣ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਚਲਾਇਆ ਜਾ ਰਿਹਾ ਹੈ।ਬੀਤੇ ਦਿਨੀਂ ਸੰਸਥਾ ਦੇ ਚੇਅਰਮੈਨ ਡਾ. ਨਰੇਸ਼ ਪਰੂਥੀ ਨੂੰ ਪਿੰਡ ਜੰਡੋਕੇ ਤੋਂ ਪੰਚਾਇਤ ਮੈਂਬਰਾਂ ਤੇ ਥਾਣਾ ਬਰੀਵਾਲਾ ਦੇ ਮੁੱਖ ਮੁਨਸ਼ੀ ਨੇ ਫੋਨ ਰਾਹੀਂ ਜਾਣਕਾਰੀ ਦਿੱਤੀ ਗਈ ਕਿ ਪਿੰਡ ਜੰਡੋਕੇ ਵਿਖੇ ਕੱਲ੍ਹ ਰਾਤ ਤੋਂ ਲਾਵਾਰਸ ਹਾਲਤ ਵਿੱਚ ਇੱਕ ਬਜ਼ੁਰਗ ਮਾਤਾ ਘੁੰਮ ਰਹੀ ਹੈ।ਇਹ ਮਾਤਾ ਗੁਰਦੁਆਰਾ ਸਾਹਿਬ ਵਿਖੇ ਬੈਠੀ ਮਿਲੀ ਹੈ।ਇਹ ਆਪਣਾ ਘਰ-ਬਾਰ ਦਾ ਪਤਾ ਦੱਸਣ ਵਿੱਚ ਅਸਮਰਥ ਹੈ।ਪਿੰਡ ਦੇ ਪੰਚਾਇਤ ਮੈਂਬਰ ਤੇ ਪਿੰਡ ਵਾਸੀਆਂ ਵੱਲੋਂ ਕੱਲ੍ਹ ਸ਼ਾਮ ਬੇਸਹਾਰਾ ਮਾਤਾ ਨੂੰ ਮਾਨਵਤਾ ਸੇਵਾ ਆਸ਼ਰਮ ਵਿਖੇ ਲਿਆਂਦਾ ਗਿਆ।ਪਿੰਡ ਦੇ ਪੰਚਾਇਤ ਮੈਂਬਰ ਪ੍ਰਭਜੋਤ ਸਿੰਘ, ਪ੍ਰਨਾਮ ਸਿੰਘ ਤੇ ਪਿੰਡ ਵਾਸੀ ਜਸਵਿੰਦਰ ਸਿੰਘ ਤੇ ਕੁਲਦੀਪ ਕੌਰ ਵੱਲੋਂ ਬਜ਼ੁਰਗ ਮਾਤਾ ਦਾ ਘਰ-ਬਾਰ ਲੱਭਣ ਵਿੱਚ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਅਸਮਰਥ ਰਹੇ।ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੈਨੇਜਰ-ਰਮਨ ਕੁਮਾਰ ਨੇ ਦੱਸਿਆ ਕਿ ਮਾਤਾ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ।ਹੁਣ ਬੇਸਹਾਰਾ ਮਾਤਾ ਨੂੰ ਮਾਨਵਤਾ ਸੇਵਾ ਆਸ਼ਰਮ ਵਿਖੇ ਸਹਾਰਾ ਦਿੱਤਾ ਗਿਆ ਹੈ।ਇਸ ਸਬੰਧੀ ਸੂਚਨਾ ਸਿਟੀ ਥਾਣਾ ਸ੍ਰੀ ਮੁਕਤਸਰ ਸਾਹਿਬ ਵਿਖੇ ਦਿੱਤੀ ਜਾਵੇਗੀ ਤੇ ਮਾਤਾ ਦੀ ਦੇਖਭਾਲ ਅਤੇ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ।ਜੇਕਰ ਕੋਈ ਵਿਅਕਤੀ ਬੇਸਹਾਰਾ ਮਾਤਾ ਸਬੰਧੀ ਜਾਣਕਾਰੀ ਰੱਖਦਾ ਹੈ ਤਾਂ ਇਸ ਨੰਬਰ 84276-79015 'ਤੇ ਸੰਪਰਕ ਕਰੋ।

## ਇੰਜ. ਬਰਾੜ ਨੇ ਪੀ.ਐੱਸ.ਪੀ.ਸੀ.ਐੱਲ. ਦੇ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਇੰਜੀਨੀਅਰ ਪੁੰਨਰਦੀਪ ਸਿੰਘ ਬਰਾੜ ਨੇ ਸ਼ੁੱਕਰਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇਸ ਅਹਿਮ ਅਹੁਦੇ 'ਤੇ ਕੀਤੀ ਨਿਯੁਕਤੀ ਤੋਂ ਬਾਅਦ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਅਹੁਦੇ 'ਤੇ ਤਾਇਨਾਤ ਹੋਣ ਤੋਂ ਪਹਿਲਾਂ ਇੰਜੀਨੀਅਰ ਬਰਾੜ ਲੁਧਿਆਣਾ ਵਿਖੇ ਇੰਜੀਨੀਅਰ-ਇਨ-ਚੀਫ਼ ਵਜੋਂ ਸੇਵਾ ਨਿਭਾ ਰਹੇ ਸਨ ਅਤੇ ਪੀ.ਐੱਸ.ਪੀ.ਸੀ.ਐੱਲ. ਵਿੱਚ ਸੇਵਾ ਕਰ ਰਹੇ ਚੀਫ਼ ਇੰਜੀਨੀਅਰਾਂ ਵਿੱਚੋਂ ਸਭ ਤੋਂ ਸੀਨੀਅਰ ਸਨ। ਬਿਜਲੀ ਖੇਤਰ ਵਿੱਚ 34 ਸਾਲਾਂ ਤੋਂ ਵੱਧ ਦੇ ਤਜਰਬੇ ਦੇ ਨਾਲ ਉਹ ਇਸ ਅਹੁਦੇ ਲਈ ਵਿਆਪਕ ਤਕਨੀਕੀ ਤੇ ਪ੍ਰਸ਼ਾਸਨਿਕ ਮੁਹਾਰਤ ਰੱਖਦੇ ਹਨ।ਅਹੁਦਾ ਸੰਭਾਲਣ ਤੋਂ ਬਾਅਦ ਇੰਜੀਨੀਅਰ ਬਰਾੜ ਨੇ ਉਨ੍ਹਾਂ ਵਿੱਚ ਭਰੋਸਾ ਪ੍ਰਗਟਾਉਣ ਤੇ ਇਹ ਜ਼ਿੰਮੇਵਾਰੀ ਸੌਂਪਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਸੈਕਟਰੀ ਪਾਵਰ-ਕਮ-ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ (ਸੀ.ਐੱਮ.ਡੀ.) ਪੀ.ਐੱਸ.ਪੀ.ਸੀ.ਐੱਲ. ਡਾ. ਬਸੰਤ ਗਰਗ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਤੇ ਸੂਬੇ ਦੇ ਬਿਜਲੀ ਉਤਪਾਦਨ (ਜਨਰੇਸ਼ਨ) ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਤਨਦੇਹੀ ਨਾਲ ਕੰਮ ਕਰਨ ਦਾ ਯਤਨ ਕਰਨਗੇ।

## ਪਾਰਟੀ ਨੇ ਵਲੰਟੀਅਰਾਂ ਨੂੰ ਹਮੇਸ਼ਾ ਮਾਣ-ਸਤਿਕਾਰ ਦਿੱਤਾ : ਕੋਹਲੀ

### ਵਿਧਾਇਕ ਕੋਹਲੀ ਵੱਲੋਂ ਨਵ-ਨਿਯੁਕਤ ਬਲਾਕ ਪ੍ਰਧਾਨ ਸਨਮਾਨਤ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਨੇ ਬੀਤੇ ਦਿਨੀਂ ਪਟਿਆਲਾ ਸ਼ਹਿਰੀ ਦੇ ਬਲਾਕ ਪ੍ਰਧਾਨ ਨਿਯੁਕਤ ਕੀਤੇ ਹਨ, ਜਿਨ੍ਹਾਂ ਵਿੱਚ ਪਾਰਟੀ ਦੀ ਲੰਬੇ ਸਮੇਂ ਤੋਂ ਸੇਵਾ ਕਰ ਰਹੇ ਰਾਜਵੀਰ ਸਿੰਘ ਚਹਿਲ ਤੇ ਸੀਨੀਅਰ ਆਗੂ ਰਜਿੰਦਰ ਮੋਹਨ ਨੂੰ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਨ੍ਹਾਂ ਦੋਹਾਂ ਬਲਾਕ ਪ੍ਰਧਾਨਾਂ ਨੂੰ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸਨਮਾਨਤ ਕੀਤਾ।ਇਸ ਦੌਰਾਨ ਵਿਧਾਇਕ ਕੋਹਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਵਲੰਟੀਅਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ।ਵਿਧਾਇਕ ਕੋਹਲੀ ਨੇ ਕਿਹਾ ਕਿ ਹਮੇਸ਼ਾ ਹੀ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਤੇ ਪਾਰਟੀ ਦੀ ਚੜ੍ਹਦੀਕਲਾ ਲਈ ਯਤਨਸ਼ੀਲ ਰਹਿਣ ਵਾਲੇ ਵਲੰਟੀਅਰ ਰਾਜਵੀਰ ਸਿੰਘ ਚਹਿਲ ਤੇ ਰਜਿੰਦਰ ਮੋਹਨ ਸਿੰਘ ਨੂੰ ਬਲਾਕ ਪ੍ਰਧਾਨ ਬਣਾਉਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ।

# ਸੀ ਪੀ ਆਈ ਦੀ ਤਹਿਸੀਲ ਪੱਧਰੀ ਮੀਟਿੰਗ 'ਚ ਵਿਚਾਰੇ ਪੰਜਾਬ ਦੇ ਮੁੱਦੇ

**ਕੇਂਦਰ ਤੇ ਪੰਜਾਬ ਸਰਕਾਰ ਹਰ ਫਰੰਟ 'ਤੇ ਨਾਕਾਮ : ਸੁਖਦੇਵ ਸ਼ਰਮਾ**



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਇੱਥੇ ਸ਼ਹੀਦ ਯਾਦਗਾਰ ਹਾਲ ਦਫਤਰ ਸੀ ਪੀ ਆਈ ਤਹਿਸੀਲ ਧੂਰੀ ਵਿਖੇ ਸੀ ਪੀ ਆਈ ਦੀ ਤਹਿਸੀਲ ਪੱਧਰੀ ਕਨਵੈਨਸ਼ਨ ਬੀਬੀ ਸੁਰਿੰਦਰ ਕੌਰ ਪ੍ਰਧਾਨ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਸੰਗਰੂਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸੀ ਪੀ ਆਈ ਸੰਗਰੂਰ ਦੇ ਜ਼ਿਲ੍ਹਾ ਸਕੱਤਰ ਸਾਥੀ ਸੁਖਦੇਵ ਸ਼ਰਮਾ ਪਹੁੰਚੇ।ਤਹਿਸੀਲ ਸਕੱਤਰ ਡਾਕਟਰ ਮਨਿੰਦਰ ਸਿੰਘ ਧਾਲੀਵਾਲ ਤੇ ਮੀਤ ਸਕੱਤਰ ਇੰਦਰ ਸਿੰਘ ਤੇ ਨੀਲੇ ਖਾਂ ਨੇ ਮੀਟਿੰਗ ਵਿੱਚ ਅੰਜੜੇ ਰੱਖਦਿਆਂ ਕਨਵੈਨਸ਼ਨ ਦੇ ਉਦੇਸ਼ ਤੇ ਬਰਾਂਚ ਮੀਟਿੰਗਾਂ ਬਾਰੇ ਜਾਣਕਾਰੀ ਦਿੱਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਨੇ ਦੱਸਿਆ ਕਿ ਪੰਜਾਬ ਦੀ ਕਮਿਊਨਿਸਟ ਪਾਰਟੀ ਵੱਲੋਂ ਲਗਾਤਾਰ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ ਕੁੱਲ ਹਿੰਦ ਪਾਰਟੀ ਦੀ 25ਵੀਂ ਕਾਨਫਰੰਸ ਵਿੱਚ ਜੋ ਮੰਗਾਂ ਉਭਾਰੀਆਂ ਸਨ, ਉਨ੍ਹਾਂ ਬਾਰੇ ਜ਼ਿਕਰ ਕਰਦੇ ਨੇ ਦੱਸਿਆ ਕਿ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ, ਬਾਣੀ ਦਾ ਮਸਲਾ ਰਵੇਰੀਅਨ ਸਿਧਾਂਤ ਦੇ ਅਨੁਸਾਰ ਹੱਲ ਕਰਨਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ ਉੱਪਰ ਕੇਂਦਰ ਕਬਜ਼ੇ ਦੀਆਂ ਸਾਜ਼ਿਸ਼ਾਂ ਬੰਦ ਕਰੇ ਤੇ ਇਸ ਦਾ ਮੁਕੰਮਲ ਕੰਟਰੋਲ ਪੰਜਾਬ ਦੇ ਹਵਾਲੇ ਕਰੇ।ਬੀਬੀਐੱਮਬੀ ਦੀ ਮੈਨੇਜਮੈਂਟ ਵਿੱਚ ਪੰਜਾਬ ਦਾ ਪੁਰਾਣਾ ਰੁਤਬਾ ਬਹਾਲ ਕਰੇ ਤਾਂ ਜੋ ਹੜ੍ਹਾਂ ਦੀ ਸਥਿਤੀ ਤੋਂ ਬਚਿਆ ਜਾ ਸਕੇ।ਉਨ੍ਹਾਂ ਮੰਗ ਕੀਤੀ ਕਿ ਪੰਜਾਬੀ ਬੋਲਦੇ ਇਲਾਕੇ ਜੋ ਹਰਿਆਣੇ ਵਿੱਚ ਚਲੇ ਗਏ ਹਨ, ਉਨ੍ਹਾਂ ਨੂੰ ਵਾਪਸ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਲੋਕਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਰਨ, ਮਹਿੰਗਾਈ ਨੂੰ ਨੱਥ ਪਾਉਣ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਲੋਕਾਂ ਨੂੰ ਇਨਸਾਫ ਨਹੀਂ ਦੇ ਰਹੀ, ਸਗੋਂ ਪ੍ਰੀ ਅਪ੍ਰੈਂਟਸ ਬਿਜਲੀ ਮੁਲਾਜ਼ਮਾਂ 'ਤੇ ਲਗਾਤਾਰ ਡਾਂਗਾਂ ਚਲਾਈਆਂ ਜਾ ਰਹੀਆਂ ਹਨ।ਇਸੇ ਤਰ੍ਹਾਂ ਪਿਛਲੇ ਦਿਨੀਂ ਪੰਜਾਬ ਦੇ ਮੁਲਾਜ਼ਮਾਂ 'ਤੇ ਬੁਰੀ ਤਰ੍ਹਾਂ ਪਾਣੀ ਦੀਆਂ ਵਛਾੜਾਂ ਸੁੱਟੀਆਂ ਗਈਆਂ। ਪੰਜਾਬ ਦੇ ਮੁਲਾਜ਼ਮਾਂ ਦੀਆਂ ਮੰਗਾਂ ਦੀ ਹਮਾਇਤ ਕਰਦੇ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਆਖਰਕਾਰ ਸਰਕਾਰ ਨੂੰ ਪੰਜਾਬ ਦੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ ਪੈਣਗੀਆਂ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਗੁਰਦਿਆਲ ਨਿਰਮਾਣ, ਸਾਥੀ ਗੁਰਮੇਲ ਸਿੰਘ ਘਨੌਰੀ, ਭਗਵਾਨ ਸਿੰਘ ਘਨੌਰੀ, ਰਜਿੰਦਰ ਸਿੰਘ ਬੁਗਰਾ, ਸਾਥੀ ਮੰਗਲ ਸ਼ਰਮਾ ਤੋਂ ਇਲਾਵਾ ਪਰਮਜੀਤ ਧਰਮਪੁਰਾ, ਗਿਆਨੀ ਸੁਖਦੇਵ ਸਿੰਘ ਮੈਂਬਰ ਜ਼ਿਲ੍ਹਾ ਕੌਂਸਲ, ਬੀਬੀ ਬਿੰਦਰ ਕੌਰ ਇਸਤਰੀ ਆਗੂ, ਭੋਲਾ ਸਿੰਘ, ਸਰੂਪ ਸਿੰਘ, ਦਰਸ਼ਨ ਸਿੰਘ ਪਰਜਾਪਤ, ਬਲਵਿੰਦਰ ਬੱਗਾ, ਅਵਤਾਰ ਸਿੰਘ ਕੱਕੜਵਾਲ ਤੇ ਸੱਜਣ ਸਿੰਘ ਧੂਰੀ ਪਿੰਡ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।ਅੰਤ ਵਿੱਚ ਬੀਬੀ ਸੁਰਿੰਦਰ ਕੌਰ ਨੇ ਮੀਟਿੰਗ ਵਿੱਚ ਸ਼ਾਮਲ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਰਾਂਚ ਮੀਟਿੰਗਾਂ ਪੂਰੇ ਜੋਸ਼ੋ ਖਰੋਸ਼ ਨਾਲ ਕੀਤੀਆਂ ਜਾਣ ਤੇ ਤਹਿਸੀਲ ਅੰਦਰ ਪਾਰਟੀ ਨੂੰ ਪੂਰੀ ਤਰ੍ਹਾਂ ਸੁਚੇਤ ਕਰਕੇ ਮੰਗਾਂ ਦੀ ਲੜਾਈ ਲਈ ਤਿਆਰ ਕਰਨਾ ਚਾਹੀਦਾ।

## ਘਰ ਦੇ ਬਾਹਰੋਂ ਸਕਾਰਪਿਓ ਚੋਰੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਦੇ ਘਰ ਦੇ ਬਾਹਰੋਂ ਸਕਾਰਪਿਓ ਗੱਡੀ ਚੋਰੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪਾਰਸ ਪੁੱਤਰ ਰਾਜ ਕੁਮਾਰ ਵਾਸੀ ਮਕਾਨ ਨੰਬਰ 14, ਗਲੀ ਨੰਬਰ 1 ਖਾਲਾਸੀ ਲਾਇਨ ਫਿਰੋਜ਼ਪੁਰ ਕੈਂਟ ਨੇ ਦੱਸਿਆ ਕਿ ਉਹ ਆਪਣੇ ਭਰਾ ਦੇ ਵਿਆਹ ਦੇ ਸਬੰਧ ਵਿੱਚ ਆਪਣੇ ਦੋਸਤ ਲਖਵਿੰਦਰ ਸਿੰਘ ਵਾਸੀ ਮੁੱਦਕੀ ਦੀ ਗੱਡੀ ਸਕਾਰਪਿਓ ਐੱਨ ਨੰਬਰ ਐੱਚ ਆਰ 21 ਐੱਸ 0198 ਮਿਤੀ 4 ਜੂਨ 2026 ਦੀ ਸ਼ਾਮ ਨੂੰ ਮੰਗ ਕੇ ਲੈ ਆਇਆ ਸੀ।

ਪਾਰਸ ਨੇ ਦੱਸਿਆ ਕਿ ਉਸ ਨੇ ਸਕਾਰਪਿਓ ਗੱਡੀ ਰਾਤ 9 ਵਜੇ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜੀ ਕੀਤੀ ਸੀ ਤੇ ਸਵੇਰੇ 7 ਵਜੇ ਉੱਠ ਕੇ ਵੇਖਿਆ ਤਾਂ ਗੱਡੀ ਉੱਥੇ ਖੜੀ ਨਹੀਂ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ।

ਪਾਰਸ ਨੇ ਦੱਸਿਆ ਕਿ ਉਹ ਸਕਾਰਪਿਓ ਗੱਡੀ ਦੀ ਆਪਣੇ ਤੌਰ 'ਤੇ ਭਾਲ ਕਰਦਾ ਰਿਹਾ ਹੈ, ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਬਰਸੀ 'ਤੇ ਵਿਸ਼ੇਸ਼: ਕਾਮਰੇਡ ਅਮੋਲਕ ਸਿੰਘ ਔਲਖ ਤੇ ਉਸ ਦੇ ਛੇ ਸਾਥੀਆਂ ਨੂੰ ਚੇਤੇ ਕਰਦਿਆਂ



'ਲੋਚਦੇ ਹਾਂ ਦੋਸਤੋ, ਕੁੱਝ ਇਸ ਤਰ੍ਹਾਂ ਦੀ ਜ਼ਿੰਦਗੀ, ਸੋਚਦੇ ਹਾਂ ਦੋਸਤੋ, ਕੁੱਝ ਇਸ ਤਰ੍ਹਾਂ ਦੀ ਜ਼ਿੰਦਗੀ, ਠੱਗੀਆਂ ਨਾ ਠੋਰੇ ਹੋਣ, ਬੁੜਾਂ ਤੇ ਨਾ ਝੋਰੇ ਹੋਣ, ਹੱਕਾਂ ਲਈ ਅਵਾਜ਼ ਉਠਾਉਂਦੇ, ਜੇਲ੍ਹਾਂ ਨੂੰ ਨਾ ਤੋਰੇ ਹੋਣ।' ਕਾਮਰੇਡ ਅਮੋਲਕ ਕੌਣ ਸੀ ? ਉਹ ਕਿਹੋ ਜਿਹਾ ਸਮਾਜ ਲੋਚਦਾ ਸੀ ? ਇਨ੍ਹਾਂ ਸਵਾਲਾਂ ਦਾ ਜਵਾਬ ਉਸ ਦੀਆਂ ਲਿਖੀਆਂ ਉਪਰੋਕਤ ਸਤਰਾਂ ਤੋਂ ਸਾਫ ਝਲਕਦਾ ਹੈ।ਕਾਮਰੇਡ ਅਮੋਲਕ ਸਿੰਘ ਔਲਖ ਨੂੰ ਉਸ ਦੇ ਛੇ ਹੋਰ ਸਾਥੀਆਂ ਸਮੇਤ 7 ਜੂਨ 1991 ਨੂੰ ਪੰਜਾਬ ਦੇ ਕਾਲੇ ਦੌਰ ਦੌਰਾਨ ਦੇਸ਼ ਦੀਆਂ ਦੁਸ਼ਮਣ ਤਾਕਤਾਂ ਵੱਲੋਂ ਪਿੰਡ ਗੰਜੀ ਗੁਲਾਬ ਸਿੰਘ ਵਾਲਾ ਵਿਖੇ ਘਾਤ ਲਗਾ ਕੇ ਉਸ ਵਕਤ ਸ਼ਹੀਦ ਕਰ ਦਿੱਤਾ ਗਿਆ ਸੀ, ਜਦੋਂ ਉਹ ਪੰਜਾਬ ਵਿਧਾਨ ਸਭਾ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਵਜੋਂ ਹਲਕਾ ਪੰਜਗਰਾਈਂ ਕਲਾਂ ਤੋਂ ਚੋਣ ਲੜ ਰਿਹਾ ਸੀ।ਉਨ੍ਹਾਂ ਚੋਣਾਂ ਦੌਰਾਨ ਪੰਜਾਬ ਵਿੱਚ ਦਹਿਸ਼ਤਗਰਦੀ ਦਾ ਦੌਰ ਸਿਖ਼ਰਾਂ 'ਤੇ ਸੀ।ਵੱਖ-ਵੱਖ ਪਾਰਟੀਆਂ ਦੇ ਕਰੀਬ ਡੇਢ ਦਰਜਨ ਉਮੀਦਵਾਰਾਂ ਦੇ ਦਹਿਸ਼ਤੀ ਹਮਲਿਆਂ ਵਿੱਚ ਮਾਰ ਦਿੱਤੇ ਜਾਣ ਬਾਅਦ ਇਹ ਚੋਣਾਂ ਰੱਦ ਕਰ ਦਿੱਤੀਆਂ ਗਈਆਂ ਸਨ।ਦਹਿਸ਼ਤਗਰਦੀ ਦੀ ਵਿਚਾਰਧਾਰਾ ਨੂੰ ਰੱਦ ਕਰਨ ਤੇ ਭਾਈਚਾਰਕ ਸਾਂਝ ਦੀ ਰਾਖੀ ਲਈ ਮਿਹਨਤਕਸ਼ ਜਮਾਤ ਦੀ ਪਾਰਟੀ ਸੀ ਪੀ ਆਈ ਨੇ ਵੀ ਚੋਣਾਂ ਲੜਨ ਦਾ ਫੈਸਲਾ ਕੀਤਾ।ਆਪਣੇ ਕੀਮਤੀ ਆਗੂਆਂ ਦੀ ਕੁਰਬਾਨੀ ਦੇ ਰੂਪ ਵਿੱਚ ਇਹ ਫੈਸਲਾ ਬਹੁਤ ਮਹਿੰਗਾ ਸਾਬਿਤ ਹੋਇਆ।

ਕਾਮਰੇਡ ਅਮੋਲਕ ਸਿੰਘ ਔਲਖ ਤੇ ਉਸ ਦੇ ਛੇ ਸਾਥੀਆਂ ਦੀ ਸ਼ਹਾਦਤ ਨੂੰ ਸਲਾਮ ਕਰਨ ਲਈ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਵੱਲੋਂ ਪਿੰਡ ਔਲਖ ਵਿੱਚ ਉਨ੍ਹਾਂ ਦੀ ਯਾਦਗਾਰ 'ਤੇ ਹਰ ਸਾਲ ਪਾਰਟੀ ਵੱਲੋਂ ਸ਼ਹੀਦੀ ਸਮਾਗਮ ਤੇ ਇਨਕਲਾਬੀ ਨਾਟਕਾਂ ਦਾ ਪ੍ਰੋਗਰਾਮ ਕੀਤਾ ਜਾਂਦਾ ਹੈ।ਸੂਬੇ ਤੇ ਦੇਸ਼ ਦੇ ਮੌਜੂਦਾ ਹਾਲਾਤ ਬਾਰੇ ਪਾਰਟੀ ਦੇ ਕੌਮੀ ਤੇ ਸੂਬਾਈ ਆਗੂ ਆਪਣੇ ਵਿਚਾਰ ਪੇਸ਼ ਕਰਦੇ ਹਨ।ਜ਼ਿਕਰਯੋਗ ਹੈ ਕਿ ਕਾਮਰੇਡ ਅਮੋਲਕ ਸਿੰਘ ਔਲਖ ਦਾ ਜਨਮ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਔਲਖ ਦੇ ਖੇਤ ਮਜ਼ਦੂਰ ਭਾਈ ਜੋਧ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖ ਤੋਂ 1 ਅਪ੍ਰੈਲ 1955 ਨੂੰ ਹੋਇਆ। ਅਮੋਲਕ ਅਜੇ ਮਸਾਂ ਦਸ ਕੁ ਵਰ੍ਹੇ ਦਾ ਹੋਵੇਗਾ, ਜਦੋਂ ਉਸ ਦੇ ਪਿਤਾ ਸਦੀਵੀ ਵਿਛੋੜਾ ਦੇ ਗਏ।ਮੁਸ਼ਕਲ ਘਰੇਲੂ ਹਾਲਾਤ ਵਿੱਚ ਵੀ ਮਾਤਾ ਹਰਨਾਮ ਕੌਰ ਨੇ ਅਮੋਲਕ ਤੇ ਉਸ ਦੇ ਛੇ ਸਾਲ ਵੱਡੇ ਭਰਾ ਗੁਲਵੰਤ ਸਿੰਘ ਨੂੰ ਪੜ੍ਹਨ ਤੋਂ ਨਹੀਂ ਹਟਾਇਆ।ਸਕੂਲੀ ਪੜ੍ਹਾਈ ਦੌਰਾਨ ਮਾਸਟਰ ਦਰਸ਼ਨ ਸਿੰਘ ਔਲਖ ਤੇ ਮਾਸਟਰ ਨਿਰਭੈ ਸਿੰਘ ਦੁਆਰੇਆਣਾ ਨੇ ਅਮੋਲਕ ਨੂੰ ਅਗਾਂਹ ਵਧੂ ਸੋਚ ਨਾਲ ਜੋੜਿਆ।ਮੈਟ੍ਰਿਕ ਪਾਸ ਕਰਨ ਉਪਰੰਤ ਆਈ ਟੀ ਆਈ ਫਰੀਦਕੋਟ ਤੋਂ ਸਟੈਨੋਗ੍ਰਾਫੀ ਕੋਰਸ ਕੀਤਾ।ਸੰਨ 1972 ਦਾ ਮੋਗਾ ਗੋਲੀ ਕਾਂਡ ਨੇ ਉਸ ਦੀ ਸ਼ਖ਼ਸੀਅਤ 'ਤੇ ਬਹੁਤ ਪ੍ਰਭਾਵ ਪਾਇਆ।ਉਸ ਨੇ ਆਈ ਟੀ ਆਈ ਵਿਦਿਆਰਥੀਆਂ ਦੀ ਹੜਤਾਲ ਦੀ ਅਗਵਾਈ ਕਰਕੇ ਇਸ ਘੋਲ ਵਿੱਚ ਹਿੱਸਾ ਪਾਇਆ।ਖੇਤ ਮਜ਼ਦੂਰ ਸਭਾ ਦੇ ਕੌਮੀ ਆਗੂ ਮਰਹੂਮ ਕਾਮਰੇਡ ਰੁਲਦੂ ਖਾਨ ਦੀ ਪਾਰਖੂ ਅੱਖ ਨੇ ਅਮੋਲਕ ਵਿੱਚ ਭਵਿੱਖ ਦੇ ਆਗੂ ਦੇ ਗੁਣ ਪਛਾਣ ਲਏ ਸਨ।ਕਾਮਰੇਡ ਖਾਨ ਦੀ ਸੋਚ ਨੇ ਉਸ ਦੀ ਸ਼ਖ਼ਸੀਅਤ ਵਿੱਚ ਬਹੁਤ ਨਿਖਾਰ ਲਿਆਂਦਾ।ਉਸ ਨੇ ਜਦੋਂ ਲਾਲ ਝੰਡਾ ਚੁੱਕ ਲਿਆ, ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ।ਸੰਨ 1977 ਵਿੱਚ ਅਮੋਲਕ ਨੂੰ ਪੁਰਾਣੇ ਫਰੀਦਕੋਟ ਜ਼ਿਲ੍ਹੇ ਦੀ 'ਪੰਜਾਬ ਖੇਤ ਮਜ਼ਦੂਰ ਸਭਾ' ਦਾ ਜਨਰਲ ਸਕੱਤਰ ਚੁਣਿਆ ਗਿਆ।ਆਪਣੀ ਮਿਹਨਤ ਤੇ ਜਮਾਤੀ ਜਥੇਬੰਦੀ ਬਣਾਉਣ ਦੀ ਸੂਝ-ਬੂਝ ਸਦਕਾ ਇੱਕ ਸਮੇਂ ਜ਼ਿਲ੍ਹਾ ਫਰੀਦਕੋਟ ਦੀ ਮੈਂਬਰਸ਼ਿਪ 50,000 ਹੋ ਗਈ, ਜੋ ਸਾਰੇ ਪੰਜਾਬ ਵਿੱਚ ਇੱਕ ਨੰਬਰ ਤੇ ਸਾਰੇ ਭਾਰਤ ਵਿੱਚ ਦੂਜੇ ਨੰਬਰ 'ਤੇ ਸੀ। ਛੇਤੀ ਹੀ ਉਹ ਪਾਰਟੀ ਦੀ ਜ਼ਿਲ੍ਹਾ ਕੌਂਸਲ ਤੇ ਫਿਰ ਸੂਬਾ ਕੌਂਸਲ ਦਾ ਮੈਂਬਰ ਚੁਣੇ ਗਏ।1978 ਵਿੱਚ ਉਸ ਨੂੰ ਪੰਚਾਇਤ ਮੈਂਬਰ ਚੁਣਿਆ ਗਿਆ, ਪਰ ਉਸ ਦੀ ਕਾਬਲੀਅਤ ਕਰਕੇ ਪਿੰਡ ਵਾਸੀ ਉਸ ਨੂੰ ਸਰਪੰਚ ਤੋਂ ਵੱਧ ਪਿਆਰ ਤੇ ਸਤਿਕਾਰ ਦਿੰਦੇ ਰਹੇ।ਉਸ ਵੱਲੋਂ ਪਿੰਡ ਦੇ ਕਰਵਾਏ ਗਏ ਅਨੇਕ ਸਾਂਝੇ ਕੰਮਾਂ ਨੂੰ ਔਲਖ ਵਾਸੀ ਅੱਜ ਵੀ ਯਾਦ ਕਰਦੇ ਹਨ।

ਅਮੋਲਕ ਵੇਲੇ ਦੇ ਬਹੁਤੇ ਸਾਥੀ ਕਾਮਰੇਡ ਤੇਜਾ ਸਿੰਘ ਦੋਦਾ, ਗਿਆਨੀ ਕਰਤਾਰ ਸਿੰਘ ਸੰਤੋਸ਼, ਗੁਰਦੇਵ ਸਿੰਘ ਡੋਡ, ਮਿਤ ਸਿੰਘ ਮਚਾਕੀ, ਜੁਗਰਾਜ ਸਿੰਘ ਕਿਲਾ ਨੌ, ਸੁਰਜੀਤ ਸਿੰਘ ਢੁੱਡੀ, ਜੱਗਾ ਸਿੰਘ ਚਹਿਲ, ਬਲਵੀਰ ਸਿੰਘ ਔਲਖ ਤੇ ਲਾਲ ਸਿੰਘ ਔਲਖ ਆਪਣੀ ਅਉਧ ਪੂਰੀ ਕਰਕੇ ਸਦੀਵੀ ਵਿਛੋੜਾ ਦੇ ਗਏ ਹਨ।ਇਨ੍ਹਾਂ ਸਤਰਾਂ ਦੇ ਲੇਖਕ ਨੇ ਕਾਮਰੇਡ ਅਮੋਲਕ ਦੀ ਜ਼ਿੰਦਗੀ ਦੇ ਕਈ ਰੰਗ ਵੇਖੇ ਹਨ।ਉਸ ਨੇ ਸੰਧਵਾਂ ਧਾਗਾ ਮਿੱਲ ਦੇ 1500 ਮਜ਼ਦੂਰਾਂ ਦੀ ਲੜਾਈ ਵੀ ਲੜੀ।

ਗੋਬਿੰਦ ਰਾਮ ਵਰਗੇ ਹੰਕਾਰੇ ਐਸਐਸਪੀ ਦੀ ਮੌਜੂਦਗੀ ਵਿੱਚ 15 ਮਾਰਚ 1988 ਦੀ ਕੌਮੀ ਹੜਤਾਲ ਸਮੇਂ ਫਰੀਦਕੋਟ ਦੇ ਭਰੇ ਬਜ਼ਾਰ ਵਿੱਚ ਪੁਲਿਸ ਦੀਆਂ ਡਾਂਗਾਂ ਦਾ ਸ਼ਦਦ ਵੀ ਆਪਣੇ ਪਿੰਡੇ ਤੇ ਝੱਲਿਆ ਹੈ। ਉਸ 'ਚ ਦਲੇਰੀ ਐਨੀ ਸੀ ਕਿ ਜਦੋਂ ਜੈਤੋ ਨੇੜਲੇ ਪਿੰਡ ਸੇਵੇਵਾਲਾ ਵਿੱਚ ਦਹਿਸ਼ਤਗਰਦਾਂ ਨੇ ਰਾਤ ਨੂੰ ਨਾਟਕ ਕਰਦੇ ਸੀ ਪੀ ਆਈ ਐੱਮ ਐੱਲ ਪਾਰਟੀ ਦੇ 18 ਕਾਰਕੁੰਨਾਂ ਦਾ ਕਤਲ ਕਰਕੇ ਸਾਰੇ ਇਲਾਕੇ ਨੂੰ ਸੁੰਨ ਕਰ ਦਿੱਤਾ ਤਾਂ ਉਹ ਤੁਰੰਤ ਆਪਣੇ ਸਕਿਉਰਟੀ ਵਾਲੇ ਮੁਲਾਜ਼ਮਾਂ ਸਮੇਤ ਪੀੜਤ ਪਰਿਵਾਰਾਂ ਨੂੰ ਹੌਂਸਲਾ ਦੇਣ ਲਈ ਪਹੁੰਚ ਗਿਆ।ਕਾਮਰੇਡ ਅਮੋਲਕ ਸਿੰਘ ਔਲਖ, ਬਲਜੀਤ ਸਿੰਘ ਔਲਖ, ਲਛਮਣ ਸਿੰਘ ਔਲਖ, ਮਹਿੰਦਰ ਸਿੰਘ ਔਲਖ, ਨਛੱਤਰ ਸਿੰਘ ਕੋਟਲਾ ਰਾਇ ਕਾ, ਲਾਲ ਸਿੰਘ ਬੁੱਧ ਸਿੰਘ ਵਾਲਾ, ਮੁਖਤਿਆਰ ਸਿੰਘ ਅਰਾਈਆਂਵਾਲਾ ਕਲਾਂ, ਇਨ੍ਹਾਂ 7 ਸ਼ਹੀਦਾਂ ਨੇ ਇਕੱਠੇ ਸ਼ਹਾਦਤ ਦਾ ਜਾਮ ਪੀ ਕੇ ਉਨ੍ਹਾਂ ਸ਼ਹੀਦਾਂ ਦੀ ਲਿਸਟ ਵਿੱਚ ਆਪਣਾ ਨਾਂਅ ਦਰਜ ਕਰਵਾ ਲਿਆ, ਜੋ ਆਪਣੇ ਅਸੂਲਾਂ ਖਾਤਰ ਕੁਰਬਾਨੀ ਦੇ ਸਕਦੇ ਹਨ, ਪਰ ਖਤਰਾ ਵੇਖ ਕੇ ਗਿਰਗਿਟ ਵਾਂਗ ਰੰਗ ਨਹੀਂ ਬਦਲਦੇ।

ਆਓ, ਅੱਜ 35ਵੀਂ ਬਰਸੀ ਮੌਕੇ ਅਮੋਲਕ ਸਿੰਘ ਔਲਖ ਤੇ ਸਾਥੀਆਂ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਉਨ੍ਹਾਂ ਦੀ ਸ਼ਹਾਦਤ ਤੋਂ ਪਹਿਲਾਂ ਲਏ ਗਏ ਸੁਪਨਿਆਂ ਨੂੰ ਸਾਕਾਰ ਕਰਨ ਦਾ ਪੁਰਜ਼ੋਰ ਯਤਨ ਕਰੀਏ।

**-ਅਸ਼ੋਕ ਕੌਸ਼ਲ, ਪ੍ਰੇਮ ਚਾਵਲਾ**

## ਕਾਤਰਾਂ

### ਐੱਨ ਡੀ ਆਰ ਐੱਫ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ੍ਰੀ ਬਲਜਿੰਦਰ ਸਿੰਘ ਕਮਾਂਡੈਂਟ 7ਵੀਂ ਬਟਾਲੀਅਨ, ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਦੀ ਪ੍ਰਧਾਨਗੀ ਹੇਠ ਵਿਸ਼ਵ ਵਾਤਾਵਰਣ ਦਿਵਸ ਮੌਕੇ ਬਠਿੰਡਾ ਦੇ ਕੈਂਪ ਕੰਪਲੈਕਸ ਅਤੇ ਰੋਹਤਕ, ਪੰਚਕੂਲਾ ਤੇ ਲੁਧਿਆਣਾ ਵਿੱਚ ਫ੍ਰੰਟਿਟ ਦੇ ਬਾਹਰੀ ਸਥਾਨਾਂ 'ਤੇ ਪੌਦੇ ਲਗਾਏ ਗਏ। ਇਸ ਮੌਕੇ ਬਟਾਲੀਅਨ ਦੇ ਸਾਰੇ ਅਧਿਕਾਰੀ ਤੇ ਸੈਨਿਕ ਮੌਜੂਦ ਸਨ।ਕਮਾਂਡੈਂਟ ਸ੍ਰੀ ਬਲਜਿੰਦਰ ਸਿੰਘ ਨੇ ਕਿਹਾ ਕਿ ਵਿਸ਼ਵ ਵਾਤਾਵਰਣ ਦਿਵਸ ਦਾ ਮੁੱਖ ਉਦੇਸ਼ ਫੋਰਸ ਦੇ ਜਵਾਨਾਂ, ਉਨ੍ਹਾਂ ਦੇ ਪਰਿਵਾਰਾਂ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ।ਸਿਰਫ਼ ਰੁੱਖ ਲਗਾਉਣਾ ਕਾਫ਼ੀ ਨਹੀਂ ਹੈ, ਉਨ੍ਹਾਂ ਦੀ ਸੁਰੱਖਿਆ ਵੀ ਓਨੀ ਹੀ ਮਹੱਤਵਪੂਰਨ ਹੈ।ਜੇਕਰ ਅਸੀਂ ਇੱਕ ਸਾਫ਼, ਸੁਰੱਖਿਅਤ ਤੇ ਸੰਤੁਲਿਤ ਵਾਤਾਵਰਣ ਵਿੱਚ ਰਹਿਣਾ ਚਾਹੁੰਦੇ ਹਾਂ, ਤਾਂ ਸਾਨੂੰ ਨੂੰ ਇਕੱਠੇ ਹੋ ਕੇ ਰੁੱਖ ਲਗਾਉਣੇ ਪੈਣਗੇ ਤੇ ਵਾਤਾਵਰਣ ਸੁਰੱਖਿਆ ਵਿੱਚ ਸਰਗਰਮ ਤੇ ਨਿਰੰਤਰ ਯੋਗਦਾਨ ਪਾਵੇਗਾ।

### ਅਣਪਛਾਤਿਆਂ ਨੇ ਨੌਜਵਾਨ ਨੂੰ ਮਾਰੀਆਂ ਗੋਲੀਆਂ, ਹਾਲਤ ਗੰਭੀਰ



**ਜ਼ੀਰਾ (ਨਰਿੰਦਰ ਅਨੇਜਾ)**-ਤਹਿਸੀਲ ਜ਼ੀਰਾ ਦੇ ਪਿੰਡ ਚੂਚਕਵਿੰਡ ਵਿਖੇ ਦਿਨ ਦਿਹਾੜੇ ਕੁਝ ਅਣਪਛਾਤੇ ਹਮਲਾਵਰਾਂ ਵੱਲੋਂ ਇੱਕ ਨੌਜਵਾਨ ਨੂੰ ਗੋਲੀਆਂ ਮਾਰ ਕੇ ਗੰਭੀਰ ਰੂਪ ਵਿੱਚ ਫੱਟੜ ਕਰ ਦਿੱਤਾ ਗਿਆ ਹੈ।ਸਿਵਲ ਹਸਪਤਾਲ ਜ਼ੀਰਾ ਵਿਖੇ ਡਿਊਟੀ 'ਤੇ ਤਇਨਾਤ ਡਾਕਟਰ ਨਵਜੋਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਵਲ ਹਸਪਤਾਲ ਜ਼ੀਰਾ ਵਿਖੇ ਬਲਤੇਜ ਸਿੰਘ ਵੱਲੋਂ ਇੱਕ ਨੌਜਵਾਨ ਲਵਪ੍ਰੀਤ ਸਿੰਘ (19) ਪੁੱਤਰ ਰਣਧੀਰ ਸਿੰਘ ਵਾਸੀ ਪਿੰਡ ਚੂਚਕਵਿੰਡ ਨੂੰ ਜ਼ਖਮੀ ਹਾਲਤ ਵਿੱਚ ਲਿਆਂਦਾ ਗਿਆ, ਜਿਸ ਦੇ 2 ਗੋਲੀਆਂ ਲੱਗਣ ਦਾ ਸ਼ੱਕ ਸੀ।ਉਨ੍ਹਾਂ ਦੱਸਿਆ ਕਿ ਮਰੀਜ਼ ਦੀ ਹਾਲਤ ਗੰਭੀਰ ਹੋਣ ਕਰਕੇ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ ਹੈ।ਇਸ ਸਬੰਧ ਵਿੱਚ ਜਦੋਂ ਡੀ.ਐੱਸ.ਪੀ. ਜ਼ੀਰਾ ਜਸਪਾਲ ਸਿੰਘ ਢਿੱਲੋਂ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਤੋਂ ਇਹ ਮਾਮਲਾ ਪ੍ਰੇਮ ਸੰਬੰਧਾਂ ਦਾ ਜਾਪ ਰਿਹਾ ਹੈ, ਪਰ ਇਸ ਦੇ ਬਾਵਜੂਦ ਪੁਲਸ ਵੱਲੋਂ ਮਾਮਲੇ ਦੀ ਕਈ ਪੱਖਾਂ ਤੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

### ਗੁੱਡ ਮੌਰਨਿੰਗ ਕਲੱਬ ਵੱਲੋਂ ਨਵੇਂ ਕੌਂਸਲਰਾਂ ਦਾ ਸਨਮਾਨ ਅੱਜ

**ਕੋਟਕਪੂਰਾ (ਰਛਪਾਲ ਭੁੱਲਰ)**-ਸਮਾਜਸੇਵੀ ਸੰਸਥਾ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਨੇ ਸ਼ਹਿਰ ਦੇ 29 ਨਵੇਂ ਬਣੇ ਕੌਂਸਲਰਾਂ ਦਾ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ।ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਚੇਅਰਮੈਨ ਪੱਪੂ ਲਹੌਰੀਆ ਨੇ ਦੱਸਿਆ ਕਿ ਉਕਤ ਕੌਂਸਲਰਾਂ ਦਾ ਸਨਮਾਨ 7 ਜੂਨ ਐਤਵਾਰ ਨੂੰ ਸਵੇਰੇ ਠੀਕ 7:30 ਵਜੇ ਮਿਉਂਸਪਲ ਪਾਰਕ ਕੋਟਕਪੂਰਾ ਵਿਖੇ ਸਥਿਤ ਗੁੱਡ ਮੌਰਨਿੰਗ ਕਲੱਬ ਦੇ ਮੰਚ 'ਤੇ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਸਨਮਾਨ ਸਮਾਰੋਹ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ।ਪ੍ਰੋਜੈਕਟ ਇੰਚਾਰਜ ਸੁਰਿੰਦਰ ਸਿੰਘ ਸਦਿਉੜਾ ਤੇ ਜਨਰਲ ਸਕੱਤਰ ਪ੍ਰੋ. ਐੱਚ ਐੱਸ ਪਦਮ ਨੇ ਦੱਸਿਆ ਕਿ ਇਸ ਮੌਕੇ ਨਵੇਂ ਬਣੇ ਕੌਂਸਲਰਾਂ ਨਾਲ ਸ਼ਹਿਰ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਪਾਣੀ ਦੀ ਨਿਕਾਸੀ ਤੇ ਸਫਾਈ ਵਿਵਸਥਾ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਵਿਚਾਰ ਚਰਚਾ ਵੀ ਹੋਵੇਗੀ।

## ਸੰਤਰੀ ਤੋਂ ਖੋਹਿਆ ਸਰਕਾਰੀ ਹਥਿਆਰ ਬਰਾਮਦ, ਮੁੱਖ ਦੋਸ਼ੀ ਕਾਬੂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਪੁਲਸ ਨੇ ਪਿਛਲੇ ਦਿਨੀਂ ਪੁਰਾਣੇ ਹਰੀਕੇ ਹੈੱਡ ਪੁਲ 'ਤੇ ਸੰਤਰੀ ਦੀ ਡਿਊਟੀ ਨਿਭਾਅ ਰਹੇ ਪੀ.ਏ.ਪੀ. ਦੇ ਜਵਾਨ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਵੱਡੀ ਸਫਲਤਾ ਹਾਸਲ ਕਰਦੇ ਹੋਏ ਵਾਰਦਾਤ ਵਿੱਚ ਸ਼ਾਮਲ ਇੱਕ ਮੁੱਖ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਅਤੇ ਉਸ ਪਾਸੋਂ ਖੋਹਿਆ ਗਿਆ ਸਰਕਾਰੀ ਹਥਿਆਰ ਐੱਸ ਐੱਲ ਆਰ 7.62 ਐਮ.ਐਮ. ਵੀ ਬਰਾਮਦ ਕਰ ਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਪੁਰਾਣੇ ਹਰੀਕੇ ਹੈੱਡ ਪੁਲ 'ਤੇ ਸੰਤਰੀ ਡਿਊਟੀ ਨਿਭਾਅ ਰਹੇ ਪੰਜਾਬ ਹੋਮਗਾਰਡ ਦੇ ਜਵਾਨ 'ਤੇ ਅਣਪਛਾਤੇ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਸਰਕਾਰੀ ਹਥਿਆਰ ਖੋਹ ਲਿਆ ਸੀ ਤੇ ਦੋਸ਼ੀ ਮੌਕੇ 'ਤੇ ਫਰਾਰ ਹੋ ਗਏ ਸਨ।ਇਸ ਗੰਭੀਰ ਮਾਮਲੇ ਨੂੰ ਸੁਲਝਾਉਣ ਲਈ ਪੁਲਸ ਵੱਲੋਂ ਵਿਸ਼ੇਸ਼ ਟੀਮਾਂ ਦਾ ਗਠਨ ਕਰਕੇ ਲਗਾਤਾਰ ਜਾਂਚ ਕੀਤੀ ਜਾ ਰਹੀ ਸੀ।ਜਾਂਚ ਦੌਰਾਨ ਫਾਜ਼ਿਲਕਾ ਪੁਲਸ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਲਾਧੂਕਾ ਸੇਮ ਨਾਲੇ ਨੇੜੇ ਇੱਕ ਵਿਅਕਤੀ ਸਰਕਾਰੀ ਹਥਿਆਰ ਸਮੇਤ ਘੁੰਮ ਰਿਹਾ ਹੈ।ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਰੇਡ ਕੀਤੀ ਗਈ।ਇਸ ਦੌਰਾਨ ਸ਼ੱਕੀ ਵਿਅਕਤੀ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਪੁਲਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿੱਚ ਦੋਸ਼ੀ ਦੀ ਲੱਤ ਵਿੱਚ ਗੋਲੀ ਲੱਗੀ, ਜਿਸ ਤੋਂ ਬਾਅਦ ਉਸ ਨੂੰ ਕਾਬੂ ਕਰ ਲਿਆ ਗਿਆ।ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਦੀ ਪਹਿਚਾਣ ਸ਼ਮਸ਼ੇਰ ਸਿੰਘ ਵਾਸੀ ਮੱਖੂ ਵਜੋਂ ਹੋਈ ਹੈ।ਉਸ ਦੇ ਕਬਜ਼ੇ ਵਿੱਚੋਂ ਪੰਜਾਬ ਹੋਮਗਾਰਡ ਦੇ ਜਵਾਨ ਤੋਂ ਖੋਹਿਆ ਗਿਆ ਸਰਕਾਰੀ ਹਥਿਆਰ ਐੱਸ ਐੱਲ ਆਰ ਬਰਾਮਦ ਕਰ ਲਿਆ ਗਿਆ ਹੈ।ਜ਼ਖ਼ਮੀ ਦੋਸ਼ੀ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸੀ ਪੀ ਆਈ ਦੇ ਝੰਡੇ ਹੇਠ ਜਨਤਕ ਮੰਗਾਂ ਲਈ ਕਰਾਂਗੇ ਪੈਦਲ ਮਾਰਚ : ਕਸ਼ਯਪ

**28 ਸਤੰਬਰ ਨੂੰ ਦਿੱਲੀ 'ਚ ਹੋਵੇਗੀ ਵਿਸ਼ਾਲ ਰੈਲੀ**



**ਸਿਰਸਾ (ਸੁਰਿੰਦਰ ਪਾਲ ਸਿੰਘ)**

ਸਿਰਸਾ ਖੇਤਰ ਦੇ ਕਸਬਾ ਰਾਣੀਆਂ ਦੇ ਬਾਬਾ ਬੰਤਾ ਸਿੰਘ ਭਵਨ ਵਿਖੇ ਡਾ. ਸੁਖਦੇਵ ਸਿੰਘ ਜੰਮੂ ਦੀ ਪ੍ਰਧਾਨਗੀ ਹੇਠ ਹੋਈ ਭਾਰਤੀ ਕਮਿਊਨਿਸਟ ਪਾਰਟੀ ਦੀ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਸੂਬਾ ਪਾਰਟੀ ਸਕੱਤਰ ਕਾਮਰੇਡ ਦਰੀਆਓ ਸਿੰਘ ਕਸ਼ਯਪ ਨੇ ਕਿਹਾ ਕਿ ਸੀਪੀਆਈ ਭਾਜਪਾ ਸਰਕਾਰ ਦੀਆਂ ਫੁੱਟਪਾਊ ਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਮੁਕਾਬਲਾ ਕਰਨ ਲਈ ਅਗਸਤ ਵਿੱਚ ਪੈਦਲ ਮਾਰਚ ਕਰੇਗੀ। ਉਨ੍ਹਾਂ ਕਿਹਾ ਕਿ 28 ਸਤੰਬਰ ਨੂੰ ਦਿੱਲੀ ਵਿੱਚ ਵੱਡੀ ਰੈਲੀ ਕੀਤੀ ਜਾਵੇਗੀ। ਪੁਰਾਣੇ ਨਰੇਗਾ ਐਕਟ ਨੂੰ ਰੱਦ ਕਰਨ ਤੇ ਨਵੇਂ ਕਾਨੂੰਨ ਵਿਚਲੇ ਬਜਟ ਵਿੱਚ ਕਟੌਤੀ ਦੀ ਨਿੰਦਾ ਕਰਦੇ ਹੋਏ ਉਨ੍ਹਾਂ ਪ੍ਰਤੀ ਸਾਲ 200 ਦਿਨ ਰੁਜ਼ਗਾਰ ਤੇ 700 ਦੀ ਰੋਜ਼ਾਨਾ ਉਜ਼ਰਤ ਦੀ ਮੰਗ ਕੀਤੀ।

ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਡਾ. ਸੁਖਦੇਵ ਸਿੰਘ ਜੰਮੂ ਨੇ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ 'ਤੇ ਚਰਚਾ ਕਰਦੇ ਕਿਹਾ ਕਿ ਅਨਾਜ ਮੰਡੀ ਨੂੰ ਖਤਮ ਕਰਨ ਨਾਲ ਦੇਸ਼ ਦੀ ਖ਼ੁਰਾਕ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਉਨ੍ਹਾਂ ਕਿਸਾਨੀ 'ਤੇ ਹੋ ਰਹੇ ਕਾਰਪੋਰੇਟ ਹਮਲਿਆਂ ਸਬੰਧੀ ਵਿਸਤਾਰ ਨਾਲ ਚਰਚਾ ਕੀਤੀ। ਕਾਮਰੇਡ ਸਵਰਨ ਸਿੰਘ ਵਿਰਕ ਨੇ ਮਰਹੂਮ ਅਗਾਂਹਵਧੂ ਲੇਖਕ ਟੀਕਾ ਰਾਮ ਸਖੂੰ, ਬਲਦੇਵ ਬਖਸ਼ੀ, ਲੀਲਾ ਧਰ ਦੁਖੀ, ਹਰਭਜਨ ਸਿੰਘ ਰੇਣੂ, ਹਰਭਜਨ ਸਿੰਘ ਕੋਮਲ, ਸੁਰਿੰਦਰ ਕੋਮਲ, ਬ੍ਰਹਮ ਕੁਮਾਰ ਸਿੰਘ, ਲਲਿਤ ਕਾਰਤੀਕੇਆ, ਪੂਰਨ ਮੁਦਗਿੱਲ, ਸੁਰਿੰਦਰ ਵਿਮਲੇਸ਼, ਲੋਕ ਕਵੀ ਬਲਵੰਤ ਸਿੰਘ ਸੰਦੋਆ ਆਦਿ ਸਾਹਿਤਕਾਰਾ ਦੇ ਜੀਵਨ ਸਬੰਧੀ ਚਾਨਣਾ ਪਾਇਆ। ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ: ਹਰਵਿੰਦਰ ਸਿੰਘ ਸਿਰਸਾ ਵੱਲੋਂ ਅਜੋਕੇ ਸਮੇਂ ਵਿੱਚ ਵਿਚਾਰਧਾਰਕ ਸੰਘਰਸ਼ ਨੂੰ ਤਿੱਖਾ ਕਰਨ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਮੀਟਿੰਗ ਵਿੱਚ ਝੱਜਰ ਤੋਂ ਘੱਗਰ ਡਰੇਨ ਦੀ ਤੁਰੰਤ ਸਫਾਈ, ਬੰਨ੍ਹਾਂ ਨੂੰ ਮਜ਼ਬੂਤ ? ?ਕਰਨ ਤੇ ਝੁੰਬਿਆਂਵਾਲੀ ਲਈ ਇਸ ਦੇ ਪਾਣੀ ਨੂੰ ਚੁੱਕਣ ਤੇ ਨਾਲੀ ਵਿੱਚ ਛੱਡਣ ਦਾ ਪ੍ਰਸਤਾਵ ਪਾਸ ਕੀਤਾ ਗਿਆ।

ਮੀਟਿੰਗ ਵਿੱਚ ਪਾਰਟੀ ਸਕੱਤਰ ਕਾਮਰੇਡ ਪ੍ਰਿਤਪਾਲ ਸਿੱਧੂ, ਡਾ: ਸ਼ੇਰ ਚੰਦ, ਡਾ: ਗੁਰਪ੍ਰੀਤ ਸਿੱਧਰਾ, ਉਪ ਮੰਡਲ ਪੱਤਰਕਾਰ ਸੰਘ ਦੇ ਪ੍ਰਧਾਨ ਮਾ: ਸੁਰਿੰਦਰਪਾਲ ਸਿੰਘ, ਲਛਮਣ ਸਿੰਘ ਸ਼ੇਖਾਵਤ, ਐਡਵੋਕੇਟ ਤਿਲਕ ਰਾਜ ਵਿਨਾਇਕ, ਜਗਰੂਪ ਸਿੰਘ ਚੌਬੁਰਜ, ਬਲਰਾਜ ਸਿੰਘ ਬਣੀ, ਹਰਦੇਵ ਸਿੰਘ ਜੋਸ਼, ਮਾਤਾ ਮੂਰਤੀ ਕੌਰ, ਦਾਰਾ ਸਿੰਘ ਡੱਬਵਾਲੀ, ਮੋਹਨ ਸਿੰਘ, ਕੁਲਵੰਤ ਸਿੰਘ, ਬਾਬਾ ਬਲਵੰਤ ਸਿੰਘ, ਸ਼ਿੰਗਾਰਾ ਸਿੰਘ ਰਾਣੀਆਂ, ਰਤਨਾ ਸਿੰਘ, ਸੁਰਜੀਤ ਸਿੰਘ, ਜਸਬੀਰ ਸਿੰਘ, ਜਸਬੀਰ ਸਿੰਘ ਤੇ ਹਰਦਿਆਲ ਸਿੰਘ ਸਮੇਤ ਪਾਰਟੀ ਕਾਰਕੁਨ ਸ਼ਾਮਲ ਰਹੇ।

# ਕੇ ਕੇ ਯੂ ਵੱਲੋਂ ਬੇਰੁਜ਼ਗਾਰ ਸਹਾਇਕ ਲਾਈਨਮੈਨਾਂ 'ਤੇ ਪੁਲਸ ਤਸ਼ੱਦਦ ਦੀ ਨਿੰਦਾ

**ਲਾਠੀਚਾਰਜ ਕਰਨ ਵਾਲੇ ਪੁਲਸ ਅਧਿਕਾਰੀਆਂ 'ਤੇ ਕੀਤੇ ਜਾਣ ਪਰਚੇ : ਡਾ. ਦਰਸ਼ਨ ਪਾਲ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਨੇ ਪਟਿਆਲਾ ਵਿਖੇ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਬੇਰੁਜ਼ਗਾਰ ਸਹਾਇਕ ਲਾਈਨਮੈਨਾਂ ਉੱਤੇ ਪੰਜਾਬ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਤੇ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਡਾ. ਦਰਸ਼ਨਪਾਲ, ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਮਹਿਮਾ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਨੇ ਕਿਹਾ ਕਿ ਲੋਕਾਂ ਦੇ ਸੰਘਰਸ਼ਾਂ ਵਿਰੁੱਧ ਨਿਕਲੀ ਮੌਜੂਦਾ ਪੰਜਾਬ ਸਰਕਾਰ ਅੱਜ ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਸੁਣਨ ਦੀ ਬਜਾਏ ਉਨ੍ਹਾਂ ਦੀ ਆਵਾਜ਼ ਨੂੰ ਪੁਲਸ ਜਬਰ ਰਾਹੀਂ ਦਬਾਉਣ ਦੇ ਰਾਹ ਚੱਲ ਰਹੀ ਹੈ। ਆਗੂਆਂ ਨੇ ਕਿਹਾ ਕਿ ਪਟਿਆਲਾ ਵਿਖੇ ਪਾਵਰਕਾਮ ਦੇ ਮੁੱਖ ਦਫ਼ਤਰ ਅੱਗੇ ਬੇਰੁਜ਼ਗਾਰ ਸਹਾਇਕ ਲਾਈਨਮੈਨ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਸਨ। ਇਸ ਦੌਰਾਨ ਪੁਲਸ ਵੱਲੋਂ ਬਿਨਾਂ ਕਿਸੇ ਗੱਲਬਾਤ ਦੇ ਉਨ੍ਹਾਂ ਉੱਪਰ ਲਾਠੀਚਾਰਜ ਕੀਤਾ ਗਿਆ ਤੇ ਕਈ ਨੌਜਵਾਨਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਉਨ੍ਹਾਂ ਕਿਹਾ ਕਿ ਰੁਜ਼ਗਾਰ ਦੀ ਮੰਗ ਕਰ ਰਹੇ ਨੌਜਵਾਨਾਂ ਨਾਲ ਅਜਿਹਾ ਵਤੀਰਾ ਕਿਸੇ ਵੀ ਲੋਕਤੰਤਰੀ ਸਰਕਾਰ ਨੂੰ ਸ਼ੋਭਾ ਨਹੀਂ ਦਿੰਦਾ ਤੇ ਇਹ ਪੰਜਾਬ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਨੂੰ ਬੇਨਕਾਬ ਕਰਦਾ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ, ਠੇਕਾ ਕਰਮਚਾਰੀ, ਬੇਰੁਜ਼ਗਾਰ ਨੌਜਵਾਨ, ਕਿਸਾਨ ਤੇ ਮਜ਼ਦੂਰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਪੁਲਸ ਤੇ ਪ੍ਰਸ਼ਾਸਨ ਦੇ ਜ਼ਰੀਏ ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਰੁਝਾਨ ਲੋਕਤੰਤਰੀ ਕਦਰਾਂ ਲਈ ਖ਼ਤਰਨਾਕ ਹੈ ਤੇ ਇਸ ਨਾਲ ਲੋਕਾਂ ਵਿੱਚ ਸਰਕਾਰ ਪ੍ਰਤੀ ਰੋਸ ਵੱਧ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਬੇਰੁਜ਼ਗਾਰ ਸਹਾਇਕ ਲਾਈਨਮੈਨਾਂ 'ਤੇ ਤਸ਼ੱਦਦ ਕਰਨ ਵਾਲੇ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਤੁਰੰਤ ਪਰਚੇ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਜ਼ਖ਼ਮੀ ਹੋਏ ਨੌਜਵਾਨਾਂ ਦਾ ਸਰਕਾਰੀ ਖ਼ਰਚੇ 'ਤੇ ਇਲਾਜ ਕਰਵਾਇਆ ਜਾਵੇ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਮੰਨਿਆ ਜਾਵੇ।

# ਪੇਂਡੂ ਮਜ਼ਦੂਰ ਯੂਨੀਅਨ ਨੇ ਚਿੱਟੇ ਦੇ ਕਹਿਰ ਵਿਰੁੱਧ ਦਿੱਤਾ ਲਾਮਬੰਦੀ ਦਾ ਸੱਦਾ

**ਭਲਕੇ ਦਿੱਤਾ ਜਾਵੇਗਾ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ**



**ਜਗਰਾਉਂ (ਸੰਜੀਵ ਅਰੋੜਾ)**-ਚਿੱਟੇ ਦਾ ਭਿਆਨਕ ਨਸ਼ਾ ਨੌਜਵਾਨ ਮੁੰਡਿਆਂ ਨੂੰ ਲਗਾਤਾਰ ਆਪਣੀ ਲਪੇਟ ਵਿੱਚ ਲੈ ਕੇ ਕੁਰਾਹੇ ਪਾ ਰਿਹਾ। ਚਿੱਟੇ ਦੇ ਕਹਿਰ ਕਾਰਨ ਨੌਜਵਾਨ ਮੁੰਡੇ, ਜਿਨ੍ਹਾਂ ਆਪਣੇ ਮਾਪਿਆਂ ਦਾ ਸਹਾਰਾ ਬਣਨਾ ਸੀ, ਉਹੀ ਨੌਜਵਾਨ ਮੁੰਡੇ ਆਪਣੇ ਮਾਪਿਆਂ ਤੇ ਬੋਝ ਬਣ, ਮਾੜੇ ਕੰਮਾਂ ਦੇ ਰਾਹ ਪੈ ਰਹੇ ਹਨ। ਦਲਿਤ, ਮਜ਼ਦੂਰ ਤੇ ਛੋਟੀ ਕਿਸਾਨੀ ਆਦਿ ਵਰਗਾਂ ਨਾਲ ਸਬੰਧਤ ਚਿੱਟੇ ਦੀ ਲੱਤ ਵਿੱਚ ਫਸੇ ਨੌਜਵਾਨ-ਮੁੰਡੇ ਤਾਂ ਨਸ਼ੇ ਦੀ ਪੂਰਤੀ ਲਈ ਆਪਣੇ ਮਾਤਾ-ਪਿਤਾ ਦਾ ਮਿਹਨਤ ਨਾਲ ਬਣਾਇਆ ਘਰ ਦਾ ਸਾਮਾਨ ਆਦਿ ਵੀ ਚੋਰੀ ਕਰਕੇ ਵੇਚ ਦਿੰਦੇ ਹਨ, ਘਰ ਦੀ ਤਬਾਹੀ ਤੋਂ ਬਾਅਦ ਨਸ਼ਾ ਹੀ ਇਨ੍ਹਾਂ ਨਸ਼ੇੜੀ ਮੁੰਡਿਆਂ ਨੂੰ ਰਾਹਗੀਰਾਂ ਦੀ ਲੁੱਟ ਖੋਹ ਤੇ ਚੋਰੀਆਂ ਕਰਨ ਦੇ ਰਾਹ ਪਾਉਂਦਾ ਹੈ, ਜੋ ਆਏ ਦਿਨ ਆਪਣੇ ਮਾਂ-ਪਿਓ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਕਰਨ ਦਾ ਜ਼ਰੀਆ ਬਣਦੇ ਹਨ। ਚਿੱਟੇ ਦੀ ਭਿਆਨਕ ਅੱਗ ਤੋਂ ਨੌਜਵਾਨ ਮੁੰਡਿਆਂ ਨੂੰ ਬਚਾਉਣ ਤੇ ਜਾਗਰੂਕ ਕਰਨ ਲਈ ਅੱਜ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਅੱਜ ਮੱਲ੍ਹਾ, ਲੱਖਾਂ ਤੇ ਮਾਣੂੰਕੇ ਵਿਖੇ ਮਜ਼ਦੂਰਾਂ ਬਸਤੀਆਂ ਵਿੱਚ ਮੀਟਿੰਗਾਂ ਕਰਕੇ ਚਿੱਟੇ ਤੋਂ ਨੌਜਵਾਨੀ ਨੂੰ ਬਚਾਉਣ, ਚਿੱਟਾ ਪੀਣ ਵਾਲਿਆਂ ਦੇ ਇਲਾਜ ਤੇ ਚਿੱਟੇ ਕਾਰਨ ਮਰਨ ਵਾਲੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਤੇ ਚਿੱਟੇ ਦੇ ਭਿਆਨਕ ਨਸ਼ੇ 'ਤੇ ਪੂਰਨ ਰੋਕ ਲਾਉਣ ਆਦਿ ਮੰਗਾਂ ਨੂੰ ਲੈ ਕੇ ਸਮੂਹ ਲੋਕਾਂ ਨੂੰ ਇੱਕਤਰ ਹੋ ਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਐੱਸਡੀਐੱਮ ਨੂੰ ਮੰਗ ਪੱਤਰ ਦੇਣ ਲਈ 8 ਜੂਨ ਨੂੰ ਜਗਰਾਉਂ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਜਥੇਬੰਦੀ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਤੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਨੇ ਕਿਹਾ ਕਿ ਇਸ ਭਿਅੰਕਰ ਨਸ਼ੇ ਵਿਰੁੱਧ ਆਮ ਲੋਕਾਂ ਨੂੰ ਨਾਲ ਲੈ ਕੇ ਲੰਬੇ ਸੰਘਰਸ਼ ਕਰਨ ਦੀ ਅਹਿਮ ਜ਼ਰੂਰਤ ਹੈ। ਇਸ ਮੌਕੇ ਗੁਰਮੀਤ ਸਿੰਘ ਮੱਲਾ, ਡਾਕਟਰ ਪਾਲ ਸਿੰਘ, ਪਰਮਜੀਤ ਸਿੰਘ, ਜੋਗਿੰਦਰ ਸਿੰਘ, ਨਿਰਮਲ ਸਿੰਘ, ਜਗਤਾਰ ਸਿੰਘ ਨੇ ਕਿਹਾ ਕਿ ਨਸ਼ਿਆਂ ਦਾ ਮੁੱਖ ਕਾਰਨ ਬੇਚੈਨੀ ਹੈ। ਬੇਚੈਨੀ ਬੇਰੁਜ਼ਗਾਰੀ ਦੀ ਦੇਣ ਹੈ ਇਸ ਲਈ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ।

## ਡੀਪੂ ਤੋਂ ਕਣਕ ਲੈਣ ਗਈ ਬਜ਼ੁਰਗ ਵਿਧਵਾ ਦੀਆਂ ਲੁੱਟੀਆਂ ਵਾਲ਼ੀਆਂ

**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਇੱਕ ਅਨੋਖੀ ਲੁੱਟ ਦੀ ਘਟਨਾ ਸਾਹਮਣੇ ਆਈ ਹੈ, ਜਿੱਥੇ ਰਾਸ਼ਨ ਡੀਪੂ ਤੋਂ ਕਣਕ ਲੈਣ ਆਈ ਇੱਕ ਬਜ਼ੁਰਗ ਵਿਧਵਾ ਦੀਆਂ ਇੱਕ ਮੋਟਰਸਾਈਕਲ ਸਵਾਰ ਲੁਟੇਰਾ ਕੰਨਾਂ ਦੀਆਂ ਬਾਲ਼ੀਆਂ ਲੁੱਟ ਕੇ ਫਰਾਰ ਹੋ ਗਿਆ। ਜਾਣਕਾਰੀ ਦਿੰਦਿਆਂ ਪੀੜਤ ਮਹਿਲਾ ਕਾਂਤਾ ਰਾਣੀ ਨੇ ਦੱਸਿਆ ਕਿ ਉਹ ਆਪਣੇ ਸਮੇਤ ਇੱਕ ਹੋਰ ਮਹਿਲਾ ਨਾਲ ਰਾਸ਼ਨ ਡੀਪੂ 'ਤੇ ਕਣਕ ਲੈਣ ਗਈਆਂ ਸਨ ਅਤੇ ਕਣਕ ਲੈ ਕੇ ਜਦੋਂ ਉਹ ਡੀਪੂ ਤੋਂ ਬਾਹਰ ਨਿਕਲੀਆਂ ਤਾਂ ਡੀਪੂ ਤੋਂ ਪ੍ਰਾਪਤ ਕੀਤੀ ਕਣਕ ਨੂੰ ਘਰ ਪਹੁੰਚਾਉਣ ਲਈ ਰਿਕਸ਼ੇ ਦਾ ਇੰਤਜ਼ਾਮ ਕਰਨ ਲੱਗੀਆਂ। ਕਣਕ ਨੂੰ ਰਿਕਸ਼ੇ ਵਿੱਚ ਲਦਾ ਕੇ ਜਦੋਂ ਉਹ ਅੱਗੇ ਵਧੀਆਂ ਤਾਂ ਇੱਕ ਮੋਟਰਸਾਈਕਲ ਸਵਾਰ ਲੁਟੇਰਾ ਉਕਤ ਪੀੜਤ ਬਜ਼ੁਰਗ ਮਹਿਲਾ ਪਾਸ ਆ ਕੇ ਉਸ ਦੇ ਪੈਰੀਂ ਹੱਥ ਲਗਾ ਕੇ ਕਹਿੰਦਾ ਹੈ ਕਿ 'ਮਾਤਾ, ਆ ਜਾਓ, ਕਣਕ ਰਿਕਸ਼ੇ ਵਾਲਾ ਲੈ ਜਾਂਦਾ ਹੈ ਤੇ ਮੈਂ ਤੁਹਾਨੂੰ ਘਰ ਛੱਡ ਦਿੰਦਾ ਹਾਂ।' ਮਾਤਾ ਭਰੋਸਾ ਕਰਕੇ ਉਕਤ ਲੁਟੇਰੇ ਦੇ ਪਿੱਛੇ ਬੈਠ ਜਾਂਦੀ ਹੈ ਤੇ ਜਦੋਂ ਉਹ ਮੋਟਰਸਾਈਕਲ ਸਵਾਰ ਆਪਣਾ ਮੋਟਰਸਾਈਕਲ ਗੀਤਾ ਭਵਨ ਰੋਡ ਨੂੰ ਮੋੜਦਾ ਹੈ ਤਾਂ ਬਜ਼ੁਰਗ ਮਹਿਲਾ ਆਖਦੀ ਹੈ ਕਿ ਉਸ ਦਾ ਘਰ ਤਾਂ ਦਸਮੇਸ਼ ਨਗਰ ਵਿੱਚ ਹੈ, ਤੂੰ ਇੱਧਰ ਕਿੱਧਰ ਲੈ ਕੇ ਜਾ ਰਿਹਾ ਐਂ। ਸ਼ਾਤਰ ਲੁਟੇਰਾ ਮੋਟਰਸਾਈਕਲ ਤੇਜ਼ ਕਰਕੇ ਪੀੜਤਾ ਨੂੰ ਸਿਵਲ ਹਸਪਤਾਲ ਨਜ਼ਦੀਕ ਇੱਕ ਕਾਲਜ ਦੇ ਮਗਰ ਖੇਤਾਂ ਵਿੱਚ ਲੈ ਜਾਂਦਾ ਹੈ, ਜਿੱਥੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਾ ਹੋਇਆ ਉਸ ਦੀਆਂ ਬਾਲ਼ੀਆਂ ਲੁੱਟ ਕੇ ਫਰਾਰ ਹੋ ਜਾਂਦਾ ਹੈ। ਇਸ ਤੋਂ ਬਾਅਦ ਮਾਤਾ ਆਪਣੇ ਆਂਢ ਗੁਆਂਢ ਨਾਲ ਸੰਪਰਕ ਕਰਕੇ ਆਪਣੇ ਘਰ ਪਹੁੰਚਦੀ ਹੈ, ਜਿੱਥੇ ਉਹ ਇਕੱਲੀ ਹੀ ਰਹਿੰਦੀ ਹੈ, ਜਿਸ ਦੀ ਰੋਟੀ ਦਾ ਗੁਜ਼ਾਰਾ ਆਂਢ ਗੁਆਂਢ ਪਾਸੋਂ ਹੀ ਹੁੰਦਾ ਹੈ। ਇਸ ਘਟਨਾ ਨੂੰ ਲੈ ਕੇ ਪੀੜਤ ਮਹਿਲਾ ਵੱਲੋਂ ਥਾਣਾ ਭਗਤਾ ਦੀ ਪੁਲਸ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਇਸ ਘਟਨਾ ਨੂੰ ਲੈ ਕੇ ਸ਼ਹਿਰ ਵਾਸੀਆਂ ਵਿੱਚ ਸਹਿਮ ਤੇ ਰੋਸ ਦਾ ਮਾਹੌਲ ਹੈ।



# ਸੇਵਾ ਕੇਂਦਰਾਂ 'ਚ ਹੜਤਾਲ ਕਾਰਨ ਲੋਕ ਹੋ ਰਹੇ ਨੇ ਖੱਜਲ-ਖੁਆਰ, ਸਰਕਾਰ ਮੰਗਾਂ ਤੁਰੰਤ ਮੰਨੇ : ਐਡਵੋਕੇਟ ਖੇੜੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੇਵਾ ਕੇਂਦਰਾਂ ਦੇ ਕਰਮਚਾਰੀਆਂ ਵੱਲੋਂ ਆਪਣੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਪਿਛਲੇ ਦਸ ਦਿਨਾਂ ਤੋਂ ਕੀਤੀ ਜਾ ਰਹੀ ਹੜਤਾਲ ਕਾਰਨ ਆਮ ਲੋਕਾਂ ਨੂੰ ਭਾਰੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸੇਵਾ ਕੇਂਦਰਾਂ ਦੇ ਕੰਮ ਕਾਜ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਜਨਮ ਸਰਟੀਫਿਕੇਟ, ਮੌਤ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਫੈਮਿਲੀ ਆਈਡੀ ਨਾਲ ਸਬੰਧਤ ਕੰਮ, ਜ਼ਮੀਨੀ ਰਿਕਾਰਡ, ਵੱਖ-ਵੱਖ ਤਰ੍ਹਾਂ ਦੇ ਹਲਫ਼ਨਾਮੇ ਤੇ ਹੋਰ ਸਰਕਾਰੀ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਨਾਲ ਪਿੰਡਾਂ ਤੇ ਕਸਬਿਆਂ ਦੇ ਲੋਕ ਰੋਜ਼ਾਨਾ ਖੱਜਲ-ਖੁਆਰ ਹੋ ਰਹੇ ਹਨ।ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਦੀ ਅਗਵਾਈ ਹੇਠ ਮਹਿਲ ਕਲਾਂ ਦੇ ਛੀਨੀਵਾਲ ਕਲਾਂ ਰੋਡ ਸਥਿਤ ਸੇਵਾ ਕੇਂਦਰ ਅੱਗੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਘਰ-ਘਰ ਸਰਕਾਰੀ ਸੇਵਾਵਾਂ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੇ ਦਾਅਵੇ ਤਾਂ ਕਰਦੀ ਹੈ, ਪਰ ਹਕੀਕਤ ਇਹ ਹੈ ਕਿ ਹੜਤਾਲ ਕਾਰਨ ਵੱਡੀ ਗਿਣਤੀ 'ਚ ਲੋਕ ਆਪਣੇ ਜ਼ਰੂਰੀ ਦਸਤਾਵੇਜ਼ ਬਣਵਾਉਣ ਲਈ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹਨ।ਐਡਵੋਕੇਟ ਖੇੜੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪਾਂ ਤੇ ਦਾਖਲਿਆਂ ਲਈ ਲੋੜੀਂਦੇ ਸਰਟੀਫਿਕੇਟ ਨਹੀਂ ਮਿਲ ਰਹੇ, ਬਜ਼ੁਰਗਾਂ ਦੀਆਂ ਪੈਨਸ਼ਨਾਂ ਨਾਲ ਸਬੰਧਤ ਕੰਮ ਰੁਕੇ ਹੋਏ ਹਨ, ਜਦਕਿ ਆਮ ਲੋਕਾਂ ਦੇ ਰੋਜ਼ਾਨਾ ਦੇ ਕਈ ਕੰਮ ਅਧੂਰੇ ਪਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੇਵਾ ਕੇਂਦਰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਤੁਰੰਤ ਹੱਲ ਕਰਕੇ ਸੇਵਾ ਕੇਂਦਰ ਮੁੜ ਚਾਲੂ ਕਰਵਾਉਣੇ ਚਾਹੀਦੇ ਹਨ, ਤਾਂ ਜੋ ਲੋਕਾਂ ਦੀ ਖੱਜਲ-ਖੁਆਰੀ ਖਤਮ ਹੋ ਸਕੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦ ਕੋਈ ਠੋਸ ਕਦਮ ਨਾ ਚੁੱਕਿਆ ਤਾਂ ਲੋਕਾਂ 'ਚ ਰੋਹ ਹੋਰ ਵਧੇਗਾ।ਇਸ ਮੌਕੇ ਅਵਤਾਰ ਸਿੰਘ, ਦਰਸ਼ਨ ਸਿੰਘ ਚੁਹਾਣਕੇ, ਦਿਲਾਵਰ ਸਿੰਘ ਹਮੀਦੀ ਨੇ ਵੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਸੇਵਾ ਕੇਂਦਰ ਕਰਮਚਾਰੀਆਂ ਦੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਕੇ ਠੱਪ ਪਏ ਸੇਵਾ ਕੇਂਦਰਾਂ ਨੂੰ ਮੁੜ ਚਾਲੂ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਪ੍ਰੇਸ਼ਾਨੀ ਦੂਰ ਹੋ ਸਕੇ।

# ਕੇ ਕੇ ਯੂ ਵੱਲੋਂ ਐੱਸ ਡੀ ਐੱਮ ਦੇ ਦਫ਼ਤਰ ਅੱਗੇ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੰਘੀ ਪਿਛਲੀ 11 ਮਈ ਨੂੰ ਬਲਾਕ ਨਿਹਾਲ ਸਿੰਘ ਵਾਲਾ ਦੇ ਪਿੰਡਾਂ 'ਚ ਬੇ-ਮੌਸਮੀ ਬਰਸਾਤ ਤੇ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਮੱਕੀ, ਮੂੰਗੀ, ਪੋਦੀਨਾ ਤੇ ਸਬਜ਼ੀਆਂ ਦੀ ਫ਼ਸਲ ਪੂਰਨ ਤੌਰ 'ਤੇ ਤਬਾਹ ਹੋਣ ਕਾਰਨ ਫ਼ਸਲਾਂ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਐੱਸ ਡੀ ਐੱਮ ਨਿਹਾਲ ਸਿੰਘ ਵਾਲਾ ਦੇ ਦਫ਼ਤਰ ਅੱਗੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਧਰਨਾ ਲਗਾਇਆ ਗਿਆ।ਇਸ ਬੇ-ਮੌਸਮੀ ਬਰਸਾਤ ਤੇ ਗੜੇਮਾਰੀ ਨੇ ਬਲਾਕ ਨਿਹਾਲ ਸਿੰਘ ਵਾਲਾ ਦੇ ਪਿੰਡਾਂ 'ਚ ਕਿਸਾਨਾਂ ਦੀ 100% ਫ਼ਸਲ ਤਬਾਹ ਕਰ ਦਿੱਤੀ ਸੀ, ਜਿਸ ਕਾਰਨ ਕਿਸਾਨ ਵੱਡੀ ਨਮੋਸ਼ੀ ਦਾ ਸਾਹਮਣੇ ਕਰ ਰਹੇ ਹਨ।ਮੌਸਮ ਦੀ ਖਰਾਬੀ ਕਾਰਨ ਪਿਛਲੇ ਸਾਲ ਪਹਿਲਾਂ ਝੋਨੇ ਦੀ ਫ਼ਸਲ ਦਾ ਝਾੜ ਘੱਟ ਨਿਕਲਿਆ ਤੇ ਉਸ ਤੋਂ ਬਾਅਦ ਆਲੂਆਂ ਦੀ ਫ਼ਸਲ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਹੋਇਆ ਕਿਸਾਨ ਤੇ ਤੀਜੀ ਫ਼ਸਲ ਗੜੇਮਾਰੀ ਦਾ ਸ਼ਿਕਾਰ ਹੋ ਗਈ।ਇਸ ਗੜੇਮਾਰੀ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ।ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਫ਼ਸਲਾਂ ਦਾ ਸਰਕਾਰੀ ਤੌਰ 'ਤੇ ਬੀਮਾਂ ਕਰਨਾ ਚਾਹੀਦਾ ਹੈ, ਜਿਸ ਨਾਲ ਕਿਸਾਨਾਂ ਦੀਆਂ ਫ਼ਸਲਾਂ ਦੀ ਭਰਪਾਈ ਹੋ ਸਕੇ ਤਾਂ ਜੋ ਕਿਸਾਨਾਂ ਦੀ ਫ਼ਸਲ ਬੀਮਾ ਪਾਲਸੀ ਤਹਿਤ ਸਰੱਖਿਅਤ ਹੋ ਸਕੇ, ਪ੍ਰੰਤੂ ਅੱਜ ਸਰਕਾਰ ਨੂੰ ਕਿਸਾਨਾਂ ਦੀਆਂ ਗੜੇਮਾਰੀ ਨਾਲ ਤਬਾਹ ਹੋਈਆਂ ਫ਼ਸਲਾਂ ਦਾ ਤੁਰੰਤ ਮੁਆਵਜ਼ਾ ਦੇਣਾ ਚਾਹੀਦਾ ਹੈ।ਇਸ ਗੜੇਮਾਰੀ ਦੀ ਲਪੇਟ ਵਿੱਚ ਆਏ ਪਿੰਡ ਜਿਵੇਂ ਮਾਛੀਕੇ, ਬਿਲਾਸਪੁਰ, ਲੁਹਾਰਾ, ਤਖਤੂਪੁਰਾ, ਬੌਡੇ, ਨੰਗਲ, ਬੀੜ ਬੱਧਨੀ, ਬੱਧਨੀ ਕਲਾਂ, ਲੋਪੋ, ਰਣੀਆਂ, ਮੀਨੀਆਂ, ਰਾਮਾ ਤੇ ਕੁੱਸਾ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਏ ਹਨ।ਕਈ ਪਿੰਡਾਂ ਵਿੱਚ ਇਸ ਤੂਫ਼ਾਨ ਕਾਰਨ ਕਈ ਘਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ।ਇਨ੍ਹਾਂ ਪਿੰਡਾਂ ਵਿੱਚ ਵੱਡੀ ਪੱਧਰ 'ਤੇ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋਈਆਂ ਹਨ।ਕਿਰਤੀ ਕਿਸਾਨ ਯੂਨੀਅਨ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਗੜੇਮਾਰੀ ਤੇ ਤੂਫ਼ਾਨ ਕਾਰਨ ਤਬਾਹ ਹੋਈਆਂ ਫ਼ਸਲਾਂ ਤੇ ਨੁਕਸਾਨੇ ਘਰਾਂ ਦਾ ਪੂਰਾ ਮੁਆਵਜ਼ਾ ਤੁਰੰਤ ਦੇਵੇ।ਇਸ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੇ ਵਫ਼ਦ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ ਗਿਆ ਤੇ ਉਪਰੰਤ ਐੱਮ.ਐੱਲ.ਏ. ਮਨਜੀਤ ਬਿਲਾਸਪੁਰ ਨਾਲ ਮੀਟਿੰਗ ਕੀਤੀ ਗਈ ਤੇ ਖੇਤੀਬਾੜੀ ਮੰਤਰੀ ਨਾਲ ਮੀਟਿੰਗ ਕਰਵਾਉਣ ਦੀ ਜ਼ਿੰਮੇਵਾਰੀ ਲਈ।ਜੇਕਰ ਪੰਜਾਬ ਸਰਕਾਰ ਮੁਆਵਜ਼ਾ ਦੇਣ ਵਿੱਚ ਅੰਨਾ-ਕਾਨੀ ਕਰਦੀ ਹੈ ਤਾਂ ਕਿਰਤੀ ਕਿਸਾਨ ਯੂਨੀਅਨ ਵੱਲੋਂ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਲਈ ਸੰਘਰਸ਼ ਦੀ ਰੂਪ-ਰੇਖਾ ਨੂੰ ਤਿੱਖਾ ਕੀਤਾ ਜਾਵੇਗਾ ਤੇ ਮੁਆਵਜ਼ਾ ਕਿਸਾਨਾਂ ਦੇ ਖਾਤਿਆਂ ਵਿੱਚ ਪਾਉਣ ਤੱਕ ਸੰਘਰਸ਼ ਲੜਿਆ ਜਾਵੇਗਾ।ਇਸ ਧਰਨੇ-ਪ੍ਰਦਰਸ਼ਨ 'ਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਸੂਬਾ ਆਗੂ ਚਮਕੌਰ ਸਿੰਘ ਰੋਡੇ ਖੁਰਦ, ਬਲਾਕ ਆਗੂ ਚਮਕੌਰ ਸਿੰਘ ਢੁੱਡੀਕੇ, ਬਲਾਕ ਆਗੂ ਅਵਤਾਰ ਸਿੰਘ ਡਾਲਾ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਜਗਤਾਰ ਸਿੰਘ ਰਾਮਾ, ਜ਼ਿਲ੍ਹਾ ਆਗੂ ਤੇ ਬਲਾਕ ਸਰਪ੍ਰਸਤ ਨਾਜ਼ਰ ਸਿੰਘ ਖਾਈ, ਨੰਬਰਦਾਰ ਯੂਨੀਅਨ ਦੇ ਜਗਜੀਤ ਸਿੰਘ ਖਾਈ, ਬਲਾਕ ਪ੍ਰਧਾਨ ਬੂਟਾ ਸਿੰਘ ਤਖਾਣਵੱਧ, ਜ਼ਿਲ੍ਹਾ ਆਗੂ ਤੇ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਬਲਾਕ ਆਗੂ ਜਗਸੀਰ ਸਿੰਘ ਮਾਛੀਕੇ, ਬਲਾਕ ਜਨਰਲ ਸਕੱਤਰ ਅਵਤਾਰ ਸਿੰਘ ਖਾਈ, ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾਘਰ, ਬਲਾਕ ਆਗੂ ਜਗਦੀਪ ਸਿੰਘ ਦੌਧਰ ਫੋਰਮੈਨ, ਕਰਨੈਲ ਸਿੰਘ ਫੌਜੀ ਬੱਧਨੀ ਕਲਾਂ ਨੇ ਸੰਬੋਧਨ ਕੀਤਾ।

## ਹਰਪਾਲ ਸਿੰਘ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਈ ਐੱਸ ਆਈ ਹਸਪਤਾਲ ਨੂੰ ਸੌਂਪਿਆ



**ਲੁਧਿਆਣਾ (ਰੈਕਟਰ ਕਥੂਰੀਆ, ਸਤੀਸ਼ ਸੱਚਦੇਵਾ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਡਾਕਟਰੀ ਖੋਜ ਕਾਰਜਾਂ ਲਈ ਮ੍ਰਿਤਕ ਸਰੀਰ ਹਸਪਤਾਲਾਂ ਨੂੰ ਦੇਣ ਲਈ ਸ਼ੁਰੂ ਕੀਤੀ ਮੁਹਿੰਮ ਲੋਕਾਂ ਨੂੰ ਕਈ ਅੰਧਵਿਸ਼ਵਾਸਾਂ ਤੇ ਬੇਲੋੜੀਆਂ ਰਸਮਾਂ 'ਚੋਂ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਆ ਰਹੀ ਹੈ।ਬੀਤੇ ਕੱਲ੍ਹ ਤਰਕਸ਼ੀਲ ਆਗੂ ਮੋਹਨ ਬਡਲਾ ਤੇ ਉਸ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਸ੍ਰ. ਹਰਪਾਲ ਸਿੰਘ ਦੀ ਮੌਤ ਉਪਰੰਤ ਉਨ੍ਹਾਂ ਦਾ ਮ੍ਰਿਤਕ ਸਰੀਰ ਈ ਐੱਸ ਆਈ ਹਸਪਤਾਲ ਲੁਧਿਆਣਾ ਤੇ ਅੱਖਾਂ ਪੁਨਰ ਜੋਤ ਆਈ ਹਸਪਤਾਲ ਡਾ. ਰਮੇਸ਼ ਨੂੰ ਲੋੜਵੰਦ ਮਰੀਜ਼ਾਂ ਲਈ ਦਿੱਤੀਆਂ ਗਈਆਂ।ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਲੁਧਿਆਣਾ ਜ਼ੋਨ ਮੁਖੀ ਜਸਵੰਤ ਜ਼ੀਰਖ ਨੇ ਬਡਲਾ ਪਰਿਵਾਰ ਤੇ ਹਸਪਤਾਲ ਵਿੱਚ ਡਾਕਟਰ ਵਿਸ਼ਾਲੀ ਗਾਂਧੀ ਤੇ ਉਨ੍ਹਾਂ ਦੀ ਟੀਮ ਸਮੇਤ ਹਾਜ਼ਰ ਸਟਾਫ ਤੇ ਮਲੇਰਕੋਟਲਾ ਤਰਕਸ਼ੀਲ ਇਕਾਈ ਮੈਂਬਰਾਂ ਦੀ ਪ੍ਰਸੰਸਾ ਕਰਦਿਆਂ ਤਰਕਸ਼ੀਲ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਸਪੱਸ਼ਟ ਕੀਤਾ ਕਿ ਧਾਰਮਾਂ ਦੇ ਪੁਜਾਰੀ ਵਰਗ ਵੱਲੋਂ ਮਨੁੱਖ ਦੇ ਮਰਨ ਉਪਰੰਤ ਨਰਕਾਂ, ਸਵਰਗਾਂ, ਧਰਮਰਾਜ ਤੇ ਅਨੇਕਾਂ ਅੰਧਵਿਸ਼ਵਾਸੀ ਕਰਮਾਂ ਕਾਂਡਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਕੇ ਕੀਤੀਆਂ ਜਾਣ ਵਾਲੀਆਂ ਰਸਮਾਂ ਵਿੱਚ ਉਲਝਾ ਕੇ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਹਨ।ਲੋਕਾਂ ਨੂੰ ਇਨ੍ਹਾਂ ਬਾਰੇ ਵਿਗਿਆਨਕ ਨਜ਼ਰੀਆ ਅਪਣਾਉਂਦਿਆਂ ਅਜਿਹੇ ਬੇਲੋੜੇ ਖ਼ਰਚਿਆਂ ਤੇ ਅੰਧਵਿਸ਼ਵਾਸੀ ਵਿਚਾਰਾਂ ਤੋਂ ਮੁਕਤ ਹੋ ਕੇ ਇਸੇ ਧਰਤੀ ਉੱਪਰ ਸਵਰਗ ਉਸਾਰਨ ਵੱਲ ਵਧਣ ਦੀ ਲੋੜ ਹੈ।ਇਸ ਸਮੇਂ ਮਲੇਰਕੋਟਲਾ ਇਕਾਈ ਵੱਲੋਂ ਮਾ. ਮੇਜਰ ਸਿੰਘ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਮਲੇਰਕੋਟਲਾ ਇਕਾਈ ਦੇ ਮੁਖੀ ਪੂਰਨ ਸਿੰਘ, ਜਗਜੀਤ ਸਿੰਘ ਸਮੇਤ ਹੋਰ ਕਈ ਮੈਂਬਰ ਸ਼ਾਮਲ ਸਨ।ਲੁਧਿਆਣਾ ਜ਼ੋਨ ਦੇ ਵਿੱਤ ਮੁਖੀ ਧਰਮ ਪਾਲ ਤੇ ਸਤੀਸ਼ ਸੱਚਦੇਵਾ ਸਮੇਤ ਪਰਿਵਾਰਕ ਮੈਂਬਰ ਹਾਜ਼ਰ ਸਨ।

## ਰਜਿੰਦਰ ਸਿੰਘ ਨੇ ਬੀ ਡੀ ਪੀ ਓ ਦਾ ਚਾਰਜ ਸੰਭਾਲਿਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਵੇਂ ਆਏ ਬੀ ਡੀ ਪੀ ਓ ਰਜਿੰਦਰ ਸਿੰਘ ਨੇ ਬੀ ਡੀ ਪੀ ਓ ਦਫ਼ਤਰ ਮਹਿਲ ਕਲਾਂ ਵਿਖੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ।ਇਸ ਉਪਰੰਤ ਉਨ੍ਹਾਂ ਬਲਾਕ ਦੇ ਵਿਕਾਸ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ।ਬੀ ਡੀ ਪੀ ਓ ਰਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਬਲਾਕ ਮਹਿਲ ਕਲਾਂ ਅਧੀਨ ਆਉਂਦੇ 54 ਪਿੰਡਾਂ ਵਿੱਚ ਚੱਲ ਰਹੇ ਤੇ ਅਧੂਰੇ ਪਏ ਵਿਕਾਸ ਕਾਰਜਾਂ ਦੀ ਸਮੀਖਿਆ ਕਰਕੇ ਉਨ੍ਹਾਂ ਨੂੰ ਜਲਦ ਮੁਕੰਮਲ ਕਰਵਾਉਣ ਲਈ ਗ੍ਰਾਮ ਪੰਚਾਇਤਾਂ ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਸਮੂਹ ਗ੍ਰਾਮ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦੇ ਸਹਿਯੋਗ ਨਾਲ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਮਿਲਜੁਲ ਕੇ ਕੰਮ ਕੀਤਾ ਜਾਵੇ।ਇਸ ਮੌਕੇ ਗੁਰਪ੍ਰੀਤ ਕੌਰ ਸੇਖਾ ਦੀ ਅਗਵਾਈ ਹੇਠ ਸਮੂਹ ਸਟਾਫ ਵੱਲੋਂ ਨਵੇਂ ਬੀ ਡੀ ਪੀ ਓ ਰਜਿੰਦਰ ਸਿੰਘ ਦਾ ਨਿੱਘਾ ਸਵਾਗਤ ਕੀਤਾ ਗਿਆ।ਇਸ ਦੌਰਾਨ ਲੇਖਾਕਾਰ ਅਮਰਜੀਤ ਕੌਰ, ਪੰਚਾਇਤ ਸਕੱਤਰ ਗੁਰਦੀਪ ਸਿੰਘ, ਸੈਕਟਰੀ ਸੁਖਦੀਪ ਸਿੰਘ, ਜੇ. ਈ. ਨਰਪਿੰਦਰ ਸਿੰਘ, ਜੇ. ਈ. ਵਰਿੰਦਰ ਸਿੰਘ, ਮਨਰੇਗਾ ਏ.ਪੀ.ਓ. ਰਮਨਦੀਪ ਕੌਰ, ਜੇ. ਈ. ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਲਿਬਰੇਸ਼ਨ ਤੇ ਆਰ ਐੱਮ ਪੀ ਆਈ ਕਰੇਗੀ ਲੁਧਿਆਣਾ 'ਚ ਸਾਂਝੀ ਕਨਵੈਨਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**

ਦੇਸ਼ 'ਚ ਵੱਧ ਰਿਹਾ ਫਾਸ਼ੀਵਾਦੀ ਤੇ ਦੇਸ਼ ਦੀ ਸੰਮਤੀ ਨੂੰ ਨਿੱਜੀ ਹੱਥਾਂ ਦੇ ਹਵਾਲੇ ਕਰਨ, ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵੱਲ ਧੱਕਣ, ਦੇਸ਼ ਦੇ ਲੋਕਾਂ ਦੇ ਅਧਿਕਾਰਾਂ ਨੂੰ ਖਤਮ ਕਰਨ ਤੇ ਪੰਜਾਬ ਦੇ ਅਧਿਕਾਰਾਂ ਨੂੰ ਮੋਦੀ ਸਰਕਾਰ ਆਪਣੇ ਹੱਥ ਵਿੱਚ ਲੈਣ ਦੇ ਵਿਰੋਧ 'ਚ ਦੋਵੇਂ ਪਾਰਟੀਆਂ ਵੱਲੋਂ ਸਾਂਝੀ ਲੁਧਿਆਣਾ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕੰਟਰੋਲ ਕਮਿਸ਼ਨ ਦੇ ਆਗੂ ਕਾਮਰੇਡ ਨਛੱਤਰ ਸਿੰਘ ਖੀਵਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰਪਾਲ ਸ਼ਰਮਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੁਣ ਖੁੱਲ੍ਹੇਆਮ ਨਿੱਜੀਕਰਨ ਦੀ ਨੀਤੀ 'ਤੇ ਚਲਦਿਆਂ ਹੁਣ ਕੰਪਨੀ ਰਾਜ ਚਲਾ ਦਿੱਤਾ। ਇਸ ਕੰਪਨੀ ਦੇ ਰਾਜ ਨਾਲ ਕਿਰਤ ਕਾਨੂੰਨਾਂ 'ਚ ਸੋਧਾਂ ਕੀਤੀਆਂ ਭਾਰਤੀ ਫੌਜ ਦੀ ਭਰਤੀ ਦੀ ਨੀਤੀ ਬਦਲ ਦਿੱਤੀ ਦੇਸ਼ ਦੀ ਸੰਪਤੀ ਨਿੱਜੀ ਹੱਥਾਂ ਵਿੱਚ ਦਿੱਤੀ ਜਾ ਰਹੀ ਹੈ, ਹੁਣ ਮੋਦੀ ਸਰਕਾਰ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਲੋਕਰਾਜ ਨੂੰ ਐੱਸ ਆਈ ਆਰ ਜ਼ਰੀਏ ਤੇ ਚੋਣ ਕਮਿਸ਼ਨ ਨੂੰ ਆਪਣਾ ਗੁਲਾਮ ਬਣਾ ਕੇ ਦੇਸ਼ ਦੇ ਸੰਵਿਧਾਨ ਨੂੰ ਬਦਲਣ 'ਤੇ ਲੱਗੀ ਹੈ ਤੇ ਦੇਸ਼ ਵਿੱਚ ਗਲਤ ਐੱਸ ਆਈ ਆਰ ਨਾਲ ਲੱਖਾਂ ਦੀ ਗਿਣਤੀ 'ਚ ਆਰ ਐੱਸ ਐੱਸ, ਮੋਦੀ ਸਰਕਾਰ ਵਿਰੋਧੀ ਵੋਟਾਂ ਕੱਟ ਕੇ ਲੋਕਾਂ ਵਿਰੋਧੀ ਸਰਕਾਰਾਂ ਬਣਾਈਆਂ ਗਈਆਂ ਇਸੇ ਤਰ੍ਹਾਂ ਦੀ ਵੀ ਵਾਰੀ ਆ ਚੁੱਕੀ ਹੈ।ਆਗੂਆਂ ਨੇ ਕਿਹਾ ਪੰਜਾਬ ਦੇ ਅਧਿਕਾਰਾਂ ਨੂੰ ਖ਼ਤਮ ਕਰਕੇ ਆਪਣੇ ਹੱਥਾਂ ਵਿੱਚ ਲੈ ਰਹੀ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਰਾਹ ਹੁਣ ਭਗਵੰਤ ਮਾਨ ਸਰਕਾਰ ਤੁਰੀ ਪਈ ਹੈ।ਇਸ ਨੇ ਨਾ ਤਾਂ ਔਰਤਾਂ ਦਾ ਇੱਕ ਇੱਕ ਹਜ਼ਾਰ ਰੁਪਏ ਲਾਗੂ ਕੀਤਾ ਨਾਂ ਮਜ਼ਦੂਰਾਂ ਦੀਆਂ ਮੰਗਾਂ ਤੇ ਕੋਈ ਠੋਸ ਨੀਤੀ ਹੀ ਨਹੀਂ ਲਿਆਂਦੀ ਹੈ।ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਕਿਸਾਨੀ ਮੰਗਾਂ 'ਤੇ ਲਮਕਾਇਆ ਜਾ ਰਿਹਾ ਹੈ।

ਇਸ ਮੀਟਿੰਗ 'ਚ ਕਾਮਰੇਡ ਗੁਰਸੇਵਕ ਸਿੰਘ ਮਾਨਬੀਬੜੀਆਂ, ਕਾਮਰੇਡ ਬਲਵਿੰਦਰ ਸਿੰਘ, ਵਿਦਿਆਰਥੀ ਆਗੂ ਕਾਮਰੇਡ ਸੁਖਜੀਤ ਸਿੰਘ ਰਾਮਾਨੰਦੀ ਹਾਜ਼ਰ ਸਨ।

# ਨਬਾਲਗ ਦਾ ਕਤਲ ਕਰਕੇ ਲਾਸ਼ ਨੂੰ ਸਾੜਨ ਵਾਲਾ ਗ੍ਰਿਫਤਾਰ

**ਨਵਾਂਸ਼ਹਿਰ (ਮਨੋਜ ਲਾਲੜੀ)**- ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਸਰਬਜੀਤ ਸਿੰਘ ਬਾਹੀਆ ਕਪਤਾਨ ਪੁਲਸ ਜਾਂਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਪੰਕਜ ਸ਼ਰਮਾ ਉਪ ਕਪਤਾਨ ਪੁਲਸ ਸਬ ਡਵੀਜਨ ਨਵਾਂਸ਼ਹਿਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਹਦਾਇਤਾਂ ਮੁਤਾਬਿਕ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਵੱਲੋਂ 16 ਸਾਲ ਦੀ ਨਬਾਲਗ ਲੜਕੀ ਦਾ ਨਵਾਂਸ਼ਹਿਰ ਵਿਖੇ ਕਤਲ ਕਰਕੇ ਉਸ ਦੀ ਲਾਸ਼ ਅਟੈਚੀ ਵਿੱਚ ਪਾ ਕੇ ਪਿੰਡ ਖੁਰਾਲਗੜ੍ਹ ਨੇੜੇ ਜੰਗਲ ਵਿਚ ਲਿਜਾ ਕੇ ਸਮੇਤ ਅਟੈਚੀ ਸਾੜਨ ਵਾਲੇ ਦੋਸ਼ੀ ਨੂੰ ਟ੍ਰੇਸ ਕਰਕੇ ਕਾਬੂ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਨੇ ਦੱਸਿਆ ਕਿ ਮਿਤੀ 02 ਜੂਨ 2026 ਨੂੰ ਊਸ਼ਾ ਰਾਣੀ ਵਾਸੀ ਪਿੰਡ ਜਾਡਲੀ ਥਾਣਾ ਬਲਾਚੌਰ ਹਾਲ ਵਾਸੀ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਨੇ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਕੋਲ ਆਪਣਾ ਬਿਆਨ ਲਿਖਾਇਆ ਕਿ 29 ਮਈ ਨੂੰ ਉਸ ਦੀ ਕਰੀਬ 16 ਸਾਲ ਦੀ ਨਬਾਲਗ ਲੜਕੀ ਨੂੰ ਉਸ ਦੀ ਗੈਰ ਹਾਜ਼ਰੀ ਵਿੱਚ ਕੋਈ ਵਿਅਕਤੀ ਬਹਿਲਾ ਫੁਸਲਾ ਕੇ ਵਿਆਹ ਦਾ ਝਾਂਸਾ ਦੇ ਕੇ ਕਿਧਰੇ ਲੈ ਗਿਆ ਹੈ ਜਿਸ 'ਤੇ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਨਵਾਂਸ਼ਹਿਰ ਨੇ ਨਾਮਾਲੂਮ ਵਿਅਕਤੀ ਖਿਲਾਫ ਦਰਜ ਕੀਤਾ ਗਿਆ।



ਤਫਤੀਸ਼ ਦੌਰਾਨ ਇੰਸਪੈਕਟਰ ਅਵਤਾਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਨਵਾਂਸ਼ਹਿਰ ਦੀ ਅਗਵਾਈ ਵਿੱਚ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਪਾਰਟੀ ਨੇ ਤਫਤੀਸ਼ ਨੂੰ ਅੱਗੇ ਵਧਾਉਂਦੇ ਹੋਏ ਨਬਾਲਗ ਲੜਕੀ ਦੀ ਭਾਲ ਕਰਦੇ ਹੋਏ ਸ਼ੱਕੀ ਵਿਅਕਤੀ ਗੁਰਵਿੰਦਰ ਸਿੰਘ ਉਰਫ ਗੁਰਪ੍ਰੀਤ ਉਰਫ ਗੋਪਾ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਜਾਡਲੀ ਥਾਣਾ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਕਾਬੂ ਕਰਕੇ ਉਸ ਪਾਸੋਂ ਪੁੱਛਗਿੱਛ ਕੀਤੀ ਜਿਸ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਸ ਨੇ 29 ਮਈ ਨੂੰ ਊਸ਼ਾ ਰਾਣੀ ਦੀ ਨਬਾਲਗ ਲੜਕੀ ਨੂੰ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਵਿਖੇ ਕਿਰਾਏ ਦੇ ਘਰ ਵਿੱਚ ਇਕੱਲੀ ਦੇਖ ਕੇ ਉਸ ਦਾ ਗਲ ਘੁੱਟ ਕੇ ਕਤਲ ਕਰ ਦਿੱਤਾ ਸੀ, ਜਿਸ ਦੀ ਲਾਸ਼ ਨੂੰ ਖੁਰਦ ਬੁਰਦ ਕਰਨ ਦੇ ਇਰਾਦੇ ਨਾਲ ਇੱਕ ਅਟੈਚੀ ਵਿੱਚ ਪਾ ਕੇ ਆਪਣੇ ਮੋਟਰਸਾਈਕਲ ਦੇ ਪਿੱਛੇ ਰੱਖ ਕੇ ਪਿੰਡ ਖੁਰਾਲਗੜ੍ਹ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜੰਗਲ ਵਿੱਚ ਲਿਜਾ ਕੇ ਅੱਗ ਲਗਾ ਕੇ ਸਾੜ ਦਿੱਤਾ, ਜੋ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਇੰਸਪੈਕਟਰ ਅਵਤਾਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਨਵਾਂਸ਼ਹਿਰ ਦੀ ਅਗਵਾਈ ਵਿੱਚ ਪੁਲਸ ਪਾਰਟੀ ਵੱਲੋਂ ਫੋਰੈਂਸਿਕ ਟੀਮ ਦੀ ਹਾਜ਼ਰੀ ਵਿੱਚ ਖੁਰਾਲਗੜ੍ਹ ਨੇੜੇ ਜੰਗਲ ਵਿੱਚੋਂ ਮ੍ਰਿਤਕ ਨਬਾਲਗ ਲੜਕੀ ਦੀ ਜਲੀ ਹੋਈ ਲਾਸ਼ ਦਾ ਪਿੰਜਰ ਬਰਾਮਦ ਕੀਤਾ ਤੇ ਦੋਸ਼ੀ ਗੁਰਵਿੰਦਰ ਸਿੰਘ ਨੂੰ ਜ਼ਾਬਤਾ ਅਨੁਸਾਰ ਗ੍ਰਿਫਤਾਰ ਕੀਤਾ।ਮੁਢਲੀ ਪੁੱਛਗਿੱਛ ਦੌਰਾਨ ਪਾਇਆ ਗਿਆ ਕਿ ਗ੍ਰਿਫਤਾਰ ਕੀਤੇ ਦੋਸ਼ੀ ਗੁਰਵਿੰਦਰ ਸਿੰਘ ਦੇ ਮ੍ਰਿਤਕ ਲੜਕੀ ਦੀ ਮਾਤਾ ਊਸ਼ਾ ਰਾਣੀ ਨਾਲ ਪ੍ਰੇਮ ਸਬੰਧ ਸਨ, ਜਿਸ ਕਰਕੇ ਦੋਸ਼ੀ ਗੁਰਵਿੰਦਰ ਸਿੰਘ ਊਸ਼ਾ ਰਾਣੀ ਦੇ ਘਰ ਆਉਂਦਾ ਜਾਂਦਾ ਸੀ, ਜਿਸ ਨੂੰ ਮ੍ਰਿਤਕਾ ਲੜਕੀ ਚੰਗਾ ਨਹੀਂ ਸੀ ਸਮਝਦੀ। ਇਸੇ ਗੱਲ ਦੀ ਰੰਜਿਸ਼ ਤਹਿਤ ਦੋਸ਼ੀ ਨੇ 29 ਮਈ ਨੂੰ ਸਵੇਰ ਦੇ ਸਮੇਂ ਜਦੋਂ ਊਸ਼ਾ ਰਾਣੀ ਆਪਣੇ ਕੰਮ 'ਤੇ ਚਲੀ ਗਈ ਤਾਂ ਉਸ ਦੇ ਕਿਰਾਏ ਦੇ ਮਕਾਨ ਵਿੱਚ ਉਸ ਦੀ ਇਕੱਲੀ ਨਬਾਲਗ ਲੜਕੀ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਦੋਸ਼ੀ ਗੁਰਵਿੰਦਰ ਸਿੰਘ ਉਕਤ ਨੂੰ ਅਦਾਲਤ ਵਿੱਚ ਪੇਸ਼ ਕਰਕੇ 4 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ, ਮ੍ਰਿਤਕ ਲੜਕੀ ਦੇ ਜਲੇ ਹੋਏ ਪਿੰਜਰ ਦਾ ਪੋਸਟਮਾਰਟਮ ਕਰਵਾਇਆ ਜਾਣਾ ਹੈ, ਤੇ ਮੁਕੱਦਮਾ ਦੀ ਤਫਤੀਸ਼ ਜਾਰੀ ਹੈ।

# ਵਿਦੇਸ਼ੀ ਨਿਵੇਸ਼ਕਾਂ ਦਾ ਭਾਰਤ ਦੀ ਅਰਥ ਵਿਵਸਥਾ ਤੋਂ ਭਰੋਸਾ ਟੁੱਟ ਚੁੱਕਾ : ਚਾਹਲ

**ਸ਼ਾਹਕੋਟ (ਗਿਆਨ ਸੈਦਪੁਰੀ)** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਜ਼ਿਲ੍ਹਾ ਜਲੰਧਰ ਦੇ ਬਲਾਕ ਸ਼ਾਹਕੋਟ ਵਿੱਚ ਪਿੰਡ ਖੁਸ਼ਪੁਰ ਡਰੋਲੀ ਵਿਖੇ ਨਵੀਂ ਇਕਾਈ ਦਾ ਗਠਨ ਕੀਤਾ ਗਿਆ।ਇਸ ਮੌਕੇ ਜਥੇਬੰਦੀ ਦੇ ਜ਼ਿਲਾ ਸਕੱਤਰ ਗੁਰਚਰਨ ਸਿੰਘ ਚਾਹਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਵੇਂ ਭਾਰਤ ਦੀ ਅਰਥ ਵਿਵਸਥਾ ਉਲਟ ਨਿਵੇਸ਼ ਦਾ ਸ਼ਿਕਾਰ ਹੋ ਰਹੀ ਹੈ, ਇੱਕ ਪਾਸੇ ਵਿਸ਼ਵ ਗੁਰੂ ਕਹਾਉਣ ਵਾਲੀ ਭਾਰਤ ਦੀ ਅਰਥ ਵਿਵਸਥਾ ਦੇ ਹਾਕਮ ਵਿਦੇਸ਼ੀਆਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਲਈ ਸੱਦਾ ਦੇ ਰਹੇ ਹਨ, ਪਰ ਇਸ ਦੇ ਉਲਟ ਵਿਦੇਸ਼ੀ ਨਿਵੇਸ਼ਕਾਂ ਦਾ ਭਾਰਤ ਦੀ ਅਰਥ ਵਿਵਸਥਾ ਤੋਂ ਭਰੋਸਾ ਉੱਠ ਚੁੱਕਾ ਹੈ ਅਤੇ ਵਿਦੇਸ਼ੀ ਨਿਵੇਸ਼ਕ ਭਾਰੀ ਮਾਤਰਾ ਵਿੱਚ ਭਾਰਤ ਵਿੱਚੋਂ ਨਿਵੇਸ਼ ਕੱਢ ਕੇ ਵਿਦੇਸ਼ਾਂ ਵਿੱਚ ਨਿਵੇਸ਼ ਕਰ ਰਹੇ ਹਨ। ਭਾਰਤ ਦੀ ਕਰੰਸੀ ਦੀ ਲਗਾਤਾਰ ਡਿੱਗ ਰਹੀ ਕੀਮਤ ਕਾਰਨ ਕਰਜ਼ੇ ਦਾ ਬੋਝ ਬਹੁਤ ਜ਼ਿਆਦਾ ਵਧ ਗਿਆ ਹੈ ਅਤੇ ਦੇਸ਼ ਅੰਦਰ ਰੰਗ ਬਰੰਗੇ ਯੋਗ ਰਾਜਨੀਤਿਕ ਗਤੀਵਿਧੀਆਂ ਅਤੇ ਫਿਰਕਾ ਪ੍ਰਸਤ ਤਾਕਤਾਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਲਗਾਤਾਰ ਕਾਰਵਾਈਆਂ ਕਾਰਨ ਨਿਵੇਸ਼ਕਾਂ ਨੇ ਭਾਰੀ ਮਾਤਰਾ ਵਿੱਚ ਪੂੰਜੀ ਭਾਰਤ ਵਿੱਚੋਂ ਕੱਢ ਕੇ ਹੋਰ ਦੇਸ਼ਾਂ ਵਿੱਚ ਨਿਵੇਸ਼ ਕਰ ਦਿੱਤੀ ਹੈ।ਚਾਹਲ ਨੇ ਚੇਤਾਵਨੀ ਦਿੱਤੀ ਕਿ ਇਸ ਗੰਭੀਰ ਆਰਥਿਕ ਸੰਕਟ ਸਮੇਂ ਦੇਸ਼ ਦੇ ਹਾਕਮ ਲੋਕਾਂ ਨੂੰ ਜਾਤਾਂ, ਧਰਮਾਂ ਅਤੇ ਫਿਰਕਿਆਂ ਵਿੱਚ ਵੰਡ ਕੇ ਅਸਲ ਸਮੱਸਿਆਵਾਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਨਗੇ।



ਇਸ ਕਰਕੇ ਸਾਡਾ ਫਰਜ ਬਣਦਾ ਹੈ ਕਿ ਅਸੀਂ ਆਰਥਿਕ ਸਮੱਸਿਆਵਾਂ ਤੋਂ ਪੀੜਤ ਹਰ ਵਰਗ ਕਿਸਾਨ, ਮਜਦੂਰ, ਮੁਲਾਜ਼ਮ ਅਤੇ ਛੋਟੇ ਦੁਕਾਨਦਾਰ ਮਿਲ ਕੇ ਆਪਣੀਆਂ ਜਥੇਬੰਦੀਆਂ ਨੂੰ ਮਜਬੂਤ ਕਰੀਏ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਸਾਂਝੀ ਲੜਾਈ ਲੜ ਸਕੀਏ। ਇਕਾਈ ਖੁਸ਼ਪੁਰ ਡਰੋਲੀ ਦੀ ਚੋਣ ਸਮੇਂ ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਚਾਹਲ, ਜ਼ਿਲ੍ਹਾ ਖਜ਼ਾਨਚੀ ਜਸਪਾਲ ਸਿੰਘ ਸੰਘੇੜਾ, ਜ਼ਿਲ੍ਹਾ ਪ੍ਰੈਸ ਸਕੱਤਰ ਪ੍ਰਿੰਸੀਪਲ ਮਨਜੀਤ ਸਿੰਘ, ਬਲਾਕ ਸਕੱਤਰ ਪਰਮਿੰਦਰ ਸਿੰਘ, ਮਨਵੀਰ ਸਿੰਘ ਮਲਸੀਆਂ ਅਤੇ ਨਿਰਮਲ ਸਿੰਘ ਕਾਂਗਣਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸਰਬ ਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਗਈ।ਜਿਨ੍ਹਾਂ ਵਿੱਚ ਅਮਨਦੀਪ ਸਿੰਘ ਨੂੰ ਇਕਾਈ ਦੇ ਪ੍ਰਧਾਨ, ਸਿਮਰਜੀਤ ਸਿੰਘ ਸਕੱਤਰ, ਨਿਰਮਲ ਸਿੰਘ ਵਿੱਤ ਸਕੱਤਰ, ਲਖਵੀਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਤਜਿੰਦਰ ਪਾਲ ਸਿੰਘ ਅਤੇ ਦਵਿੰਦਰ ਸਿੰਘ ਨੂੰ ਮੀਤ ਪ੍ਰਧਾਨ, ਸੰਦੀਪ ਸਿੰਘ ਨੂੰ ਸਹਾਇਕ ਸਕੱਤਰ, ਨਵਜੋਤ ਸਿੰਘ ਨੂੰ ਸਹਾਇਕ ਵਿੱਤ ਸਕੱਤਰ, ਮਨਜਿੰਦਰ ਸਿੰਘ ਨੂੰ ਪ੍ਰੈਸ ਸਕੱਤਰ, ਕਰਨਜੀਤ ਸਿੰਘ ਹੁੰਦਲ ਅਤੇ ਰਣਜੀਤ ਸਿੰਘ ਨੂੰ ਵਿਸ਼ੇਸ਼ ਸਲਾਹਕਾਰ ਅਤੇ ਪਰਮਜੀਤ ਸਿੰਘ ਨੂੰ ਇਕਾਈ ਦੇ ਸਰਪ੍ਰਸਤ ਦੇ ਤੌਰ 'ਤੇ ਚੁਣਿਆ ਗਿਆ।

## ਰੇਲਗੱਡੀ ਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਤ

**ਅਲਾਵਲਪੁਰ (ਮਦਨ ਬੰਗੜ)** ਅਲਾਵਲਪੁਰ-ਕਿਸ਼ਨਗੜ੍ਹ ਮਾਰਗ ਤੇ ਸਥਿਤ ਰੇਲਵੇ ਫਾਟਕਾਂ ਨਜ਼ਦੀਕ ਸੁੰਦਰਪੁਰ ਗਰਾਮ ਵਿੱਚ ਦਰਦਨਾਕ ਹਾਦਸੇ ਵਿੱਚ ਰੇਲਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਹਾਦਸਾ ਸ਼ਾਮ ਕਰੀਬ 5 ਵਜੇ ਵਾਪਰਿਆ, ਜਦੋਂ ਜਲੰਧਰ ਤੋਂ ਜੰਮੂ ਜਾ ਰਹੀ ਇੱਕ ਰੇਲਗੱਡੀ ਦੀ ਲਪੇਟ ਵਿੱਚ ਲਗਭਗ 35 ਸਾਲਾ ਨੌਜਵਾਨ ਆ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਅਲਾਵਲਪੁਰ ਰੇਲਵੇ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਮ੍ਰਿਤਕ ਕੋਲ ਇੱਕ ਆਧਾਰ ਕਾਰਡ, ਪੈਨ ਕਾਰਡ ਅਤੇ ਇੱਕ ਫੋਟੋ ਬਰਾਮਦ ਹੋਈ ਹੈ, ਜਿਨ੍ਹਾਂ ਦੇ ਆਧਾਰ 'ਤੇ ਉਸ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ।ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



## ਜੀ ਆਰ ਡੀ ਨਰਸਿੰਗ ਕਾਲਜ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਜੀ. ਆਰ. ਡੀ. ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।ਇਸ ਸਬੰਧੀ ਵਿੱਦਿਅਕ ਸੰਸਥਾਵਾਂ ਦੇ ਮੁੱਖ ਪ੍ਰਬੰਧਕ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੈਨੇਜਰ ਸਰਬਜੀਤ ਸਿੰਘ ਮੋਮੀ ਅਤੇ ਪ੍ਰਿੰਸੀਪਲ ਰੇਨੂ ਬਾਲਾ ਦੀ ਅਗਵਾਈ ਹੇਠ ਵਾਤਾਵਰਣ ਦੀ ਸੇਵਾ ਸੰਭਾਲ ਪ੍ਰਤੀ ਵਿਦਿਆਰਥਣਾਂ ਨੂੰ ਸੰਦੇਸ਼ ਦਿੰਦੇ ਹੋਏ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੌਰਾਨ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ ਹੀ 5 ਜੂਨ ਵਿਸ਼ਵ ਵਾਤਾਵਰਣ ਦਿਵਸ ਸੰਸਾਰ ਪੱਧਰ 'ਤੇ ਇਸ ਕਰਕੇ ਮਨਾਇਆ ਜਾਂਦਾ ਹੈ ਤਾਂ ਜੋ ਅਸੀਂ ਆਪਣੇ ਵਾਤਾਵਰਣ ਪ੍ਰਤੀ ਹਮੇਸ਼ਾ ਹੀ ਜਾਗਰੂਕ ਹੋਈਏ ਅਤੇ ਇਸ ਦੇ ਸਾਂਭ ਸੰਭਾਲ ਲਈ ਯਤਨ ਕਰਦੇ ਰਹੀਏ। ਉਨ੍ਹਾਂ ਹੋਰ ਕਿਹਾ ਕਿ ਜੇਕਰ ਅਸੀਂ ਸਮਾਂ ਰਹਿੰਦਿਆ ਆਪਣੇ ਵਾਤਾਵਰਨ ਪ੍ਰਤੀ ਜਾਗਰੂਕ ਨਾ ਹੋਏ ਤਾਂ ਆਉਣ ਵਾਲਾ ਸਮਾਂ ਬਹੁਤ ਹੀ ਭਿਆਨਕ ਹੋਵੇਗਾ ਜਿਸ ਦੇ ਜ਼ਿੰਮੇਵਾਰ ਅਸੀਂ ਖੁਦ ਹੀ ਹੋਵਾਂਗੇ।ਪ੍ਰਿੰਸੀਪਲ ਰੇਨੂ ਬਾਲਾ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜੋ ਅਸੀਂ ਭਿਆਨਕ ਗਰਮੀ ਅਤੇ ਹੋਰ ਕੁਦਰਤੀ ਆਫਤਾਂ ਦਾ ਸਾਹਮਣਾ ਕਰ ਰਹੇ ਹਾਂ ਉਹ ਵਿਗੜ ਰਹੇ ਵਾਤਾਵਰਣ ਦੇ ਕਾਰਨ ਹੀ ਹੈ



ਇਸ ਲਈ ਸਾਨੂੰ ਹੁਣ ਤੋਂ ਹੀ ਸੁਚੇਤ ਹੋ ਕੇ ਕੁਦਰਤ ਅਤੇ ਵਾਤਾਵਰਣ ਪ੍ਰਤੀ ਬਣਦੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਮੌਕੇ ਹੋਰਨਾਂ ਤੋਂ ਇਲਾਵਾ ਵਾਇਸ ਪ੍ਰਿੰਸੀਪਲ ਰਾਜਵਿੰਦਰ ਕੌਰ, ਐਡਮਿਨਿਸਟਰੇਟਰ ਦਲਜਿੰਦਰ ਕੌਰ, ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ, ਰਮਨਦੀਪ ਕੌਰ, ਮਨਪ੍ਰੀਤ ਕੌਰ, ਤਰੁਣ ਸੈਣੀ, ਲਖਵਿੰਦਰ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਜਸਲੀਨ ਕੌਰ, ਪ੍ਰਿਅੰਕਾ, ਕਸ਼ਮੀਰ ਕੌਰ,ਆਰਤੀ ਜਾਜਾ, ਤੋਂਇਲਾਵਾ ਨਰਸਿੰਗ ਕਾਲਜ ਦਾ ਹੋਰ ਸਟਾਫ ਵੀ ਹਾਜ਼ਰ ਸੀ।

# ਅਮਨ ਅਰੋੜਾ ਵੱਲੋਂ ਮਾਈ ਭਾਗੋ ਪ੍ਰੈਪਰੇਟਰੀ ਇੰਸਟੀਚਿਊਟ ਦੀਆਂ ਮਹਿਲਾ ਕੈਡਿਟਾਂ ਦਾ ਸਨਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ, ਜਿਨ੍ਹਾਂ ਨਾਲ ਵਧੀਕ ਮੁੱਖ ਸਕੱਤਰ ਵਿਕਾਸ ਪ੍ਰਤਾਪ ਵੀ ਮੌਜੂਦ ਸਨ, ਨੇ ਏਅਰ ਫੋਰਸ ਕਾਮਨ ਐਡਮਿਸ਼ਨ ਟੈਸਟ (ਏ.ਐਫ.ਸੀ.ਏ.ਟੀ.) ਅਤੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਮੈਰਿਟ ਸੂਚੀਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰਨ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੀਆਂ ਦੋ ਮਹਿਲਾ ਕੈਡਿਟਾਂ ਦਾ ਸਨਮਾਨ ਕੀਤਾ।



ਕਿਸਾਨ ਦੀ ਧੀ ਮਹਿਕਪ੍ਰੀਤ ਕੌਰ ਨੇ ਏਅਰ ਫੋਰਸ ਅਕੈਡਮੀ ਮੈਰਿਟ ਸੂਚੀ ਵਿੱਚ ਪਹਿਲਾ ਰੈਂਕ ਹਾਸਲ ਕੀਤਾ ਹੈ, ਜਦੋਂਕਿ ਕੋਮਲਪ੍ਰੀਤ ਕੌਰ ਨੇ ਆਲ ਇੰਡੀਆ 18ਵਾਂ ਰੈਂਕ ਹਾਸਲ ਕਰਕੇ ਐਨ ਡੀ ਏ, ਖੜਕਵਾਸਲਾ ਅਕੈਡਮੀ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਹੈ, ਜੋ ਰੱਖਿਆ ਸੇਵਾਵਾਂ ਵਿੱਚ ਮਹਿਲਾਵਾਂ ਦੀ ਪ੍ਰਾਪਤੀਆਂ ਦੀ ਸੂਚੀ ਵਿੱਚ ਇੱਕ ਵੱਡਾ ਮੀਲ ਪੱਥਰ ਹੈ। ਇੱਥੇ ਪੰਜਾਬ ਭਵਨ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਪੰਜਾਬ ਦੀਆਂ ਧੀਆਂ ਦੇ […] ਜਜ਼ਬੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲੱਖਾਂ ਉਮੀਦਵਾਰਾਂ ਵਿੱਚੋਂ ਏਐਫਸੀਏਟੀ 'ਚ ਪਹਿਲਾ ਅਤੇ ਐਨਡੀਏ ਪ੍ਰੀਖਿਆ ਵਿੱਚ 18ਵਾਂ ਸਥਾਨ ਪ੍ਰਾਪਤ ਕਰਨਾ, ਸਾਡੀਆਂ ਧੀਆਂ ਵਿੱਚ ਸਫਲਤਾ ਹਾਸਲ ਕਰਨ ਦੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦਾ ਹੈ।ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਜਲਦ ਹੀ ਹੁਸ਼ਿਆਰਪੁਰ ਦੇ ਬਜਵਾੜਾ ਵਿਖੇ ਸਰਦਾਰ ਬਹਾਦਰ ਅਮੀਂ ਚੰਦ ਸੋਨੀ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਨਾਮ ਦੀ ਇੱਕ ਹੋਰ ਸੰਸਥਾ ਦਾ ਉਦਘਾਟਨ ਕੀਤਾ ਜਾਵੇਗਾ ਤਾਂ ਜੋ ਹੋਰ ਨੌਜਵਾਨਾਂ ਆਰਮਡ ਫੋਰਸਿਜ਼ ਵਿੱਚ ਅਫਸਰਾਂ ਵਜੋਂ ਕਮਿਸ਼ਨ ਪ੍ਰਾਪਤ ਕਰ ਸਕਣ।

## ਘਰ-ਘਰ ਜਾ ਕੇ ਕੀਤਾ ਜਾ ਰਿਹਾ ਹੈ ਸਮਾਜਿਕ ਸਰਵੇਖਣ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਪੰਜਾਬ ਸਰਕਾਰ ਵੱਲੋਂ ਡਰੱਗ, ਸਮਾਜਿਕ ਅਤੇ ਆਰਥਿਕ ਸਰਵੇਖਣ ਕੀਤਾ ਜਾ ਰਿਹਾ ਹੈ। ਜਿਸ ਤਹਿਤ ਪਿੰਡਾਂ ਵਿੱਚ ਘਰ-ਘਰ ਜਾ ਕੇ ਆਸ਼ਾ ਵਰਕਰਾਂ ਵੱਲੋਂ ਮੋਬਾਈਲ ਐਪ ਰਾਹੀਂ ਨਿਰਧਾਰਿਤ ਜਾਣਕਾਰੀ ਇੱਕਤਰ ਕੀਤੀ ਜਾ ਰਹੀ ਹੈ। ਇਸੇ ਤਹਿਤ ਪਿੰਡ ਗਹੂੰਣ ਵਿਖੇ ਆਸ਼ਾ ਵਰਕਰ ਪ੍ਰਵੀਨ ਕੁਮਾਰੀ ਸੁੱਧਾ ਮਾਜਰਾ ਵੱਲੋਂ ਘਰ-ਘਰ ਜਾ ਕੇ ਪੰਜਾਬ ਸਰਕਾਰ ਵੱਲੋਂ ਦਿੱਤੇ ਫੋਨ 'ਚ ਐਪ ਰਾਹੀਂ 160 ਦੇ ਕਰੀਬ ਸਵਾਲਾਂ ਦੇ ਜਵਾਬ ਭਰੇ ਜਾ ਰਹੇ ਹਨ ਜਿਸ ਵਿੱਚ ਆਰਥਿਕਤਾ, ਸਮਾਜਿਕ ਸਥਿਤੀ, ਮਿਲ ਰਹੀਆਂ ਸਰਕਾਰੀ ਸਹੂਲਤਾਂ ਜਾਂ ਘਾਟਾਂ ਅਤੇ ਖਾਸ ਤੌਰ 'ਤੇ ਨਸ਼ਿਆਂ ਦੇ ਪ੍ਰਭਾਵ, ਰੋਕਥਾਮ ਤੇ ਹੱਲ ਬਾਰੇ ਜਾਣਕਾਰੀ ਲਈ ਜਾ ਰਹੀ ਹੈ।ਸੂਬੇਦਾਰ ਫਤਿਹ ਸਿੰਘ ਦੇ ਘਰ ਪਹੁੰਚੇ ਆਸ਼ਾ ਵਰਕਰ ਪ੍ਰਵੀਨ ਕੁਮਾਰੀ ਨੇ ਦੱਸਿਆ ਕਿ ਇਸ ਸਰਵੇਖਣ ਸਮੇਂ ਆਧਾਰ ਕਾਰਡ, ਵੋਟਰ ਕਾਰਡ ਤੇ ਬਿਜਲੀ ਦੇ ਬਿੱਲ ਆਦਿ ਸਰਕਾਰੀ ਦਸਤਾਵੇਜ਼ਾਂ ਦੀ ਜ਼ਰੂਰਤ ਪੈਂਦੀ ਹੈ। ਬਾਕੀ ਸਾਰੇ ਮੋਬਾਈਲ ਐਪ ਵਿੱਚ ਦਿੱਤੇ ਹੋਏ ਸਵਾਲ-ਜਵਾਬ ਹੀ ਰਿਕਾਰਡ ਕੀਤੇ ਜਾ ਰਹੇ ਹਨ।



## 'ਖ਼ੁਸ਼ਬੂ' ਦਾ ਲੋਕ ਅਰਪਣ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)** ਬੀਜੁਆਏ ਅਤੇ ਜ਼ੀਨਾ ਵੱਲੋਂ ਸ਼ਰੇਅ ਜਨਾਰਦਨ ਦੀ ਕਾਵਿ ਪੁਸਤਕ ''Sillage" ਦਾ ਪੰਜਾਬੀ ਵਿੱਚ ਅਨੁਵਾਦਿਤ ਰੂਪ "ਖ਼ੁਸ਼ਬੂ" ਦਾ ਲੋਕ ਅਰਪਣ ਸਮਾਗਮ 7 ਜੂਨ ਨੂੰ ਦੁਪਹਿਰ 12.00 ਵਜੇ ਅਫੋਇ, ਏਅਰ ਫੋਸ ਆਫੀਸਰਜ਼ ਇੰਸਟੀਚਿਊਟ, ਸੈਕਟਰ 31-ਬੀ, ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬਹੁ-ਚਰਚਿਤ ਕਵਿੱਤਰੀ ਡਾ. ਪਾਲ ਕੌਰ ਸ਼ਾਮਲ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਕਾਵਿ ਪੁਸਤਕ ਨੂੰ ਡਾ. ਹਰਕਮਲ ਕੌਰ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਪ੍ਰਬੰਧਕਾਂ ਨੇ ਸਾਹਿਤ ਪ੍ਰੇਮੀਆਂ ਤੇ ਲੇਖਕਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।





# ਸਪਾਰਕਿੰਗ ਕਾਰਨ ਅੱਗ ਲੱਗੀ, ਲੱਖਾਂ ਦਾ ਸਮਾਨ ਸੜ ਕੇ ਸੁਆਹ

**ਅਲਾਵਲਪੁਰ (ਮਦਨ ਬੰਗੜ)** ਨਜ਼ਦੀਕੀ ਪਿੰਡ ਸਿਕੰਦਰਪੁਰ ਵਿਖੇ ਘਰ ਦੀ ਬਿਜਲੀ ਫਿਟਿੰਗ ਵਿੱਚ ਹੋਈ ਸਪਾਰਕਿੰਗ ਕਾਰਨ ਅਚਾਨਕ ਅੱਗ ਲੱਗ ਜਾਣ ਨਾਲ ਲੱਖਾਂ ਰੁਪਏ ਦਾ ਘਰੇਲੂ ਸਮਾਨ ਸੜ ਕੇ ਸੁਆਹ ਹੋ ਗਿਆ।ਪੀੜਤ ਸੁਨੀਲ ਕੁਮਾਰ ਉਰਫ਼ ਸੰਨੀ ਪੁੱਤਰ ਹਰੀ ਰਾਮ ਵਾਸੀ ਪਿੰਡ ਸਿਕੰਦਰਪੁਰ ਨੇ ਦੱਸਿਆ ਕਿ ਉਹ ਆਪਣੇ ਪਰਵਾਰ ਸਮੇਤ ਘਰ ਵਿੱਚ ਸੁੱਤਾ ਹੋਇਆ ਸੀ।ਤੜਕੇ ਕਰੀਬ 3 ਵਜੇ ਉਸ ਦੀ ਪਤਨੀ ਮਮਤਾ ਉੱਠੀ ਤਾਂ ਉਸ ਨੇ ਘਰ ਦੇ ਇੱਕ ਕਮਰੇ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਜਦੋਂ ਉਨ੍ਹਾਂ ਨੇ ਜਾਂਚ ਕੀਤੀ ਤਾਂ ਨਾਲ ਵਾਲੇ ਕਮਰੇ ਵਿੱਚ ਭਿਆਨਕ ਅੱਗ ਲੱਗੀ ਹੋਈ ਸੀ।ਪਰਵਾਰ ਵੱਲੋਂ ਰੌਲਾ ਪਾਉਣ 'ਤੇ ਆਂਢ-ਗੁਆਂਢ ਦੇ ਲੋਕ ਮੌਕੇ 'ਤੇ ਪਹੁੰਚ ਗਏ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ ਗਈ। ਫਾਇਰ ਬ੍ਰਿਗੇਡ ਦੀਆਂ ਇੱਕ ਗੱਡੀ ਆਦਮਪੁਰ ਤੋਂ ਅਤੇ ਇੱਕ ਗੱਡੀ ਜਲੰਧਰ ਤੋਂ ਮੌਕੇ ਪਹੁੰਚੀਆਂ।ਲਗਭਗ ਦੋ ਘੰਟਿਆਂ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ।ਅੱਗ ਲੱਗਣ ਕਾਰਨ ਘਰ ਵਿੱਚ ਪਿਆ ਫਰਨੀਚਰ, ਨਵੇਂ-ਪੁਰਾਣੇ ਕੱਪੜੇ ਅਤੇ ਹੋਰ ਕੀਮਤੀ ਘਰੇਲੂ ਸਮਾਨ ਸੜ ਕੇ ਸੁਆਹ ਹੋ ਗਿਆ। ਪੀੜਤ ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹੈ ਅਤੇ ਇਸ ਹਾਦਸੇ ਵਿੱਚ ਉਸ ਦਾ ਕਰੀਬ ਤਿੰਨ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਇਸ ਮੌਕੇ ਪਿੰਡ ਦੇ ਮੋਹਤਬਰ ਵਿਅਕਤੀਆਂ ਡਾ. ਵਰਿੰਦਰ ਬੱਧਣ, ਜੰਗ ਬਹਾਦਰ ਵਰਮਾ, ਰਾਜ ਰਾਣੀ (ਸਾਬਕਾ ਪੰਚ), ਸਰਬਜੀਤ ਸਾਬੀ (ਪੰਚ) ਅਤੇ ਹੋਰਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰ ਨੂੰ ਯੋਗ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਆਪਣੇ ਹੋਏ ਨੁਕਸਾਨ ਤੋਂ ਉਭਰ ਸਕੇ।

# ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਲੁਧਿਆਣਾ 'ਚ ਲਾਪਤਾ ਹੋਈਆਂ ਕੁੜੀਆਂ ਸੰਬੰਧੀ ਮਾਮਲਿਆਂ ਦਾ ਲਿਆ ਨੋਟਿਸ

**ਚੰਡੀਗੜ੍ਹ (ਸੁਰਜੀਤ ਸੁਮਨ)** ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਲੁਧਿਆਣਾ ਦੇ ਵੱਖ-ਵੱਖ ਇਲਾਕਿਆਂ ਤੋਂ ਕਈ ਨੌਜਵਾਨ ਕੁੜੀਆਂ ਦੇ ਲਾਪਤਾ ਹੋਣ ਸੰਬੰਧੀ ਸੋਸ਼ਲ ਮੀਡੀਆ ਰਿਪੋਰਟਾਂ ਅਤੇ ਜਨਤਕ ਚਿੰਤਾਵਾਂ ਦਾ ਨੋਟਿਸ ਲਿਆ ਹੈ।ਇਸ ਸੰਬੰਧੀ ਤੇਜ਼ੀ ਨਾਲ ਕਾਰਵਾਈ ਕਰਦਿਆਂ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਪੁਲਸ ਕਮਿਸ਼ਨਰ, ਲੁਧਿਆਣਾ ਤੋਂ ਇਸ ਸਬੰਧੀ ਵਿਸਥਾਰਿਤ ਰਿਪੋਰਟ ਮੰਗੀ ਅਤੇ ਤੱਥਾਂ ਦਾ ਪਤਾ ਲਗਾਉਣ ਲਈ ਪੁਲਸ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਸ਼੍ਰੀਮਤੀ ਗਿੱਲ ਨੇ ਦੱਸਿਆ ਕਿ ਮੁੱਢਲੀ ਰਿਪੋਰਟ ਅਨੁਸਾਰ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਲੁਧਿਆਣਾ ਦੇ ਵੱਖ-ਵੱਖ ਥਾਣਿਆਂ ਵਿੱਚ ਦਸ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਕੁੜੀਆਂ ਨੂੰ ਕਿਸੇ ਵਿਅਕਤੀ ਜਾਂ ਸੰਗਠਿਤ ਗਰੋਹ ਵੱਲੋਂ ਅਗਵਾ ਨਹੀਂ ਕੀਤਾ ਗਿਆ ਸੀ। ਕਈ ਮਾਮਲਿਆਂ ਵਿੱਚ ਉਹ ਨਿੱਜੀ ਜਾਂ ਪਰਿਵਾਰਕ ਕਾਰਨਾਂ ਕਰਕੇ ਆਪਣੀ ਮਰਜ਼ੀ ਨਾਲ ਘਰ ਛੱਡ ਗਈਆਂ ਸਨ।ਪੁਲਿਸ ਟੀਮਾਂ ਵੱਲੋਂ ਤਕਨੀਕੀ ਨਿਗਰਾਨੀ, ਫੀਲਡ ਪੁੱਛਗਿੱਛ ਅਤੇ ਅੰਤਰ-ਏਜੰਸੀ ਤਾਲਮੇਲ ਰਾਹੀਂ ਲਾਪਤਾ ਕੁੜੀਆਂ ਦਾ ਪਤਾ ਲਗਾਇਆ ਜਾ ਰਿਹਾ ਹੈ। ਕਈ ਕੁੜੀਆਂ ਨੂੰ ਪਹਿਲਾਂ ਹੀ ਲੱਭ ਲਿਆ ਗਿਆ ਹੈ ਅਤੇ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੇ ਪਰਿਵਾਰਾਂ ਤੱਕ ਪਹੁੰਚਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਮਾਲਪੁਰ ਪੁਲਿਸ ਸਟੇਸ਼ਨ ਵਿਖੇ ਦਰਜ ਇੱਕ ਮਾਮਲੇ ਵਿੱਚ, ਉੱਤਰ ਪ੍ਰਦੇਸ਼ ਦੀਆਂ ਤਿੰਨ ਕੁੜੀਆਂ ਉਨ੍ਹਾਂ ਦੇ ਹੀ ਜੱਦੀ ਪਿੰਡ ਤੋਂ ਬਰਾਮਦ ਕੀਤੀਆਂ ਗਈਆਂ ਹਨ, ਜਿੱਥੇ ਉਹ ਕਿਸੇ ਜ਼ੋਰ-ਜ਼ਬਰਦਸਤੀ ਤਹਿਤ ਨਹੀਂ ਬਲਕਿ ਕੁਝ ਪਰਿਵਾਰਕ ਕਾਰਨਾਂ ਕਰਕੇ ਆਪਣੀ ਮਰਜ਼ੀ ਨਾਲ ਗਈਆਂ ਸਨ। ਇਸ ਸਮੇਂ ਕਿਸੇ ਸੰਗਠਿਤ ਅਗਵਾ ਰੈਕੇਟ ਜਾਂ ਅਪਰਾਧਿਕ ਸਾਜ਼ਿਸ਼ ਦਾ ਕੋਈ ਸਬੂਤ ਨਹੀਂ ਹੈ। ਹਾਲਾਂਕਿ, ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਸਾਰੇ ਸੰਭਾਵਿਤ ਪਹਿਲੂਆਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ। ਸ਼੍ਰੀਮਤੀ ਰਾਜ ਲਾਲੀ ਗਿੱਲ ਨੇ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਅਤੇ ਪੰਜਾਬ ਪੁਲਿਸ ਔਰਤਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਮਰਪਿਤ ਟੀਮਾਂ ਬਾਕੀ ਲਾਪਤਾ ਲੜਕੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਉਣ ਲਈ 24 ਘੰਟੇ ਕੰਮ ਕਰ ਰਹੀਆਂ ਹਨ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ਼੍ਰੀਮਤੀ ਰਾਜ ਲਾਲੀ ਗਿੱਲ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੈਰ-ਪ੍ਰਮਾਣਿਤ ਜਾਣਕਾਰੀ ਜਾਂ ਅਫਵਾਹਾਂ ਨਾ ਫੈਲਾਉਣ ਤਾਂ ਜੋ ਲੋਕ ਸਹਿਮ ਅਤੇ ਚਿੰਤਾ ਦੇ ਸ਼ਿਕਾਰ ਨਾ ਹੋਣ। ਭਰੋਸੇਯੋਗ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਤੁਰੰਤ ਲੁਧਿਆਣਾ ਪੁਲਿਸ ਜਾਂ ਪੰਜਾਬ ਰਾਜ ਮਹਿਲਾ ਕਮਿਸ਼ਨ ਨਾਲ ਸੰਪਰਕ ਕਰਨ ਅਤੇ ਜਾਂਚ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਜਾਂਦੀ ਹੈ।



## ਰਤਨ ਦਾਸ ਦੀ ਸਾਲਾਨਾ ਬਰਸੀ ਮੌਕੇ ਧਾਰਮਿਕ ਸਮਾਗਮ ਭਲਕੇ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਜੇਜੋਂ ਦੋਆਬਾ ਵਿਖੇ ਸਥਿਤ ਡੇਰਾ ਰਤਨਪੁਰੀ ਵਿਖੇ ਧੰਨ- ਧੰਨ 108 ਸੰਤ ਰਤਨ ਦਾਸ ਮਹਾਰਾਜ ਜੀ ਦੀ 43ਵੀਂ ਸਾਲਾਨਾ ਬਰਸੀ ਡੇਰਾ ਸੰਚਾਲਕ ਸੰਤ ਬੀਬੀ ਮੀਨਾ ਦੇਵੀ ਅਤੇ ਗੱਦੀਨਸ਼ੀਨ ਸੰਤ ਬਾਬਾ ਅਮਨਦੀਪ ਵਲੋਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 8 ਜੂਨ ਦਿਨ ਸੋਮਵਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬੀਬੀ ਮੀਨਾ ਦੇਵੀ ਨੇ ਦੱਸਿਆ ਕਿ 8 ਜੂਨ ਨੂੰ ਸਵੇਰੇ ਸਭ ਤੋਂ ਪਹਿਲਾਂ ਸ਼੍ਰੀ ਆਖੰਡ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ, ਜਿਸ ਵਿੱਚ ਮਸ਼ਹੂਰ ਰਾਗੀ- ਢਾਡੀ ਅਤੇ ਕੀਰਤਨੀ ਜਥੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਦੇ ਨਾਮ ਨਾਲ ਜੋੜਨਗੇ। ਇਸ ਮੌਕੇ ਸਮਾਗਮ ਵਿੱਚ ਸ਼ਾਮਲ ਸੰਤ ਮਹਾਂਪੁਰਸ਼ ਆਪੋ ਆਪਣੇ ਪ੍ਰਵਚਨਾਂ ਰਾਹੀਂ ਧੰਨ- ਧੰਨ ਸੁਆਮੀ ਰਤਨ ਦਾਸ ਮਹਾਰਾਜ ਅਤੇ ਉਨ੍ਹਾਂ ਤੋਂ ਬਾਅਦ ਇਸ ਡੇਰੇ ਦੀ ਸੇਵਾ ਨਿਭਾਉਂਦੇ ਰਹੇ ਧੰਨ- ਧੰਨ ਸੁਆਮੀ ਹਰਚਰਨ ਦਾਸ ਮਹਾਰਾਜ ਦੇ ਪਰਉਪਕਾਰੀ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ. ਸਿਵਿਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਡਾਕਟਰ ਪ੍ਰਭ ਹੀਰ ਅਤੇ ਇਹਨਾਂ ਦੀ ਸਮੁੱਚੀ ਟੀਮ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

## ਪੀਰਾਂ ਦੇ ਅਸਥਾਨ ਸਾਨੂੰ ਆਪਸੀ ਪ੍ਰੇਮ ਪਿਆਰ ਦਾ ਸੰਦੇਸ਼ ਦਿੰਦੇ ਹਨ : ਵਿਧਾਇਕ ਰਾਜਾ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਪਿੰਡ ਕੁਰਾਲਾ ਵਿਖੇ ਸਥਿਤ ਪੀਰ ਬਾਬਾ ਤਕੀਆ ਸ਼ਾਹ ਦੇ ਅਸਥਾਨ 'ਤੇ ਸਲਾਨਾ ਜੋੜ ਮੇਲਾ ਕਰਵਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਗ੍ਰਾਮ ਪੰਚਾਇਤ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਦੌਰਾਨ ਸਭ ਤੋਂ ਪਹਿਲਾਂ ਸਵੇਰੇ ਪੀਰਾਂ ਦੀ ਦਰਗਾਹ 'ਤੇ ਚਾਦਰ ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਉਪਰੰਤ ਪਿੰਕੀ ਨਾਕਾਲ ਐਂਡ ਪਾਰਟੀ ਅਤੇ ਹੋਰਨਾਂ ਕਵਾਲ ਪਾਰਟੀਆਂ ਨੇ ਸੂਫੀਆਨਾ ਕਲਾਮਾਂ ਰਾਹੀਂ ਪੀਰਾਂ ਦੀ ਮਹਿਮਾ ਦਾ ਗੁਣ ਗਾਣ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਉਣ ਲਈ ਪਹੁੰਚੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੂੰ ਸਲਾਨਾ ਜੋੜ ਮੇਲੇ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਅਜਿਹੇ ਮੇਲੇ ਸਾਨੂੰ ਆਪਸੀ ਪ੍ਰੇਮ ਪਿਆਰ ਦਾ ਸੰਦੇਸ਼ ਦਿੰਦੇ ਹਨ। ਮੇਲੇ ਦੌਰਾਨ ਠੰਢੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਮੌਕੇ ਸੇਵਾਦਾਰ ਅਸ਼ੋਕ ਕੁਮਾਰ, ਚੇਅਰਮੈਨ ਸੁਖਵਿੰਦਰਜੀਤ ਸਿੰਘ ਝਾਵਰ, ਚੇਅਰਮੈਨ ਜਸਵੰਤ ਸਿੰਘ ਬਿੱਟੂ, ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਸਰਪੰਚ ਜਰਨੈਲ ਸਿੰਘ, ਸਰਪੰਚ ਸੁਖਨਿੰਦਰ ਸਿੰਘ, ਜੱਜ ਗੁਰਮੀਤ ਰਾਮ, ਸੁਪਰਡੈਂਟ ਜੀਤ ਰਾਮ, ਲਖਬੀਰ ਸਿੰਘ, ਦੀਪਕ ਮਹਿਲਾ, ਅਸ਼ੋਕ ਕੁਮਾਰ, ਕਮਲਜੀਤ ਸਿੰਘ, ਰਾਣਾ ਕੁਰਾਲਾ, ਬਾਬਾ ਚੈਂਚਲ ਸਿੰਘ, ਅਜੀਤ ਸਿੰਘ, ਕਮਲ ਕੁਰਾਲਾ, ਕਾਲਾ ਕੁਰਾਲਾ, ਜਸ਼ਨ ਕੁਰਾਲਾ, ਸੁਖਵਿੰਦਰ ਸਿੰਘ, ਸ਼ੇਰਾ, ਪਵਨ, ਮਨਜੀਤ ਸਿੰਘ, ਲੱਡੂ ਕਰਾਲਾ, ਭੂਪਾ ਕੁਰਾਲਾ, ਪਰਦੀਪਾ ਹਰਮਨ ਸਿੰਘ, ਕੁਲਦੀਪ ਸਿੰਘ ਵੀ ਹਾਜ਼ਰ ਸਨ।



## ਸੀ ਟੀ ਯੂ ਵੱਲੋਂ ਸਹਾਇਕ ਲਾਈਨਮੈਂਨਾਂ 'ਤੇ ਲਾਠੀਚਾਰਜ ਦੀ ਨਿਖੇਧੀ

**ਜਲੰਧਰ (ਰਾਜੇਸ਼ ਥਾਪਾ)** ਸੈਂਟਰ ਆਫ਼ ਟਰੇਡ ਯੂਨੀਅਨਜ਼ (ਸੀ ਟੀ ਯੂ) ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਮੀਤ ਪ੍ਰਧਾਨ ਜਗਦੀਸ਼ ਚੰਦਰ ਲੁਧਿਆਣਾ ਨੇ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਪਟਿਆਲਾ ਵਿਖੇ ਪਿਛਲੇ ਕੱਲ੍ਹ ਪੰਜਾਬ ਦੇ 2600 ਲਾਈਨਮੈਨ ਅਮਨਪੂਰਵਕ ਮੰਗ ਕਰ ਰਹੇ ਸਨ ਕਿ ਸਰਕਾਰ ਵਾਅਦੇ ਮੁਤਾਬਿਕ ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਪਰ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਹੇਠ ਪੰਜਾਬ ਪੁਲਸ ਨੇ ਜਿਸ ਵਹਿਸੀਆਨਾ ਤਰੀਕੇ ਨਾਲ ਲਾਠੀਚਾਰਜ ਕੀਤਾ, ਉਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ।ਸੇਵਾ ਕੇਂਦਰਾਂ ਵਿੱਚ 450 ਤੋਂ ਵੱਧ ਕਿਸਮ ਦੀਆਂ ਐਪਲੀਕੇਸ਼ਨਾਂ ਨੂੰ ਡੀਲ ਕਰਕੇ ਨਿਗੂਣੀ ਤਨਖਾਹ 10500/- ਰੁਪਏ ਪ੍ਰਤੀ ਮਹੀਨਾ 'ਤੇ ਕੰਮ ਕਰਦੇ ਵਰਕਰ ਘੱਟੋ-ਘੱਟ ਉਜਰਤ 30000/- ਰੁਪਏ 'ਤੇ ਪੱਕੇ ਕਰਨ ਦੀ ਮੰਗ ਨੂੰ ਲੈ ਕੇ ਅਮਨ ਅਰੋੜਾ ਦੀ ਰਿਹਾਇਸ਼ ਸੁਨਾਮ ਸੰਗਰੂਰ ਧਰਨਾ ਦੇਣ ਲਈ ਉਲੀਕੇ ਪ੍ਰੋਗਰਾਮ ਨੂੰ ਤਾਰਪੀਡੋ ਕਰਨ ਲਈ ਪੰਜਾਬ ਦੇ ਵੱਖੋ-ਵੱਖ ਕੋਨਿਆਂ 'ਚੋਂ ਪੁਲਸ ਵੱਲੋਂ ਵਰਕਰਾਂ ਨੂੰ ਚੁੱਕੇ ਜਾਣ ਦੀ ਵੀ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਵਰਕਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ।



## ਸੰਤ ਗੁਰਦੀਪ ਗਿਰੀ ਚੰਨ ਗੁਰਾਇਆ ਵਾਲੇ ਦੇ ਘਰ ਪੁੱਜੇ

**ਫਿਲੌਰ (ਨਿਰਮਲ)**- ਸਵ: ਰਾਜ ਗੀਤਕਾਰ ਚੰਨ ਗੁਰਾਇਆ ਵਾਲਾ ਦੇ ਅਕਾਲ ਚਲਾਣਾ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ 108 ਸੰਤ ਗੁਰਦੀਪ ਗਿਰੀ ਪਠਾਨਕੋਟ ਵਾਲੇ ਚੰਨ ਦੇ ਵਾਰਸਾਂ ਨਾਲ ਦੁੱਖ ਸਾਂਝਾ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਨਾਲ ਮਦਨ ਜਲੰਧਰੀ ਵੀ ਸਨ। ਉਨ੍ਹਾਂ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਚੰਨ ਜੀ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਸੀ, ਉਹਨਾਂ ਵੱਲੋਂ ਸਵ: ਚੰਨ ਦੀ ਮੌਤ 'ਤੇ ਉਹਨਾਂ ਦੀ ਆਤਮਿਕ ਸ਼ਾਂਤੀ ਵਾਸਤੇ ਅਰਦਾਸ ਕੀਤੀ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਦੁਆ ਕੀਤੀ। ਇਸ ਮੌਕੇ ਸੋਹਣ ਲਾਲ, ਰਵੀ ਕੁਮਾਰ, ਧੰਮਾ ਪਾਂਛਟੇ ਵਾਲਾ, ਸੁੱਚਾ ਸਫਰੀ, ਰਾਜ ਕੁਮਾਰ ਨੰਗਲ, ਸਾਬ੍ਹੀ ਬੰਗੜ, ਨਗਰ ਕੌਂਸਲ ਦੇ ਪ੍ਰਧਾਨ ਹਰਮੇਸ਼ ਲਾਲ ਮੇਸ਼ੀ, ਪ੍ਰਧਾਨ ਰੋਸ਼ਨ ਲਾਲ ਰੋਸ਼ੀ ਅਤੇ ਹੋਰ ਹਾਜ਼ਰ ਸਨ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਨਾਇਆ ਵਿਸ਼ਵ ਵਾਤਾਵਰਨ ਦਿਵਸ

**ਹੁਸ਼ਿਆਰਪੁਰ (ਓ ਪੀ ਰਾਣਾ)** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ , ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅੱਗਰਵਾਲ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਅਤੇ ਸ਼ੇਸ਼ਨ ਜੱਜ ਰਜਿੰਦਰ ਅੱਗਰਵਾਲ ਅਤੇ ਸੀ.ਜੇ.ਐਮ.-ਕਮ-ਸਕੱਤਰ ਨੀਰਜ ਗੋਇਲ ਵਲੋ ਕੇਂਦਰੀ ਜੇਲ੍ਹ ਹੁਸ਼ਿਆਰਪੁਰ, ਜੁਵੇਨਾਇਲ ਹੋਮ ਅਤੇ ਓਲਡ ਏਜ ਹੋਮ, ਰਾਮ ਕਾਲੋਨੀ ਕੈਂਪ ਵਿਖੇ ਪੌਦੇ ਲਗਾਏ ਗਏ। ਜ਼ਿਲ੍ਹਾ ਅਤੇ ਸ਼ੇਸ਼ਨ ਜੱਜ ਰਜਿੰਦਰ ਅੱਗਰਵਾਲ ਨੇ ਕਿਹਾ ਕਿ ਪੌਦੇ ਲਗਾ ਕੇ ਆਮ ਜਨਤਾ ਨੂੰ ਸਾਡੇ ਜੀਵਨ ਵਿੱਚ ਰੁੱਖਾਂ ਦੀ ਕੀ ਮਹਤੱਤਾ ਹੈ, ਬਾਰੇ ਸੁਨੇਹਾ ਪਹੁੰਚਾਉਣਾ ਹੈ ਕਿ ਹਰ ਇੱਕ ਵਿਅਕਤੀ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਨੀਰਜ ਗੋਇਲ ਵੱਲੋਂ ਨਿਊ ਜ਼ਿਲ੍ਹਾ ਅਤੇ ਸ਼ੈਸਨ ਕੋਰਟ ਕੰਪਲੈਕਸ ਹੁਸ਼ਿਆਰਪੁਰ ਵਿਖੇ ਆਈ ਹੋਈ ਜਨਤਾ ਨੂੰ ਪੌਦੇ ਵੰਡੇ ਗਏ। ਇਸ ਮੌਕੇ ਸੁਪਰਡੈਂਟ ਕੇਂਦਰੀ ਜੇਲ੍ਹ ਸਤਨਾਮ ਸਿੰਘ, ਜੁਵੇਨਾਇਲ ਹੋਮ, ਹੁਸ਼ਿਆਰਪੁਰ ਦੇ ਸੁਪਰਡੈਂਟ ਪੁਨੀਤ ਕੁਮਾਰ ਵੀ ਮੌਜੂਦ ਸਨ। ਇਸ ਤੋਂ ਇਲਾਵਾ ਲੀਗਲ ਏਡ ਡਿਫੈਂਸ ਕੌਂਸਲ, ਹੁਸ਼ਿਆਰਪੁਰ ਵੀ ਸ਼ਾਮਲ ਸਨ।ਉਪਰੋਕਤ ਤੋਂ ਇਲਾਵਾ ਅੱਜ ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ ਰਣਜੀਤ ਕੌਰ ਅਡੀਸ਼ਨਲ ਪ੍ਰਿੰਸੀਪਲ ਜੱਜ ਫੈਮਲੀ ਕੋਰਟ ਹੁਸ਼ਿਆਰਪੁਰ, ਮਨੂੰ ਮਿਟੂ ਅਡੀਸ਼ਨਲ ਸਿਵਲ ਜੱਜ (ਸ.ਡ.)-ਕਮ ਚੈਅਰਮੈਨ, ਸਬ-ਡਿਵੀਜਨ ਕਾਨੂੰਨੀ ਸੇਵਾਵਾਂ ਕਮੇਟੀ ਅਤੇ ਜੈਸੀਕਾ ਵਿਜ ਸਿਵਲ ਜੱਜ (ਜੂਨੀਅਰ ਡਿਵੀਜਨ) ਗੜ੍ਹਸ਼ੰਕਰ ਨੇ ਕੋਰਟ ਕੰਪਲੈਕਸ ਗੜ੍ਹਸ਼ੰਕਰ ਵਿਖੇ ਪੌਦੇ ਲਗਾਏ ਅਤੇ ਸਬ ਡਵੀਜਨ ਦਸੂਹਾ ਵਿਖੇ ਜਸਪ੍ਰੀਤ ਕੌਰ ਸਿਮਕ ਅਡੀਸ਼ਨਲ ਸਿਵਲ ਜੱਜ (ਸ.ਡ)-ਕਮ ਚੈਅਰਮੈਨ, ਸਬ ਡਵੀਜਨ ਕਾਨੂੰਨੀ ਸੇਵਾਵਾਂ ਕਮੇਟੀ ਮਨਦੀਪ ਕੌਰ ਸਿਵਲ ਜੱਜ (ਜ.ਡ) ਦਸੂਹਾ ਵਲੋਂ ਕੋਰਟ ਕੰਪਲੈਕਸ ਦਸੂਹਾ ਵਿਖੇ ਪੌਦੇ ਲਗਾਏ ਅਤੇ ਰਮਨਦੀਪ ਨੀਤੂ ਅਡੀਸ਼ਨਲ ਸਿਵਲ ਜੱਜ (ਸ.ਡ)-ਕਮ-ਚੇਅਰਮੇਨ ਸਬ ਡਵੀਜਨ ਲੀਗਲ ਸਰਵਿਸਜ ਕਮੇਟੀ, ਮੁਕੇਰੀਆ ਵੱਲੋਂ ਮੁਕੇਰੀਆਂ ਕੋਰਟ ਕੰਪਲੈਕਸ ਵਿਖੇ ਪੌਦੇ ਲਗਾਏ ਗਏ ਅਤੇ ਪੈਨਲ ਐਡਵੋਕੇਟਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਵਲੋਂ ਪਿੰਡਾਂ ਵਿੱਚ ਪੌਦੇ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ।



# ਬੀ ਐੱਲ ਓ ਯੂਨੀਅਨ ਕਪੂਰਥਲਾ ਦਾ ਹੋਇਆ ਗਠਨ

**ਕਪੂਰਥਲਾ (ਮਨਜੀਤ ਮਾਨ)**- ਵਿਧਾਨ ਸਭਾ ਹਲਕਾ ਕਪੂਰਥਲਾ ਨਾਲ ਸੰਬੰਧਤ ਸਮੂਹ ਬੀ.ਐਲ.ਓਜ਼. ਦੀ ਇੱਕ ਅਹਿਮ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਭਵਨ, ਨੇੜੇ ਬੱਸ ਸਟੈਂਡ, ਕਪੂਰਥਲਾ ਵਿਖੇ ਹੋਈ । ਇਸ ਮੀਟਿੰਗ ਵਿੱਚ ਤਹਿਸੀਲ ਕਪੂਰਥਲਾ ਨਾਲ ਸੰਬੰਧਤ 80 ਤੋਂ 90 ਦੇ ਕਰੀਬ ਬੀ ਐਲ ਓ ਕਰਮਚਾਰੀਆਂ ਨੇ ਹਿੱਸਾ ਲਿਆ ਅਤੇ ਬੀ.ਐਲ.ਓ. ਯੂਨੀਅਨ ਦੇ ਗਠਨ ਨਾਲ ਸੰਬੰਧਤ ਰਸਮੀ ਪ੍ਰਕਿਰਿਆ ਪੂਰੀ ਕੀਤੀ । ਇਸ ਵਿੱਚ ਸਰਬਸੰਮਤੀ ਨਾਲ ਪ੍ਰਧਾਨ ਕੁਸ਼ਲ ਕੁਮਾਰ, ਮੀਤ ਪ੍ਰਧਾਨ ਜੀਵਨ ਜੋਤ ਮੱਲ੍ਹੀ ਅਤੇ ਸੁਖਵਿੰਦਰ ਸਿੰਘ ਪੀ ਟੀ ਯੂ, ਸਕੱਤਰ ਨਿਸ਼ਾਂਤ ਕੁਮਾਰ, ਸਹਾਇਕ ਸਕੱਤਰ ਮੀਨੂੰ ਰਾਣੀ, ਪ੍ਰੈੱਸ ਸਕੱਤਰ ਮਹਾਵੀਰ, ਵਿੱਤ ਸਕੱਤਰ ਦੀਪਕ ਚੰਦ, ਸਹਾਇਕ ਵਿੱਤ ਸਕੱਤਰ ਪੰਕਜ ਬਾਬੂ, ਸਰਪ੍ਰਸਤ ਬਲਵਿੰਦਰ ਸਿੰਘ ਭੰਡਾਲ, ਮੁੱਖ ਸਲਾਹਕਾਰ ਤਜਿੰਦਰ ਸਿੰਘ ਅਲਾਉਦੀਪੁਰ, ਸਹਾਇਕ ਪ੍ਰੈਸ ਸਕੱਤਰ ਮਨਦੀਪ ਸਿੰਘ, ਸਹਾਇਕ ਮਹਿਲਾ ਕੋਆਰਡੀਨੇਟਰ ਪਰਮਿੰਦਰਜੀਤ ਕੌਰ ਦੀ ਚੋਣ ਕੀਤੀ ਗਈ। ਇਸ ਉਪਰੰਤ ਹਾਜ਼ਰ ਬੀ.ਐਲ.ਓਜ਼. ਨੇ ਆਪਣੇ- ਆਪਣੇ ਵਿਚਾਰ ਰੱਖੇ ਜਿਨ੍ਹਾਂ ਵਿੱਚ ਐਸ.ਆਈ.ਆਰ. ਦੇ ਕੰਮ ਦੌਰਾਨ ਆਉਣ ਵਾਲੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ ਜਿਨ੍ਹਾਂ ਵਿੱਚ ਐਸ.ਆਈ.ਆਰ. ਪੂਰਾ ਹੋਣ ਤੱਕ ਸਮੂਹ ਬੀ.ਐਲ.ਓਜ਼. ਨੂੰ ਉਹਨਾਂ ਦੇ ਵਿਭਾਗਾਂ ਤੋਂ ਪੂਰਨ ਫਾਰਗ ਕਰਵਾਉਣ, ਵਿਸ਼ੇਸ਼ ਕਰਕੇ ਪੀ ਟੀ ਯੂ ਨਾਲ ਸੰਬੰਧਤ ਬੀ.ਐਲ.ਓਜ਼. ਦੀ ਫਾਰਗੀ ਦੀ ਸਮੱਸਿਆ 'ਤੇ ਚਰਚਾ ਕੀਤੀ ਗਈ, ਐਸ.ਆਈ.ਆਰ. ਦੇ ਕੰਮ ਦਾ ਵੱਖਰਾ ਮਿਹਨਤਾਨਾ ਜਾਰੀ ਕਰਨ, ਕਮਾਈ ਛੁੱਟੀ/ ਇਵਜੀ ਛੁੱਟੀ ਲੈਣ, ਬੀ ਐਲ ਓ ਦਾ ਦੁਰਘਟਨਾ ਬੀਮਾ ਕਰਨ ਦੀ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ । ਇਸ ਤੋਂ ਇਲਾਵਾ ਵੱਖ-ਵੱਖ ਸਥਾਨਕ ਸਰਕਾਰਾਂ ਨਾਲ ਸੰਬੰਧਤ ਚੋਣਾਂ ਜਿਵੇਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ, ਪੰਚਾਇਤਾਂ ਆਦਿ ਦੀਆਂ ਚੋਣਾਂ ਵਿੱਚ ਬੀ ਐਲ ਓ ਨੂੰ ਛੋਟ ਦੇਣ ਦੀ ਮੰਗ ਕੀਤੀ ਗਈ ।

ਇਸ ਮੌਕੇ ਆਗੂਆਂ ਤੋਂ ਇਲਾਵਾ ਕਮਲ ਕਿਸ਼ੋਰ, ਰਮੇਸ਼ ਕੁਮਾਰ ਭੇਟ, ਕਮਲਦੀਪ ਬਾਵਾ, ਬਲਦੇਵ ਸਿੰਘ, ਧਰਮਿੰਦਰ ਕੁਮਾਰ, ਸਤਬੀਰ ਸਿੰਘ, ਰਾਮਪਾਲ, ਸੰਜੀਵ ਕੁਮਾਰ, ਅਜੇ ਕੁਮਾਰ, ਬਿਕਰਮਜੀਤ ਸਿੰਘ, ਯਾਸੀਨ ਅੰਸਾਰੀ, ਅਵਤਾਰ ਸਿੰਘ, ਲਲਿਤ ਚੰਦੇਲ ਆਦਿ ਹਾਜ਼ਰ ਸਨ।



# ਮੁੱਖ ਮੰਤਰੀ ਸਿਹਤ ਯੋਜਨਾ ਤੇ ਰੁਟੀਨ ਟੀਕਾਕਰਨ ਸੰਬੰਧੀ ਮੀਟਿੰਗ

**ਗੁਰਾਇਆ (ਬਿੰਦਰ ਸੁੰਮਨ)**- ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਪਲਸ ਪੋਲਿਓ ਮੁਹਿੰਮ, ਮੁੱਖ ਮੰਤਰੀ ਸਿਹਤ ਯੋਜਨਾ (ਐਮ.ਐਮ.ਐਸ.ਵਾਈ.) ਅਤੇ ਰੁਟੀਨ ਟੀਕਾਕਰਨ ਸਬੰਧੀ ਪੋਲਿਓ ਸੁਪਰਵਾਈਜ਼ਰਾਂ ਦੀ ਇੱਕ ਵਿਸ਼ੇਸ਼ ਸਿਖਲਾਈ ਮੀਟਿੰਗ ਸਿਵਲ ਸਰਜਨ ਡਾ. ਰਾਜੇਸ਼ ਗਰਗ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪਰਮਜੀਤ ਸਿੰਘ ਨੇ ਸਟਾਫ ਨੂੰ ਆਉਣ ਵਾਲੀਆਂ ਸਿਹਤ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸੀਨੀਅਰ ਮੈਡੀਕਲ ਅਫਸਰ ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਰਾਸ਼ਟਰੀ ਪਲਸ ਪੋਲੀਓ ਮੁਹਿੰਮ 28, 29 ਅਤੇ 30 ਜੂਨ ਨੂੰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਉਣਾ ਸਿਹਤ ਵਿਭਾਗ ਦੀ ਮੁੱਖ ਤਰਜੀਹ ਹੈ। ਮੈਡੀਕਲ ਅਫਸਰ ਡਾ. ਮਮਤਾ ਗੌਤਮ ਨੇ ਰੁਟੀਨ ਟੀਕਾਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਸਮੇਂ ਸਿਰ ਟੀਕਾਕਰਨ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਨੂੰ ਯਕੀਨੀ ਬਣਾਇਆ ਜਾ ਸਕੇ। ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਮੁੱਖ ਮੰਤਰੀ ਸਿਹਤ ਯੋਜਨਾ (ਐਮ.ਐਮ.ਐਸ.ਵਾਈ.) ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਲੋਕਾਂ ਵਿੱਚ ਜਾਗਰੂਕਤਾ ਵਧਾਉਣ ਅਤੇ ਵੱਧ ਤੋਂ ਵੱਧ ਰਜਿਸਟਰੇਸ਼ਨ ਯਕੀਨੀ ਬਣਾਉਣ ਲਈ ਕਿਹਾ।



ਹੈਲਥ ਸੁਪਰਵਾਈਜ਼ਰ ਗੁਰਨੇਕ ਲਾਲ, ਹੈਲਥ ਸੁਪਰਵਾਈਜ਼ਰ ਸਤਨਾਮ ਸਿੰਘ ਅਤੇ ਹੈਲਥ ਸੁਪਰਵਾਈਜ਼ਰ ਕੁਲਦੀਪ ਵਰਮਾ ਨੇ ਪੋਲੀਓ ਸੁਪਰਵਾਈਜ਼ਰਾਂ ਨੂੰ ਮੁਹਿੰਮ ਦੀਆਂ ਤਕਨੀਕੀ ਬਾਰੀਕੀਆਂ, ਘਰ-ਘਰ ਸਰਵੇਖਣ, ਬੂਥ ਪ੍ਰਬੰਧਨ, ਟੀਮ ਨਿਗਰਾਨੀ ਅਤੇ ਰਿਪੋਰਟਿੰਗ ਪ੍ਰਣਾਲੀ ਬਾਰੇ ਵਿਸਥਾਰਪੂਰਵਕ ਸਿਖਲਾਈ ਦਿੱਤੀ।

# ਫੁੱਟਬਾਲ ਕੋਚਿੰਗ ਦੇ ਹੁਨਰ ਤੇ ਸਿਖਲਾਈ ਸੰਬੰਧੀ ਚਾਰ ਰੋਜ਼ਾ ਸਿਖਲਾਈ ਕੈਂਪ

**ਮਾਹਿਲਪੁਰ (ਸ.ਫਰੀ)** ਫੁੱਟਬਾਲ ਪਲੇਅਰਜ ਐਸੋਸੀਏਸ਼ਨ ਪੰਜਾਬ ਵੱਲੋਂ ਖਾਲਸਾ ਕਾਲਜ ਮਾਹਿਲਪੁਰ ਦੇ ਸਹਿਯੋਗ ਨਾਲ ਕਾਲਜ ਵਿੱਚ ਫੁੱਟਬਾਲ ਖੇਡ ਦੇ ਕੋਚਾਂ ਲਈ 8 ਜੂਨ ਤੱਕ ਲਗਾਇਆ ਜਾ ਰਿਹਾ ਚਾਰ ਰੋਜ਼ਾ ਮੁਫ਼ਤ ਸਿਖਲਾਈ ਕੈਂਪ ਆਰੰਭ ਹੋ ਗਿਆ। ਇਸ ਕੈਂਪ ਦਾ ਉਦਘਾਟਨ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ ਵਲੋਂ ਕੌਂਸਲ ਦੇ ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਅਰਜੁਨ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ, ਖਜ਼ਾਨਚੀ ਵੀਰਇੰਦਰ ਸ਼ਰਮਾ, ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਖੇਡ ਖੇਤਰ ਦੀਆਂ ਹੋਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਇਹ ਕੈਂਪ ਫੁੱਟਬਾਲ ਕੋਚਿੰਗ ਦੀ ਸਿਖਲਾਈ ਲਈ ਖਿਡਾਰੀਆਂ ਅਤੇ ਕੋਚਾਂ ਨੂੰ ਹੁਨਰਮੰਦ ਬਣਾਉਣ ਵਿਚ ਅਹਿਮ ਸਹਾਇਕ ਹੋਵੇਗਾ।ਕੋਚ ਹਰਪ੍ਰੀਤ ਸਿੰਘ ਅਤੇ ਕੋਚ ਹਰਮਨਜੋਤ ਸਿੰਘ ਖਾਬੜਾ ਨੇ ਕਿਹਾ ਕਿ ਕੈਂਪ ਵਿੱਚ ਪਿੰਡਾਂ, ਅਕੈਡਮੀਆਂ, ਕਾਲਜਾਂ ਆਦਿ ਦੀਆਂ ਫੁੱਟਬਾਲ ਟੀਮਾਂ ਨੂੰ ਸਿਖਲਾਈ ਦੇਣ ਵਾਲੇ ਕੋਚਾਂ ਨੂੰ ਕੋਚਿੰਗ ਸਬੰਧੀ ਹੋਰ ਹੁਨਰਮੰਦ ਬਣਾਉਣ, ਕੋਚਿੰਗ ਵਿੱਚ ਕਰੀਅਰ ਦੇ ਵੱਧ ਤੋਂ ਵੱਧ ਮੌਕੇ ਪ੍ਰਫੁੱਲਿਤ ਕਰਨ ਅਤੇ ਖੇਡ ਦੇ ਬਾਰੀਕੀ ਨਾਲ ਨਿਰੀਖਣ ਸਬੰਧੀ ਪ੍ਰੈਕਟੀਕਲ, ਥਿਊਰੀ, ਵਿਚਾਰ ਚਰਚਾ ਅਤੇ ਕਲਾਸ ਰੂਮ ਲੈਕਚਰ ਸ਼ਾਮਲ ਹਨ। ਅਰਜੁਨ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਨੇ ਇਸ ਕੋਚਿੰਗ ਕੈਂਪ ਲਈ ਪ੍ਰਬੰਧਕਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਭਾਰਤੀ ਫੁੱਟਬਾਲ ਟੀਮ ਦੇ ਗੋਲਕੀਪਰ ਅਮਰਿੰਦਰ ਸਿੰਘ, ਖੇਡ ਪ੍ਰਮੋਟਰ ਪ੍ਰਿੰਸੀਪਲ ਜਗਮੋਹਨ ਸਿੰਘ, ਨੈਸ਼ਨਲ ਖਿਡਾਰੀ ਕਰਨਵੀਰ ਪਰਮਾਰ, ਕੋਚ ਸੁਖਵਿੰਦਰ ਸਿੰਘ, ਗੁਰਦਿਆਲ ਸਿੰਘ ਕਹਾਰਪੁਰ, ਇੰਜੀਨੀਅਰ ਤਰਲੋਚਨ ਸਿੰਘ ਸੰਧੂ, ਕੋਚ ਬੰਦਨਾ ਸਿੰਘ, ਸਮਾਜ ਸੇਵੀ ਤਲਵਿੰਦਰ ਸਿੰਘ ਹੀਰ, ਡਾ ਰਾਜ ਕੁਮਾਰ, ਡਾ ਜਤਿੰਦਰ ,ਕੋਚ ਹਰਿੰਦਰ ਸਨੀ, ਕੋਚ ਚਰਨਜੀਤ ਸਿੰਘ, ਪ੍ਰੋ ਰਿਸ਼ਭ ਆਦਿ ਸਮੇਤ ਫੁੱਟਬਾਲ ਖਿਡਾਰੀ ਵੀ ਹਾਜ਼ਰ ਸਨ।



# ਵਿਸ਼ਵ ਵਾਤਾਵਰਣ ਦਿਵਸ ਮੌਕੇ ਅਣਉਪਯੋਗੀ ਪਲਾਸਟਿਕ ਬੋਤਲਾਂ ਨੂੰ ਹਰਿਤ ਜੀਵਨ 'ਚ ਬਦਲਣ ਦਾ ਸੰਦੇਸ਼

**ਜਲੰਧਰ (ਸ਼ੈਲੀ ਐਲਬਰਟ)**- ਵਿਸ਼ਵ ਵਾਤਾਵਰਣ ਦਿਵਸ 2026 ਮੌਕੇ ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਾਤਾਵਰਣ ਸੈੱਲ ਵੱਲੋਂ ਦਿਸ਼ਾ - ਇੱਕ ਪਹਿਲ ਦੇ ਤਹਿਤ 'ਪਲਾਸਟਿਕ ਦੀਆਂ ਬੋਤਲਾਂ ਨੂੰ ਹਰਿਆਲੀ ਭਰੇ ਜੀਵਨ ਸਥਾਨਾਂ ਵਿੱਚ ਬਦਲਣਾ' ਵਿਸ਼ੇ 'ਤੇ ਇੱਕ ਵਿਸ਼ੇਸ਼ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਪਹਿਲ ਦਾ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਟਿਕਾਊ ਵਿਕਾਸ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।ਇਸ ਗਤੀਵਿਧੀ ਤਹਿਤ ਵਰਤੋਂ ਤੋਂ ਬਾਹਰ ਹੋ ਚੁੱਕੀਆਂ ਪਲਾਸਟਿਕ ਦੀਆਂ ਬੋਤਲਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਪੌਦੇ ਲਗਾਉਣ ਲਈ ਗਮਲਿਆਂ ਦੇ ਰੂਪ ਵਿੱਚ ਤਬਦੀਲ ਕੀਤਾ ਗਿਆ ਅਤੇ ਇਨ੍ਹਾਂ ਦੀ ਮਦਦ ਨਾਲ ਸੰਸਥਾ ਦੇ ਕੈਂਪਸ ਵਿੱਚ ਇੱਕ ਆਕਰਸ਼ਕ ਵਰਟੀਕਲ ਗਾਰਡਨ ਤਿਆਰ ਕੀਤਾ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਇਸ ਗਤੀਵਿਧੀ ਵਿੱਚ ਭਾਗ ਲਿਆ ਅਤੇ ਵਰਟੀਕਲ ਗਾਰਡਨ ਦੀ ਸਥਾਪਨਾ ਵਿੱਚ ਆਪਣਾ ਯੋਗਦਾਨ ਦਿੱਤਾ।ਇਨੋਸੈਂਟ ਹਾਰਟਸ ਦੀ ਸੀਐੱਸਆਰ ਡਾਇਰੈਕਟਰ ਡਾ. ਪਲਕ ਗੁਪਤਾ ਬੌਰੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਸਿਰਫ਼ ਇੱਕ ਦਿਨ ਦਾ ਵਿਸ਼ਾ ਨਹੀਂ, ਸਗੋਂ ਇਸ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਸਮੇਂ ਦੀ ਲੋੜ ਹੈ।



# ਸਰਕਾਰ ਵੱਲੋਂ 'ਰੰਗਲਾ ਪੰਜਾਬ ਵਿਕਾਸ ਸਕੀਮ' 'ਚ ਤੇਜ਼ੀ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇੱਥੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 'ਰੰਗਲਾ ਪੰਜਾਬ ਵਿਕਾਸ ਸਕੀਮ' ਦੇ ਦੂਜੇ ਪੜਾਅ ਤਹਿਤ ਵਿਕਾਸ



ਕਾਰਜ 10 ਜੂਨ ਤੱਕ ਸ਼ੁਰੂ ਕਰਨ ਅਤੇ 31 ਜੁਲਾਈ ਤੱਕ ਹਰ ਹਾਲ ਵਿੱਚ ਮੁਕੰਮਲ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਚੇਤਾਵਨੀ ਦਿੱਤੀ ਕਿ ਅਗਲੇ ਦੋ ਦਿਨਾਂ ਦੇ ਅੰਦਰ ਪ੍ਰਸਤਾਵ ਜਮ੍ਹਾਂ ਨਾ ਕਰਵਾਉਣ ਵਾਲੇ ਖੇਤਰਾਂ ਲਈ ਤੀਜੇ ਪੜਾਅ ਦੀ ਫੰਡਿੰਗ ਪੂਰੀ ਤਰ੍ਹਾਂ ਰੋਕ ਦਿੱਤੀ ਜਾਵੇਗੀ।ਪੰਜਾਬ ਭਵਨ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਸਕੀਮ ਦੀ ਉੱਚ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਰੇ ਸਬੰਧਤ ਵਿਭਾਗਾਂ ਦੇ ਸਕੱਤਰਾਂ ਨੂੰ ਵੀ ਸਖ਼ਤ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਨ੍ਹਾਂ ਦੇ ਸਬੰਧਤ ਪ੍ਰੋਜੈਕਟ ਇਸ ਸਮਾਂ-ਸੀਮਾ ਦੀ ਸਖ਼ਤੀ ਨਾਲ ਪਾਲਣਾ ਕਰਨ।ਸੂਬੇ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਬਰਦਾਸ਼ਤ ਨਾ ਕਰਨ ਦਾ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਦ੍ਰਿੜ੍ਹਤਾ ਨਾਲ ਕਿਹਾ, 'ਤੀਜੇ ਪੜਾਅ ਦੇ ਪ੍ਰਸਤਾਵਾਂ ਲਈ ਦੋ ਦਿਨਾਂ ਦਾ ਸਮਾਂ ਆਖਰੀ ਹੈ ਅਤੇ ਜਵਾਬਦੇਹੀ ਤੈਅ ਕੀਤੀ ਜਾਵੇਗੀ। ਜੇਕਰ ਤੀਜੇ ਪੜਾਅ ਦੇ ਪ੍ਰਸਤਾਵ ਦੋ ਦਿਨਾਂ ਦੇ ਅੰਦਰ ਜਮ੍ਹਾਂ ਨਾ ਕੀਤੇ ਗਏ, ਤਾਂ ਸਬੰਧਤ ਖੇਤਰਾਂ ਦੀਆਂ ਵਿਕਾਸ ਗ੍ਰਾਂਟਾਂ ਬਿਨਾਂ ਕਿਸੇ ਦੇਰੀ ਕਾਰਨ ਰੋਕ ਦਿੱਤੀਆਂ ਜਾਣਗੀਆਂ।' ਪ੍ਰਸ਼ਾਸਨਿਕ ਅਨੁਸ਼ਾਸਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਮੁਕੰਮਲ ਹੋ ਚੁੱਕੇ ਕੰਮਾਂ ਦੇ ਸਾਰੇ ਵਿੱਤੀ ਬਿੱਲਾਂ ਨੂੰ ਸਮੇਂ ਸਿਰ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ। ਮੁੱਖ ਸਕੱਤਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਪ੍ਰਸ਼ਾਸਨਿਕ ਦੇਰੀ ਦੀ ਪੂਰੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਸਬੰਧਤ ਕਾਰਜਕਾਰੀ ਏਜੰਸੀ ਸਿਰ ਮੜ੍ਹੀ ਜਾਵੇਗੀ ਅਤੇ ਕੋਤਾਹੀ ਵਰਤਣ ਵਾਲਿਆਂ ਖ਼ਿਲਾਫ਼ ਤੁਰੰਤ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

# ਐੱਸ ਡੀ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ.ਐਸ.ਐਸ ਯੂਨਿਟ, ਈਕੋ ਕਲੱਬ ਅਤੇ ਰੈੱਡ ਰਿਬਨ ਕਲੱਬ ਵੱਲੋਂ ਪ੍ਰਿੰਸੀਪਲ ਡਾ



ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਵਿਦਿਆਰਥੀਆਂ ਨੂੰ ਹਰੇ ਭਰੇ ਅਤੇ ਸਿਹਤਮੰਦ ਗ੍ਰਹਿ ਲਈ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿੱਚ ਇੱਕ ਰੁੱਖ ਲਗਾਉਣ ਦੀ ਗਤੀਵਿਧੀ ਨਾਲ ਹੋਈ, ਜਿਨ੍ਹਾਂ ਨੇ ਕਾਲਜ ਕੈਂਪਸ ਵਿੱਚ ਇੱਕ ਪੌਦਾ ਲਗਾਇਆ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ ਦੇ ਯਤਨਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਵੱਖ-ਵੱਖ ਪੌਦੇ ਵੀ ਲਗਾਏ ਅਤੇ ਇੱਕ ਟਿਕਾਊ ਭਵਿੱਖ ਲਈ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਦਾ ਪ੍ਰਣ ਲਿਆ। ਵਿਦਿਆਰਥੀਆਂ ਨੂੰ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਅਪਣਾਉਣ ਅਤੇ ਵਾਤਾਵਰਣ ਦੀ ਰੱਖਿਆ ਲਈ ਜ਼ਿੰਮੇਵਾਰੀ ਲੈਣ ਲਈ ਉਤਸ਼ਾਹਿਤ ਕੀਤਾ ਗਿਆ।ਪ੍ਰੋਗਰਾਮ ਵਾਤਾਵਰਣ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਉਣ ਅਤੇ ਭਾਗੀਦਾਰਾਂ ਨੂੰ ਇੱਕ ਟਿਕਾਊ ਭਵਿੱਖ ਵੱਲ ਕੰਮ ਕਰਨ ਲਈ ਪ੍ਰੇਰਿਤ ਕਰਨ ਵਿੱਚ ਸਫਲ ਰਿਹਾ। ਇਹ ਪ੍ਰੋਗਰਾਮ ਐਨ.ਐਸ.ਐਸ ਵਿਭਾਗ ਦੇ ਪ੍ਰੋਗਰਾਮ ਅਫਸਰ ਮੈਡਮ ਸੁਨੀਤਾ ਕਲੇਰ ਅਤੇ ਕਾਲਜ ਦੇ ਈਕੋ ਕਲੱਬ ਅਤੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ।

# ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਸੈਮੀਨਾਰ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਅਤੇ ਇਸ ਨਾਮੁਰਾਦ ਕੋਹੜ ਨੂੰ ਜੜ੍ਹੋਂ ਖ਼ਤਮ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਇੱਕ ਵੱਡੀ ਪਹਿਲਕਦਮੀ ਕੀਤੀ ਗਈ ਹੈ। ਹਲਕਾ ਵਿਧਾਇਕ ਸੰਤੋਸ਼ ਕਟਾਰੀਆ, ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੀ ਯੋਗ ਰਹਿਨੁਮਾਈ ਹੇਠ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜ ਬਲਾਚੌਰ ਵਿਖੇ ਨਸ਼ਿਆਂ ਦੇ ਖ਼ਿਲਾਫ਼ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਪੰਚਾਂ, ਸਰਪੰਚਾਂ ਅਤੇ ਮੋਹਤਬਰ ਵਿਅਕਤੀਆਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਸੈਮੀਨਾਰ ਦੌਰਾਨ ਮੰਚ ਤੋਂ ਸੰਬੋਧਨ ਕਰਦਿਆਂ ਉੱਚ ਸਿਆਸੀ ਅਤੇ ਪ੍ਰਸ਼ਾਸਨਿਕ ਆਗੂਆਂ ਨੇ ਨਸ਼ਿਆਂ ਨੂੰ ਠੱਲ ਪਾਉਣ ਲਈ ਪਬਲਿਕ ਨੂੰ ਜ਼ੋਰਦਾਰ ਸੰਦੇਸ਼ ਦਿੱਤੇ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ



ਨਸ਼ਿਆਂ ਦੇ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਪਬਲਿਕ ਨੂੰ ਅਪੀਲ ਕਰਦਿਆਂ ਕਿਹਾ, 'ਨਸ਼ਾ ਸਾਡੀ ਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਨੂੰ ਰੋਕਣ ਲਈ ਹੁਣ ਸਾਨੂੰ ਸਾਰਿਆਂ ਨੂੰ ਆਪੋ-ਆਪਣੇ ਪਿੰਡਾਂ ਅਤੇ ਵਾਰਡਾਂ ਵਿੱਚ ਫਰੰਟ ਲਾਈਨ 'ਤੇ ਆ ਕੇ ਗਰਾਊਂਡ ਲੈਵਲ 'ਤੇ ਕੰਮ ਕਰਨਾ ਪਵੇਗਾ। ਆਪਣੇ ਆਲੇ-ਦੁਆਲੇ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਨਿਡਰ ਹੋ ਕੇ ਆਵਾਜ਼ ਬੁਲੰਦ ਕਰੋ, ਸਰਕਾਰ ਅਤੇ ਪ੍ਰਸ਼ਾਸਨ ਤੁਹਾਡੀ ਪਿੱਠ 'ਤੇ ਖੜ੍ਹਾ ਹੈ।' ਡੀ ਐੱਸ ਪੀ ਬਲਾਚੌਰ ਹਿਮਤ ਮਲੋਤਰਾ ਨੇ ਪੁਲਿਸ ਅਤੇ ਜਨਤਾ ਦੇ ਤਾਲਮੇਲ 'ਤੇ ਜ਼ੋਰ ਦਿੰਦਿਆਂ ਕਿਹਾ, 'ਜੇਕਰ ਸਮਾਜ ਵਿੱਚੋਂ ਨਸ਼ੇ ਨੂੰ ਹਮੇਸ਼ਾ ਲਈ ਖ਼ਤਮ ਕਰਨਾ ਹੈ, ਤਾਂ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਆਮ ਪਬਲਿਕ ਨੂੰ ਰਲ-ਮਿਲ ਕੇ ਪੁਲਿਸ ਦਾ ਸਾਥ ਦੇਣਾ ਪਵੇਗਾ।' ਸੈਮੀਨਾਰ ਦੌਰਾਨ ਮੌਕੇ 'ਤੇ ਹਾਜ਼ਰ ਪਿੰਡਾਂ ਦੇ ਪੰਚਾਂ, ਸਰਪੰਚਾਂ,ਵੀ ਡੀ ਸੀ ਮੈਂਬਰ ਅਤੇ ਆਮ ਪਬਲਿਕ ਨੇ ਪ੍ਰਸ਼ਾਸਨ ਦੇ ਇਸ ਕਦਮ ਦੀ ਸ਼ਲਾਘਾ ਕੀਤੀ।ਇਸ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਵਿੱਚ ਪਹੁੰਚੇ ਬੀ ਡੀ ਪੀ ਓ ਬਲਾਚੌਰ ਵਰਿੰਦਰ ਕੁਮਾਰ, ਐੱਸ ਐੱਚ ਓ. ਸਿਟੀ ਕਮਲ ਤਨੇਜਾ, ਐੱਸ ਐੱਚ ਓ ਸਦਰ ਬਿਕਰਮ ਸਿੰਘ, ਬਲਾਕ ਕੋਆਰਡੀਨੇਟਰ ਬਲਜੀਤ ਰਾਮ, ਬਲਾਕ ਕੋਆਰਡੀਨੇਟਰ ਦਵਿੰਦਰ ਤੇ ਅਧਿਆਪਕ ਨਗੇਸ਼ ਕੁਮਾਰ ਸਮੇਤ ਕਈ ਹੋਰ ਸਿਆਸੀ, ਸਮਾਜਿਕ ਅਤੇ ਪ੍ਰਸ਼ਾਸਨਿਕ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਸੈਨਿਕ ਅਫਸਰ ਬਣਨ ਦੇ ਚਾਹਵਾਨ ਨੌਜਵਾਨਾਂ ਲਈ ਸੁਨਹਿਰਾ ਮੌਕਾ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਅਧੀਨ ਸਥਾਪਿਤ ਸਰਦਾਰ ਬਹਾਦਰ ਅਮੀਨ ਚੰਦ ਸੋਨੀ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਬਾਜਵਾੜਾ (ਹੁਸ਼ਿਆਰਪੁਰ) ਵੱਲੋਂ ਭਾਰਤੀ ਸਸ਼ਤਰ ਬਲਾਂ ਵਿੱਚ ਅਫਸਰ ਪੱਧਰ ਦੀ ਭਰਤੀ ਲਈ ਤਿਆਰੀ ਕਰਵਾਉਣ ਲਈ ਦਾਖਲੇ ਸ਼ੁਰੂ ਕੀਤੇ ਗਏ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਪ੍ਰੀਤ ਸਿੰਘ ਮਾਨਸ਼ਾਹੀਆ, ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਵੱਲੋਂ ਦੱਸਿਆ ਕਿ ਇਹ ਸੰਸਥਾ ਪੰਜਾਬ ਸਰਕਾਰ ਦੀ ਇੱਕ ਮਹੱਤਵਪੂਰਨ ਪਹਿਲ ਹੈ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਭਾਰਤੀ ਫੌਜ, ਹਵਾਈ ਸੈਨਾ ਅਤੇ ਨੇਵੀ ਵਿੱਚ ਅਫਸਰ ਵਜੋਂ ਭਰਤੀ ਲਈ ਲੋੜੀਂਦੀ ਪ੍ਰਤੀਯੋਗੀ ਪ੍ਰੀਖਿਆਵਾਂ ਅਤੇ ਚੋਣ ਪ੍ਰਕਿਰਿਆਵਾਂ ਲਈ ਤਿਆਰ ਕਰਨਾ ਹੈ। ਸੰਸਥਾ ਦਾ ਪਹਿਲਾ ਬੈਚ ਜੁਲਾਈ 2026 ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਉਮੀਦਵਾਰਾਂ ਨੂੰ 3 ਮਹੀਨਿਆਂ ਦੀ ਸੰਰਚਿਤ ਅਕਾਦਮਿਕ ਸਿਖਲਾਈ ਅਤੇ 3 ਹਫ਼ਤਿਆਂ ਦੀ ਸਰਵਿਸ ਸਿਲੈਕਸ਼ਨ ਬੋਰਡ ਟ੍ਰੇਨਿੰਗ ਮੁਹੱਈਆ ਕਰਵਾਈ ਜਾਵੇਗੀ, ਜਿਸ ਵਿੱਚ ਲਿਖਤੀ ਪ੍ਰੀਖਿਆ, ਮਨੋਵਿਗਿਆਨਿਕ ਟੈਸਟ, ਗਰੁੱਪ ਟਾਸਕ, ਇੰਟਰਵਿਊ ਅਤੇ ਵਿਅਕਤੀਗਤ ਵਿਕਾਸ ਸਬੰਧੀ ਸਿਖਲਾਈ ਸ਼ਾਮਲ ਹੋਵੇਗੀ। ਇਸ ਲਈ ਉਹ ਉਮੀਦਵਾਰ ਯੋਗ ਹਨ ਜਿਨ੍ਹਾਂ ਨੇ ਗ੍ਰੈਜੂਏਸ਼ਨ ਪੂਰੀ ਕਰ ਲਈ ਹੈ ਜਾਂ ਜੋ ਇਸ ਸਮੇਂ ਗ੍ਰੈਜੂਏਸ਼ਨ ਕਰ ਰਹੇ ਹਨ। ਲੋੜਵੰਦ ਉਮੀਦਵਾਰਾਂ ਲਈ ਹੋਸਟਲ ਦੀ ਸਹੂਲਤ ਵੀ ਉਪਲਬਧ ਹੋਵੇਗੀ। ਦਿਲਚਸਪੀ ਰੱਖਣ ਵਾਲੇ ਉਮੀਦਵਾਰ ਨਿਰਧਾਰਿਤ ਅਰਜ਼ੀ ਫਾਰਮ ਭਰ ਕੇ 18 ਜੂਨ ਤੱਕ ਆਪਣੀ ਅਰਜ਼ੀ ਈ-ਮੇਲ sbacsafpi-hoshiarpur@gmail.com 'ਤੇ ਭੇਜ ਸਕਦੇ ਹਨ।

# ਵਿਦਿਆਰਥੀਆਂ ਨੇ ਆਮ ਸਾਈਕਲ ਤੋਂ ਈ ਵੀ ਸਾਈਕਲ ਬਣਾਇਆ

**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪਾਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਰਹਿਨੁਮਾਈ ਅਤੇ ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਇੰਜੀ. ਵਿਕਰਮਜੀਤ ਸਿੰਘ ਸੰਘੋਤਰਾ ਦੀ ਅਗਵਾਈ ਹੇਠ ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇੱਕ ਨਵੀਂ ਅਤੇ ਪ੍ਰੇਰਣਾਦਾਇਕ ਤਕਨੀਕੀ ਉਪਲਬਧੀ ਹਾਸਲ ਕੀਤੀ ਗਈ। ਵਿਦਿਆਰਥੀਆਂ ਨੇ ਆਮ ਸਾਈਕਲ ਨੂੰ ਰੀਟ੍ਰੋਫਿਟਿੰਗ ਤਕਨੀਕ ਦੀ ਮਦਦ ਨਾਲ ਇਲੈਕਟ੍ਰਿਕ ਵਹੀਕਲ (ਈ ਵੀ) ਸਾਈਕਲ ਵਿੱਚ ਤਬਦੀਲ ਕਰਕੇ ਨਵੀਨਤਾ ਅਤੇ ਵਾਤਾਵਰਣ ਸੰਭਾਲ ਵੱਲ ਮਹੱਤਵਪੂਰਨ ਕਦਮ ਚੁੱਕਿਆ ਹੈ। ਇਹ ਪ੍ਰੋਜੈਕਟ ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਅਰਜੁਨ ਚੌਧਰੀ, ਸਚਿਨ ਸਿੰਘ, ਯਾਕੂਲ ਅਤੇ ਅੰਕੁਸ਼ ਚੌਧਰੀ ਵੱਲੋਂ ਤਿਆਰ ਕੀਤਾ ਗਿਆ। ਵਿਦਿਆਰਥੀਆਂ ਨੇ ਆਪਣੇ ਤਕਨੀਕੀ ਗਿਆਨ ਤੇ ਪ੍ਰਯੋਗਾਤਮਕ ਹੁਨਰ ਦੀ ਵਰਤੋਂ ਕਰਦਿਆਂ ਇੱਕ ਐਸੀ ਈ ਵੀ ਸਾਈਕਲ ਤਿਆਰ ਕੀਤੀ ਜੋ ਘੱਟ ਖਰਚੇ ਵਿੱਚ ਆਮ ਲੋਕਾਂ ਲਈ ਲਾਭਕਾਰੀ ਸਾਬਤ ਹੋ ਸਕਦੀ ਹੈ। ਇਸ ਪ੍ਰੋਜੈਕਟ ਨੂੰ ਪੰਜਾਬ ਸਰਕਾਰ ਵੱਲੋਂ ਸਰਵੋਦਯਮ ਸਕੀਮ ਅਧੀਨ ਸਪਾਂਸਰ ਅਤੇ ਫੰਡ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ



ਇਸ ਨਵੀਨਤਮ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਵਿਦਿਆਰਥੀ ਅਰਜੁਨ ਚੌਧਰੀ ਨੂੰ ਵਰਕਸ਼ਾਪ ਸਥਾਪਿਤ ਕਰਨ ਅਤੇ ਉਦਯਮੀਤਾ ਨੂੰ ਉਤਸ਼ਾਹਿਤ ਕਰਨ ਲਈ ਲਗਭਗ 4 ਲੱਖ ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਇਸ ਈ.ਵੀ. ਸਾਈਕਲ ਦੀ ਰੀਟ੍ਰੋਫਿਟਿੰਗ ਲਾਗਤ ਕਰੀਬ 12,000 ਤੋਂ 18,000 ਰੁਪਏ ਤੱਕ ਆਉਂਦੀ ਹੈ, ਜਿਸ ਨਾਲ ਪੁਰਾਣੀਆਂ ਜਾਂ ਆਮ ਸਾਈਕਲਾਂ ਨੂੰ ਆਸਾਨੀ ਨਾਲ ਬੈਟਰੀ ਆਧਾਰਿਤ ਈ ਵੀ ਵਿੱਚ ਬਦਲਿਆ ਜਾ ਸਕਦਾ ਹੈ। ਇਹ ਪ੍ਰੋਜੈਕਟ ਸਰਵੋਦਯਮ ਯੋਜਨਾ ਅਧੀਨ ਆਈ.ਆਈ.ਟੀ. ਦੇ ਸਹਿਯੋਗ ਨਾਲ ਇਨਕਿਊਬੇਟ ਕੀਤਾ ਗਿਆ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਤਕਨੀਕੀ ਮਾਰਗਦਰਸ਼ਨ ਅਤੇ ਉਦਯੋਗਿਕ ਜਾਣਕਾਰੀ ਪ੍ਰਾਪਤ ਹੋਈ।

# ਕੇਸਗੜ੍ਹ ਸਾਹਿਬ ਨੇੜਿਓਂ ਮੋਟਰਸਾਈਕਲ ਚੋਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇੜੇ ਰੇਹੜੀ ਲਗਾ ਕੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰਨ ਵਾਲੇ ਸੰਤੋਸ਼ ਦਾ ਮੋਟਰਸਾਈਕਲ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਦਿੰਦਿਆਂ ਸੰਤੋਸ਼ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਕਿਲਾ ਅਨੰਦਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਰਸਤੇ 'ਤੇ ਰੇਹੜੀ ਲਗਾ ਕੇ ਜੂਸ ਵੇਚਣ ਦਾ ਕੰਮ ਕਰਦਾ ਹੈ।ਉਸ ਨੇ ਦੱਸਿਆ ਕਿ ਬੀਤੇ ਦਿਨ ਉਹ ਆਪਣਾ ਮੋਟਰਸਾਈਕਲ ਨੰਬਰ ਪੀਬੀ 16 ਜੀ 6797 ਖੜ੍ਹਾ ਕਰਕੇ ਰੇਹੜੀ 'ਤੇ ਕੰਮ ਕਰ ਰਿਹਾ ਸੀ ਅਤੇ ਗਾਹਕਾਂ ਨੂੰ ਜੂਸ ਪਿਲਾ ਰਿਹਾ ਸੀ। ਇਸ ਦੌਰਾਨ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦਾ ਮੋਟਰਸਾਈਕਲ ਚੋਰੀ ਕਰ ਲਿਆ।

ਸੰਤੋਸ਼ ਨੇ ਦੱਸਿਆ ਕਿ ਉਸ ਕੋਲ ਸੀਸੀਟੀਵੀ ਕੈਮਰੇ ਦੀ ਫੁਟੇਜ ਵੀ ਮੌਜੂਦ ਹੈ, ਜਿਸ ਵਿੱਚ ਇੱਕ ਵਿਅਕਤੀ ਮੋਟਰਸਾਈਕਲ ਲੈ ਕੇ ਜਾਂਦਾ ਹੋਇਆ ਦਿਖਾਈ ਦੇ ਰਿਹਾ ਹੈ। ਉਸ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ।ਸੰਤੋਸ਼ ਨੇ ਦੱਸਿਆ ਕਿ ਬੀਤੀ ਵਿਸਾਖੀ ਮੌਕੇ ਉਸ ਦੇ ਭਰਾ ਪ੍ਰਮੋਦ ਦਾ ਮੋਟਰਸਾਈਕਲ ਵੀ ਇਸੇ ਤਰ੍ਹਾਂ ਚੋਰੀ ਹੋ ਗਿਆ ਸੀ। ਉਸ ਮਾਮਲੇ ਦੀ ਸੂਚਨਾ ਵੀ ਪੁਲਸ ਨੂੰ ਦਿੱਤੀ ਗਈ ਸੀ, ਪਰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ।ਉਸ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਸ ਦਾ ਮੋਟਰਸਾਈਕਲ ਜਲਦੀ ਤੋਂ ਜਲਦੀ ਲੱਭਿਆ ਜਾਵੇ।ਇਸ ਸਬੰਧੀ ਜਦੋਂ ਚੌਂਕੀ ਇੰਚਾਰਜ ਸੁਖਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਬਾਹਰ ਗਏ ਹੋਏ ਸਨ ਅਤੇ ਹੁਣੇ ਹੀ ਵਾਪਸ ਆਏ ਹਨ।ਸ਼ਿਕਾਇਤ ਦੀ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸਵਰਨ ਸਿੰਘ ਭੰਗੂ ਦੀ ਮ੍ਰਿਤਕ ਦੇਹ ਪੀ ਜੀ ਆਈ ਨੂੰ ਕੀਤੀ ਦਾਨ

**ਚੰਡੀਗੜ੍ਹ (ਸੁਰਜੀਤ ਸੁਮਨ)** ਉੱਘੇ ਚਿੰਤਕ, ਸਮਾਜ ਸੇਵੀ, ਬੇਬਾਕ ਬੁਲਾਰੇ, ਨਿਧੜਕ ਪੱਤਰਕਾਰੀ ਨਾਲ਼ ਜੁੜੇ ਰਹੇ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਖਰੀਆਂ ਪੈੜਾਂ ਪਾਉਣ ਵਾਲ਼ੇ ਸਵਰਨ ਸਿੰਘ ਭੰਗੂ ਦੇ 'ਹੈ' ਤੋ 'ਸੀ' ਹੋ ਜਾਣ ਦੀ ਖ਼ਬਰ ਸੋਸ਼ਲ ਮੀਡੀਆ ਰਾਹੀਂ ਜੰਗਲ਼ ਦੀ



ਅੱਗ ਵਾਂਗ ਫੈਲੀ ਅਤੇ ਨਾਲ਼ ਹੀ ਵਾਇਰਲ ਹੁੰਦੀ ਰਹੀ ਸਥਾਨਕ ਪ੍ਰਸ਼ਾਸਨ ਦੀ ਅਣਗਹਿਲੀ। ਉਨ੍ਹਾਂ ਦੇ ਚਾਹੁਣ ਵਾਲ਼ਿਆਂ ਅਤੇ ਪਰਿਵਾਰ ਲਈ ਸਵਰਨ ਸਿੰਘ ਭੰਗੂ ਦਾ ਇੰਝ ਤੁਰ ਜਾਣਾ ਅਚੰਭਾ ਸੀ। ਪੱਤਰਕਾਰੀ ਦੇ ਨਾਲ਼ ਨਾਲ਼ ਉਨ੍ਹਾਂ ਕੰਗ ਯਾਦਗਾਰੀ ਸੰਸਥਾ, ਬਸੀ ਗੁੱਜਰਾਂ ਦੀ ਸਥਾਪਨਾ ਕਰਕੇ ਅਨੇਕ ਲੋੜਵੰਦ ਵਿਦਿਆਰਥੀਆਂ ਨੂੰ ਵਿਦਿਆ ਦੇ ਖੇਤਰ ਵਿੱਚ ਸਿਰ ਉੱਚਾ ਕਰਕੇ ਵਿਚਰਨ ਦਾ ਮੌਕਾ ਪ੍ਰਦਾਨ ਕੀਤਾ।ਦੱਸਣਯੋਗ ਹੈ ਕਿ ਇਸੇ ਮਹੀਨੇ ਦੀ 4 ਜੂਨ ਨੂੰ ਸਨੇਹੀਆਂ ਨਾਲ਼ ਉਨ੍ਹਾਂ ਆਪਣਾ 68ਵਾਂ ਜਨਮ ਦਿਨ ਮਨਾਇਆ ਸੀ। ਅਸੂਲਾਂ ਦੇ ਪੱਕੇ ਸਵਰਨ ਸਿੰਘ ਭੰਗੂ ਨੇ ਦਸ ਸਾਲ ਪਹਿਲਾਂ ਮਰਨ ਉਪਰੰਤ ਆਪਣੀ ਦੇਹ ਪੀ.ਜੀ.ਆਈ. ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਦਾਨ ਕਰਨ ਦੀ ਸੰਕਲਪ ਲਿਆ ਸੀ। ਪਤਨੀ ਅਤੇ ਫਿਲਮੀ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨਾਲ਼ ਮਿਲ਼ ਕੇ ਉਨ੍ਹਾਂ ਜ਼ਿੰਦਗੀ ਵਿੱਚ ਵਿਚਰਦਿਆਂ ਸਮਾਜ ਲਈ ਵੱਖਰੀਆਂ ਪੈੜਾਂ ਪਾਈਆਂ।ਪਤਨੀ ਗੁਰਪ੍ਰੀਤ ਕੌਰ ਭੰਗੂ, ਪੁੱਤਰ ਬਾਗੀ ਭੰਗੂ ਅਤੇ ਵੱਖ ਵੱਖ ਖੇਤਰਾਂ ਦੇ ਉਨ੍ਹਾਂ ਦੇ ਬੇਅੰਤ ਸਨੇਹੀਆਂ ਵੱਲੋਂ ਸੇਜਲ ਅੱਖਾਂ ਨਾਲ਼ ਅੱਜ ਉਨ੍ਹਾਂ ਦੀ ਮ੍ਰਿਤਕ ਦੇਹ ਪੀ.ਜੀ.ਆਈ. ਨੂੰ ਖੋਜ ਕਾਰਜਾਂ ਲਈ ਦਾਨ ਕਰ ਦਿੱਤੀ।

# ਆਰ ਬੀ ਯੂ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)** ਵਾਤਾਵਰਣ ਸਥਿਰਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ, ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨ ਐਸ ਐਸ ਵਿਭਾਗ ਨੇ ਯੂਨੀਵਰਸਿਟੀ ਕੈਂਪਸ ਵਿੱਚ 'ਏਕ ਪੇੜ ਮਾਂ ਕੇ ਨਾਮ' ਦੇ ਪ੍ਰੇਰਨਾਦਾਇਕ ਥੀਮ ਦੇ ਤਹਿਤ ਇੱਕ ਵੱਡੇ ਪੱਧਰ 'ਤੇ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕਰਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਯੂਨੀਵਰਸਿਟੀ ਅਧਿਕਾਰੀਆਂ ਅਤੇ ਵਿਸ਼ੇਸ਼ ਮਹਿਮਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ ਵਿੱਚ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ, ਡਾਇਰੈਕਟਰ ਐਨ ਐਸ ਐਸ, ਪ੍ਰੋ. (ਮੇਜਰ) ਏ ਐਸ ਚਾਹਲ, ਆਰ ਬੀ ਯੂ ਸਕੂਲ ਦੀ ਪ੍ਰਿੰਸੀਪਲ ਮੀਨਾ ਵਰਮਾ, ਮਾਲਾਬਾਰ ਗੋਲਡ ਐਂਡ ਡਾਇਮੰਡਸ ਦੇ ਪ੍ਰਤੀਨਿਧੀ, ਫੈਕਲਟੀ ਮੈਂਬਰ ਅਤੇ ਐਨ ਐਸ ਐਸ ਵਲੰਟੀਅਰ ਸ਼ਾਮਲ ਸਨ, ਜਿਨ੍ਹਾਂ ਨੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਕੈਂਪਸ ਵਿੱਚ ਸਮੂਹਿਕ ਤੌਰ 'ਤੇ ਪੌਦੇ ਲਗਾਏ। ਇਸ ਪਹਿਲ ਦਾ ਉਦੇਸ਼ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ, ਪ੍ਰਦੂਸ਼ਣ ਘਟਾਉਣ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।

# ਜੀ ਆਰ ਡੀ ਨਰਸਿੰਗ ਕਾਲਜ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਪੰਡਿਤ ਮਿਥਲੇਸ਼)**- ਜੀ ਆਰ ਡੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਸਬੰਧੀ ਵਿੱਦਿਅਕ



ਸੰਸਥਾਵਾਂ ਦੇ ਮੁੱਖ ਪ੍ਰਬੰਧਕ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਤੇ ਦਿਸ਼ਾ-ਨਿਰਦੇਸ਼ਾਂ ਤਹਿਤ ਮੈਨੇਜਰ ਸਰਬਜੀਤ ਸਿੰਘ ਮੋਮੀ ਅਤੇ ਪ੍ਰਿੰਸੀਪਲ ਰੇਨੂ ਬਾਲਾ ਦੀ ਅਗਵਾਈ ਹੇਠ ਵਾਤਾਵਰਣ ਦੀ ਸੇਵਾ ਸੰਭਾਲ ਪ੍ਰਤੀ ਵਿਦਿਆਰਥਣਾਂ ਨੂੰ ਸੰਦੇਸ਼ ਦਿੰਦੇ ਹੋਏ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਸੈਮੀਨਾਰ ਦੌਰਾਨ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ ਹੀ 5 ਜੂਨ ਵਿਸ਼ਵ ਵਾਤਾਵਰਣ ਦਿਵਸ ਸੰਸਾਰ ਪੱਧਰ ਤੇ ਇਸ ਕਰਕੇ ਮਨਾਇਆ ਜਾਂਦਾ ਹੈ ਤਾਂ ਜੋ ਅਸੀਂ ਆਪਣੇ ਵਾਤਾਵਰਨ ਪ੍ਰਤੀ ਹਮੇਸ਼ਾ ਹੀ ਜਾਗਰੂਕ ਹੋਈਏ ਅਤੇ ਇਸ ਦੇ ਸਾਂਭ ਸੰਭਾਲ ਲਈ ਯਤਨ ਕਰਦੇ ਰਹੀਏ। ਉਨਾਂ ਹੋਰ ਕਿਹਾ ਕਿ ਜੇਕਰ ਅਸੀਂ ਸਮਾਂ ਰਹਿੰਦਿਆ ਆਪਣੇ ਵਾਤਾਵਰਨ ਪ੍ਰਤੀ ਜਾਗਰੂਕ ਨਾ ਹੋਏ ਤਾਂ ਆਉਣ ਵਾਲਾ ਸਮਾਂ ਬਹੁਤ ਹੀ ਭਿਆਨਕ ਹੋਵੇਗਾ ਜਿਸ ਦੇ ਜਿੰਮੇਵਾਰ ਅਸੀਂ ਖੁਦ ਹੀ ਹੋਵਾਂਗੇ। ਇਸ ਮੌਕੇ ਪ੍ਰਿੰਸੀਪਲ ਰੇਨੂ ਬਾਲਾ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜੋ ਅਸੀਂ ਭਿਆਨਕ ਗਰਮੀ ਅਤੇ ਹੋਰ ਕੁਦਰਤੀ ਆਫਤਾਂ ਦਾ ਸਾਹਮਣਾ ਕਰ ਰਹੇ ਹਾਂ ਉਹ ਵਿਗੜੇ ਹੋਏ ਵਾਤਾਵਰਨ ਦੇ ਕਾਰਨ ਹੀ ਹੈ ਇਸ ਲਈ ਸਾਨੂੰ ਹੁਣ ਤੋਂ ਹੀ ਸੁਚੇਤ ਹੋ ਕੇ ਕੁਦਰਤ ਅਤੇ ਵਾਤਾਵਰਣ ਪ੍ਰਤੀ ਬਣਦੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਨੂੰ ਲੈ ਕੇ ਵਿਦਿਆਰਥਣਾ ਦੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ ਤੇ ਜੇਤੂ ਵਿਦਿਆਰਥਣਾਂ ਨੂੰ ਆਕਰਸ਼ਕ ਇਨਾਮ ਭੇਟ ਕੇ ਭੇਡ ਕਰਕੇ ਸਨਮਾਨਿਤ ਕੀਤਾ ਗਿਆ। ਸੈਮੀਨਾਰ ਉਪਰੰਤ ਵਿਦਿਆਰਥਣਾਂ ਨੇ ਕਾਲਜ ਦੇ ਚੌਗਿਰਦੇ ਵਿੱਚ ਬੂਟੇ ਵੀ ਲਗਾਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ, ਐਡਮਿਨਿਸਟਰੇਟਰ ਦਲਜਿੰਦਰ ਕੌਰ, ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ, ਰਮਨਦੀਪ ਕੌਰ, ਮਨਪ੍ਰੀਤ ਕੌਰ, ਤਰੁਣ ਸੈਣੀ, ਲਖਵਿੰਦਰ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਜਸਲੀਨ ਕੌਰ, ਪ੍ਰਿਅੰਕਾ, ਕਸ਼ਮੀਰ ਕੌਰ,ਆਰਤੀ ਜਾਜਾ ਤੋਂ ਇਲਾਵਾ ਨਰਸਿੰਗ ਕਾਲਜ ਦਾ ਹੋਰ ਸਟਾਫ ਵੀ ਹਾਜ਼ਰ ਸੀ।

# ਗ੍ਰਾਮ ਪੰਚਾਇਤ ਸੀਚੇਵਾਲ ਨੂੰ 'ਸ਼ਹੀਦ ਭਗਤ ਸਿੰਘ ਪੰਜਾਬ ਰਾਜ ਵਾਤਾਵਰਨ ਅਵਾਰਡ' ਨਾਲ ਕੀਤਾ ਸਨਮਾਨਤ

**ਸ਼ਾਹਕੋਟ (ਗਿਆਨ ਸੈਦਪੁਰੀ)** ਗਰਾਮ ਪੰਚਾਇਤ ਸੀਚੇਵਾਲ ਦਾ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਪੰਜਾਬ ਰਾਜ ਵਾਤਾਵਰਨ ਅਵਾਰਡ 2026 ਨਾਲ



ਸਨਮਾਨ ਕੀਤਾ ਗਿਆ। ਜਿਕਰਯੋਗ ਹੈ ਕਿ ਵਿਸ਼ਵ ਵਾਤਾਵਰਨ ਦਿਵਸ ਮੌਕੇ ਸਾਇੰਸ, ਟੈਕਨੋਲੋਜੀ ਅਤੇ ਵਾਤਾਵਰਨ ਵਿਭਾਗ ਪੰਜਾਬ ਵੱਲੋਂ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਰਾਜ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਵਾਤਾਵਰਨ ਸੁਰੱਖਿਆ ਅਤੇ ਸੰਭਾਲ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਪ੍ਰਸਿੱਧ ਵਾਤਾਵਰਨ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਗ੍ਰਾਮ ਪੰਚਾਇਤ ਸੀਚੇਵਾਲ ਨੂੰ ਪੰਜਾਬ ਵਿੱਚ ਵਾਤਾਵਰਨ ਸੁਰੱਖਿਆ, ਸਫਾਈ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਕੀਤੇ ਗਏ ਵਡਮੁੱਲੇ ਯੋਗਦਾਨ ਦੇ ਸਨਮਾਨ ਵਜੋਂ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਪੰਜਾਬ ਰਾਜ ਵਾਤਾਵਰਨ ਅਵਾਰਡ-2026 ਨਾਲ ਸਨਮਾਨਿਤ ਕੀਤਾ ਗਿਆ, ਜਿਸ ਦੇ ਤਹਿਤ ਪੰਚਾਇਤ ਨੂੰ ਇੱਕ ਸਨਮਾਨ ਚਿੰਨ ਇੱਕ ਪੌਦਾ ਅਤੇ ਇਕ ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਇਹ ਅਵਾਰਡ ਪਿੰਡ ਵਾਸੀਆਂ ਵੱਲੋਂ ਵਾਤਾਵਰਨ ਸੰਭਾਲ ਲਈ ਕੀਤੀਆਂ ਜਾ ਰਹੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਸਮੂਹਿਕ ਯਤਨਾਂ ਦੀ ਪ੍ਰਮਾਣਿਕਤਾ ਹੈ। ਅਵਾਰਡ ਪ੍ਰਾਪਤ ਕਰਨ ਉਪਰੰਤ ਗ੍ਰਾਮ ਪੰਚਾਇਤ ਸੀਚੇਵਾਲ ਦੇ ਸਰਪੰਚ ਸ੍ਰੀ ਬੂਟਾ ਸਿੰਘ ਅਤੇ ਸੁਰਜੀਤ ਸਿੰਘ ਸੀਚੇਵਾਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਨੂੰ ਮਿਲਿਆ ਇਹ ਸਨਮਾਨ ਸਮੂਹ ਪਿੰਡ ਵਾਸੀਆਂ ਲਈ ਮਾਣ ਵਾਲੀ ਗੱਲ ਹੈ। ਸਮਾਗਮ ਦੇ ਅੰਤ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਸਾਇੰਸ, ਟੈਕਨੋਲੋਜੀ ਅਤੇ ਵਾਤਾਵਰਨ ਵਿਭਾਗ ਪੰਜਾਬ ਦੇ ਸਕੱਤਰ ਕਮਲ ਕਿਸ਼ੋਰ ਯਾਦਵ (ਆਈ.ਏ.ਐਸ.) ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਆਕਾਸ਼ ਬਾਂਸਲ ਵੱਲੋਂ ਸਮੂਹਿਕ ਤੌਰ 'ਤੇ ਗ੍ਰਾਮ ਪੰਚਾਇਤ ਸੀਚੇਵਾਲ ਨੂੰ ਇਹ ਵੱਕਾਰੀ ਅਵਾਰਡ ਪ੍ਰਦਾਨ ਕੀਤਾ ਗਿਆ।

# 'ਫਾਸ਼ੀ ਹਮਲਿਆ ਵਿਰੋਧੀ ਫਰੰਟ' ਦੇ ਸੱਦੇ 'ਤੇ 22 ਨੂੰ ਕੀਤਾ ਜਾਵੇਗਾ ਰੋਸ ਮਾਰਚ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਇੱਥੇ ਮੁਲਾਜ਼ਮ ਭਵਨ ਵਿਖੇ 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਪੰਜਾਬ ਦੇ ਸੱਦੇ 'ਤੇ 22 ਜੂਨ ਨੂੰ ਜਿਲ੍ਹਾ ਕੇਂਦਰਾਂ ਤੇ ਕੀਤੀਆਂ ਜਾਣ ਵਾਲੀਆਂ ਰੈਲੀਆਂ ਅਤੇ ਮੁਜ਼ਾਹਰੇ ਦੀ ਤਿਆਰੀ ਸੰਬੰਧੀ ਭਾਰਤੀ ਕਮਿਊਨਿਸਟ ਪਾਰਟੀ , ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਨਵਾਦੀ (ਲਿਬਰੇਸ਼ਨ), ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ



ਲੈਨਨਵਾਦੀ (ਨਿਊ ਡੈਮੋਕਰੇਸੀ), ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਅਤੇ ਸੋਸ਼ਲਿਸਟ ਪਾਰਟੀ ਆਫ ਇੰਡੀਆ, ਜਿਲ੍ਹਾ ਹੁਸ਼ਿਆਰਪੁਰ ਦੀ ਸਾਂਝੀ ਮੀਟਿੰਗ ਸੀ ਪੀ ਆਈ ਦੇ ਆਗੂ ਸਾਥੀ ਓਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਸਾਥੀ ਹਰਕੰਵਲ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਫਰੰਟ ਵਲੋਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਿਛੋਂ ਦੀ ਰਾਜਸੀ ਸਥਿਤੀ ਅਤੇ ਪੰਜਾਬ 'ਚ ਆਰ ਐਸ ਐਸ ਤੇ ਬੀਜੇਪੀ ਦੇ ਵਧ ਰਹੇ ਦਖ਼ਲ 'ਤੇ ਖਤਰੇ ਦੇ ਮੱਦੇਨਜ਼ਰ ਫਰੰਟ ਨੂੰ ਹੋਰ ਸਰਗਰਮ ਕਰਨ ਅਤੇ ਸਾਂਝੀਆਂ ਗਤੀਵਿਧੀਆਂ ਤੇਜ਼ ਕਰਨ ਦਾ ਨਿਰਣਾ ਲਿਆ ਗਿਆ ਹੈ।ਮੀਟਿੰਗ ਦੌਰਾਨ ਹਾਜ਼ਰ ਆਗੂਆਂ ਵੱਲੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ 22 ਜੂਨ ਨੂੰ ਹੁਸ਼ਿਆਰਪੁਰ ਦੇ ਮੁੱਖ ਬੱਸ ਅੱਡੇ 'ਤੇ ਮੁੱਦਿਆਂ ਨੂੰ ਲੈ ਕੇ ਰੈਲੀ ਕੀਤੀ ਜਾਵੇਗੀ ਅਤੇ ਇਸ ਉਪਰੰਤ ਸ਼ਹਿਰ ਅੰਦਰ ਮਾਰਚ ਕੀਤਾ ਜਾਵੇਗਾ।

# ਤਰੁਣ ਚੁੱਘ ਨੂੰ ਰਾਜ ਸਭਾ ਭੇਜਣ ਦਾ ਫੈਸਲਾ ਸ਼ਲਾਘਾਯੋਗ : ਮਿੱਤਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਭਾਜਪਾ ਦੇ ਸਾਬਕਾ ਸਕੱਤਰ ਐਡਵੋਕੇਟ ਅਰਵਿੰਦ ਮਿੱਤਲ ਨੇ ਕੇਂਦਰੀ ਹਾਈ



ਕਮਾਂਡ ਵੱਲੋਂ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਤੇ ਪਾਰਟੀ ਦੇ ਪੁਰਾਣੇ ਤੇ ਸਮਰਪਿਤ ਵਰਕਰ ਤਰੁਣ ਚੁੱਗ ਨੂੰ ਰਾਜ ਸਭਾ ਭੇਜਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਸ਼ਲਾਘਾਯੋਗ ਕਰਾਰ ਦਿੱਤਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਮਿੱਤਲ ਨੇ ਕਿਹਾ ਕਿ ਤਰੁਣ ਚੁੱਗ ਲੰਬੇ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੇ ਪਾਰਟੀ ਦੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਇਮਾਨਦਾਰੀ, ਮਿਹਨਤ ਅਤੇ ਸਮਰਪਣ ਨਾਲ ਸੇਵਾਵਾਂ ਨਿਭਾਈਆਂ ਹਨ। ਐਡਵੋਕੇਟ ਅਰਵਿੰਦ ਮਿੱਤਲ ਨੇ ਇਸ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਰਾਸ਼ਟਰੀ ਨੇਤ੍ਰਿਤਵ ਅਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇੱਕ ਸਮਰਪਿਤ ਵਰਕਰ ਨੂੰ ਯੋਗ ਸਨਮਾਨ ਦਿੱਤਾ ਹੈ।

# ਮਨਰੇਗਾ ਕਰਮਚਾਰੀ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਚੋਣ

## ਏ ਪੀ ਓ ਕੁਲਵੀਰ ਕੌਰ ਜ਼ਿਲ੍ਹਾ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਮਨਰੇਗਾ ਕਮਰਚਾਰੀ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਏ ਪੀ ਓ ਮੋਹਿਤ ਕੁਮਾਰ ਅਤੇ ਅੰਜੂ ਬਾਲਾ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿਚ ਵੱਖ ਵੱਖ ਬਲਾਕਾਂ ਤੋਂ ਵੱਡੀ ਗਿਣਤੀ ਮਨਰੇਗਾ ਕਰਮਚਾਰੀ ਸ਼ਾਮਲ ਹੋਏ। ਮੀਟਿੰਗ 'ਚ ਕੇਂਦਰ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਮਨਰੇਗਾ ਨੂੰ ਨਿਰੱਸਤ ਕਰਕੇ ਲਾਗੂ ਕੀਤੀ ਜਾ ਰਹੀ ਨਵੀਂ ਵੀਬੀ ਜੀ ਰਾਮ ਜੀ ਯੋਜਨਾ ਆਦਿ ਵਿਸ਼ੇ



'ਤੇ ਚਰਚਾ ਕੀਤੀ ਗਈ।ਏ ਪੀ ਓ ਮੋਹਿਤ ਕੁਮਾਰ, ਸੀਏ ਤਰਸੇਮ ਸਿੰਘ, ਜੀ ਆਰ ਐਸ ਗੁਰਜੀਤ ਕੌਰ ਆਦਿ ਨੇ ਨਵੀਂ ਯੋਜਨਾ ਦੇ ਲਾਗੂ ਹੋਣ ਉਪਰੰਤ ਮਨਰੇਗਾ ਕਮਰਚਾਰੀਆਂ ਦੇ ਰੁਜ਼ਗਾਰ 'ਤੇ ਪੈਣ ਵਾਲੇ ਪ੍ਰਭਾਵ ਅਤੇ ਭਵਿੱਖੀ ਚੁਣੌਤੀਆਂ 'ਤੇ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਮੇਟੀ ਦੀ ਚੋਣ ਕੀਤੀ ਗਈ ਹੈ।ਜਿਸ ਵਿੱਚ ਏਪੀਓ ਕੁਲਵੀਰ ਕੌਰ ਨੂੰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਏ ਪੀ ਓ ਰਾਕੇਸ਼ ਘਈ ਅਤੇ ਮੋਹਿਤ ਕੁਮਾਰ ਨੂੰ ਕਾਰਜਕਾਰੀ ਪ੍ਰਧਾਨ ਵਜੋਂ ਨਿਯੁਕਤ ਕੀਤਾ। ਲਖਵਿੰਦਰ ਸਿੰਘ ਦੀ ਜ਼ਿਲ੍ਹਾ ਜਨਰਲ ਸਕੱਤਰ, ਡੀਈਓ ਵਿਸ਼ਾਲ ਸ਼ਰਮਾ ਦੀ ਖਜ਼ਾਨਚੀ, ਪ੍ਰੇਮ ਸਿੰਘ ਦੀ ਸਰਪ੍ਰਸਤ ਅਤੇ ਟੀਏ ਗਣੇਸ਼ ਕੁਮਾਰ ਦੀ ਸਕੱਤਰ ਵਜੋਂ ਚੋਣ ਕੀਤੀ ਗਈ।

ਨਵ ਨਿਯੁਕਤ ਜ਼ਿਲ੍ਹਾ ਕਮੇਟੀ ਨੇ ਹੱਕੀ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ।ਨਵ ਨਿਯੁਕਤ ਪ੍ਰਧਾਨ ਕੁਲਵੀਰ ਕੌਰ ਨੇ ਹਾਜ਼ਰੀਨ ਦਾ ਧਨਵਾਦ ਕੀਤਾ।

# ਮਲਟੀਪਰਪਜ਼ ਹੈੱਲਥ ਇੰਪਲਾਈਜ਼ ਮੇਲ-ਫੀਮੇਲ ਯੂਨੀਅਨ ਦੀ ਮੀਟਿੰਗ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ /ਰਾਮ ਲਾਲ)**- ਸਿਹਤ ਵਿਭਾਗ ਵਿੱਚ ਕੰਮ ਕਰਦੀਆ ਮੁਲਾਜ਼ਮਾ ਦੀ ਪ੍ਰਮੁੱਖ ਜਥੇਬੰਦੀਆ ਮਲਟੀਪਰਪਜ ਹੈਲਥ ਇੰਪਲਾਈਜ ਮੇਲ ਫੀਮੇਲ ਯੂਨੀਅਨ ਪੰਜਾਬ ਅਤੇ 2211 ਹੈਡ ਕੰਟਰੇਕਟ ਮਲਟੀਪਰਪਜ ਹੈਲਥ ਇੰਪਲਾਈਜ ਫੀਮੇਲ ਯੂਨੀਅਨ ਪੰਜਾਬ ਦੇ ਆਗੂਆ ਦੀ ਇੱਕ ਅਹਿਮ ਮੀਟਿੰਗ ਸੂਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜਿਲਕਾ,2211ਹੈਡ ਕੰਟਰੇਕਟ ਪ੍ਰਧਾਨ ਸਰਬਜੀਤ ਕੌਰ ਨਵਾਸ਼ਹਿਰ, ਸੂਬਾਈ ਪ੍ਰਧਾਨ ਸਰਬਜੀਤ ਕੌਰ,ਗੁਰਦੀਪ ਕੌਰ ਨਵਾਸ਼ਹਿਰ,ਜਸਵੀਰ ਕੌਰ ਸੰਗਰੂਰ, ਜਗਵੰਤ ਕੌਰ, ਪ੍ਰੈਸ ਸਕੱਤਰ ਰਵਿੰਦਰ ਸ਼ਰਮਾ ਦੀ ਅਗਵਾਈ ਹੇਠ 10 ਮੈਂਬਰੀ ਵਫਦ ਦੀ ਇਕ ਅਹਿਮ ਮੀਟਿੰਗ ਹੋਈ। ਇਸ ਮੌਕੇ ਐਨ ਐਚ ਐਮ ਦੇ ਮੁੱਖ ਦਫਤਰ ਵਿਖੇ ਹੋਈ ਮੀਟਿੰਗ ਵਿੱਚ ਐਨ ਐਚ ਐਮ ਦੇ ਨਵੇ ਐਮ ਡੀ ਆਈ ਏ ਐਸ ਸਾਕਸੀ ਸਾਹਨੀ ਨੂੰ ਵੈਲਕਮ ਕੀਤਾ ਅਤੇ ਡਾਇਰੈਕਟਰ ਐਨ ਐਚ ਐਮ ਡਾ ਬਲਵਿੰਦਰ ਕੌਰ ਅਤੇ ਹੋਰ ਅਧਿਕਾਰੀਆ ਨਾਲ ਅਹਿਮ ਮੀਟਿੰਗ ਕੀਤੀ ਜਿਸ ਵਿੱਚ ਮੁੱਖ ਮੰਗ ਮਾਨਯੋਗ ਹਾਈਕੋਰਟ ਦੇ ਫੈਸਲੇ ਮੁਤਾਬਕ ਕੰਟਰੇਕਟ ਹੈਲਥ ਵਰਕਰ 2211 ਹੈਡ ਨੂੰ ਸਪੀਕਿੰਗ ਆਰਡਰ ਜਾਰੀ ਕਰਕੇ ਲਾਭ ਦੇ ਦਿੱਤਾ ਹੈ ਉਸ ਲਈ ਜਥੇਬੰਦੀ ਨੇ ਅਧਿਕਾਰੀਆ ਦਾ ਧੰਨਵਾਦ ਕੀਤਾ ਅਤੇ ਰਹਿੰਦੇ ਕੇਸਾਂ ਦਾ ਵੀ ਛੇਤੀ ਹੱਲ ਕਰਨ ਦੀ ਮੰਗ ਕੀਤੀ। ਇਸ ਮੌਕੇ ਅਧਿਕਾਰੀਆਂ ਨੇ ਕਿਹਾ ਆਉਂਦੇ ਦਿਨਾ ਦੇ ਅੰਦਰ ਜੋ ਕੇਸ ਬਰਾਬਰ ਕੰਮ ਬਰਾਬਰ ਤਨਖਾਹ



ਦੇਣ ਦੇ ਪੈਂਡਿੰਗ ਹਨ ਦਫਤਰ ਵਲੋ ਕਲੀਅਰ ਹੋਣਗੇ। ਇਸ ਸਬੰਧੀ ਫਾਈਲ ਸਰਕਾਰ ਕੋਲੋ ਮਨਜ਼ੂਰੀ ਵਾਲੀ ਆ ਚੁਕੀ ਹੈ ਇਹ ਮਸਲਾ ਛੇਤੀ ਹੱਲ ਹੋ ਜਾਵੇਗਾ। ਦਫਤਰ ਵਲੋ ਇਸ ਕੇਸ ਦੀ ਪੂਰੀ ਪੈਰਵੀ ਕੀਤੀ ਜਾ ਰਹੀ ਹੈ। ਇਸ ਮੌਕੇ ਅਧਿਕਾਰੀਆਂ ਨੇ ਸਿਹਤ ਵਿਭਾਗ ਦੇ ਮੁਲਾਜ਼ਮ ਆਗੂਆਂ ਨੂੰ ਦੱਸਿਆ ਕਿ ਉਨਾ ਦੇ ਸਾਰੇ ਮਸਲੇ ਪਹਿਲ ਦੇ ਅਧਾਰ ਤੇ ਹੱਲ ਹੋਣਗੇ। ਇਸ ਮੌਕੇ ਦਫਤਰੀ ਸਟਾਫ ਵੱਲੋ ਦੀਪ ਸ਼ਿਖਾ, ਡਿਪਟੀ ਕੰਟਰੋਲਰ ਵਿੱਤ ਸੋਰਵ ਗੁਪਤਾ ਸਮੇਤ ਦਫਤਰੀ ਸਟਾਫ ਹਾਜ਼ਰ ਸੀ।

# ਸੰਤ ਹੀਰਾ ਦਾਸ ਗਰਲਜ਼ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ

**ਕਪੂਰਥਲਾ (ਮਨਜੀਤ ਮਾਨ)**- ਸੰਤ ਹੀਰਾ ਦਾਸ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੁਆਰਾ ਲਈ ਗਈ ਬਾਰ੍ਹਵੀਂ ਆਰਟ ਕਮਰਸ, ਮੈਡੀਕਲ, ਨੋਨ ਮੈਡੀਕਲ ਕਲਾਸਾਂ ਦੀਆਂ ਪ੍ਰੀਖਿਆਵਾਂ ਵਿੱਚ ਕਾਲਜੀਏਟ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਕਮਿਰਸ ਵਿੱਚੋਂ ਜੈਸਮੀਨ ਨੇ ਪਹਿਲੀ ਪੁਜ਼ੀਸ਼ਨ, ਰਾਜਪ੍ਰੀਤ ਨੇ ਦੂਜੀ ਅਤੇ ਨਵਪ੍ਰੀਤ ਕੌਰ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਆਰਟਸ ਕਲਾਸ ਵਿੱਚ ਅਨਮੋਲ ਨੇ ਪਹਿਲੀ ਪੁਜ਼ੀਸ਼ਨ, ਕਿਰਨਦੀਪ ਕੌਰ ਨੇ ਦੂਜੀ ਅਤੇ ਨਵਜੋਤ ਨੇ




ਤੀਜੀ ਪੁਜ਼ੀਸ਼ਨ ਹਾਸਲ ਕੀਤੀ । ਸਾਇੰਸ ਵਿੱਚੋਂ ਸਿਮਰਨਜੀਤ ਕੌਰ ਨੇ ਪਹਿਲੀ ਪੁਜ਼ੀਸ਼ਨ ਪੁਨੀਤ ਕੌਰ ਨੇ ਦੂਜੀ ਤੇ ਮੰਨਤ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ੀਤਲ ਸਿੰਘ ਸੰਘਾ, ਡਾਇਰੈਕਟਰ ਡਾ. ਰਾਮ ਮੂਰਤੀ ਅਤੇ ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਥੇ ਤੁਸੀਂ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ, ਉਥੇ ਆਪਣੇ ਮਾਪਿਆਂ ਦਾ ਵੀ ਮਾਣ ਵਧਾਇਆ ਹੈ। ਉਹਨਾਂ ਨੇ ਮਿਹਨਤ ਕਰਵਾਉਣ ਵਾਲੇ ਸਟਾਫ਼ ਨੂੰ ਵੀ ਵਧਾਈ ਦਿੱਤੀ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਵਾਤਾਵਰਣ ਦਿਵਸ 'ਤੇ 125 ਪੌਦੇ ਲਗਾਏ

**ਡੇਰਾਬੱਸੀ, (ਵਿਨੈ ਕੁਮਾਰ ਜੈਨ)** ਵਿਸ਼ਵ ਵਾਤਾਵਰਣ ਦਿਵਸ ਮੌਕੇ ਇੱਥੇ ਭਾਰਤ ਵਿਕਾਸ ਪ੍ਰੀਸ਼ਦ 'ਵਿਵੇਕਾਨੰਦ' ਡੇਰਾਬੱਸੀ ਵੱਲੋਂ ਕੁਦਰਤ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੇ ਤਹਿਤ ਸੰਸਥਾ ਵੱਲੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਅਤੇ ਆਸ-ਪਾਸ ਦੇ ਪੇਂਡੂ ਖੇਤਰਾਂ ਵਿੱਚ ਹਰਿਆਵਲ ਵਧਾਉਣ ਦੇ ਉਦੇਸ਼ ਨਾਲ 125 ਪੌਦੇ ਲਗਾਏ ਗਏ।ਇਸ ਦੇ ਨਾਲ ਹੀ ਲੋਕਾਂ ਨੂੰ ਸਿੰਗਲ-ਯੂਜ਼ ਪਲਾਸਟਿਕ ਦਾ ਤਿਆਗ ਕਰਨ ਦੀ ਅਪੀਲ ਕਰਦਿਆਂ ਕੱਪੜੇ ਦੇ ਥੈਲੇ ਵੀ ਵੰਡੇ ਗਏ।ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ



ਭਾਰਤ ਵਿਕਾਸ ਪ੍ਰੀਸ਼ਦ ਦੇ ਜਨਰਲ ਸਕੱਤਰ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਵਾਤਾਵਰਣ ਵਿੱਚ ਆ ਰਹੇ ਵਿਗਾੜ ਅਤੇ ਗਲੋਬਲ ਵਾਰਮਿੰਗ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਸਿਰਫ਼ ਇੱਕ ਦਿਨ ਰੁੱਖ ਲਗਾਉਣਾ ਕਾਫ਼ੀ ਨਹੀਂ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਸੰਸਥਾ ਦੀ ਕੋਰ ਕਮੇਟੀ ਵੱਲੋਂ ਇਲਾਕੇ ਨੂੰ ਹਰਾ-ਭਰਾ ਬਣਾਉਣ ਲਈ ਕੁੱਲ 1001 ਰੁੱਖ ਲਗਾਉਣ ਦਾ ਇੱਕ ਵੱਡਾ ਸੰਕਲਪ ਲਿਆ ਗਿਆ ਹੈ। ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਨਿਤਿਨ ਜਿੰਦਲ ਅਤੇ ਖੇਤਰੀ ਵਾਤਾਵਰਣ ਕਨਵੀਨਰ ਬਰਖਾ ਰਾਮ ਨੇ ਸਾਂਝੇ ਤੌਰ 'ਤੇ ਬੋਲਦਿਆਂ ਵਿਸ਼ਵਾਸ ਦਿਵਾਇਆ ਕਿ ਇਸ ਹਰਿਆਵਲ ਮੁਹਿੰਮ ਨੂੰ ਸਫਲਤਾਪੂਰਵਕ ਅੱਗੇ ਵਧਾਇਆ ਜਾਵੇਗਾ। ਜਨਰਲ ਸਕੱਤਰ ਅਸ਼ਵਨੀ ਸ਼ਰਮਾ ਨੇ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦੇ ਮੁੱਖ ਕਾਰਨਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦੇ ਦੌਰ ਵਿੱਚ ਪਲਾਸਟਿਕ ਦੇ ਲਿਫ਼ਾਫ਼ੇ ਸਾਡੀ ਧਰਤੀ ਅਤੇ ਪਾਣੀ ਦੇ ਸਰੋਤਾਂ ਲਈ ਸਭ ਤੋਂ ਵੱਡਾ ਖ਼ਤਰਾ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਸਾਫ਼-ਸੁਥਰਾ ਵਾਤਾਵਰਣ ਦੇਣਾ ਚਾਹੁੰਦੇ ਹਾਂ, ਤਾਂ ਪਲਾਸਟਿਕ ਦੇ ਥੈਲਿਆਂ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਘਟਾਉਣਾ ਬਹੁਤ ਜ਼ਰੂਰੀ ਹੈ। ਇਸੇ ਮਕਸਦ ਦੀ ਪੂਰਤੀ ਲਈ ਪ੍ਰੀਸ਼ਦ ਵੱਲੋਂ ਅੱਜ ਆਮ ਲੋਕਾਂ ਅਤੇ ਦੁਕਾਨਦਾਰਾਂ ਨੂੰ ਕੱਪੜੇ ਦੇ ਬਣੇ ਥੈਲੇ ਮੁਫ਼ਤ ਵੰਡੇ ਗਏ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਪਲਾਸਟਿਕ ਤੋਂ ਦੂਰ ਰਹਿ ਕੇ ਵਾਤਾਵਰਣ ਪੱਖੀ ਸਮੱਗਰੀ ਵਰਤਣ ਲਈ ਪ੍ਰੇਰਿਤ ਕੀਤਾ ਗਿਆ।

# ਮੁੰਡੇ ਕੁੜੀਆਂ 'ਤੇ ਲਾਠੀਚਾਰਜ ਦੀ ਨਿਖੇਧੀ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਪਟਿਆਲੇ ਵਿਖੇ ਸੰਵਿਧਾਨਕ ਹੱਕਾਂ ਵਿੱਚ ਰਹਿ ਕੇ ਸ਼ਾਂਤਮਈ ਧਰਨਾ ਪ੍ਰਦਰਸ਼ਨ ਕਰਦੇ ਨੌਜਵਾਨ ਮੁੰਡੇ ਕੁੜੀਆਂ 'ਤੇ



ਇਸ ਤਰ੍ਹਾਂ ਲਾਠੀਚਾਰਜ ਕੀਤਾ ਜਿਵੇਂ ਉਹ ਅੱਤਵਾਦੀ ਹੋਣ। ਸਮਾਜ ਸੇਵਕ ਮਲਕੀਤ ਚੁੰਬਰ ਨੇ ਕਿਹਾ ਕਿ ਜ਼ਾਲਮ ਡੀ ਐਸ ਪੀ ਨੂੰ ਇਸ ਦਾ ਜੁਆਬ ਦੇਣਾ ਚਾਹੀਦਾ ਕਿ ਕੀ ਇਹ ਨੌਜਵਾਨ ਅੱਤਵਾਦੀ ਸਨ ਜਿਨ੍ਹਾਂ 'ਤੇ ਏਨਾ ਵਹਿਸ਼ੀਆਨਾ ਤਰੀਕੇ ਦਾ ਤਸ਼ੱਦਦ ਕੀਤਾ ਗਿਆ। ਇਹੋ ਜਿਹੇ ਜ਼ਾਲਮ ਪੁਲਸ ਮੁਲਾਜ਼ਮ ਕਨੂੰਨ ਦੀਆਂ ਖ਼ੁਦ ਧੱਜੀਆਂ ਉਡਾਉਂਦੇ ਹਨ, ਲੋਕਾਂ ਨੂੰ ਕਨੂੰਨ ਸਮਝਾਉਂਦੇ ਹਨ। ਇਨ੍ਹਾਂ ਨੂੰ ਨੌਕਰੀ 'ਤੇ ਰਹਿਣ ਦਾ ਕੋਈ ਅਧਿਕਾਰ ਨਹੀਂ ਜਿਹੜੇ ਖ਼ੁਦ ਸੰਵਿਧਾਨ ਦੀ ਉਲੰਘਣਾ ਕਰਨ। ਕੀ ਇਹਨਾਂ ਨੌਜਵਾਨਾਂ ਦਾ ਪੜ੍ਹ ਲਿਖ ਕੇ ਪੰਜਾਬ ਸਰਕਾਰ ਕੋਲੋਂ ਰੁਜ਼ਗਾਰ ਦੀ ਮੰਗ ਕਰਨਾ ਕੋਈ ਬਹੁਤ ਵੱਡਾ ਅਪਰਾਧ ਹੈ ਜਿਹੜਾ ਇਹਨਾਂ ਨੌਜਵਾਨਾਂ ਨੂੰ ਪੁਲਸ ਨੇ ਛੱਲੀਆਂ ਵਾਂਗ ਕੁੱਟਿਆ।

# ਸੀਟੀ ਗਰੁੱਪ ਵੱਲੋਂ 'ਆਭਾਰ' ਸਮਾਰੋਹ 'ਚ ਰੋਜ਼ਾਨਾ ਕਾਰਗੁਜ਼ਾਰੀ ਕਰਨ ਵਾਲੇ ਸਹਾਇਕ ਸਟਾਫ ਦਾ ਸਨਮਾਨ




**ਜਲੰਧਰ (ਸ਼ੈਲੀ ਐਲਬਰਟ)** ਸੀਟੀ ਗਰੁੱਪ ਵੱਲੋਂ ਆਪਣੇ ਸੰਸਥਾਨਾਂ ਦੀ ਰੋਜ਼ਾਨਾ ਕਾਰਗੁਜ਼ਾਰੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸਹਾਇਕ ਸਟਾਫ ਨੂੰ ਸਨਮਾਨਿਤ ਕਰਨ ਲਈ 'ਆਭਾਰ' ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਹ ਸਮਾਰੋਹ ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ, ਨੌਰਥ ਕੈਂਪਸ ਮਕਸੂਦਾਂ, ਸੀਟੀ ਪਬਲਿਕ ਸਕੂਲ ਅਤੇ ਸੀਟੀ ਵਰਲਡ ਸਕੂਲ ਦੇ ਸਮਰਪਿਤ ਕਰਮਚਾਰੀਆਂ ਨੂੰ ਸਮਰਪਿਤ ਸੀ।ਇਸ ਮੌਕੇ ਕੁੱਲ 100 ਸਹਾਇਕ ਸਟਾਫ ਮੈਂਬਰਾਂ ਨੂੰ 2 ਸਾਲ, 5 ਸਾਲ, 10 ਸਾਲ, 15 ਸਾਲ ਅਤੇ 20 ਸਾਲ ਤੋਂ ਵੱਧ ਦੀ ਸੇਵਾ ਲਈ ਸਨਮਾਨਿਤ ਕੀਤਾ ਗਿਆ।

ਸਮਾਰੋਹ ਵਿੱਚ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਪ੍ਰੋ. (ਡਾ.) ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ, ਪ੍ਰਿੰਸੀਪਲ ਸੀਟੀ ਪਬਲਿਕ ਸਕੂਲ ਮਨੀਸ਼ਾ ਬਸਨੇਤ, ਪ੍ਰਿੰਸਿਪਲ ਸੀਟੀ ਵਰਲਡ ਸਕੂਲ ਆਰਤੀ ਜਸਵਾਲ ਅਤੇ ਪ੍ਰਿੰਸਿਪਲ ਸੀਟੀ ਕਾਲਜ ਆਫ ਐਜੂਕੇਸ਼ਨ ਡਾ. ਅੰਜੂ ਸ਼ਰਮਾ ਹਾਜ਼ਰ ਰਹੇ। ਉਨ੍ਹਾਂ ਨੇ ਸਨਮਾਨਿਤ ਕਰਮਚਾਰੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ।ਇਸ ਮੌਕੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹਰ ਕਰਮਚਾਰੀ ਸੰਸਥਾ ਦੀ ਕਾਮਯਾਬੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਸੀਟੀ ਗਰੁੱਪ ਦੀ ਤਰੱਕੀ ਸਾਰੇ ਕਰਮਚਾਰੀਆਂ ਦੀ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ। ਸਹਾਇਕ ਸਟਾਫ ਸੰਸਥਾ ਦੀ ਰੀੜ੍ਹ ਦੀ ਹੱਡੀ ਹਨ ਜੋ ਹਰ ਰੋਜ਼ ਦੇ ਕੰਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਂਦੇ ਹਨ।

ਸਮਾਰੋਹ ਨਾ ਸਿਰਫ ਉਨ੍ਹਾਂ ਦੀ ਸੇਵਾ ਦਾ ਸਨਮਾਨ ਸੀ, ਸਗੋਂ ਸੰਸਥਾ ਅਤੇ ਕਰਮਚਾਰੀਆਂ ਵਿਚਕਾਰ ਮਜ਼ਬੂਤ ਰਿਸ਼ਤੇ ਨੂੰ ਵੀ ਦਰਸਾਉਂਦਾ ਹੈ।

ਜਨਮ ਦਿਨ ਮੁਬਾਰਕ



ਏਕਨੂਰ ਕੌਰ, ਮੋਗਾ

ਵਰ੍ਹੇਗੰਢ ਮੁਬਾਰਕ



ਗੁਰਮੁੱਖ ਸਿੰਘ ਅਤੇ ਪਰਵੀਰ ਕੁਮਾਰੀ ਵਾਸੀ ਹੁਸ਼ਿਆਰਪੁਰ ਨੇ ਵਿਆਹ ਦੀ 10ਵੀਂ ਵਰ੍ਹੇਗੰਡ ਮਨਾਈ

## ਵਿਦਿਆਰਥੀਆਂ ਨੂੰ ਪੰਜ-ਪੰਜ ਬੂਟੇ ਗੋਦ ਲੈ ਕੇ ਉਨ੍ਹਾਂ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਵਿਸ਼ਵ ਵਾਤਾਵਰਨ ਦਿਵਸ ਮੌਕੇ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨ ਤਾਰਨ ਵਿਖੇ ਕਾਲਜ ਦੇ ਰੈੱਡ ਰਿਬਨ ਕਲੱਬ ਅਤੇ ਈਕੋ ਕਲੱਬ ਵੱਲੋਂ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਮਨਦੀਪ ਪੱਟੀ, ਰੈੱਡ ਰਿਬਨ ਕਲੱਬ ਇੰਚਾਰਜ ਪ੍ਰੋ. ਰਿਤੂ, ਈਕੋ ਕਲੱਬ ਇੰਚਾਰਜ ਮੈਡਮ ਸੰਦੀਪ ਕੌਰ, ਮੈਡਮ ਸੰਗੀਤਾ ਅਗਨੀਹੋਤਰੀ, ਮੈਡਮ ਰਮਨਦੀਪ ਕੌਰ ਅਤੇ ਸਮੂਹ ਸਟਾਫ ਵੱਲੋਂ ਪਲਾਂਟੇਸ਼ਨ ਡਰਾਈਵ ਤਹਿਤ ਬੂਟੇ ਲਗਾਏ ਗਏ ਅਤੇ ਵਾਤਾਵਰਨ ਦੀ ਸੁਰੱਖਿਆ ਦਾ ਸੰਦੇਸ਼ ਦਿੱਤਾ ਗਿਆ।ਰੈੱਡ ਰਿਬਨ ਕਲੱਬ ਦੇ ਵਿਦਿਆਰਥੀਆਂ ਵੱਲੋਂ ਵਾਤਾਵਰਨ ਦੀ ਸੰਭਾਲ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪ੍ਰਭਾਵਸ਼ਾਲੀ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਦੇ ਨਾਲ-ਨਾਲ ਭਾਸ਼ਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਵਾਤਾਵਰਨ ਦੀ ਰੱਖਿਆ ਲਈ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਪੰਜ-ਪੰਜ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਪੰਜ-ਪੰਜ ਬੂਟੇ ਗੋਦ ਲੈ ਕੇ ਉਨ੍ਹਾਂ ਦੀ ਸੰਭਾਲ ਕਰਨ ਲਈ ਵੀ ਦਿੱਤੇ ਗਏ।ਸਮੂਹ ਸਟਾਫ ਅਤੇ ਵਲੰਟੀਅਰ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਇਆ ਅਤੇ ਵਾਤਾਵਰਨ ਸੰਭਾਲ ਪ੍ਰਤੀ ਸਮਾਜਿਕ ਜ਼ਿੰਮੇਵਾਰੀ ਦਾ ਮਹੱਤਵਪੂਰਨ ਸੰਦੇਸ਼ ਦਿੱਤਾ ਗਿਆ।

## ਵਾਤਾਵਰਣ ਦੀ ਰੱਖਿਆ ਕਰਨ ਦਾ ਲਿਆ ਪ੍ਰਣ



ਛੇਹਰਟਾ, (ਮਨੋਜ ਕੁਮਾਰ) : ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਵਾਤਾਵਰਣ ਸੰਭਾਲ ਗਤੀਵਿਧੀ ਤੇ ਹਿਊਮਨ ਆਨ ਅਰਥ ਵੱਲੋਂ ਸਾਂਝੇ ਤੌਰ 'ਤੇ ਅੰਮ੍ਰਿਤਸਰ ਦੀਆਂ ਦੋ ਪ੍ਰਮੁੱਖ ਸੰਸਥਾਵਾਂ ਚੀਫ਼ ਖ਼ਾਲਸਾ ਦੀਵਾਨ ਨਰਸਿੰਗ ਕਾਲਜ, ਝਬਾਲ ਰੋਡ ਤੇ ਸੈਂਟਰਲ ਇੰਸਟੀਚਿਊਟ ਆਫ ਪੈਟਰੋਕੈਮੀਕਲਜ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਿਪੇਟ) ਵਿੱਚ ਵਾਤਾਵਰਣ ਜਾਗਰੂਕਤਾ ਸੈਮੀਨਾਰ ਕਰਵਾਏ ਗਏ। ਨਰਸਿੰਗ ਕਾਲਜ ਵਿਚ ਹੋਏ ਪ੍ਰੋਗਰਾਮ ਵਿਚ ਚੇਅਰਮੈਨ ਆਤਮਜੀਤ ਸਿੰਘ ਸਮਰਾ, ਪ੍ਰਿੰਸੀਪਲ ਜਸਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਪ੍ਰਭਜੀਤ ਕੌਰ, ਸਟਾਫ ਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਸਿਪੇਟ ਵਿਚ ਡਾਇਰੈਕਟਰ ਜੇ. ਥੋਮਸ, ਪ੍ਰਸ਼ਾਸਨਿਕ ਅਧਿਕਾਰੀ ਅਮਿਤ ਚਾਵਲਾ, ਪ੍ਰੋਫੈਸਰਾਂ ਤੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਵਾਤਾਵਰਣ ਸੰਭਾਲ ਗਤੀਵਿਧੀ, ਅੰਮ੍ਰਿਤਸਰ ਦੇ ਵਿਭਿੰਨਕ ਸੰਸਥਾਵਾਂ ਦੇ ਮੁਖੀ ਪੀ. ਐੱਨ. ਸ਼ਰਮਾ ਨੇ ਦੇਸ਼ ਭਰ ਵਿਚ ਜਥੇਬੰਦੀ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਵਾਤਾਵਰਣ ਸੰਭਾਲ ਗਤੀਵਿਧੀ ਦੇ ਸੂਬਾ ਸਹਿ-ਮੁਖੀ ਸੰਦੀਪ ਸਲੋਤਰਾ ਨੇ ਕਿਹਾ ਕਿ ਵਾਤਾਵਰਣ ਸੰਭਾਲ ਸਿਰਫ ਇਕ ਦਿਨ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਜੀਵਨ ਭਰ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਮਨਜੀਤ ਕੌਰ ਬਿੰਦ ਤੇ ਸ਼ੁਭ ਹਸਪਤਾਲ ਤੋਂ ਗਾਇਤਰੀ ਸ਼ੂਰ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਨਿਧੀ ਅਟਵਾਲ, ਨਵੀਨ ਸ਼ਰਮਾ, ਰਵਿੰਦਰ ਕੌਰ, ਰੀਨਾ ਕਸ਼ਯਪ, ਅਨਿਲ ਖੰਨਾ, ਤਰਸੇਮ ਕੌਰ ਤੇ ਵਿਭੂਤੀ ਸ਼ਰਮਾ ਨੇ ਵੀ ਪ੍ਰੋਗਰਾਮ ਵਿਚ ਹਿੱਸਾ ਲਿਆ। ਤੇਜੀ ਕਾਲਜਵੰਦ ਨੇ ਵਾਤਾਵਰਣ ਸੁਰੱਖਿਆ ਤੇ ਸਫ਼ਾਈ 'ਤੇ ਗੱਲ ਕੀਤੀ, ਜਦੋਂ ਕਿ ਰਮਨ ਕੁਮਾਰ ਨੇ ਪ੍ਰੇਰਣਾਦਾਇਕ ਵਾਤਾਵਰਣ ਗੀਤ ਪੇਸ਼ ਕੀਤਾ। ਵਾਤਾਵਰਣ ਪ੍ਰੇਮੀ ਜਗਮੋਹਨ ਸਿੰਘ ਗਿੱਲ ਨੇ ਪਾਣੀ ਦੇ ਸੰਕਟ 'ਤੇ ਵਿਚਾਰ ਪ੍ਰਗਟਾਏ। ਅੰਤ ਵਿਚ ਸਾਰਿਆਂ ਨੇ ਡਾ. ਹਰਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਸਦਕਾ ਪ੍ਰੋਗਰਾਮ ਸਫਲ ਹੋ ਨਿੱਬੜਿਆ। ਇਸ ਮੌਕੇ ਸਾਰਿਆਂ ਨੇ ਆਪਣੇ ਜੀਵਨ ਕਾਲ ਵਿਚ ਘੱਟੋ-ਘੱਟ 18 ਰੁੱਖ ਲਗਾਉਣ ਦਾ ਸਮੂਹਿਕ ਪ੍ਰਣ ਲਿਆ।

## ਬੇਰੁਜ਼ਗਾਰ ਨੌਜਵਾਨਾਂ ਉੱਪਰ ਲਾਠੀਚਾਰਜ ਮੰਦਭਾਗੀ ਘਟਨਾ: ਇੰਜ. ਕਸਤੂਰੀ ਲਾਲ



ਧਾਰੀਵਾਲ, (ਮਨਦੀਪ ਵਿੱਕੀ)-ਬਹੁਜਨ ਸਮਾਜ ਪਾਰਟੀ ਹਲਕਾ ਕਾਦੀਆਂ ਦੇ ਪ੍ਰਧਾਨ ਇੰਜੀਨੀਅਰ ਕਸਤੂਰੀ ਲਾਲ ਨੇ ਸ਼ਾਂਤੀਪੂਰਵਕ ਤਰੀਕੇ ਨਾਲ ਪਾਕਰਮ ਦਫ਼ਤਰ ਪਟਿਆਲਾ ਦੇ ਸਾਹਮਣੇ ਰੁਜ਼ਗਾਰ ਦੀ ਮੰਗ ਕਰ ਰਹੇ ਬੇਰੁਜ਼ਗਾਰ ਨੌਜਵਾਨਾਂ ਤੇ ਪੰਜਾਬ ਪੁਲਸ ਪ੍ਰਸ਼ਾਸਨ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਨੂੰ ਮੰਦਭਾਗਾ ਦੱਸਿਆ।ਉਨ੍ਹਾਂ ਕਿਹਾ ਕਿ ਇਸ ਵਤੀਰੇ ਨਾਲ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੋਲ ਖੁੱਲ੍ਹ ਕੇ ਸਾਹਮਣੇ ਆਈ।ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸਟਾਫ ਦੀ ਘਾਟ ਕਾਰਨ ਕਰਮਚਾਰੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਦੂਜਾ ਬੇਰੁਜ਼ਗਾਰ ਨੌਜਵਾਨਾਂ ਤੇ ਰੁਜ਼ਗਾਰ ਮੰਗਣ ਤੇ ਤਸ਼ੱਦਦ ਕੀਤਾ ਜਾ ਰਿਹਾ ਹੈ।ਇਸ ਦੇ ਸਿੱਟੇ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਭੁਗਤਣੇ ਪੈਣਗੇ।ਇੰਜ. ਕਸਤੂਰੀ ਲਾਲ ਨੇ ਕਿਹਾ ਕਿ ਨੌਜਵਾਨਾਂ ਅਤੇ ਕਰਮਚਾਰੀਆਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ, ਸਕੇਲਾਂ ਦੇ ਬਕਾਏ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇਣ ਤੋਂ ਪਾਸਾ ਵੱਟਿਆ ਹੋਇਆ ਹੈ।ਇਤਿਹਾਸ ਵਿੱਚ ਪਹਿਲਾ ਮੌਕਾ ਹੋਵੇਗਾ ਕਿ ਡੀ. ਏ. ਦੀਆਂ ਕਿਸ਼ਤਾਂ ਲੈਣ ਲਈ ਕਰਮਚਾਰੀਆਂ ਨੂੰ ਅਦਾਲਤਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ ਅਤੇ ਸਰਕਾਰ ਅਦਾਲਤੀ ਹੁਕਮਾਂ ਦੇ ਬਾਵਜੂਦ ਵੀ ਮੰਗਾਂ ਮੰਨਣ ਨੂੰ ਤਿਆਰ ਨਹੀਂ।ਇੰਜ. ਕਸਤੂਰੀ ਲਾਲ ਨੇ ਕਿਹਾ ਕਿ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਦੀ ਭਰਤੀ ਕਰਕੇ ਵਿਭਾਗਾਂ ਵਿੱਚ ਸਟਾਫ ਦੀ ਘਾਟ ਨੂੰ ਦੂਰ ਕਰੇ ਅਤੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਤੁਰੰਤ ਪੂਰਾ ਕਰੇ ਨਹੀਂ ਤਾਂ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਹਾਲ ਦਿੱਲੀ ਵਰਗਾ ਹੋਵੇਗਾ।

## ਕਿਸਾਨਾਂ ਵੱਲੋਂ ਸਹਿਕਾਰੀ ਖੰਡ ਮਿੱਲ ਸੇਰੋਂ ਨੂੰ ਮੁੜ ਚਾਲੂ ਕਰਨ ਦੀ ਮੰਗ

* ਪਟਿਆਲਾ 'ਚ ਅਪਰੇਟਿੰਗ ਲਾਈਨਮੈਨਾਂ 'ਤੇ ਪੁਲਸੀਆ ਤਸ਼ੱਦਦ ਦੀ ਕੀਤੀ ਸਖ਼ਤ ਨਿੰਦਾ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸੇਰੋਂ ਦੀ ਮਾਲਕੀ ਬਦਲਣ ਵਿਰੁੱਧ ਚੱਲ ਰਿਹਾ ਪੱਕਾ ਮੋਰਚਾ 17ਵੇਂ ਦਿਨ ਵੀ ਜਾਰੀ ਰਿਹਾ। ਇਸ ਮੌਕੇ ਬੋਲਦੇ ਹੋਏ ਆਗੂਆਂ ਹਰਜਿੰਦਰ ਸਿੰਘ ਟਾਂਡਾ, ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਜੱਸਾ ਸਿੰਘ ਕੰਦ ਗਿੱਲ, ਸੁਖਬਾਜ ਸਿੰਘ ਸਿੱਧੂ, ਨਛੱਤਰ ਸਿੰਘ ਪੰਨੂ, ਦਿਲਜਗੀਤ ਸਿੰਘ ਮਹਰਾਣਾ ਆਦਿ ਆਗੂਆਂ ਨੇ ਕਿਹਾ ਕਿ ਇਸ ਸਰਕਾਰੀ ਖੰਡ ਮਿੱਲ ਕਿਸਾਨਾਂ ਦੇ 60 ਫ਼ੀਸਦੀ ਹਿੱਸਿਆਂ ਨਾਲ ਬਣੀ ਹੋਈ ਹੈ।ਇਸ ਨੂੰ ਸਰਕਾਰ ਆਪਣੀ ਮਨਮਰਜ਼ੀ ਨਾਲ ਕਿਸੇ ਮਾਲਕੀ ਤਬਦੀਲ ਨਹੀਂ ਕਰ ਸਕਦੀ।ਜ਼ਿਕਰਯੋਗ ਹੈ ਕਿ ਨਵੰਬਰ 2025 ਵਿੱਚ ਜਦੋਂ ਭਗਵੰਤ ਮਾਨ ਸਰਕਾਰ ਵੱਲੋਂ ਫੇਰ ਜਾਇਦਾਦਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਉਸ ਦੇ ਵਿੱਚ ਹੀ ਸਹਿਕਾਰੀ ਖੰਡ ਮਿੱਲ ਸੇਰੋਂ ਦੀ ਲਗਭਗ 100 ਏਕੜ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਸਬੰਧੀ ਵੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ।ਜਦੋਂ ਇਸ ਸਬੰਧੀ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੂੰ ਭਿਣਕ ਲੱਗੀ ਤਾਂ ਉਨ੍ਹਾਂ ਨੇ ਤੁਰੰਤ ਇਸ ਵਿਰੁੱਧ ਮੋਰਚਾ ਸ਼ੁਰੂ ਕੀਤਾ।ਆਗੂਆਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਇੱਕ ਤਰਫ਼ ਤਾਂ ਕਿਸਾਨਾਂ ਨੂੰ ਝੋਨੇ ਦੀ ਫਸਲ ਤੋਂ ਹਟਾ ਕੇ ਬਦਲਵੀਆਂ ਫਸਲਾਂ ਵੱਲ ਆਉਣ ਲਈ ਕਹਿ ਰਹੀ ਹੈ ਉੱਥੇ ਨਾਲ ਹੀ ਝੋਨੇ ਦੀ ਫਸਲ ਦਾ ਬਦਲ ਗੰਨਾ ਸ਼ੂਗਰ ਮਿੱਲ ਨੂੰ ਬੰਦ ਕਰ ਰਹੀ। ਕਿਸਾਨਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਤੁਰੰਤ ਇਸ ਖੰਡ ਮਿੱਲ ਮੁੜ ਚਾਲੂ ਕੀਤੀ ਜਾਵੇ ਤਾਂ ਜੋ ਇਲਾਕੇ ਦੇ ਮੰਡ ਇਲਾਕੇ ਵਿੱਚ ਹੜ੍ਹਾਂ ਨਾਲ ਹੁੰਦੀ ਤਬਾਹੀ ਦੌਰਾਨ ਫਸਲਾਂ ਦਾ ਬਚਾ ਹੋ ਸਕੇ।ਇੱਕ ਵੱਖਰੇ ਬਿਆਨ ਰਾਹੀਂ ਕਿਸਾਨ ਆਗੂਆਂ ਵੱਲੋਂ ਇਹ ਵੀ ਮੰਗ ਕੀਤੀ ਗਈ ਕਿ ਅੰਤਰਰਾਸ਼ਟਰੀ ਮਾਰਕੀਟ ਵਿੱਚ ਖਾਦਾਂ ਦੀ ਕੀਮਤ ਵਿੱਚ ਆਈ ਕਟੌਤੀ ਕਾਰਨ ਇਸ ਦਾ ਲਾਭ ਦੇਸ਼ ਦੇ ਕਿਸਾਨਾਂ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ।ਆਗੂਆਂ ਨੇ ਪਟਿਆਲਾ ਵਿੱਚ ਪੁਲਸ ਵੱਲੋਂ ਅਪਰੇਟਿੰਗ ਲਾਈਨਮੈਨਾਂ ਉੱਪਰ ਕੀਤੇ ਪੁਲਸ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ। ਇਸ ਮੌਕੇ ਹਰਜਿੰਦਰ ਸਿੰਘ ਤੋਂ ਇਲਾਵਾ ਕਿਸਾਨ ਸਿੰਘ ਲੋਹਕਾ, ਕੇਹਰ ਸਿੰਘ ਮੁਗਲ ਚੱਕ, ਬਲਦੇਵ ਸਿੰਘ ਤਲਵੰਡੀ, ਬੂਟਾ ਸਿੰਘ ਪੱਟੀ, ਗੁਰਮੁੱਖ ਸਿੰਘ, ਹਰਜੀਤ ਸਿੰਘ ਝੀਤਾ, ਰਤਨ ਸਿੰਘ ਢੰਡ, ਰਣਜੀਤ ਸਿੰਘ ਬਹਾਦਰ ਨਗਰ, ਪਰਮਜੀਤ ਸਿੰਘ ਖਡੂਰ ਸਾਹਿਬ, ਸਕੱਤਰ ਸਿੰਘ ਮੁੱਡਾਪਿੰਡ, ਬਲਦੇਵ ਸਿੰਘ ਸੇਰੋਂ, ਅਮਰੀਕ ਸਿੰਘ ਅਤੇ ਕਸ਼ਮੀਰ ਸਿੰਘ ਹਾਜ਼ਰ ਸਨ।

## ਬਿਕਰਮਜੀਤ ਸਿੰਘ ਰੰਧਾਵਾ ਐੱਸ ਸੀ ਸੈੱਲ ਬਲਾਕ ਗੰਡੀਵਿੰਡ ਦੇ ਚੇਅਰਮੈਨ ਬਣੇ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਾਂਗਰਸ ਹਾਈ ਕਮਾਂਡ ਨੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਰੰਧਾਵਾ ਨੂੰ ਐੱਸਸੀ ਸੈੱਲ ਬਲਾਕ ਗੰਡੀਵਿੰਡ ਦਾ ਚੇਅਰਮੈਨ ਨਿਯੁਕਤ ਕੀਤਾ। ਪਾਰਟੀ ਹਾਈ ਕਮਾਂਡ ਵੱਲੋਂ ਦਿੱਤੀ ਗਈ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਲੈ ਕੇ ਇਲਾਕੇ ਦੇ ਵਰਕਰਾਂ ਤੇ ਸਮਰਥਕਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।ਇਸ ਮੌਕੇ ਬਿਕਰਮਜੀਤ ਸਿੰਘ ਰੰਧਾਵਾ ਵੱਲੋਂ ਸ਼੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪੰਜਾਬ ਪ੍ਰਧਾਨ ਐੱਸਸੀ ਸੈੱਲ ਗੁਰਪ੍ਰੀਤ ਸਿੰਘ ਲੱਕੀ ਪੱਖੋਕੇ, ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਰਾਜਬੀਰ ਸਿੰਘ ਭੁੱਲਰ, ਚੇਅਰਮੈਨ ਰਮਨ ਕੁਮਾਰ ਝਬਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਉਨ੍ਹਾਂ 'ਤੇ ਜਤਾਇਆ ਹੈ ਉਹ ਉਸ 'ਤੇ ਖਰਾ ਉਤਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਆਮ ਲੋਕਾਂ, ਪੱਛੜੇ ਵਰਗਾਂ ਤੇ ਦਲਿਤ ਸਮਾਜ ਦੀ ਭਲਾਈ ਲਈ ਕੰਮ ਕਰਦੀ ਆ ਰਹੀ ਹੈ ਅਤੇ ਉਹ ਵੀ ਐੱਸਸੀ ਸੈੱਲ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਬਲਾਕ ਦੇ ਹਰ ਪਿੰਡ ਵਿੱਚ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਨੂੰ ਪਹੁੰਚਾਉਣ ਲਈ ਵਰਕਰਾਂ ਨਾਲ ਮਿਲ ਕੇ ਤਨਦੇਹੀ ਨਾਲ ਕੰਮ ਕਰਨਗੇ। ਵਰਕਰਾਂ ਨੇ ਆਸ ਜਤਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਐੱਸਸੀ ਸੈੱਲ ਨੂੰ ਹੋਰ ਮਜ਼ਬੂਤੀ ਮਿਲੇਗੀ।

## ਮਨਦੀਪ ਸਿੰਘ ਨੇ ਨਵ-ਨਿਯੁਕਤ ਪ੍ਰਧਾਨ ਬੱਲ ਨੂੰ ਦਿੱਤੀ ਵਧਾਈ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਜ਼ਿਲ੍ਹਾ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਬੱਲ ਨੂੰ ਨਵ-ਨਿਯੁਕਤ ਨਸ਼ਾ ਮੁਕਤੀ ਪ੍ਰਧਾਨ ਨਿਯੁਕਤ ਕਰਨ 'ਤੇ ਹਲਕਾ ਮਜੀਠਾ ਦੇ ਬਲਾਕ ਪ੍ਰਧਾਨਾਂ ਨੇ ਵਧਾਈ ਦਿੱਤੀ।ਨਵੇਂ ਬਣੇ ਪ੍ਰਧਾਨ ਕੁਲਦੀਪ ਸਿੰਘ ਬੱਲ ਨੇ ਕਿਹਾ ਕਿ ਮੈਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਹੈ ਮੈਂ ਉਸ ਨੂੰ ਤਨ-ਮਨ ਨਾਲ ਨਿਭਾਵਾਂਗਾ ਅਤੇ ਮੈਂ ਹਾਈਕਮਾਨ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ।ਇਸ ਮੌਕੇ ਹਲਕਾ ਮਜੀਠਾ ਦੇ ਕੋਆਰਡੀਨੇਟਰ ਮਨਦੀਪ ਸਿੰਘ, ਤਲਵਿੰਦਰ ਸਿੰਘ ਵਾਈਸ ਪ੍ਰਧਾਨ, ਜਗਦੀਸ਼ ਸਿੰਘ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ, ਜੋਬਨ ਸਿੰਘ ਬਲਾਕ ਪ੍ਰਧਾਨ, ਗੁਰਮੀਤ ਸਿੰਘ ਬਲਾਕ ਪ੍ਰਧਾਨ, ਹਰਪਿੰਦਰ ਸਿੰਘ ਬਲਾਕ ਪ੍ਰਧਾਨ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਸ਼ਿਵਚਰਨ ਸਿੰਘ ਬਲਾਕ ਪ੍ਰਧਾਨ ਅਤੇ ਸਿਮਰਤਪਾਲ ਸਿੰਘ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।


**ਦਫਤਰ ਵਸੂਲੀ ਅਫਸਰ-I/II**
**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1)**
**ਦੂਜੀ ਮੰਜ਼ਲ, ਐੱਸ ਸੀ ਓ 33-34-35,**
**ਸੈਕਟਰ 17-ਏ, ਚੰਡੀਗੜ੍ਹ**

ਡਿਮਾਂਡ ਨੋਟਿਸ

ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ

ਆਰ ਸੀ/2747/2018 20-04-2026

ਐਕਸਿਸ ਬੈਂਕ
ਬਨਾਮ
ਸਾਹਬ ਰਾਮ

ਸੇਵਾ 'ਚ

(ਸੀ ਡੀ 1) ਸਾਹਬ ਰਾਮ ਪੁੱਤਰ ਬਲਵੰਤ ਰਾਮ ਪਿੰਡ ਬਜੀਦਪੁਰ, ਕੱਟਿਆਂਵਾਲੀ, ਤਹਿਸੀਲ ਤੇ ਜ਼ਿਲ੍ਹਾ ਫਾਜ਼ਿਲਕਾ, ਪੰਜਾਬ।

(ਸੀ ਡੀ 2) ਰੂਬਿਨ ਕੁਮਾਰ ਪੁੱਤਰ ਪੋਖਰ ਰਾਮ ਪਿੰਡ ਬਜੀਦਪੁਰ, ਕੱਟਿਆਂਵਾਲੀ, ਤਹਿਸੀਲ ਤੇ ਜ਼ਿਲ੍ਹਾ ਫਾਜ਼ਿਲਕਾ, ਪੰਜਾਬ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1) ਵੱਲੋਂ ਓ ਏ/4898/2017 'ਚ ਰਕਮ ਰੁਪਏ 19,32,829.12 (ਉੱਨੀ ਲੱਖ ਬੱਤੀ ਹਜ਼ਾਰ ਅੱਠ ਸੌ ਉਨੱਤੀ ਰੁਪਏ ਅਤੇ ਬਾਰਾਂ ਪੈਸੇ ਕੇਵਲ) ਸਮੇਤ 29/09/2017 ਤੋਂ ਓ ਏ ਭਰਨ ਦੀ ਮਿਤੀ ਤੋਂ ਇਕਰਾਰਨਾਮੇ ਦੀ ਵਰਤੋਂ ਵਿਆਜ ਵਸੂਲੀ ਤੱਕ ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

4. ਤੁਹਾਨੂੰ ਅਗਲੀਆਂ ਕਾਰਵਾਈਆਂ ਲਈ ਨਿਮਨ ਹਸਤਾਖਰੀ ਸਨਮੁਖ 18/06/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 20.04.2026 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 1)



**ਦਫਤਰ ਵਸੂਲੀ ਅਫਸਰ-I/II**
**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ-I)**
**ਦੂਜੀ ਮੰਜ਼ਲ, ਐੱਸ ਸੀ ਓ 33-34-35,**
**ਸੈਕਟਰ 17-ਏ, ਚੰਡੀਗੜ੍ਹ**

ਡਿਮਾਂਡ ਨੋਟਿਸ

ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ

ਆਰ ਸੀ/443/2024 25-05-2026

ਐਕਸਿਸ ਬੈਂਕ ਬਨਾਮ ਜਗੀਰ ਸਿੰਘ

ਸੇਵਾ 'ਚ

(ਸੀ ਡੀ-1) ਜਗੀਰ ਸਿੰਘ ਪੁੱਤਰ ਅਮਰ ਸਿੰਘ ਹੁਣ ਮ੍ਰਿਤਕ ਕਾਨੂੰਨੀ ਵਾਰਸਾਨ ਦੁਆਰਾ ਪ੍ਰਤੀਨਿਧਤਾ, ਗੁਰਦਾਸਪੁਰ, ਪੰਜਾਬ, ਕਾਨੂੰਨੀ ਵਾਰਸ : 1 ਦਿਲਬਾਗ ਸਿੰਘ ਪੁੱਤਰ ਜਗੀਰ ਸਿੰਘ (ਹੁਣ ਮ੍ਰਿਤਕ ਅਤੇ ਪਿੱਛੇ ਰਹੇ) ਅੰਮ੍ਰਿਤਪਾਲ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ (2) ਹਰਪਾਲ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ। (3) ਸੁੱਖਪਾਲ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ।

(ਸੀ ਡੀ-2) ਦਿਲਬਾਗ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ। ਕਾਨੂੰਨੀ ਵਾਰਸ : ਅੰਮ੍ਰਿਤਪਾਲ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ।

(ਸੀ ਡੀ-3) ਪ੍ਰਿਥਵੀਰਾਜ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਫੱਤੂਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1) ਵੱਲੋਂ ਓ ਏ/1140/2017 'ਚ ਰਕਮ ਰੁਪਏ 26,30,869/- (ਛੱਬੀ ਲੱਖ ਤੀਹ ਹਜ਼ਾਰ ਅੱਠ ਸੌ ਉਨੱਤਰ ਰੁਪਏ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 12.25% ਦੀ ਦਰ 'ਤੇ ਮਿਸ਼ਰਤ ਵਿਆਜ ਛਿਮਾਹੀ 01.04.2017 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 29005/- (ਉਨੱਤੀ ਹਜ਼ਾਰ ਪੰਜ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ। 2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ। 3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 11/11/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ। 4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ। 5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ। (ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 25/05/2026 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 1)



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿੱਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-31 | 19 / 06 / 26 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) 15212/F1 & 12904/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1933/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ.ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਨੰ. 433-ਸਿਗ- ਟੀ-18-26-27 | ਬੰਦ ਹੋਣ ਦੀ ਮਿਤੀ/ਸਮਾਂ:ਨੂੰ
ਮਿਤੀ: 05.06.2026 | 29.06.2026 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-18/26-27 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 29.06.2026 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ।ਆਈ।ਟੀ

| | | | |
|---|---|---|---|
| ਕੰਮ ਦਾ ਨਾਮ | ਫਿਰੋਜਪੁਰ ਡਵੀਜਨ ਦੇ ਲੁਧਿਆਣਾ ਅੰਮ੍ਰਿਤਸਰ ਅਤੇ ਫਿਰੋਜਪੁਰ ਸਟੇਸ਼ਨਾਂ ਤੇ ART ਦੇ ਲਈ ਰੇਲਵੇ ਬੋਰਡ ਦੀ ਮਾਨਕ ਸੂਚੀ ਦੇ ਅਨੁਸਾਰ ਟੇਲੀਕਾਮ ਉਪਕਰਣ ਉਪਲਬਧ ਕਰਾਉਣ ਦਾ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 29/06/2026 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 05/06/2026 16:03 |
| ਅੰਦਾਜਨ ਕੀਮਤ | 2336148.22 | ਬਿਡਿੰਗ ਸ਼ੁਰੂ ਦੀ ਮਿਤੀ ਆਈ.ਆਰ.ਈ.ਪੀ.ਐਸ | 15/06/2026 |
| ਬਿਆਨਾ ਰਾਸ਼ੀ (ਰੂ.) | 46700.00 | ਕੰਮ ਪੂਰਾ ਕਰਨ ਦਾ ਸਮਾਂ | 3 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸੋਧ ਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

1930/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**TO WHOM SO EVER IT MAY CONCERN**

The present public notice is being issued in respect of project named as Queenstown Infra Projects LLP, having PAN No.AAAFQ9964H, situated at Village Bhagatmajra (Rural) and Village Rani Majra, Tehsil: Kharar, Distt. SAS Nagar, Punjab. The notice is given on behalf of my client Sh. Pavel Garg as well as SPG Reality Mart LLP and Passion Buildcon Pvt. Ltd. Sh. Pavel Garg is 35% shareholder in the LLP. The companies SPG Reality Mart LLP and Passion Buildcon Pvt. Ltd. is owner of land measuring about 19.4 acres which is part of development agreement with LLP. But due to various illegalities Sh. Pavel Garg as well as SPG Reality Mart LLP and Passion Buildcon Pvt. Ltd. have initiated various legal cases. It is now discovered that the LLP has circulated illegal agenda to expel my client Sh. Pavel Garg from the LLP. This is done by other partners of LLP so that they may illegally obtain the RERA registration and illegally sell the Units in the project. My client has filed the case in Hon'ble High Court. So it is advised that public should refrain from purchasing the Units in the project named as Queenstown Infra Projects LLP, situated at Village Bhagatmajra (Rural) and Village Rani Majra, Tehsil: Kharar, Distt. SAS Nagar, Punjab. Any such purchase shall also be challenged in the court of law and will be declared as null and void. All the banks and Financial Institutions are also advised to refrain from opening any account in name of Queenstown Infra Projects LLP. In case of any clarification or details, it is advised to contact our office through e-mail at lawvikas99@gmail.com.

VIKAS DEEP (Advocate)
OFFICE: FU-30, 2ND FLOOR, PITAMPURA, DELHI-110034
(M) +91-9588100261 / 7988059993
E-mail: lawvikas99@gmail.com



**Public Notice**

I, Arshdeep Singh S/o Sarwan Singh R/o Mustfabad Sadian, P.O. Hemrajpur, Gurdaspur, Punjab, India, declare that my given name as Arshdeep and my Surname as Singh.

**Change of Name**

I, Jatinder Bir Singh S/o Mohinder Singh R/o Sarai, Tehsil Gurdaspur, Gurdaspur, Punjab-143521, India, have changed my name from Jatinder Bir Singh to Jatinderbir Singh.

I, Meenu Bala W/o Manoj Kumar R/o H.No. 656, Jalandhar Road, Water Pump, Arya Nagar, Kartarpur, Jalandhar have changed my Given name as Meenu & Surname as Bala.

I, Inderbir Kaur Samra D/o Harbir Singh Samra R/o H.No.367, Gali No.1, Gopal Nagar, Majith Road, Amritsar have changed my name from Inderbir Kaur Samra to Inderbir Kaur.

I Kishan Lal Dhall S/o Sahai Ram, R/o H.no. 97, Aadarsh Nagar, Jalandhar have changed my name from Kishan Lal Dhall to Krishan Lal Dhall



**AXIS BANK** ਰਿਟੇਲ ਐੱਸਟ ਸੈਂਟਰ ਦੂਸਰੀ ਅਤੇ ਤੀਸਰੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਸ੍ਰੀ ਜੋਗਿੰਦਰ ਸਿੰਘ ਪੁੱਤਰ ਬੀਰ ਸੈਨ (2) ਸ੍ਰੀਮਤੀ ਬਬੀਤਾ ਪਤਨੀ ਜੋਗਿੰਦਰ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 30 ਸਤੰਬਰ 2022 ਨੂੰ ਬਕਾਇਆ ਰਕਮ ਰੁਪਏ 16,37,091 (ਸੋਲਾਂ ਲੱਖ ਸੈਂਤੀ ਹਜ਼ਾਰ ਇਕਾਨਵੇਂ ਰੁਪਏ ਕੇਵਲ) ਤੇ 22-07-2020 ਸਮੇਤ ਅਸਲ ਅਦਾਇਗੀ ਦੀ ਮਿਤੀ ਤੱਕ ਅਣਲਾਗੂਯੋਗ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 10 ਜੁਲਾਈ 2026 ਨੂੰ ਕੀਤੀ ਜਾਵੇਗੀ।

ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 20,42,340/- (ਵੀਹ ਲੱਖ ਬਤਾਲੀ ਹਜ਼ਾਰ ਤਿੰਨ ਸੌ ਚਾਲੀ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,04,234/- (ਦੋ ਲੱਖ ਚਾਰ ਹਜ਼ਾਰ ਦੋ ਸੌ ਚੌਂਤੀ ਰੁਪਏ ਕੇਵਲ) ਡੀ ਡੀ/ ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਹੱਕ 'ਚ |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 09 ਜੁਲਾਈ 2026 ਨੂੰ 05.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 10 ਜੁਲਾਈ 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। |

ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ।

ਸਾਰਣੀ-ਜਾਇਦਾਦ ਦਾ ਵੇਰਵਾ

ਬੈਨਾਮਾ ਦਸਤਾਵੇਜ਼ ਨੰ. 2018-19/103/1/5433 ਮਿਤੀ 07.01.2019 ਅਨੁਸਾਰ ਸਬ-ਰਜਿਸਟਰਾਰ ਲੁਧਿਆਣਾ ਕੋਲ ਦਰਜ ਸ੍ਰੀਮਤੀ ਬਬੀਤਾ ਪਤਨੀ ਜੋਗਿੰਦਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ ਨੰ. ਬੀ-29-157/3/4, ਨਵਾਂ ਨੰ.: ਬੀ-29-157/3/204/1 : ਰਕਬਾ 71 ਵਰਗ ਗਜ਼, ਖਸਰਾ ਨੰ. 2//18/2-8//4/2/1-6/2-16-15/2-2//24, ਖਾਤਾ ਨੰ. 734/798-735/799-736/800-727/801-742/806-744/808 ਜਮ੍ਹਾਂਬੰਦੀ ਸਾਲ 2008-09, ਹਦਬਸਤ ਨੰ. 261, ਪਿੰਡ ਗਿਆਸਪੁਰ ਵਿਖੇ ਸਥਿਤ, ਅਬਾਦੀ ਗੁਰੂ ਅਮਰਦਾਸ ਕਾਲੋਨੀ, ਗਲੀ ਨੰ. 6, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਉੱਤਰ : ਗੁਰਜੀਤ ਸਿੰਘ ਬਾਹੀ 15'-6", ਦੱਖਣ : ਗਲੀ 16' ਚੌੜੀ ਬਾਹੀ 15'-6", ਪੂਰਬ : ਕਮਲੇਸ਼ ਪਰਮਾਰ ਬਾਹੀ 41', ਪੱਛਮ : ਅਵਤਾਰ ਸਿੰਘ ਬਾਹੀ 41'

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ, ਮੋਬਾਇਲ ਨੰ. 8920705598, ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 07.06.2026, ਸਥਾਨ : ਲੁਧਿਆਣਾ | ਤੁਹਾਡਾ ਸ਼ੁਭਚਿੰਤਕ, ਅਧਿਕਾਰਤ ਅਫਸਰ, ਵਾਸਤੇ ਐਕਸਿਸ ਬੈਂਕ ਲਿਮਟਿਡ



**AXIS BANK** ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 19,64,000/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,96,400/- [illegible] ਡੀ ਡੀ/ ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਹੱਕ 'ਚ |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 09 ਜੁਲਾਈ 2026 ਨੂੰ 05.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 10 ਜੁਲਾਈ 2026 [illegible] |

ਸਾਰਣੀ-ਜਾਇਦਾਦ ਦਾ ਵੇਰਵਾ

[illegible]

ਮਿਤੀ : 07.06.2026, ਸਥਾਨ : ਲੁਧਿਆਣਾ | ਤੁਹਾਡਾ ਸ਼ੁਭਚਿੰਤਕ, ਅਧਿਕਾਰਤ ਅਫਸਰ, ਵਾਸਤੇ ਐਕਸਿਸ ਬੈਂਕ ਲਿਮਟਿਡ



**AXIS BANK** ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 1,62,75,198/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 16,27,519/- [illegible] |
| ਬੋਲੀ ਵਾਧਾ ਰਕਮ | 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] ਵਿਖੇ 24 ਜੂਨ 2026 ਨੂੰ 05.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 25 ਜੂਨ 2026 [illegible] |

ਦੂਜੀ ਜਾਇਦਾਦ [illegible]

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 20,25,705/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,02,570/- [illegible] |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] ਵਿਖੇ 24 ਜੂਨ 2026 ਨੂੰ 05.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 25 ਜੂਨ 2026 [illegible] |

ਸਾਰਣੀ-ਜਾਇਦਾਦ ਦਾ ਵੇਰਵਾ

[illegible]

ਮਿਤੀ : 07.06.2026, ਸਥਾਨ : ਲੁਧਿਆਣਾ | ਤੁਹਾਡਾ ਸ਼ੁਭਚਿੰਤਕ, ਅਧਿਕਾਰਤ ਅਫਸਰ, ਵਾਸਤੇ ਐਕਸਿਸ ਬੈਂਕ ਲਿਮਟਿਡ



**AXIS BANK** ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ ਮਲਹਾਰ ਰੋਡ, ਸਰਾਭਾ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

[illegible]

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 29,04,355/- [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 2,90,435/- [illegible] |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com [illegible] |

ਸਾਰਣੀ-ਜਾਇਦਾਦ ਦਾ ਵੇਰਵਾ

[illegible]

ਮਿਤੀ : 07.06.2026, ਸਥਾਨ : ਲੁਧਿਆਣਾ | ਤੁਹਾਡਾ ਸ਼ੁਭਚਿੰਤਕ, ਅਧਿਕਾਰਤ ਅਫਸਰ, ਵਾਸਤੇ ਐਕਸਿਸ ਬੈਂਕ ਲਿਮਟਿਡ



**AXIS BANK** ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

[illegible]

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | [illegible] |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | [illegible] |
| ਬੋਲੀ ਵਾਧਾ ਰਕਮ | 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | [illegible] |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com [illegible] |

ਸਾਰਣੀ-ਜਾਇਦਾਦ ਦਾ ਵੇਰਵਾ

[illegible]

ਮਿਤੀ : 07.06.2026, ਸਥਾਨ : ਲੁਧਿਆਣਾ | ਤੁਹਾਡਾ ਸ਼ੁਭਚਿੰਤਕ, ਅਧਿਕਾਰਤ ਅਫਸਰ, ਵਾਸਤੇ ਐਕਸਿਸ ਬੈਂਕ ਲਿਮਟਿਡ


## ਕਲਾਸੀਫਾਈਡ ਇਸ਼ਤਿਹਾਰ


### ਆਮ ਸੂਚਨਾ

ਰਘਵੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਖੇੜੀ ਚਹਿਲਾਂ (ਸੰਗਰੂਰ) ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ. ਐੱਚ. 979 ਏ.ਪੀ (17.5 ਹਾਰਸਪਾਵਰ) ਨੂੰ ਗੁਰਮੁੱਖ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਖੇੜੀ ਚਹਿਲਾਂ (ਸੰਗਰੂਰ) ਨੇ ਆਪਣੇ ਨਾਂਅ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ. ਡੀ.ਓ., ਉਪ ਮੰਡਲ ਸ਼ੇਰਪੁਰ-1 ਤੇ ਇਤਰਾਜ ਪੇਸ਼ ਕਰੇ।

ਰਘਵੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਖੇੜੀ ਚਹਿਲਾਂ (ਸੰਗਰੂਰ) ਦੇ ਨਾਂਅ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ. ਐੱਚ. 2809 ਏ. ਪੀ (15 ਹਾਰਸਪਾਵਰ) ਨੂੰ ਗੁਰਮੁੱਖ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਖੇੜੀ ਚਹਿਲਾਂ (ਸੰਗਰੂਰ) ਨੇ ਆਪਣੇ ਨਾਂਅ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ. ਡੀ. ਓ., ਉਪ ਮੰਡਲ ਸ਼ੇਰਪੁਰ-1 'ਤੇ ਇਤਰਾਜ ਪੇਸ਼ ਕਰੇ।

ਮੈਂ, ਗੁਰਦੀਪ ਕੌਰ ਪਤਨੀ ਪਰਮਿੰਦਰਜੀਤ ਕੁਮਾਰ ਵਾਸੀ ਪਿੰਡ ਅਬਾਦਾਨ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਪਤੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਇੰਦਰਜੀਤ ਸਿੰਘ ਪੁੱਤਰ ਅੱਛਰ ਸਿੰਘ ਵਾਸੀ ਪਿੰਡ ਰਹੀਮਾਬਾਦ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ, ਬਿਆਨ ਕਰਦਾ ਕਿ ਮੈਂ ਆਪਣੇ ਲੜਕੇ ਮਨਦੀਪ ਸਿੰਘ ਅਤੇ ਨੂੰਹ ਪਰਮਜੀਤ ਕੌਰ ਨੂੰ ਬੇਦਖਲ ਕੀਤਾ ਹੋਇਆ ਸੀ, ਕਿਉਂਕਿ ਇਹ ਸਾਡੇ ਕਹਿਣੇ ਤੋਂ ਬਾਹਰ ਸਨ। ਪਰ ਹੁਣ ਇਹ ਦੋਨੋਂ ਸਾਡੇ ਕਹਿਣੇ ਵਿੱਚ ਹਨ ਅਤੇ ਮੈਂ ਆਪਣੀ ਬੇਦਖਲੀ ਵਾਪਸ ਲੈਂਦਾ ਹਾਂ, ਅੱਜ ਤੋਂ ਇਹ ਦੋਨੋਂ ਮੇਰੀ ਚੱਲ ਅਤੇ ਅਚੱਲ ਜਾਇਦਾਦ ਦੇ ਬਰਾਬਰ ਦੇ ਹੱਕਦਾਰ ਹਨ।

ਅਸੀਂ, ਗੁਰਚਰਨ ਸਿੰਘ ਪੁੱਤਰ ਗੁਰਨਾਮ ਸਿੰਘ, ਹਰਪਾਲ ਕੌਰ ਪਤਨੀਂ ਗੁਰਚਰਨ ਸਿੰਘ, ਵਾਸੀਆਨ ਪਿੰਡ ਬਾਲੀਆ (ਸੰਗਰੂਰ) ਆਪਣੇ ਲੜਕੇ ਰਾਜਪਾਲ ਸਿੰਘ ਮਾਨ, ਨੂੰਹ ਸੁਖਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁੱਦ ਜ਼ਿੰਮੇਵਾਰ ਹੋਣਗੇ।

ਇੱਕ ਟਿਊਬਵੈੱਲ ਕੁਨੈਕਸ਼ਨ ਜਿਸਦਾ ਖਾਤਾ ਨੰਬਰ ਏ ਪੀ -16/0857 12.5 ਹਾਰਸ ਪਾਵਰ ਦਾ ਜੋ ਕਿ ਮੰਗਲ ਸਿੰਘ ਪੁੱਤਰ ਗੁਰਦਿੱਤ ਸਿੰਘ ਪਿੰਡ ਸੋਹਲ ਠੱਠੀ ਦੇ ਨਾਮ ਤੇ ਚਲ ਰਿਹਾ ਹੈ ਨੂੰ ਰਣਜੀਤ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਸੋਹਲ ਠੱਠੀ ਤਹਿਸੀਲ ਤੇ ਜਿਲਾ ਤਾਰਨ ਤਾਰਨ ਨੇ ਆਪਣੇ ਨਾਮ ਤੇ ਕਾਰਨ ਦੀ ਅਰਜੀ ਦਿਤੀ ਹੈ ਅਗਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਅੰਦਰ ਅੰਦਰ ਉਪ ਮੰਡਲ ਵਿਖੇ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ ਨਹੀਂ ਤਾਂ ਤਬਦੀਲੀ ਕਰ ਦਿਤੀ ਜਾਵੇਗੀ।

ਮੈਂ, ਸੁਖਦੀਪ ਕੌਰ ਪਤਨੀ ਜੋਗਾ ਸਿੰਘ ਵਾਸੀ ਫਤਿਹਪੁਰ ਮਨੀਆਂਵਾਲਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹਾਲ ਅਬਾਦ ਰਾਉਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰੀ ਭੈਣ ਪ੍ਰਭਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰਾ ਉਸ ਨਾਲ ਕੋਈ ਸੰਬੰਧ ਨਹੀਂ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਕਸ਼ਮੀਰ ਸਿੰਘ ਪੁੱਤਰ ਮਹਿੰਗਾ ਸਿੰਘ ਵਾ ਬਲਵਿੰਦਰ ਕੌਰ ਪਤਨੀ ਕਸ਼ਮੀਰ ਸਿੰਘ ਵਾਸੀਆਨ ਪਿੰਡ ਤੇ ਡਾਕਖਾਨਾ ਮਾਧੋਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਅਸੀਂ ਜਿਹੜਾ ਇਸ਼ਤਿਹਾਰ ਆਪਣੇ ਲੜਕੇ ਹਰਵਿੰਦਰ ਸਿੰਘ ਸ਼ਾਦੀਸ਼ੁਦਾ ਵਾ ਉਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਇਨ੍ਹਾਂ ਦੇ ਲੜਕੇ ਪਰਮਬੀਰ ਸਿੰਘ ਨੂੰ ਬੇਦਖਲ ਕਰਨ ਸੰਬੰਧੀ ਮਿਤੀ 03-11-2019 ਨੂੰ ਰੋਜ਼ਾਨਾ 'ਨਵਾਂ ਜ਼ਮਾਨਾ' ਅਖਬਾਰ ਵਿੱਚ ਦਿੱਤਾ ਸੀ, ਉਸ ਨੂੰ ਕੈਂਸਲ ਕਰਦੇ ਹੋਏ ਅਸੀਂ ਵਾਪਸ ਲੈਂਦੇ ਹਾਂ, ਕਿਉਂਕਿ ਸਾਡਾ ਲੜਕਾ ਹਰਵਿੰਦਰ ਸਿੰਘ ਸ਼ਾਦੀਸ਼ੁਦਾ ਵਾ ਉਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਇਨ੍ਹਾਂ ਦਾ ਲੜਕਾ ਪਰਮਬੀਰ ਸਿੰਘ ਸਾਡੇ ਕਹਿਣੇ ਵਿੱਚ ਹਨ ਅਤੇ ਇਨ੍ਹਾਂ ਨੂੰ ਪਹਿਲਾਂ ਵਾਲੇ ਹੱਕ ਸਾਡੀ ਚੱਲ-ਅਚੱਲ ਜਾਇਦਾਦ ਸੰਬੰਧੀ ਹਾਸਲ ਕਰਨ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈ, ਖੇਮ ਚੰਦ ਪੁੱਤਰ ਅਰਜਨ ਦਾਸ ਅਤੇ ਊਸ਼ਾ ਰਾਣੀ ਪਤਨੀ ਖੇਮ ਚੰਦ ਵਾਸੀ ਮਕਾਨ ਨੰਬਰ-331 ਵਾਰਡ ਨੰਬਰ-23 ਲਾਲ ਸਿੰਘ ਰੋਡ ਮੋਗਾ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨੇਹਾ (19 ਸਾਲ) ਜੋ 4 ਮਈ 2026 ਨੂੰ ਸਾਨੂੰ ਅਤੇ ਪ੍ਰੀਵਾਰਕ ਮੈਂਬਰਾਂ ਨੂੰ ਬਿਨ੍ਹਾਂ ਦੱਸੇ ਆਪਣੀ ਮਰਜ਼ੀ ਨਾਲ ਚੰਦੂ ਪੁੱਤਰ ਚਿਮਨ ਲਾਲ ਵਾਸੀ ਲਾਲ ਸਿੰਘ ਰੋਡ ਮੋਗਾ ਨਾਲ ਲਵ ਮੈਰਿਜ ਕਰਵਾ ਕੇ ਘਰੋਂ ਚੱਲੀ ਗਈ ਹੈ, ਜਿਸ ਦੀ ਹਾਲੇ ਤੱਕ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਅਸੀਂ ਬਿਆਨ ਕਰਦੇ ਹਾਂ ਕਿ ਲੜਕੀ ਨੇਹਾ ਅਤੇ ਚੰਦੂ ਨਾਲ ਸਾਡਾ ਕਿਸੇ ਕਿਸਮ ਦਾ ਕੋਈ ਰਿਸ਼ਤਾ ਨਹੀਂ ਹੈ। ਅਸੀਂ ਉਸਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ਤੇ ਇਹਨਾਂ ਨਾਲ ਕੋਈ ਵੀ ਲੈਣ-ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ। ਇਹ ਦੋਵੇਂ ਅੱਜ ਤੋਂ ਬਾਅਦ ਆਪਣੀ ਜਾਨ-ਮਾਲ ਦੇ ਖੁਦ ਜੁੰਮੇਵਾਰ ਹੋਣਗੇ। ਸਬੰਧਤ ਨੋਟ ਕਰਨ।

ਮੈਂ, ਗੁਰਦੀਪ ਕੌਰ ਵਿਧਵਾ ਤੁੰਮਣ ਸਿੰਘ ਵਾਸੀ ਪਿੰਡ ਚੱਕ ਬਲੋਚਾਂ ਵਾਲਾ,ਤਹਿਸੀਲ ਜਲਾਲਾਬਾਦ,ਜ਼ਿਲ੍ਹਾ ਫਾਜ਼ਿਲਕਾ ਦੀ ਰਹਿਣ ਵਾਲੀ ਹਾਂ। ਮੇਰੀਆਂ ਚਾਰ ਲੜਕੀਆਂ ਅਤੇ ਇੱਕ ਲੜਕਾ ਹੈ। ਮੇਰਾ ਲੜਕਾ ਗੁਰਤੇਜ ਸਿੰਘ ਅਤੇ ਨੂੰਹ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਹੁਣ ਮੇਰਾ ਅਤੇ ਮੇਰੇ ਪਰਿਵਾਰ ਦਾ ਉਹਨਾਂ ਨਾਲ ਕੋਈ ਤਾਲੁਕ ਵਾਸਤਾ ਨਾ ਰਿਹਾ ਹੈ। ਉਸ ਨਾਲ ਸਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਰਾਣੀ ਵਿਧਵਾ ਛਿੰਦਾ ਮਸੀਹ ਵਾਸੀ ਪਿੰਡ ਕੋਟ ਮੀਆਂ ਸਾਹਿਬ, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਮਸੀਹ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਉਸਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਅੱਜ ਤੋਂ ਬਾਅਦ ਸੰਦੀਪ ਮਸੀਹ ਨਾਲ ਲੈਣ-ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਜਗਜੀਤ ਸਿੰਘ ਪੁੱਤਰ ਜਗਤਾਰ ਸਿੰਘ ਅਤੇ ਪਰਮਜੀਤ ਕੌਰ ਪਤਨੀ ਜਗਜੀਤ ਸਿੰਘ ਵਾਸੀਆਨ ਪਿੰਡ ਬਾਲੀਆ ਮੰਜਪੁਰ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਜੋਗਾ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਚਨ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਨੇੜੇ ਆਰਾ/ਵਰਪਾਲ, ਗੋਹਲਵੜ ਵਰਪਾਲ, ਅੰਮ੍ਰਿਤਸਰ (ਪੰਜਾਬ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਲਾਭ ਸਿੰਘ ਤੇ ਉਸ ਦੀ ਪਤਨੀ ਸਵਿੰਦਰ ਕੌਰ ਉਰਫ ਰੂਪਾ ਅਤੇ ਉਨ੍ਹਾਂ ਦਾ ਲੜਕਾ ਜਸਨੂਰ ਸਿੰਘ ਅਤੇ ਲੜਕੀ ਜੱਸੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਬੰਟੀ ਰਾਮ ਪੁੱਤਰ ਜੀਤ ਰਾਮ ਅਤੇ ਸਰਬਜੀਤ ਕੌਰ ਪਤਨੀ ਬੰਟੀ ਰਾਮ ਵਾਸੀ ਸ਼ੁਤਰਾਣਾ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਗੁਰਵਿੰਦਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਸੰਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਮਾਛੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਲਖਵੀਰ ਸਿੰਘ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


ਨੀਲਾ ਪਾਣੀ ਕਾਲਾ ਇਤਿਹਾਸ


(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਤੇਰੀ ਤਾਰੀਫ਼ ਵਿੱਚ ਕੁਝ ਸ਼ਿਅਰ
ਬਸ ਲਿਖ ਹੋ ਗਏ ਐਵੇਂ,
ਦੁਚਿੱਤੀ ਹੈ ਕਿ ਹੁਣ ਇਸ ਨੂੰ
ਕਸੀਦਾ ਜਾਂ ਗ਼ਜ਼ਲ ਆਖਾਂ।
- ਕਮਲ ਬਾਲਦ ਕਲਾਂ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 7 ਜੂਨ 2026 www.nawanzamana.in ਕੀਮਤ 5.00 ਰੁਪਏ


# ਪੌਣਾ ਮੀਲ ਸਰਹੱਦ-ਸੰਤਾਲੀ ਦੇ ਉਜਾੜੇ ਦੀ ਦਾਸਤਾਨ



## ਸੁਰਿੰਦਰ ਗਿੱਲ ਜੈਪਾਲ

ਜਿਨ੍ਹਾਂ ਸੰਤਾਲੀ ਲੰਘੀ, ਮਨੁੱਖੀ ਤ੍ਰਾਸਦੀ ਵੇਖੀ, ਹੱਡੀਂ ਹੰਢਾਈ, ਉਨ੍ਹਾਂ ਲੱਖਾਂ ਵਿੱਚ ਸਾਡਾ ਪਿੰਡ, ਸਾਡਾ ਪਰਵਾਰ, ਓੜਮਾ-ਕੋੜਮਾ ਸ਼ੁਮਾਰ ਸੀ। ਸਾਡੇ ਬਚਪਨ ਤੋਂ ਜੁਆਨੀ ਤੱਕ ਪਾਤਸ਼ਾਹੋਂ ਫ਼ਕੀਰ ਹੋਇਆਂ ਦੀਆਂ ਅਨੇਕਾਂ ਕਹਾਣੀਆਂ, ਸਾਡੇ ਵਿਹੜਿਆਂ ਵਿੱਚ ਤੁਰੀਆਂ ਫਿਰਦੀਆਂ ਸਨ। ਮੈਂ ਆਪਣੇ 'ਅੰਗਾਕੀੜੀ' ਪਿੰਡ ਦੀਆਂ ਅੱਖਾਂ ਵਿੱਚੋਂ ਉਜਾੜਾ ਰਿਸਦਾ ਵੇਖਿਆ। ਇੱਕ ਉੱਜੜਿਆ ਹੋਇਆ ਪਿੰਡ, ਦੂਸਰੇ ਉੱਜੜੇ ਹੋਏ ਪਿੰਡ ਵਿੱਚ ਆਣ ਲੱਥਾ। ਮੇਰੇ ਬਾਪੂ ਜੀ ਦੇ ਪਿੰਡ 'ਤਿੰਨ ਕੱਸੀ' ਤਹਿਸੀਲ ਖਾਨੇਵਾਲ ਜ਼ਿਲ੍ਹਾ ਮੁਲਤਾਨ ਦਾ ਕਾਫ਼ਲਾ ਅਗਸਤ ਦੇ ਅਖ਼ੀਰ ਵਿੱਚ ਟੁਰਿਆ। ਅੱਗਾਂ ਲੱਗ ਰਹੀਆਂ ਸਨ, ਲਾਂਬੂ ਉੱਚੇ ਉੱਠ ਰਹੇ ਸਨ, ਫ਼ਸਾਦੀਆਂ ਦੇ ਟੋਲੇ ਵੱਡੇ ਹੋ ਗਏ ਸਨ। ਵੱਢ-ਵੱਢਾਂਗੇ ਦੀਆਂ ਖ਼ਬਰਾਂ ਅਫ਼ਵਾਹਾਂ ਨਹੀਂ ਸਨ ਰਹੀਆਂ। ਡਾਂਗ-ਸੋਟੇ ਤੋਂ ਇਲਾਵਾ ਕੋਈ ਪੱਕਾ ਹਥਿਆਰ ਇਨ੍ਹਾਂ ਕੋਲ ਨਹੀਂ ਸੀ। ਦਿਨ ਵਿੱਚ ਸੈਂਕੜੇ ਦਫ਼ਾ ਜੀਣ ਦਾ ਹੌਂਸਲਾ ਬੱਝ ਜਾਂਦਾ, ਟੁੱਟ ਜਾਂਦਾ। ਕਿਹੜੀ ਹੱਦ ਕਿੰਨੀ ਦੂਰ ਤੇ ਕਿੰਨੀ ਕੁ ਸੁਰੱਖਿਅਤ ਹੈ, ਪਤਾ ਲਾ ਲਿਆ ਗਿਆ। ਕਿੱਲਿਆਂ 'ਤੇ ਬੰਨ੍ਹੇ ਡੰਗਰ ਅਤੇ ਭਰੇ-ਭਰਾਤੇ ਘਰ ਗੁਆਂਢੀਆਂ ਨੂੰ ਸੰਭਾਅ ਕੇ, ਇੱਕ ਗਠੜੀ ਸੰਸਾਰ ਨਾਲ ਮੌਤ ਵੀ ਸਿਰਾਂ ਉੱਤੇ ਚੁੱਕ ਕੇ, ਆਸੇ-ਪਾਸੇ ਦੇ 10-15 ਪਿੰਡਾਂ ਦੇ ਲੋਕ ਪੈਦਲ 'ਨਾਨਕਪੁਰੇ' ਇਕੱਠੇ ਹੋ ਰਹੇ ਸਨ। ਜਿਹੜੇ ਬਹੁਤਾ ਨਹੀਂ ਟੁਰ ਸਕਦੇ ਸਨ, ਉਨ੍ਹਾਂ ਨੂੰ ਮੁਸਲਮਾਨ ਗਰਾਈਆਂ ਦੀ ਮਦਦ ਨਾਲ ਘੋੜੀਆਂ 'ਤੇ ਬਿਠਾ ਕੇ ਪੁੱਜਦੇ ਕੀਤਾ ਗਿਆ। ਅਗਲੇ ਦਿਨ ਦੰਗਾਈਆਂ ਦੀ ਵੱਡੀ ਧਾੜ ਲੁੱਟ-ਖੋਹ, ਖ਼ੂਨ-ਖਰਾਬੇ ਲਈ ਨਾਅਰੇ ਮਾਰਦੇ ਧੂੜਾਂ ਪੱਟੀ ਆਉਣ। ਜੁਆਨ-ਜਹਾਨ ਕੁੜੀਆਂ ਨੂੰ ਇੱਜ਼ਤ ਬਚਾਉਣ ਲਈ ਖੂਹਾਂ ਵਿੱਚ ਛਾਲਾਂ ਮਾਰਨ ਦਾ ਕਹਿ ਕੇ ਮਰਦ ਲੋਕ ਮੁਕਾਬਲਾ ਕਰਨ ਲਈ ਤਿਆਰ ਹੋ ਗਏ। ਉਨ੍ਹਾਂ ਕੁੜੀਆਂ ਵਿੱਚ 15-16 ਵਰ੍ਹਿਆਂ ਦੀ ਮੇਰੀ ਇੱਕੋ-ਇੱਕ ਭੂਆ ਅਮਰ ਕੌਰ ਵੀ ਸੀ। ਐਨ ਮੌਕੇ ਉੱਤੇ ਗੋਰਖਾ ਮਿਲਟਰੀ ਪਹੁੰਚ ਗਈ, ਕਾਫ਼ਲੇ ਦੇ ਸਾਹ ਵਿੱਚ ਸਾਹ ਆਇਆ। ਨਾਨਕਪੁਰੇ ਤੋਂ ਦੋ ਦਿਨ ਬਾਅਦ ਮਿਲਟਰੀ ਦੀ ਹਿਫ਼ਾਜ਼ਤ ਵਿੱਚ ਇਹ ਕਾਫ਼ਲਾ ਖਾਨੇਵਾਲ ਕੈਂਪ ਵਿੱਚ ਪਹੁੰਚਿਆ, ਕੈਂਪ ਵਿੱਚ ਹੈਜ਼ਾ ਫੈਲ ਗਿਆ, ਕਾਫ਼ੀ ਲੋਕ ਬਿਮਾਰ ਪੈ ਗਏ। ਪੰਜ ਦਿਨਾਂ ਬਾਅਦ ਮਿਲਟਰੀ ਦੀ ਨਿਗਰਾਨੀ ਹੇਠ ਰੇਲ ਗੱਡੀ ਰਾਹੀਂ ਦੋ ਦਿਨਾਂ ਮਗਰੋਂ ਭੁੱਖਣ-ਭਾਣਾ ਇਹ ਕਾਫ਼ਲਾ ਅਟਾਰੀ ਜਾ ਲੱਥਾ।

ਇਸ ਦੌਰਾਨ ਤਿੰਨ ਵਾਰ ਗੱਡੀ ਲੁੱਟਣ ਤੇ ਸਾੜਨ ਦੀਆਂ ਕੋਸ਼ਿਸ਼ਾਂ ਮਿਲਟਰੀ ਕਰਕੇ ਨਾਕਾਮ ਹੋਈਆਂ। ਏਥੋਂ ਛੇਹਰਟਾ ਗੁਰਦੁਆਰਾ ਸਾਹਿਬ ਤੇ ਫਿਰ ਅੰਮ੍ਰਿਤਸਰ ਵਿਖੇ ਚਾਰ-ਪੰਜ ਦਿਨ ਸ਼ਰਨਾਰਥੀ ਕੈਂਪ ਵਿੱਚ ਰਹੇ। ਬਾਪੂ ਜੀ ਦੱਸਦੇ ਹੁੰਦੇ ਸਨ ਕਿ ਸ਼ਰਨਾਰਥੀ ਕੈਂਪ ਏਸਰਾਂ ਸੀ ਜੇਸਰਾਂ ਵੈਣਾਂ, ਕੀਰਨਿਆਂ, ਹਉਕਿਆਂ ਤੇ ਭੁੱਖ ਦਾ ਕੋਈ ਨਵਾਂ ਉਨੀਂਦਰਾ ਦੇਸ ਵਸ ਗਿਆ ਹੋਵੇ, ਜਿਵੇਂ ਇਸ ਅਜੀਬੋ-ਗਰੀਬ ਧਰਤੀ 'ਤੇ ਲੋਕ ਸਿਰਫ਼ ਰੋਣ ਲਈ ਆਏ ਸਨ।

ਅੱਗੋਂ ਕਿੱਥੇ ਜਾਣਾ, ਕੋਈ ਸਾਰ ਨਹੀਂ। ਤਿੰਨ ਕੱਸੀ ਸਮੇਤ ਕਈ ਪਿੰਡ ਗੱਡੀ ਰਾਹੀਂ ਰੋਹਤਕ ਪਿੰਡ ਕਲਾਨੌਰ ਜਾ ਬੈਠੇ। ਏਥੇ ਇਨ੍ਹਾਂ ਅੱਤ ਦੀ ਭੁੱਖ ਕੱਟੀ। ਕਦੇ ਦਿਹਾੜੀ ਦੱਪਾ ਲੱਗ ਜਾਂਦਾ ਤਾਂ ਬਦਲੇ ਵਿੱਚ ਆਟਾ ਜਾਂ ਦਾਣੇ ਮਿਲ ਜਾਂਦੇ। ਮਰਦਾ ਕੀ ਨਾ ਕਰਦਾ। ਰਾਤਾਂ ਨੂੰ ਚੋਰੀਓਂ ਕਿਸੇ ਦੇ ਸਿੱਟੇ ਡੁੰਗ ਲੈਣੇ, ਮਕਈ ਦੀਆਂ ਛੱਲੀਆਂ ਭੰਨ ਲੈਣੀਆਂ, ਗੰਨੇ ਪੁੱਟ ਲਿਆਉਣੇ, ਮੂਲੀਆਂ, ਗੋਂਗਲੂ ਜਾਂ ਜੋ ਵੀ ਹੱਥ ਲੱਗਦਾ, ਪੁੱਟ ਲਿਆਉਂਦੇ, ਇੱਕ ਵਾਰ ਫੜੇ ਗਏ ਤੇ ਮਾਫ਼ੀਆਂ ਮੰਗ ਕੇ ਛੁੱਟੇ। ਮੇਰੀ ਬੀਬੀ, ਤਾਈ, ਚਾਚੀ, ਭੂਆ ਹੁਨਾਂ ਨੇ ਬੇਰ, ਪੀਲੂ, ਖੁੰਬਾਂ ਲੱਭ ਲਿਆਉਣੀਆਂ, ਕੱਚੇ ਕਾਨੇ ਛਿੱਲ ਕੇ ਚੂਸ ਲੈਣੇ, ਲੰਮਾ ਅਰਸਾ ਲਾਲ ਮਿਰਚਾਂ ਦੀ ਚਟਨੀ ਧਰਵਾਸਾ ਦਿੰਦੀ ਰਹੀ ਕਿ ਰੋਟੀ ਰੁੱਖੀ ਨਹੀਂ। ਦੋਵੇਂ ਪਾਸਿਆਂ ਦੀ ਲੁੱਟੀ-ਪੁੱਟੀ ਖ਼ਲਕਤ ਉਜਾੜਾ ਜੀਅ ਰਹੀ ਸੀ, ਉਜਾੜਾ ਹੰਢਾਅ ਰਹੀ ਸੀ।

ਛੇ ਕੁ ਮਹੀਨੇ ਮਗਰੋਂ ਸਾਡੇ ਪਰਵਾਰਾਂ ਨੂੰ ਪਿੰਡ ਅੰਗਾਕੀੜੀ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਭੋਇੰ ਦੀ ਅਲਾਟਮੈਂਟ ਹੋਈ ਤਾਂ ਇਹ ਕਲਾਨੌਰ ਤੋਂ ਇੱਥੇ ਆ ਗਏ। ਇਹ ਪੂਰਾ ਪਿੰਡ ਮੁਸਲਮਾਨਾਂ ਦਾ ਸੀ, ਪੂਰੀ ਤਰ੍ਹਾਂ ਤਬਾਹ ਹੋਇਆ ਹੋਇਆ, ਤਖ਼ਤਿਆਂ, ਬਾਰੀਆਂ ਤੱਕ ਲੁੱਟ ਲਈਆਂ ਗਈਆਂ ਸਨ, ਭਾਂ-ਭਾਂ ਕਰਦਾ ਸੀ ਪਿੰਡ। ਅਜ਼ਾਦੀ ਦੇ ਛੇ ਮਹੀਨੇ ਬਾਅਦ ਵੀ ਪਿੰਡ ਕਿੱਕਰਾਂ ਵਿੱਚ ਅੜਿਆ ਖੜ੍ਹਾ ਸੀ।

ਜ਼ਮੀਨ ਮਿਲੀ ਬੇ-ਆਬਾਦ। ਸਾਡੇ ਪਿੰਡ ਦੀਆਂ ਔਰਤਾਂ ਦੇ ਜ਼ੇਵਰ ਵਿਕ ਗਏ ਜਾਂ ਗਹਿਣੇ ਰੱਖੇ ਗਏ, ਫਿਰ ਕਿਤੇ ਖੇਤੀ ਦਾ ਸੰਦ-ਸਦੱਕੜਾ ਤੇ ਜੋਗਾਂ ਖ਼ਰੀਦੀਆਂ ਗਈਆਂ। ਹਾੜ੍ਹੀ-ਸਾਉਣੀ ਦੀ ਫ਼ਸਲ ਆਉਣ ਤੋਂ ਪਹਿਲਾਂ ਹੀ ਦਾਣਾ-ਫੱਕਾ ਮੁੱਕ ਜਾਂਦਾ। ਲੰਬੇ ਅਰਸੇ ਤੱਕ ਪਿੰਡ ਉਜਾੜੇ ਨਾਲ ਜੂਝਦਾ ਰਿਹਾ।

ਕਿਸੇ ਨੇ ਅਣਸਰਦੇ ਨੂੰ ਰਿਸ਼ਤੇਦਾਰੀ ਵਿੱਚ ਜਾਣਾ ਹੁੰਦਾ ਤਾਂ ਬੰਦੇ ਚਾਦਰਾ, ਕੁੜਤਾ, ਜੁੱਤੀ ਅਤੇ ਔਰਤਾਂ ਗੁਰਗਾਬੀ, ਸੂਟ, ਸ਼ਾਲ ਮੰਗਵੀਂ ਲੈ ਜਾਂਦੀਆਂ, ਤਲ਼ੀ ਦੇ ਫੋੜੇ ਤਰ੍ਹਾਂ ਸਾਂਭ-ਸਾਂਭ ਰੱਖਦੀਆਂ ਮਤਾਂ ਮੈਲ਼ੀ ਨਾ ਹੋ ਜੇ, ਦਾਗ਼ ਨਾ ਲੱਗ ਜੇ।

ਸਾਡੇ ਪਿੰਡ ਦੇ ਸਾਰੇ ਜੁਆਕ ਨਾਲ ਦੇ ਪਿੰਡ ਮਹਿਤਪੁਰ ਸਕੂਲੇ ਹੁਨਾਲ-ਸਿਆਲ ਨੰਗੇ ਪੈਰੀਂ ਜਾਂਦੇ-ਆਉਂਦੇ, ਟਾਕੀ ਦੇ ਖ਼ਾਕੀ ਬੂਟ ਹੱਥਾਂ ਵਿੱਚ ਫੜ ਰੱਖਦੇ, ਸਕੂਲੇ ਜਾ ਕੇ ਪਾ ਲੈਂਦੇ।

ਸਾਨੂੰ ਸਾਲ ਵਿੱਚ ਸਿੱਕਦਿਆਂ ਨੂੰ ਇੱਕ ਦਫ਼ਾ ਸਾਈ ਦੇ ਸੈਂਡਲ ਮਿਲਦੇ, ਅਸੀਂ ਹੱਥਾਂ ਵਿੱਚ ਪਾ ਛੱਡਣੇ, ਪੈਰਾਂ ਵਿੱਚ ਪਾਉਣੇ ਹੀ ਨਾ ਕਿ ਮਿੱਟੀ ਨਾ ਲੱਗ ਜਾਏ ਤੇ ਕਈ ਵਾਰ ਬਿਨਾਂ ਪਾਏ ਤੋਂ ਛੋਟੇ ਹੋ ਜਾਂਦੇ।

ਸਾਡੇ ਘਰਾਂ ਵਿੱਚ ਸ਼ੀਸ਼ੇ ਕਿਉਂ ਨਹੀਂ ਸਨ ? ਸ਼ਾਇਦ ਸੰਤਾਲੀ ਵੇਲੇ ਉੱਜੜ ਗਿਆਂ ਦੇ ਸਭਨਾਂ ਘਰਾਂ ਵਿੱਚ ਸ਼ੀਸ਼ੇ ਨਾ ਹੀ ਹੁੰਦੇ ਹੋਣ। ਘਰੋ-ਘਰ ਸਭ ਮੂੰਹ ਜ਼ੁਬਾਨੀ ਤਿਆਰ ਹੁੰਦੇ ਸਨ। ਪੁਲਸ ਵਿੱਚ ਨੌਕਰੀ ਕਰਦੇ ਮੇਰੇ ਮਾਸੜ ਜੀ ਫ਼ਿਰੋਜ਼ਪੁਰ ਤੋਂ ਸਾਨੂੰ ਮਿਲਣ ਆਏ, ਅਗਲੇ ਦਿਨ ਪੱਗ ਬੰਨ੍ਹਣ ਲਈ ਉਨ੍ਹਾਂ ਸ਼ੀਸ਼ਾ ਮੰਗਿਆ, ਸਾਰੇ ਪਿੰਡ ਵਿੱਚ ਹੀ ਸ਼ੀਸ਼ਾ ਨਹੀਂ ਸੀ, ਸਾਰਾ ਟੱਬਰ ਬੜਾ ਸ਼ਰਮਿੰਦਾ ਹੋਇਆ। ਉਸ ਤੋਂ ਬਾਅਦ ਉਚੇਚਾ ਇੱਕ ਸ਼ੀਸ਼ਾ ਖ਼ਰੀਦਿਆ ਗਿਆ, ਜੀਹਨੂੰ ਮੇਰੀ ਬੀਬੀ ਨੇ ਆਏ-ਗਏ ਲਈ ਲੁਕੋ ਕੇ ਰੱਖਿਆ।

ਅਸੀਂ ਸਾਰੇ ਭੈਣ-ਭਰਾ ਸੰਤਾਲੀ ਮਗਰੋਂ ਜੰਮੇ ਸਾਂ, ਪਰ ਉਸ ਤਬਾਹੀ ਦੀ ਚੁੱਪ ਵਿੱਚ ਖੁੱਭੀ ਹੂਕ ਸਾਨੂੰ ਅਜੇ ਵੀ ਸੁਣਦੀ ਹੈ, ਅਜੇ ਵੀ ਅਸੀਂ ਉਦਾਸ ਹੋ ਜਾਨੇ ਆਂ।

'ਪੌਣਾ ਮੀਲ ਸਰਹੱਦ' ਵਿਚਲੀਆਂ ਲਿਖਤਾਂ 1947 ਦੇ ਤਲਖ਼ ਵੇਲੇ ਨੂੰ ਮੁਖ਼ਾਤਿਬ ਹਨ। ਮਨੁੱਖੀ ਉਜਾੜੇ ਦੇ ਡੂੰਘੇ ਸਦਮਿਆਂ ਦਾ ਸ਼ਬਦਾਂ ਵਿੱਚ ਇਨ-ਬਿਨ ਉਤਾਰਾ ਸੰਭਵ ਨਹੀਂ।

ਮੈਂ ਮੇਰੇ ਬੀਬੀ-ਬਾਪੂ ਜੀ ਦੀਆਂ ਅੱਖਾਂ ਲਿਖੀਆਂ ਹਨ, ਉਨ੍ਹਾਂ ਦੀਆਂ ਅੱਖਾਂ ਥਾਣੀਂ ਦੋਵੇਂ ਬੰਨੇ ਦੀ ਮਜ਼ਲੂਮ ਖਲਕਤ ਦਾ ਵੇਖਿਆ ਸੁੰਨ-ਸਨਾਟਾ ਕਵਿਤਾਵਾਂ ਵਿੱਚ ਉਲਥਾਉਣ ਦੀ ਕੋਸ਼ਿਸ਼ ਕੀਤੀ ਹੈ।

ਜਦੋਂ ਅਸੀਂ ਭੈਣ-ਭਰਾ ਛੋਟੇ ਸਾਂ ਤਾਂ ਸਾਨੂੰ ਦਰਦ ਦਾ ਡੂੰਘਾ ਅਹਿਸਾਸ ਨਹੀਂ ਸੀ, ਜਦੋਂ ਅਹਿਸਾਸ ਹੋਇਆ ਤਾਂ ਸਾਡੇ ਕੋਲੋਂ ਇਹ ਚੁੱਪ ਦੇ ਕਾਫ਼ਲੇ ਗੁਜ਼ਰ ਚੁੱਕੇ ਸਨ। ਯਾਦਾਂ ਦੇ ਪਰਛਾਵੇਂ ਫੜ ਕੇ ਸਮੇਂ ਦੇ ਪਿਛਲੇ ਪਾਸੇ ਬਹੁਤ ਗੇੜੇ ਮਾਰੇ, ਬੜਾ ਕੁਝ ਸਾਕਾਰ ਹੋ ਗਿਆ ਤੇ ਬੜਾ ਕੁਝ ਧੁੰਦਲਾਅ ਗਿਆ।

ਪੱਛੜ ਕੇ ਹੀ ਸਹੀ, ਇੱਕ ਅੱਧ ਜ਼ਿੰਦਾ ਆਵਾਜ਼ ਮੈਂ ਫੜ ਵੀ ਲਈ। ਸ. ਬਲਕਾਰ ਸਿੰਘ ਮੇਰੀ ਇੱਕੋ-ਇੱਕ ਭੂਆ ਅਮਰ ਕੌਰ ਦਾ ਦਿਉਰ ਹੈ। ਸੰਤਾਲੀ ਵਾਪਰਨ ਤੋਂ 78 ਸਾਲਾਂ ਮਗਰੋਂ ਵੀ ਉਨ੍ਹਾਂ ਅੰਦਰ ਜ਼ਖ਼ਮ ਹਰੇ ਵੇਖੇ, ਭਰਿਆ ਹੋਇਆ ਮਨ ਅੱਖਾਂ ਥਾਣੀਂ ਡੁੱਲ੍ਹਦਾ ਵੇਖਿਆ।

### ਕਹਾਣੀਆਂ ਨਹੀਂ, ਵਾਰਦਾਤਾਂ ਨੇ

ਮੇਰੀ ਬੀਬੀ ਬਲਵੰਤ ਕੌਰ ਤੇ ਮੇਰੀ ਮਾਸੀ ਹਰਬੰਸ ਕੌਰ ਦੀਆਂ ਜੰਞਾਂ ਇੱਕੋ ਦਿਨ ਢੁਕੀਆਂ ਸਨ-ਆਰਿਫ਼ਵਾਲੇ। ਮੇਰੀ ਮਾਸੀ ਦਾ ਸਹੁਰਾ ਪਿੰਡ ਢੋਲਣ ਜ਼ਿਲ੍ਹਾ ਲਾਹੌਰ (ਹੁਣ ਕਸੂਰ) ਵਿੱਚ ਪੈਂਦਾ ਹੈ। ਰੁਲਦੇ-ਖੁਲਦੇ ਇਹ ਲੁਧਿਆਣੇ ਆ ਟਿਕੇ। ਮੇਰੀ ਇਹ ਮਾਸੀ ਜਦੋਂ ਵੀ ਸਾਡੇ ਪਿੰਡ ਅੰਗਾਕੀੜੀ (ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ) ਆਉਂਦੀ ਤਾਂ ਬਹੁਤ ਰੌਣਕਾਂ ਲੱਗਦੀਆਂ। 18-20 ਘਰਾਂ ਦਾ ਸਾਡਾ ਛੋਟਾ ਜਿਹਾ ਪਿੰਡ ਸੀ, ਫੱਟ ਤਾਰਾਂ ਪਹੁੰਚਦੀਆਂ ਕਿ ਫ਼ਲਾਣਿਆਂ ਕੇ ਘਰੇ ਪ੍ਰਾਹੁਣੇ ਆਏ, ਬਸ ਫਿਰ ਰੋਟੀ ਹੜਕ, ਚਾਹ ਹੜਕ, ਸੁੱਖ-ਸਾਂਦ ਪੁੱਛਦੇ, ਗੱਲਾਂ ਕਰਦੇ, ਉੱਚੀ-ਉੱਚੀ ਹੱਸਦੇ। ਮੰਜੇ ਸਦਾ ਨਾਲੋ-ਨਾਲ ਡਹੇ ਹੁੰਦੇ। ਦਿਨ ਖੜ੍ਹੇ-ਖੜ੍ਹੇ ਚੁੱਲ੍ਹੇ ਚੌਂਕੇ ਦਾ ਕੰਮ ਮੁਕਾ, ਸਭ ਸਾਂਭ-ਸਿੱਕਰ ਕੇ, ਪੈਣ ਵੇਲੇ ਬੁਝਾਰਤਾਂ ਕਹਾਣੀਆਂ ਦਾ ਦੌਰ ਚੱਲਦਾ, ਪਤਾ ਨਹੀਂ ਕਿਹੜੇ ਵੇਲੇ ਦਿਓ-ਪਰੀਆਂ ਦੀਆਂ ਕਹਾਣੀਆਂ ਤਿੱਖਾ ਮੋੜਾ ਕੱਟ ਕੇ ਸੰਤਾਲੀ ਦੇ ਫ਼ਸਾਦਾਂ ਵੱਲ ਹੋ ਤੁਰਦੀਆਂ।

ਮੇਰੀ ਬੀਬੀ ਦੀਆਂ ਅੱਖਾਂ ਛਲਕਣ-ਛਲਕਣ ਕਰਦੀਆਂ। ਡਰਾਉਣੀ ਜਿਹੀ ਚੁੱਪ ਪਸਰ ਜਾਂਦੀ। ਸੁਣਾਉਣ ਵਾਲੇ ਦੀ ਆਵਾਜ਼ ਝੌਂਅ ਜਾਂਦੀ, ਲਹਿਜ਼ਾ ਬਦਲ ਜਾਂਦਾ। ਮਾਸੀ ਜੀ ਏਥੋਂ ਹੀ ਸ਼ੁਰੂ ਕਰਦੇ ਸਨ, ਬੱਲਿਆ ਇਹ ਕੋਈ ਕਰਨ ਵਾਲੀਆਂ ਕਹਾਣੀਆਂ ਤਾਂ ਹੋਈਆਂ ਨਾ। ਨਵਾਂ-ਨਵਾਂ ਵਿਆਹ ਹੋਇਆ ਸੀ ਤੇ ਤਕਸੀਮ ਪੈ ਗਈ। ਪਹਿਲਾਂ-ਪਹਿਲਾਂ ਤਾਂ ਪਿੰਡ ਨੇ ਉੱਡਦੀਆਂ ਖ਼ਬਰਾਂ ਨੂੰ ਵਿਹਲੜਾਂ ਵੱਲੋਂ ਛੱਡੀਆਂ ਛੁਰਲੀਆਂ ਸਮਝਿਆ। ਪਿੰਡ ਦੇ ਮੁਸਲਮਾਨ ਗਰਾਈਂ ਕੁਰਾਨ ਸ਼ਰੀਫ਼ ਦੀਆਂ ਸਹੁੰਆਂ ਚੁੱਕ ਕੇ ਖ਼ਤਰਾ ਨਾ ਹੋਣ ਦਾ ਦਾਅਵਾ ਕਰਦੇ ਰਹੇ, ਪਰ ਖ਼ਤਰਾ ਤਾਂ ਬਾਹਰਲਿਆਂ ਤੋਂ ਸੀ, ਏਨੇ ਨੂੰ ਸਿਰ ਤੋਂ ਪਾਣੀ ਲੰਘ ਗਿਆ। ਪੱਕੀ ਸੂਹ ਲੱਗਿਓਨੇ ਕਿ ਹਮਲਾ ਹੋਣ ਵਾਲਾ ਏ। ਸਾਡੇ ਵਿੱਚੋਂ ਕੋਈ ਕਹਿੰਦਾ, ਫੇਰ ? ਫੇਰ ਕੀ, ਛੇਤੀ-ਛੇਤੀ ਜੋ ਹੱਥ ਲੱਗਿਆ, ਗੰਢਾਂ ਬੰਨ੍ਹ ਕੇ ਸਿਰਾਂ 'ਤੇ ਰੱਖ ਕੇ ਟੁਰ ਪਏ। ਅਸੀਂ ਕਾਹਲੇ ਕਦਮੀਂ ਅੱਗੇ ਨਿਕਲ ਗਏ, ਪਿੱਛੋਂ ਪਿੰਡ ਉੱਤੇ ਫ਼ਸਾਦੀਆਂ ਨੇ ਹਮਲਾ ਕਰ ਦਿੱਤਾ, ਹੋਰਾਂ ਨਾਲ ਮੇਰੀ ਸੱਸ ਵੀ ਵੱਢੀ ਗਈ। ਸਾਨੂੰ ਪਤਾ ਲੱਗਾ ਕਿ ਬੀਬੀ ਤਾਂ ਵੱਢੀ ਗਈ, ਭਓਂ ਕੇ ਕਿਵੇਂ ਪਿੱਛੇ ਜਾਂਦੇ ਸਗੋਂ ਹੋਰ ਵੀ ਕਾਹਲੇ ਟੁਰਨ ਲੱਗੇ। ਅਸੀਂ ਟੇਸ਼ਨ 'ਤੇ ਪਹੁੰਚੇ ਕਿ ਸਾਨੂੰ ਵੀ ਘੇਰਾ ਪੈ ਗਿਆ, ਰੰਗ ਬੱਗਾ ਹੋ ਗਿਆ, 'ਵਾਜ ਸੰਘ ਵਿੱਚ ਜੰਮ ਗਈ ਕਿ ਬਸ ਮਰੇ ਕਿ ਮਰੇ। ਸਾਡੇ ਹੁੰਗਾਰੇ ਸੰਘ ਵਿੱਚ ਸੁੱਕ ਜਾਣੇ। ਮਾਸੀ ਨੇ ਆਖਣਾ, ਮਰਨੀਓਂ, ਬੋਲੋ ਤਾਂ ਸਈ। ਕਿਸੇ ਡੂੰਘੇ ਖੂਹੋਂ ਅਵਾਜ਼ ਕੱਢਣੀ, ਹੂੰ... ਏਜ੍ਹੀਆਂ ਗੱਲਾਂ ਕਿਤੇ ਇੱਕੋ ਸਾਹੇ ਸੁਣੀਆਂ-ਸੁਣਾਈਆਂ ਜਾਂਦੀਆਂ ਨੇ, ਕੱਲ੍ਹ ਸਈ।

ਤੇ ਫਿਰ ਕੱਲ੍ਹ ਆ ਜਾਂਦੀ। ਅਸੀਂ ਕਹਿਣਾ, ਮਾਸੀ ਜੀ ਕੱਲ੍ਹ ਵਾਲੀ ਕਹਾਣੀ ਸੁਣਾਓ। ਵੱਢਣ ਜੋਗੀਆਂ ਨਾ ਹੋਣ ਤੇ, ਇਹ ਕੋਈ ਕਹਾਣੀਆਂ ਨੇ, ਇਹ ਤਾਂ ਵਾਰਦਾਤਾਂ ਨੇ। ਫਿਰ ਉਹ ਵਾਰਦਾਤ ਸੁਣਾਉਂਦੇ, ਫ਼ਸਾਦੀ ਕਹਿਣ ਲੱਗੇ ਕਿ ਜਾਂ ਤਾਂ ਧਰਮ ਬਦਲੀ ਕਰ ਲਵੋ ਜਾਂ ਮਰਨ ਲਈ ਤਿਆਰ ਹੋ ਜਾਓ। ਸਾਡੇ ਬੰਦਿਆਂ ਆਖਿਆ ਬਈ ਧਰਮ ਬਦਲ ਲੈਨੇ ਆਂ। ਉਨ੍ਹਾਂ ਗਾਂ ਬਣਾਈ, ਵਾਹਵਾ ਚਿਰ ਲੱਗ ਗਿਆ ਤੇ ਇਧਰਲੀ ਮਿਲਟਰੀ ਆ ਗਈ। ਉਹ ਆਵਦੇ ਟਰੱਕਾਂ ਵਿੱਚ ਬੈਠਾਅ ਕੇ ਹੁਸੈਨੀਵਾਲਾ ਬਾਰਡਰ ਟਪਾ ਕੇ ਜਗਰਾਉਂ ਲਾਹ ਗਏ। ਇੱਥੇ ਕਿਸੇ ਦੂਰ ਦੇ ਰਿਸ਼ਤੇਦਾਰਾਂ ਘਰੇ ਰਾਤ ਕੱਟੀ। ਕਿੱਲੋ ਤੋਂ ਉੱਤੇ ਈ ਹੋਵੇਗਾ ਸਿਓਨਾ ਜਿਹੜਾ ਮੈਂ ਬਾਲਟੀ ਵਿੱਚ ਪਾ ਕੇ ਉੱਤੇ ਨਿੱਕ-ਸੁੱਕ ਨਾਲ ਲਕੋਇਆ ਹੋਇਆ ਸੀ। ਥੱਕੇ ਸਾਂ, ਬਾਲਟੀ ਕੋਲ ਰੱਖ ਕੇ ਸੌਂ ਗਏ। ਰਿਸ਼ਤੇਦਾਰਾਂ ਸਾਰਾ ਸਿਓਨਾ ਪਲਟ ਲਿਆ। ਬਾਪੂ ਨੂੰ ਦੱਸਿਆ, ਉਹ ਕਹਿੰਦੇ ਚੁੱਪ ਰਵ੍ਹੋ, ਓਥੋਂ ਬਚ ਕੇ ਆ ਗਏ ਆਂ, ਹੁਣ ਏਥੇ ਨਾ ਵੱਢੇ ਜਾਈਏ। ਜਗਰਾਉਂ ਇੱਕ ਝੁੱਗੀ ਵਿੱਚ ਛੇ ਮਹੀਨੇ ਰਹਿ ਕੇ ਲੁਧਿਆਣੇ ਆ ਗਏ। ਬਤੇਰ੍ਹੀਆਂ ਤੰਗੀਆਂ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਪੌਣਾ ਮੀਲ ਸਰਹੱਦ

ਸ. ਬਲਕਾਰ ਸਿੰਘ ਮੇਰੀ ਭੂਆ ਦੇ ਦਿਉਰ ਹਨ। ਇਹ ਵਿੱਥਿਆ ਉਨ੍ਹਾਂ ਨੇ ਮੈਨੂੰ ਉਦੋਂ ਸੁਣਾਈ ਜਦੋਂ ਮੈਂ ਹੱਲਿਆਂ ਬਾਰੇ ਜਾਣਨ ਲਈ ਉਨ੍ਹਾਂ ਕੋਲ ਗਈ ਸਾਂ। ਗੱਲ ਦੱਸਦਿਆਂ ਉਹ ਕਈ ਵਾਰ ਅੱਖਾਂ ਭਰ ਆਏ, ਕਈ ਵਾਰ ਉਨ੍ਹਾਂ ਦੀ ਭੁੱਬ ਨਿਕਲ ਗਈ... ਇਹ ਵਿੱਥਿਆ ਮੈਂ ਉਨ੍ਹਾਂ ਦੀ ਹੀ ਜ਼ੁਬਾਨੀ ਤੁਹਾਡੇ ਸਾਹਮਣੇ ਰੱਖ ਰਹੀ ਹਾਂ...

(ਲੇਖਿਕਾ)

ਸਾਡਾ ਪਿੰਡ ਢੋਲਣ ਚੱਕ ਨੰਬਰ 7, ਜ਼ਿਲ੍ਹਾ ਲਾਹੌਰ ਵਿੱਚ ਪੈਂਦਾ ਸੀ। ਹਿੰਦੂ, ਸਿੱਖ, ਮੁਸਲਮਾਨਾਂ ਦਾ ਰਲਿਆ-ਮਿਲਿਆ, ਪਿਆਰ-ਸਤਿਕਾਰ ਨਾਲ ਭਰਿਆ ਪਿੰਡ ਸੀ। ਗੱਲਾਂ ਤਾਂ ਸੁਣੀਂਦੀਆਂ ਸੀ ਕਿ ਬਟਵਾਰਾ ਹੋ ਰਿਹਾ ਏ ਤੇ ਘਰ-ਬਾਰ ਛੱਡ ਕੇ ਜਾਣਾ ਪੈਣਾ, ਪਰ ਲੋਕਾਂ ਯਕੀਨ ਕੋਈ ਨਾ ਕੀਤਾ। ਫਿਰ ਲੁੱਟਾਂ-ਮਾਰਾਂ ਦੀਆਂ ਖ਼ਬਰਾਂ ਆਉਣ ਲੱਗ ਪਈਆਂ। ਵਡੇਰੇ ਲੋਕੀਂ ਸੋਚਾਂ ਕਰਦੇ ਹੋਣਗੇ, ਪਰ ਸਾਨੂੰ ਬਾਲਾਂ ਨੂੰ ਕੋਈ ਪਤਾ ਨਹੀਂ। ਮੇਰਾ ਵੱਡਾ ਭਰਾ ਇਕਬਾਲ ਨਾਨਕੇ ਗਿਆ ਹੋਇਆ ਸੀ ਭੋਗੀਵਾਲ। ਮੇਰਾ ਬਾਪੂ ਸ. ਲਹਿਣਾ ਸਿੰਘ ਸਪੁੱਤਰ ਸ. ਅਮਰ ਸਿੰਘ ਲੰਬੜਦਾਰ ਸੀ, ਪੈਸੇ ਵਿਆਜੂ ਚਾੜ੍ਹਦਾ ਸੀ, ਪਿੰਡ ਵਿੱਚ ਅਸੀਂ ਸ਼ਾਹ ਵੱਜਦੇ। ਮੇਰੀ ਮਾਂ ਸਰਦਾਰਨੀ ਲਛਮਣ ਕੌਰ ਚੂਰੀਆਂ ਕੁੱਟ-ਕੁੱਟ ਖੁਆਉਂਦੀ, ਸਕੂਲ ਘੱਲਦੀ, ਮੇਰਾ ਭਰਾ ਪੜ੍ਹਨ ਵਿੱਚ ਅੱਵਲ ਸੀ, ਪਰ ਮੈਂ ਪੜ੍ਹਨ ਤੋਂ ਘੁਸਾਂਦਾ ਸਾਂ।

ਇਹ ਤਾਂ ਮੈਨੂੰ ਚੇਤੇ ਕੋਈ ਨਹੀਂ ਕਿ ਕਿਹੜੇ ਮਹੀਨੇ, ਕਿਹੜੀ ਤਰੀਕ ਹੱਲਾ ਪਿਆ, ਪਰ ਸਾਡੇ ਪਿੰਡ ਦਿਆਂ ਸਾਨੂੰ ਕੁਛ ਨਹੀਂ ਆਖਿਆ, ਪਾਸੇ ਦੇ ਮੁਸ਼ਟੰਡਿਆਂ ਇੱਕ ਦਿਨ ਪਹਿਲਾਂ ਸਾਡੀਆਂ ਘੋੜੀਆਂ ਤੇ ਮੱਝਾਂ ਸਾਹਮਣੇ ਈ ਖੋਲ੍ਹ ਲਈਆਂ। ਬਾਪੂ ਹੁਣੀਂ ਪੈ ਨਿਕਲੇ, ਅੱਠ-ਦਸ ਬੰਦੇ ਮਾਰ ਦਿੱਤੇ। ਫਿਰ ਬਾਪੂ ਹੁਣੀਂ ਡਰ ਗਏ ਕਿ ਹੁਣ ਹਮਲਾ ਜ਼ਰੂਰ ਕਰਨਗੇ। ਉਸ ਤੋਂ ਪਹਿਲੋਂ-ਪਹਿਲੋਂ ਨਿਕਲ ਜਾਈਏ ਤਾਂ ਚੰਗਾ ਏ। ਫਿਰ ਰਾਤੋ-ਰਾਤ ਸਭ ਕੁਛ ਛੱਡ-ਛਡਾ ਕੇ 80-90 ਗੱਡਿਆਂ ਦਾ ਕਾਫ਼ਲਾ ਨਿਕਲ ਤੁਰਿਆ। ਸੂਹ ਉਨ੍ਹਾਂ ਨੂੰ ਵੀ ਲੱਗ ਗਈ ਹੋਣੀ। ਮੈਂ ਤੇ ਮੇਰੀ ਢਾਈ ਕੁ ਸਾਲਾਂ ਦੀ ਭੈਣ ਆਪਣੇ ਮਾਂ-ਪਿਓ ਦੇ ਨਾਲ ਏਸੇ ਕਾਫ਼ਲੇ ਵਿੱਚ ਸਾਂ। ਅਸੀਂ ਸੁਲੇਮਾਨ ਹੈੱਡ ਤੋਂ ਸਰਹੱਦ ਪਾਰ ਕਰਨੀ ਸੀ। ਸਾਡੇ ਬੰਦਿਆਂ ਤੋਂ ਹਥਿਆਰ ਪਹਿਲੋਂ ਹੀ ਲੈ ਲਈਓ ਨੇ। ਕਾਫ਼ਲਾ ਨਿਹੱਥਾ ਕਰ ਛੱਡਿਓ ਨੇ, ਫਿਰ ਤਾਂ ਟੁੱਟ ਕੇ ਪੈ ਗਏ ਕਾਫ਼ਲੇ ਉੱਤੇ। ਚੀਕਾਂ, ਪੁਕਾਰਾਂ, ਲਲਕਾਰੇ, ਹਾਹਾਕਾਰ ਮੈਨੂੰ ਸੁਣ ਰਹੀ ਸੀ, ਬਹੁਤੇ ਲੋਕ ਵੱਢੇ ਗਏ, ਚਾਰੇ ਪਾਸੇ ਖ਼ੂਨ ਹੀ ਖ਼ੂਨ, ਲੋਥਾਂ ਹੀ ਲੋਥਾਂ, ਪਰਵਾਰ ਨਿੱਖੜ ਗਏ। ਫ਼ਸਾਦੀਆਂ ਨੇ ਮੋਈਆਂ ਜ਼ਨਾਨੀਆਂ ਦੇ ਜ਼ੇਵਰ ਲਾਹੇ, ਬੰਦਿਆਂ ਦੀਆਂ ਡੱਬਾਂ ਫ਼ਰੋਲੀਆਂ। ਕਈ ਹੁਸ਼ਿਆਰ ਬੰਦੇ ਭੱਜ ਕੇ ਹੱਦ ਪਾਰ ਕਰ ਗਏ। ਸੁਲੇਮਾਨ ਹੈੱਡ ਪੌਣਾ ਕੁ ਮੀਲ ਰਹਿ ਗਿਆ ਸੀ।ਮੇਰੇ ਸਾਹਵੇਂ ਮੇਰੀ ਮਾਂ ਵੱਢੀ ਗਈ, ਡਿੱਗਦੀ ਵੇਖੀ, ਮੇਰਾ ਪਿਓ ਵੱਢਿਆ ਗਿਆ, ਮੈਂ ਹੱਥ ਛੁਡਾ ਕੇ ਭੱਜ ਗਿਆ, ਲੋਥਾਂ ਹੇਠਾਂ ਲੁਕ ਗਿਆ। ਕਿਸੇ ਨੇ ਮੈਨੂੰ ਤਿੰਨ ਸੋਟੇ ਮਾਰੇ, ਦੋ ਤਾਂ ਮਰਿਆਂ ਦੇ ਵੱਜੇ ਤੇ ਇੱਕ ਸੋਟਾ ਮੇਰੇ ਮੱਥੇ ਵਿੱਚ ਵੱਜਾ, ਮੈਂ ਕਿਹਾ, ਹਾਏ ਮੈਂ ਮਰ ਗਿਆ। ਉਹ ਚਲਿਆ ਗਿਆ। 10-12 ਸਾਲਾਂ ਦਾ ਸਾਰਾ ਸਾਂ ਮੈਂ।

ਜਿਹੜੇ ਲੋਕ ਫ਼ਿਰੋਜ਼ਪੁਰ ਕੋਲੋਂ ਸੁਲੇਮਾਨ ਹੈੱਡ ਪਾਰ ਕਰ ਗਏ, ਉਨ੍ਹਾਂ ਮਿਲਟਰੀ ਨੂੰ ਦੱਸਿਆ, ਫਿਰ ਮਿਲਟਰੀ ਵਾਲਿਆਂ ਆ ਕੇ ਫ਼ਸਾਦੀਆਂ 'ਤੇ ਗੋਲੀ ਚਲਾਈ। ਬਚੇ ਹੋਇਆਂ ਨੂੰ ਟਰੱਕ ਵਿੱਚ ਬਿਠਾਇਆ।

ਏਨੇ ਨੂੰ ਨਾਲ ਦੇ ਪਿੰਡ ਦਾ ਕਾਫ਼ਲਾ ਆ ਗਿਆ, ਉਨ੍ਹਾਂ ਵੱਢਿਆ ਕਾਫ਼ਲਾ ਵੇਖਿਆ, ਦੋ-ਢਾਈ ਸਾਲ ਦੀ ਮੇਰੀ ਭੈਣ ਸਵਰਨੀ ਦੀ ਵੱਖੀ ਵਿੱਚ ਬਰਛਾ ਵੱਜਿਆ ਹੋਇਆ ਸੀ ਤੇ ਉਹ ਮਰੀ ਮਾਂ ਦਾ ਦੁੱਧ ਚੁੰਘਦੀ ਪਈ ਸੀ। ਉਨ੍ਹਾਂ ਚੁੱਕ ਕੇ ਮੈਨੂੰ ਫੜਾ ਦਿੱਤੀ। ਮੈਂ ਤੇ ਮੇਰੀ ਭੈਣ ਲਹੂ ਨਾਲ ਲਿੱਬੜੇ ਪਏ ਸਾਂ। ਮੈਨੂੰ ਮਿਲਟਰੀ ਵਾਲੀ ਜੀਪ ਦਿਖੀ। ਭੈਣ ਨੂੰ ਇੱਕ ਪਾਸੇ ਬਿਠਾ ਕੇ ਮੈਂ ਜੀਪ ਕੋਲ ਚਲਾ ਗਿਆ ਤੇ ਰੋ ਪਿਆ ਕਿ ਮੇਰੀ ਭੈਣ ਵੀ ਬੈਠੀ ਹੈ, ਸਾਡੇ ਮਾਂ-ਪਿਓ ਵੱਢੇ ਗਏ ਨੇ, ਸਾਨੂੰ ਪੁੱਛਣ ਵਾਲਾ ਕੋਈ ਨਹੀਂ। ਉਹਨੇ ਮੈਨੂੰ ਤੇ ਮੇਰੀ ਭੈਣ ਨੂੰ ਗੱਡੀ ਵਿੱਚ ਬਿਠਾ ਕੇ ਮਿਲਟਰੀ ਹਸਪਤਾਲ ਫ਼ਿਰੋਜ਼ਪੁਰ ਦਾਖ਼ਲ ਕਰਾਇਆ। ਸਾਡਾ ਖਾਣ-ਪੀਣ ਦਾ ਧਿਆਨ ਰੱਖਿਆ। ਚੌਥੇ ਦਿਨ ਸਾਨੂੰ ਕੈਂਪ ਵਿੱਚ ਛੱਡ ਗਏ।

ਹਾਹਾਕਾਰ ਮਚੀ ਹੋਈ ਸੀ ਕਿ ਢੋਲਣ ਦਾ ਕਾਫ਼ਲਾ ਵੱਢਿਆ ਗਿਆ, ਨੇੜੇ-ਤੇੜੇ ਦੇ ਪਿੰਡਾਂ ਵਿੱਚ ਸਹਿਮ ਫੈਲ ਗਿਆ। ਪਿੰਡ ਭੋਗੀਵਾਲ਼ ਤੋਂ ਮੇਰੇ ਨਾਨਕਿਆਂ ਅਤੇ ਪਿੰਡ 95 ਚੱਕ ਤੋਂ ਮੇਰੇ ਸਕੇ ਚਾਚਾ ਜੀ ਸ਼ੁਬੇਗ ਸਿੰਘ ਕੇ ਕਾਫ਼ਲੇ ਸੁੱਖੀਂ-ਸਾਂਦੀਂ ਫ਼ਿਰੋਜ਼ਪੁਰ ਕੈਂਪ ਅੱਪੜੇ। ਇਹ ਸਾਡੀ ਭਾਲ ਕਰ ਰਹੇ ਸਨ। ਅਸੀਂ ਸਾਰੇ ਬਹੁਤ ਰੋਏ ਕਿ ਜੀਆਂ ਦਾ ਬਹੁਤ ਵੱਡਾ ਘਾਣ ਹੋ ਗਿਆ ਸੀ। ਸਾਡੀ ਦਾਦੀ ਵਡੇਰੀ ਸੀ, ਟੁਰ ਵੀ ਨਹੀਂ ਸੀ ਹੁੰਦਾ ਤੇ ਨਿਗ੍ਹਾ ਵੀ ਬਣਾਉਟੀ ਸੀ, ਉਹ ਘਰੇ ਰਹਿ ਗਈ, ਉਹਦੇ ਨਾਲ ਕੀ ਭਾਣਾ ਵਰਤਿਆ ਤੇ ਕੀ ਨਾ, ਸਾਨੂੰ ਕੋਈ ਪਤਾ ਨਹੀਂ।

ਦੋ ਦਿਨ ਬਾਅਦ ਅਸੀਂ ਜੰਡਵਾਲਾ ਭੀਮੇਸ਼ਾਹ ਤਹਿਸੀਲ ਅਰਨੀਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਜ਼ਿਲ੍ਹਾ ਫ਼ਾਜ਼ਿਲਕਾ) ਆ ਗਏ। ਏਥੇ ਸਾਲ ਤੋਂ ਵੱਧ ਸਮਾਂ ਮਸੀਤ ਵਿੱਚ ਰਹੇ। ਕਿਸੇ ਰੋਟੀ ਦਿੱਤੀ ਤਾਂ ਖਾ ਲਈ, ਨਹੀਂ ਮਿਲੀ, ਨਹੀਂ ਵੀ ਖਾਧੀ। ਸੰਤ ਬਾਬਾ ਤਾਰਾ ਸਿੰਘ ਖ਼ੁਸ਼ਦਿਲ ਜੀ ਦਾ ਬੜਾ ਆਸਰਾ ਮਿਲਿਆ।

ਜਿਹੜੇ ਇੱਥੋਂ ਉੱਜੜ ਕੇ ਗਏ ਵਿਚਾਰੇ, ਉਨ੍ਹਾਂ ਦੇ ਘਰਾਂ ਵਿੱਚੋਂ ਕੁਛ ਨਾ ਕੁਛ ਦਾਣਾ ਫੱਕਾ ਲੱਭ ਗਿਆ। ਜ਼ਮੀਨ ਅਲਾਟ ਹੋਣ ਨਾਲ ਆਪੇ ਖੋਲੇ-ਖਾਲੇ ਮੱਲ ਕੇ ਮਾੜੇ-ਮੋਟੇ ਸੁਆਰ ਲਏ। ਅਸੀਂ ਤਿੰਨੇ ਭੈਣ-ਭਰਾ ਚਾਚਾ ਸ਼ੁਬੇਗ ਸਿੰਘ ਦੇ ਪਰਵਾਰ ਨਾਲ ਰਹਿੰਦੇ ਸਾਂ, ਕੱਲਿਆਂ ਨੂੰ ਡਰ ਲੱਗਦਾ ਸੀ।

ਹੱਲਿਆਂ ਵੇਲੇ ਮੇਰੇ ਮਾਂ-ਪਿਓ ਕੋਲ ਦੋ ਕਿੱਲੋ ਪੱਕਾ ਤਾਂ ਸਿਓਨਾ ਹੋਵੇਗਾ। ਕਿੱਲੋ ਮੇਰੇ ਬਾਪੂ ਨੇ ਲੱਕ ਨਾਲ ਬੰਨ੍ਹ ਲਿਆ ਤੇ ਬਾਕੀ ਰਹਿੰਦਾ ਮੇਰੀ ਬੀਬੀ ਨੇ ਚੁੱਲ੍ਹੇ ਕੋਲ ਨੱਪ ਦਿੱਤਾ ਕਿ ਦਸ-ਪੰਦਰਾਂ ਦਿਨਾਂ ਦੇ ਰੌਲੇ-ਰੱਪੇ ਬਾਅਦ ਠੰਢ-ਠੰਢੌਰਾ ਹੋਵੇਗਾ ਅਤੇ ਆ ਕੇ ਕੱਢ ਲਵਾਂਗੇ। ਉੱਥੇ ਸਾਡੇ ਕੋਲ ਘੋੜੀਆਂ, ਮੱਝਾਂ, ਤਕੜੇ ਬਲਦ ਸਨ ਅਤੇ ਉਜਾੜੇ ਪਿੱਛੋਂ ਸਾਨੂੰ ਨਿਆਣਿਆਂ ਨੂੰ ਬੱਕਰੀਆਂ ਚਾਰਨੀਆਂ ਪਈਆਂ। ਬੱਕਰੀਆਂ ਵੇਚ ਕੇ ਹੌਲੀ-ਹੌਲੀ ਖੇਤੀ ਦੇ ਸੰਦ ਲਏ, ਫੇਰ ਬਲਦ ਲਏ। ਮੈਂ ਤੇਰਾਂ-ਚੌਦਾਂ ਸਾਲਾਂ ਦਾ ਸੀ, ਜਦੋਂ ਦੀ ਮੈਂ ਹਲ ਦੀ ਮੁੰਨੀ ਫੜੀ। ਮੇਰਾ ਭਰਾ ਪੜ੍ਹਨ ਵਿੱਚ ਹੁਸ਼ਿਆਰ ਸੀ, ਉਨ੍ਹੇ ਫ਼ਿਰੋਜ਼ਪੁਰੋਂ ਦਸਵੀਂ ਕੀਤੀ।

ਸਾਡੇ ਤਿੰਨਾਂ ਦਾ ਬਚਪਨ ਹੱਲਿਆਂ ਨੇ ਵੀਰਾਨ ਕਰ ਦਿੱਤਾ, ਸਾਡੇ ਤੋਂ ਮਾਂ-ਪਿਓ ਖੋਹ ਲਿਆ, ਲਾਡ-ਪਿਆਰ ਖੋਹ ਲਿਆ, ਬੇਫ਼ਿਕਰੀ ਖੋਹ ਲਈ, ਸਾਰੀ ਉਮਰ ਦਾ ਸੱਲ ਦੇ ਦਿੱਤਾ। ਪੰਜ ਕਿੱਲੋਮੀਟਰ ਐ ਏਥੋਂ ਰੋੜਾਂਵਾਲੀ, ਫ਼ਿਰੋਜ਼ਪੁਰ ਤੋਂ ਚਾਰ ਵਜੇ ਗੱਡੀ ਆਉਂਦੀ, ਉਹ ਚੀਕ ਮਾਰਦੀ, ਮੈਂ ਭੱਜ ਖਲੋਂਦਾ ਕਿ ਮੇਰੇ ਬੀਬੀ-ਬਾਪੂ ਲਹਿ ਪਏ ਹੋਣੇ, ਫਿਰ ਚੇਤਾ ਆਉਣਾ ਕਿ ਉਹ ਤਾਂ ਮਾਰੇ ਗਏ ਸੀ, ਫਿਰ ਸੋਚਦਾ ਸ਼ਾਇਦ ਉਹ ਜ਼ਖ਼ਮੀ ਹੋਏ ਹੋਣ, ਸ਼ਾਇਦ ਕੋਈ ਰੱਬ ਦੇ ਬੰਦੇ ਬਹੁੜ ਪਏ ਹੋਣ, ਬਚਾ ਲਏ ਹੋਣ ਤਾਂ ਕਰਕੇ ਮੈਨੂੰ ਸਾਰੀ ਉਮਰ ਉਡੀਕ ਰਹੀ। 1980 ਵਿੱਚ ਜਾਂ ਫਿਰ ਪਤਾ ਨਹੀਂ ਕਦੋਂ ਟੀਵੀ ਲਿਆ, ਹਰਿਮੰਦਰ ਸਾਹਿਬ ਤੋਂ ਕੋਈ ਪ੍ਰੋਗਰਾਮ ਵੇਖਦਾ ਪਿਆ ਸਾਂ, ਇੱਕ ਬੰਦੇ ਨੂੰ ਵੇਖ ਕੇ ਮੈਨੂੰ ਬਾਪੂ ਦਾ ਭੁਝੱਕਾ ਪਿਆ, ਆਪੇ ਮੇਰੀਆਂ ਅੱਖਾਂ ਭਰ ਆਈਆਂ। ਜੇ ਮਰਜ਼ੀ ਹੋ ਜੇ ਮਾਂ-ਪਿਓ ਕਦੇ ਨਹੀਂ ਭੁੱਲ ਸਕਦੇ। ਸਾਨੂੰ ਤਿੰਨਾਂ ਭੈਣ-ਭਰਾਵਾਂ ਨੂੰ ਹੱਲੇ ਕਬੂਲ ਨਹੀਂ ਹੋਏ। ਤਕਸੀਮ ਦੇ ਉਜਾੜੇ ਹੋਏ, ਹੁਣ ਕਿਤੇ ਚੱਜ ਦੀ ਰੋਟੀ ਖਾਣ ਲੱਗੇ ਆਂ, ਚੱਜ ਦਾ ਕੱਪੜਾ-ਲੀੜਾ ਪਾਉਣ ਲੱਗੇ ਆਂ। ਪਤਾ ਨਹੀਂ ਕਿਵੇਂ ਗੁਜ਼ਰ ਗਈ ਜ਼ਿੰਦਗੀ ? ਹੁਣ ਤਾਂ ਬਥੇਰੀ ਉਮਰਾ ਹੋ ਗਈ, ਪਰ ਜੇ ਹੁਣ ਵੀ ਢੋਲਣ ਲਗਾ ਜਾਵਾਂ ਤਾਂ ਆਪਣਾ ਘਰ ਤੇ ਪਿੰਡ ਦਾ ਸਭ ਕੁਛ ਪਛਾਣ ਲਵਾਂਗਾ, ਪਰ ਉਹ ਪੌਣਾ ਮੀਲ... ਜਿੱਥੇ ਸਾਡਾ ਬਚਪਨ ਲੁੱਟਿਆ ਗਿਆ, ਪਰਵਾਰ ਵੱਢਿਆ ਗਿਆ ਤੇ ਜ਼ਿੰਦਗੀ ਉੱਜੜ ਗਈ, ਮੈਂ ਲੰਘ ਨਹੀਂ ਸਕਾਂਗਾ, ਉਹ ਪੌਣਾ ਮੀਲ...

---

4:39 ਸਾਝਰੇ,
ਦਸੰਬਰ 10, 2023
ਐਤਵਾਰ ਨੂੰ
ਪਿਆਰੀ ਅਨੂ,

ਉਸ ਦਿਨ ਜਦੋਂ ਆਪਾਂ ਸਾਡੀ ਮੁਹਾਲੀ ਵਾਲੀ ਬੈਠਕ 'ਚ ਮਿਲੇ, ਇੱਕ ਵਾਰ ਤੁਸੀਂ ਆਪਣੀ ਨਾਨੀ ਦੀਆਂ ਕੁਰਸੀਆਂ ਬਾਰੇ ਗੱਲ ਕੀਤੀ ਸੀ। ਮੇਰੇ ਵਾਸਤੇ ਇਹ ਵੰਡ ਤੋਂ ਪਹਿਲਾਂ ਦੀਆਂ ਨਿਸ਼ਾਨੀਆਂ ਨੇ। ਸ਼ੈਆਂ ਜਿਹੜੀਆਂ ਮੇਰੇ ਨਾਨੀ ਨੂੰ ਮਿੰਟਗੁਮਰੀ (ਅਜੋਕੇ ਸਾਹੀਵਾਲ, ਪਾਕਿਸਤਾਨ) ਨੇੜਲੇ ਆਪਣੇ ਪਿੰਡ ਵਿੱਚ ਛੱਡ ਕੇ ਆਉਣੀਆਂ ਪਈਆਂ ਅਤੇ ਸਾਨੂੰ ਪਰਵਾਰ ਦੀਆਂ ਵਿਰਾਸਤੀ ਨਿਸ਼ਾਨੀਆਂ ਵਜੋਂ ਕੁਝ ਨਾ ਮਿਲ ਸਕਿਆ। ਉਹ ਕਿਸਾਨੀ ਪਰਵਾਰ ਵਿੱਚੋਂ ਸਨ। ਉਹ ਕਮਾਦ ਤੇ ਬਾਸਮਤੀ ਦੇ ਕਾਸ਼ਤਕਾਰ ਸਨ, ਜਿਨ੍ਹਾਂ ਦੀ ਫ਼ਸਲ ਲਾਹੌਰ ਵਿੱਚ ਏਨੀ ਮਸ਼ਹੂਰ ਸੀ ਕਿ ਖੜੀ ਹੀ ਵਿਕ ਜਾਂਦੀ ਸੀ। ਮੇਰੀ ਨਾਨੀ ਜੀ ਬਲਵੰਤ ਕੌਰ, ਮੇਰੇ ਨਾਨਾ ਜੀ ਕਿਰਪਾਲ ਸਿੰਘ ਨਾਲ 1947 ਵਿੱਚ ਹੱਲਿਆਂ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਹੀ ਵਿਆਹੇ ਗਏ ਸਨ। ਮੇਰਾ ਨਾਨਕਾ ਪਰਵਾਰ ਵੀ ਖ਼ੁਸ਼ਹਾਲ ਸੀ। ਮੇਰੇ ਪੜਨਾਨਾ ਜੀ ਅਤੇ ਉਨ੍ਹਾਂ ਦੇ ਦੋ ਭਰਾ ਵੀ ਜ਼ਿਮੀਂਦਾਰ ਸਨ। ਉਨ੍ਹਾਂ ਨੂੰ ਬਾਰੀ ਦੁਆਬ ਵਿੱਚ ਜ਼ਮੀਨ ਮਿਲੀ ਸੀ। ਜਦੋਂ ਵੰਡ ਹੋਈ ਤਾਂ ਮੇਰੇ ਨਾਨੀ ਜੀ ਆਪਣੇ ਪੇਕੇ ਪਿੰਡ ਫੇਰਾ ਪਾਉਣ ਆਏ ਹੋਏ ਸਨ। ਨਵੇਂ ਵਿਆਹੇ ਦੋਹਾਂ ਜੀਆਂ ਨੇ ਇਸ ਵੱਢਾ-ਟੁੱਕੀ ਤੇ ਖੋਹ-ਖਿੰਝ ਵਿੱਚ ਅੱਡੋ-ਅੱਡ ਕਾਫ਼ਲਿਆਂ ਵਿੱਚ ਹਿਜਰਤ ਕੀਤੀ, ਪਰ ਦੋਵੇਂ ਸਹੀ-ਸਲਾਮਤ ਨਵੀਂਆ ਥਾਵਾਂ 'ਤੇ ਪਹੁੰਚ ਕੇ ਕਈ ਮਹੀਨਿਆਂ ਬਾਅਦ ਮਿਲੇ।


ਕ੍ਰਿਪਾਲ ਸਿੰਘ ਅਤੇ ਬਲਵੰਤ ਕੌਰ ਅੰਗਾਕੀੜੀ, 1970 ਦਾ ਦਹਾਕਾ

ਮੇਰੇ ਪਾਪਾ ਵਾਲੇ ਪਾਸੇ, ਮੇਰੇ ਪੜਦਾਦਾ ਜੀ ਅਜ਼ਾਦੀ ਘੁਲਾਟੀਏ ਸਨ ਤੇ ਅਜਿਹੇ ਘੋਲਾਂ ਦੇ ਆਪਣੇ ਨੁਕਸਾਨ ਹੁੰਦੇ ਹਨ। ਪੁਲਸ ਨੇ ਕਈ ਵਾਰ ਸਾਡੇ ਜੱਦੀ ਘਰ 'ਤੇ ਛਾਪਾ ਮਾਰ ਕੇ ਭਾਂਡੇ, ਖੇਤੀ ਦੇ ਸੰਦ, ਮੱਝਾਂ-ਗਾਵਾਂ ਤੇ ਹੋਰ ਸਾਮਾਨ ਕੁਰਕ ਕੀਤਾ। ਵਾਰ-ਵਾਰ ਉਨ੍ਹਾਂ ਨੂੰ ਆਪਣੀ ਜ਼ਮੀਨ, ਆਪਣੇ ਸਾਮਾਨ ਤੋਂ ਵਾਂਝੇ ਹੋਣਾ ਪਿਆ। ਖ਼ੁਸ਼ਹਾਲੀ ਉਨ੍ਹਾਂ ਦੇ ਹਿੱਸੇ ਨਾ ਆਈ, ਪਰ ਮੇਰੀ ਦਾਦੀ ਕੋਲ ਇੱਕ ਕਾਲੀ ਟਾਹਲੀ ਦਾ ਸੰਦੂਕ ਜ਼ਰੂਰ ਸੀ। ਆਪਣੇ ਛੇ ਪੋਤੇ/ਪੋਤੀਆਂ ਲਈ ਇੱਕੋ-ਇੱਕ ਵਿਰਾਸਤੀ ਸ਼ੈਅ।

ਕਿਰਪਾਲ ਸਿੰਘ ਅਤੇ ਬਲਵੰਤ ਕੌਰ, ਅੰਗਾਕੀੜੀ, 1970 ਦਾ ਦਹਾਕਾ

ਜਦੋਂ ਤੁਸੀਂ ਆਪਣੀ ਅਲਮਾਰੀ ਤੇ ਕੁਰਸੀਆਂ ਸਾਨੂੰ ਤੋਹਫ਼ੇ ਵਜੋਂ ਦੇਣ ਦੀ ਗੱਲ ਕਹੀ। ਮੈਨੂੰ ਬੀਤੇ ਸਮੇਂ ਦੀ ਇਸ ਵਿਰਾਸਤ ਨੂੰ ਅਪਣਾਉਣ ਦੀ ਸੰਭਾਵਨਾ ਦੀ ਬਹੁਤ ਖ਼ੁਸ਼ੀ ਹੋਈ। ਦੋ ਕੁਰਸੀਆਂ ਸਾਡੇ ਸੌਣ ਕਮਰੇ 'ਚ ਨੇ, ਜਿੱਥੇ ਮੈਂ ਰੋਜ਼ਾਨਾ ਹੀ ਬੈਠ ਕੇ ਕੰਮ ਕਰਦੀ ਹਾਂ ਅਤੇ ਦੋ ਸਾਡੀ ਬੈਠਕ 'ਚ ਨੇ। ਅਲਮਾਰੀ ਸਾਡੇ ਤਿਆਰ ਹੋਣ ਵਾਲੇ ਕਮਰੇ 'ਚ ਹੈ। ਇਹਦੇ ਡਿਜ਼ਾਈਨ ਦੀਆਂ ਡਿਟੇਲਜ਼ ਮੈਨੂੰ ਬਹੁਤ ਪਸੰਦ ਨੇ। ਅਲਮਾਰੀ ਦੇ ਖੱਬੇ ਦਰਵਾਜ਼ੇ ਅੰਦਰ ਇੱਕ ਹੁੱਕ ਹੈ, ਜਿਹੜੀ ਵਿਚਾਲੜੇ ਫੱਟੇ ਨਾਲ ਮੇਲ ਦੇਈਏ ਤਾਂ ਇਹ ਦਰਵਾਜ਼ਾ ਪੱਕਾ ਬੰਦ ਹੋ ਸਕਦਾ ਹੈ, ਤੇ ਤੁਸੀਂ ਸਿਰਫ਼ ਸੱਜਾ ਪਾਸਾ ਖੋਲ੍ਹ ਸਕਦੇ ਹੋ। ਹੇਠਾਂ ਲੱਕੜ ਦਾ ਹੀ ਬਣਿਆ ਨਿਕੜਾ ਜਿਹਾ ਸਟੱਪਰ ਹੈ। ਹੈਂਗਰ ਦੀ ਬਾਰ ਵੀ ਲੱਕੜ ਦੀ ਬਣੀ ਹੋਈ ਹੈ। ਮੈਂ ਹੱਥੀਂ ਕਢਾਈ ਕੀਤੀਆਂ ਚਾਦਰਾਂ ਤੇ ਦਰੀਆਂ ਇਹਦੇ ਵਿੱਚ ਰੱਖੀਆਂ ਨੇ, ਨਿਸ਼ਾਨੀਆਂ ਜਿਹੜੀਆਂ ਮੈਂ ਸਮਾਂ ਪਾ ਕੇ ਖ਼ਰੀਦੀਆਂ ਅਤੇ ਇਕੱਠੀਆਂ ਕੀਤੀਆਂ ਨੇ। ਸਾਨੂੰ ਉਮੀਦ ਹੈ ਕਿ ਜੋ ਵੀ ਹੋਵੇ ਅਸੀਂ ਏਥੇ ਹੀ ਰਹਾਂਗੇ।

ਮੈਨੂੰ ਸਾਡੀ ਵਿਰਾਸਤ 'ਚੋਂ ਇਹ ਤੋਹਫ਼ਾ ਦੇਣ ਲਈ ਸ਼ੁਕਰੀਆ।

---

8:40 ਤ੍ਰਕਾਲਾਂ ਵੇਲੇ
ਜਨਵਰੀ 7, 2024, ਐਤਵਾਰ ਨੂੰ
ਮੇਰੀ ਪਿਆਰੀ ਸੰਗੀਤ,

ਇਹ ਪਿਆਰਾ ਜਿਹਾ ਸੁਨੇਹਾ ਪੜ੍ਹ ਕੇ ਤੇ ਵਡੇਰਿਆਂ ਦੀਆਂ ਕਹਾਣੀਆਂ ਸੁਣ ਕੇ ਮੈਨੂੰ ਬਹੁਤ ਚੰਗਾ ਲੱਗਿਆ। ਕਾਸ਼ ਕਿਸੇ ਸੰਦੂਕ 'ਚ ਏਨੀ ਕੁ ਥਾਂ ਹੋਵੇ ਕਿ ਸਾਰੀਆਂ ਸਾਂਭੀਆਂ ਜਾ ਸਕਣ।

ਤੂੰ ਸੋਚ ਨ੍ਹੀਂ ਸਕਦੀ ਮੈਂ ਕਿੰਨੀ ਖ਼ੁਸ਼ ਹਾਂ ਕਿ ਮੇਰੀ ਨਾਨੀ ਦੇ ਮਾਜ਼ੀ ਦੀਆਂ ਇਹਨਾਂ ਸੋਹਣੀਆਂ ਚੀਜ਼ਾਂ ਨੂੰ ਘਰ ਮਿਲਿਆ ਹੈ। ਉਨ੍ਹਾਂ ਦਾ ਨਾਂਅ ਚੰਪਾ ਲਾਇਲਪੁਰੀ ਸੀ-ਫ਼ਿਰੋਜ਼ਪੁਰ ਦੇ ਬੋਰਡਿੰਗ ਸਕੂਲ ਦੇ ਵਿਦਿਆਰਥੀ ਏਸੇ ਨਾਂਅ ਨਾਲ ਉਨ੍ਹਾਂ ਨੂੰ ਜਾਣਦੇ ਸਨ। ਉਨ੍ਹਾਂ ਦੇ ਪਿਤਾ ਜੀ ਡਾਕਟਰ ਸਨ ਤੇ ਉਹ ਡਾਕਟਰਾਂ-ਵਕੀਲਾਂ ਦੇ ਰਈਸ 'ਦਿਵਾਨ' ਪਰਵਾਰ ਵਿੱਚੋਂ ਸਨ। ਮੇਰੇ ਪੜਨਾਨਾ ਦੇ ਭਰਾ ਤਾਂ ਲਾਹੌਰ 'ਚ ਰਹਿੰਦੇ ਰਹੇ, ਪਰ ਉਨ੍ਹਾਂ ਨੇ ਨਵੀਂ ਬਣੀ ਨਹਿਰੀ ਕਾਲੋਨੀ ਲਾਇਲਪੁਰ ਵਿੱਚ ਰਹਿ ਕੇ ਪ੍ਰੈਕਟਿਸ ਕੀਤੀ। ਨਾਨੀ ਦੇ ਮਾਂ-ਬਾਪ ਪਿੱਛੋਂ ਏਸੇ ਬਹਾਵਲਪੁਰ ਇਲਾਕੇ ਦੇ ਹੀ ਸਨ। ਉਹ 'ਪੱਕਾ ਕਾਂਗਰਸੀ' ਪਰਵਾਰ ਅਜ਼ਾਦੀ ਦੀ ਲੜਾਈ ਵਿੱਚ ਸਰਗਰਮ ਸੀ। ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ 5-6 ਸਾਲ ਦੀ ਉਮਰ ਵਿੱਚ ਹੀ ਲੜਕੀਆਂ ਦੇ ਦੇਵ ਸਮਾਜ ਬੋਰਡਿੰਗ ਸਕੂਲ ਵਿੱਚ ਭੇਜ ਦਿੱਤਾ। ਉਹ ਮਹਿਜ਼ 32 ਸਾਲ ਦੀ ਭਰ ਜਵਾਨ ਉਮਰ ਵਿੱਚ ਹੀ ਚਲਾਣਾ ਕਰ ਗਏ ਪਰ ਆਪਣੀ ਪਤਨੀ ਤੇ 3 ਧੀਆਂ ਦਾ ਬੰਦੋਬਸਤ ਕਰ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਮੇਰੀ ਨਾਨੀ ਦੀ ਮਾਂ- ਮਾਤਾ ਜੀ- ਆਪਣੀਆਂ ਧੀਆਂ ਨਾਲ ਆਪਣੇ ਜੇਠ ਦੇ ਪਰਵਾਰ ਨਾਲ ਰਹਿਣ ਲਈ ਲਾਹੌਰ ਚਲੇ ਗਏ। ਮੇਰੀ ਨਾਨੀ ਦੇ ਤਾਇਆ ਜੀ ਵੀ ਡਾਕਟਰ ਸਨ- ਮਸ਼ਹੂਰ ਹੋਮਿਓਪੈਥ ਜਿਹੜੇ ਲਾਹੌਰ ਹੋਮਿਓਪੈਥੀ ਐਸੋਸੀਏਸ਼ਨ ਦੇ ਮੋਹਰੀਆਂ ਵਿੱਚੋਂ ਸਨ ਅਤੇ ਮੇਰੇ ਖਿਆਲ ਨਾਲ ਲਾਹੌਰ ਸ਼ਹਿਰ ਦੇ ਐਨ ਵਿਚਾਲੇ ਐਬੋਟ ਰੋਡ 'ਤੇ ਵੱਡੀ ਹਵੇਲੀ ਵਿੱਚ ਰਹਿੰਦੇ ਸਨ। ਮਾਤਾ ਜੀ ਉਸੇ ਹਵੇਲੀ ਦੇ ਹੀ ਇੱਕ ਹਿੱਸੇ ਵਿੱਚ ਵਸ ਗਏ। ਇੱਕ ਹੋਰ ਵਿਧਵਾ ਭਰਜਾਈ ਇਹਦੇ ਦੂਸਰੇ ਹਿੱਸੇ ਵਿੱਚ ਰਹਿੰਦੀ ਸੀ। ਨਾਨੀ ਨੇ ਆਪਣੀ ਸਿੱਖਿਆ ਪਹਿਲਾਂ ਫ਼ਿਰੋਜ਼ਪੁਰ, ਫੇਰ ਜਲੰਧਰ ਵਿੱਚ ਜਾਰੀ ਰੱਖੀ; ਉਹਦੀਆਂ ਭੈਣਾਂ ਲਾਹੌਰ ਦੇ ਸਰ ਗੰਗਾਰਾਮ ਸਕੂਲ ਵਿੱਚ ਪੜ੍ਹੀਆਂ। ਜਦੋਂ ਮੇਰੇ ਨਾਨੇ ਦਾ ਰਿਸ਼ਤਾ ਆਇਆ ਤਾਂ ਨਾਨੀ ਨੇ ਆਪਣੀ ਐੱਫ.ਏ. ਡਿਗਰੀ ਪੂਰੀ ਕਰ ਲਈ ਸੀ ਅਤੇ ਬੀ.ਏ. ਕਰ ਰਹੀ ਸੀ। ਨਾਨਾ ਬਹਾਵਲਪੁਰੀ ਸੀ। ਛੋਟੇ ਕਾਰੋਬਾਰੀਆਂ ਦੇ ਪਰਵਾਰ ਦੇ 7 ਭਰਾਵਾਂ ਵਿੱਚੋਂ ਇੱਕ। ਉਹ ਇਕਲੌਤਾ ਹੀ ਸੀ, ਜਿਹੜਾ ਕਾਲਜ ਪੜ੍ਹਿਆ ਸੀ ਅਤੇ ਬੀ.ਏ. ਕਰ ਚੁੱਕਿਆ ਸੀ। ਤੁਲਸੀ ਦਾਸ ਧਵਨ ਦਾ ਚੰਪਾ ਕਟਾਰੀਆ (ਨਾਨੀ ਦੇ ਪੇਕਿਆਂ ਦਾ ਗੋਤ) ਨਾਲ ਵਿਆਹ 21 ਅਕਤੂਬਰ 1941 ਨੂੰ ਹੋਇਆ, ਜਦੋਂ ਨਾਨਾ ਜੀ 24 ਅਤੇ ਨਾਨੀ 20 ਸਾਲਾਂ ਦੇ ਸਨ। ਦੋਵੇਂ ਜਣੇ ਦਿੱਲੀ ਆ ਗਏ, ਜਿੱਥੇ ਮੇਰੇ ਨਾਨਾ ਜੀ ਬਰਤਾਨਵੀ ਸਰਕਾਰ ਵਿੱਚ ਕਲਰਕੀ ਦੀ ਨੌਕਰੀ ਕਰਦੇ ਸਨ; ਉਹ ਪਹਿਲਾਂ ਪੁਰਾਣੀ ਦਿੱਲੀ 'ਚ ਗੋਲਚਾ ਸਿਨਮਾ ਨੇੜੇ ਰਹਿਣ ਲੱਗੇ। 1947 ਵਿੱਚ ਜਦੋਂ ਬਟਵਾਰਾ ਹੋਇਆ ਤਾਂ ਉਹ ਲੋਧੀ ਰੋਡ ਇਲਾਕੇ ਵਿੱਚ ਰਹਿ ਰਹੇ ਸਨ। ਉਨ੍ਹਾਂ ਦਾ ਘਰ ਬਹਾਵਲਪੁਰੋਂ ਆਏ ਮੇਰੇ ਨਾਨੇ ਦੇ ਸਾਰੇ ਭਰਾਵਾਂ, ਉਨ੍ਹਾਂ ਦੇ ਪਰਵਾਰਾਂ ਅਤੇ ਮੇਰੇ ਨਾਨੇ ਦੇ ਪਿਤਾ ਜੀ, ਸਾਰਿਆਂ ਵਾਸਤੇ ਠਹਿਰ ਬਣ ਗਿਆ।


ਤੁਲਸੀ ਦਾਸ ਧਵਨ ਅਤੇ ਚੰਪਾ ਲਾਇਲਪੁਰੀ, ਲਾਹੌਰ (1942)

ਮੇਰੇ ਖ਼ਿਆਲ 'ਚ ਬਰਮਾ-ਟੀਕ ਦੀ ਬਣੀ ਅਲਮਾਰੀ ਸ਼ਾਇਦ ਮੇਰੀ ਨਾਨੀ ਦੇ ਦਾਜ ਦੀ ਹੈ ਜਾਂ ਉਨ੍ਹਾਂ ਵੇਲਿਆਂ ਦੀ। ਕੁਰਸੀਆਂ ਬਾਅਦ 'ਚ ਦਿੱਲੀ 'ਚ ਹੀ ਖ਼ਰੀਦੀਆਂ ਗਈਆਂ ਸਨ ਜਾਂ ਤਾਂ ਚਾਲ੍ਹੀਵਿਆਂ ਦੇ ਆਖ਼ਰੀ ਸਾਲਾਂ ਜਾਂ ਪੰਜਾਹਵਿਆਂ ਦੇ ਪਹਿਲੇ ਸਾਲਾਂ ਵਿੱਚ। ਪੱਕਾ ਨਹੀਂ ਪਤਾ। ਨਾਨੀ ਨੇ ਦੱਸਿਆ ਸੀ ਕਿ ਦਾਜ ਬਹੁਤ ਜ਼ਿਆਦਾ ਸੀ, ਜਿਸ ਵਿੱਚ ਪਿੱਤਲ ਦੇ ਬਰਤਨਾਂ ਦੇ ਭਰੇ ਟਰੰਕ ਆਏ ਸਨ, ਜਿਹੜੇ ਉਸ ਨੇ ਆਪਣੀਆਂ ਦਰਾਣੀਆਂ-ਜੇਠਾਣੀਆਂ ਨੂੰ ਦੇ ਦਿੱਤੇ, ਜਦੋਂ ਉਨ੍ਹਾਂ ਨੂੰ ਨਵੇਂ ਮੁਲਕ ਵਿੱਚ ਆਪਣੇ ਘਰ ਮੁੜ ਵਸਾਉਣੇ ਪਏ।

ਤੁਲਸੀ ਦਾਸ ਧਵਨ ਤੇ ਚੰਪਾ ਲਾਇਲਪੁਰੀ, ਲਾਹੌਰ, 1942

ਮੈਨੂੰ ਯਾਦ ਐ ਕਿ ਇਹਨਾਂ ਕੁਰਸੀਆਂ 'ਚ ਬੈਠ ਕੇ ਮੈਂ ਆਪਣੇ ਨਾਨਾ ਜੀ ਤੋਂ ਕਿੰਨੀਆਂ ਹੀ ਕਹਾਣੀਆਂ ਸੁਣੀਆਂ ਹਨ। ਅਲਮਾਰੀ ਵਿਚਲਾ ਨਿੱਕਾ ਦਰਾਜ, ਜਿਹਦਾ ਆਪਣਾ ਤਾਲਾ-ਚਾਬੀ ਹੈ, ਬਚਪਨ ਵਿੱਚ ਮੈਨੂੰ ਬਹੁਤ ਖਿੱਚ ਪਾਉਂਦਾ ਰਿਹਾ ਹੈ। ਇਹ ਪੁਰਾਣੀਆਂ ਤਸਵੀਰਾਂ ਤੇ ਹੋਰ ਨਿੱਕ-ਸੁੱਕ ਨਾਲ ਭਰਿਆ ਹੋਇਆ ਸੀ, ਜਿਸ ਨੂੰ ਕਦੇ-ਕਦੇ ਬਾਹਰ ਕੱਢ ਕੇ, ਵਾਚ ਕੇ, ਧਿਆਨ ਨਾਲ ਫੇਰ ਤਾਲੇ ਅੰਦਰ ਵਾਪਸ ਰੱਖ ਦਿੱਤਾ ਜਾਂਦਾ ਸੀ। ਇਹਨਾਂ ਕਹਾਣੀਆਂ ਭਰੀਆਂ ਸ਼ੈਆਂ ਨੂੰ ਅਖ਼ੀਰ ਠਾਹਰ ਮਿਲ ਗਈ ਹੈ। ਤੇਰੇ ਕੋਲ। ਮੈਂ ਖ਼ੁਸ਼ ਅਤੇ ਸ਼ੁਕਰਗੁਜ਼ਾਰ ਹਾਂ।

ਬਹੁਤ ਸਾਰਾ ਪਿਆਰ,

ਅਨੁ-ਪੰਜਾਬੀ ਅਨੁਵਾਦ : ਜਸਦੀਪ ਸਿੰਘ

# ਪੱਛਮੀ ਬੰਗਾਲ ਦੇ ਹਸ਼ਰ ਤੇ ਤਾਮਿਲਨਾਡੂ ਦੇ ਤਜਰਬੇ ਤੋਂ ਸਿੱਖਣ ਦੀ ਲੋੜ, ਪਰ...

## ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸੰਸਾਰ ਪ੍ਰਸਿੱਧ ਸਾਇੰਸਦਾਨ ਗੁਲੀਲੀਓ ਕਹਿ ਬੈਠਾ ਸੀ ਕਿ ਧਰਤੀ ਦੇ ਦੁਆਲੇ ਸੂਰਜ ਨਹੀਂ ਚੱਕਰ ਕੱਢਦਾ, ਸਗੋਂ ਧਰਤੀ ਉਸ ਦੁਆਲੇ ਘੁੰਮਦੀ ਹੈ। ਉਸ ਵੇਲੇ ਦੇ ਸਭ ਤੋਂ ਵੱਡੇ ਧਾਰਮਿਕ ਕੇਂਦਰ ਚਰਚ ਨੇ ਉਸ ਦੇ ਵਿਰੁੱਧ ਫਤਵਾ ਜਾਰੀ ਕੀਤਾ ਤੇ ਉਸ ਨੂੰ ਮੁਆਫੀ ਮੰਗਣ ਨੂੰ ਮਜਬੂਰ ਕੀਤਾ ਗਿਆ। ਮੁਆਫੀ ਮੰਗਦੇ ਵਕਤ ਵੀ ਉਸ ਨੇ ਕਹਿ ਦਿੱਤਾ ਕਿ ਇਸ ਗੱਲ ਨਾਲ ਕਦੇ ਕੋਈ ਫਰਕ ਨਹੀਂ ਪੈਣਾ ਕਿ ਕੌਣ ਕਿਸ ਤੋਂ ਮੁਆਫੀ ਮੰਗਵਾਉਂਦਾ ਹੈ, ਇਸ ਘਟਨਾ ਦੇ ਬਾਅਦ ਵੀ ਸੂਰਜ ਨੇ ਧਰਤੀ ਦੁਆਲੇ ਨਹੀਂ ਘੁੰਮਣਾ, ਧਰਤੀ ਨੇ ਉਸ ਦੇ ਦੁਆਲੇ ਘੁੰਮਣਾ ਹੈ ਤੇ ਸਥਿਤੀ ਨਹੀਂ ਬਦਲ ਜਾਣੀ। ਸ਼ਾਇਦ ਇਹ ਵਾਰਤਾਲਾਪ ਏਦਾਂ ਹੀ ਹੋਵੇ, ਮੈਂ ਇਸ ਦੀ ਸਾਰੀ ਹਕੀਕੀ ਰਿਪੋਰਟ ਕਿਸੇ ਪਾਸਿਉਂ ਲੱਭ ਨਹੀਂ ਸਕਿਆ, ਇਸ ਕਾਰਨ ਸੱਚ ਤੇ ਝੂਠ ਦੇ ਨਿਤਾਰੇ ਵਿੱਚ ਨਹੀਂ ਪੈ ਰਿਹਾ, ਸਗੋਂ ਭਾਰਤ ਦੇ ਅਜੋਕੇ ਹਾਲਾਤ ਵਿੱਚ ਇਸ ਦੀ ਥਾਂ ਇਹ ਕਹਿਣ ਦੀ ਗੁਸਤਾਖੀ ਕਰ ਰਿਹਾ ਹਾਂ ਕਿ ਸੱਚ ਕੂਕਣ ਵਾਲੇ ਗੁਲੀਲੀਓ ਨੂੰ ਕੋਈ ਇਹੋ ਜਿਹੀ ਬੋਲੀ ਬੋਲਣ ਤੋਂ ਰੋਕੇਗਾ ਜਾਂ ਨਾ ਰੋਕੇ, ਭਾਰਤ ਜਿਸ ਪਟੜੀ ਚੜ੍ਹਦਾ ਜਾਂਦਾ ਹੈ, ਲੱਗਦਾ ਹੈ ਕਿ ਉਸ ਨੇ ਏਸੇ ਤਰ੍ਹਾਂ ਚੜ੍ਹਦੇ ਜਾਣਾ ਹੈ। ਇਸ ਵਕਤ ਦੇ ਭਾਰਤ ਦੀ ਦਸ਼ਾ ਤੇ ਦਿਸ਼ਾ ਤੈਅ ਕਰਨ ਦੀ ਸਮਰੱਥਾ ਜਿਹੜੇ ਲੋਕਾਂ ਹੱਥ ਆ ਚੁੱਕੀ ਹੈ, ਉਨ੍ਹਾਂ ਨੂੰ ਇਸ ਦੀ ਪਰਵਾਹ ਕੋਈ ਨਹੀਂ ਕਿ ਕੌਣ ਕੀ ਕਹਿੰਦਾ ਰਹਿੰਦਾ ਹੈ, ਉਹ ਧੁਨ ਦੇ ਪੱਕੇ ਆਪਣੇ ਕੰਮ ਲੱਗੇ ਰਹਿੰਦੇ ਹਨ। ਫਰਕ ਪੈਂਦਾ ਹੈ ਤਾਂ ਦੇਸ਼ ਦੇ ਉਨ੍ਹਾਂ ਲੋਕਾਂ ਨੂੰ ਪੈ ਰਿਹਾ ਹੈ, ਜਿਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦਾ ਭਵਿੱਖ ਇਸ ਵਕਤ ਦਾਅ ਉੱਤੇ ਲੱਗਾ ਪਿਆ ਦਿਖਾਈ ਦੇਂਦਾ ਹੈ।

ਪਿਛਲੇ ਹਫਤਿਆਂ ਦੌਰਾਨ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਆਏ ਤਾਂ ਆਸਾਮ ਦੇ ਨਤੀਜੇ ਨੂੰ ਕਿਸੇ ਵੀ ਧਿਰ ਨੇ ਬਹੁਤਾ ਵਜ਼ਨ ਇਸ ਲਈ ਨਹੀਂ ਦਿੱਤਾ ਕਿ ਉਸ ਦਾ ਅਗੇਤਾ ਪਤਾ ਸੀ ਕਿ ਓਥੇ ਕੋਈ ਮੁਕਾਬਲਾ ਨਹੀਂ। ਇੱਕ ਛੋਟੇ ਜਿਹੇ ਰਾਜ ਪੁਡੂਚੇਰੀ ਦੀ ਸਰਕਾਰ ਬਦਲਦੀ ਜਾਂ ਨਾ, ਉਸ ਦੀ ਵੀ ਕਿਸੇ ਨੂੰ ਚਿੰਤਾ ਨਹੀਂ ਸੀ, ਪਰ ਤਿੰਨ ਹੋਰ ਰਾਜਾਂ, ਕੇਰਲਾ ਜਾਂ ਅੱਜਕੱਲ੍ਹ ਦੇ ਨਵੇਂ ਨਾਂਅ ਮੁਤਾਬਕ ਕੇਰਲਮ ਵੱਲ ਏਨਾ ਕੁ ਧਿਆਨ ਸੀ ਕਿ ਖੱਬੇ ਪੱਖੀ ਜਿੱਤਣ ਜਾਂ ਕਾਂਗਰਸ, ਅਗਲੀ ਗੱਲ ਸਭ ਨੂੰ ਪਤਾ ਸੀ ਕਿ ਦੇਸ਼ ਉੱਤੇ ਕਬਜ਼ੇ ਲਈ ਸਿਰ ਪਰਨੇ ਹੋਈ ਧਿਰ ਦੇ ਪੈਰ ਹਾਲੇ ਓਥੇ ਨਹੀਂ ਲੱਗ ਸਕਣੇ। ਹੋਇਆ ਵੀ ਇਹੋ ਕਿ ਓਥੇ ਖੱਬੇ ਪੱਖੀ ਹਾਰ ਗਏ, ਕਾਂਗਰਸ ਦੀ ਜਿੱਤ ਮਗਰੋਂ ਵੀ ਬਹੁਤਾ ਕੁਝ ਨਹੀਂ ਬਦਲਣਾ। ਇਸ ਤੋਂ ਐਨ ਵੱਖਰਾ ਪ੍ਰਭਾਵ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਾਲੇ ਦੋ ਰਾਜਾਂ ਦੀ ਚੋਣ ਅਤੇ ਉਸ ਪਿੱਛੋਂ ਹੋਈ ਸਰਕਾਰ ਸਾਜ਼ੀ ਵਾਲੇ ਮਾਹੌਲ ਨੇ ਬਣਾਇਆ ਹੈ, ਜਿਹੜਾ ਅੱਖੋਂ-ਪਰੋਖੇ ਕਰਨ ਵਾਲਾ ਨਹੀਂ। ਦੋਵੇਂ ਥਾਈਂ ਸਿਰਫ ਵੋਟਾਂ ਤੇ ਸੀਟਾਂ ਵਾਲੀ ਹਾਰਨ ਜਾਂ ਜਿੱਤਣ ਦੀ ਖੇਡ ਨਹੀਂ ਖੇਡੀ ਗਈ, ਹਾਲਾਤ ਦੀ ਇੱਕ ਸਿਫਤੀ ਤਬਦੀਲੀ ਹੋਈ ਹੈ, ਜਿੱਥੋਂ ਦੇਸ਼ ਨੂੰ ਕਿਸੇ ਚੰਗੇ ਪਾਸੇ ਵੱਲ ਲਿਜਾਣ ਦੇ ਕੁਝ ਸੁਖਾਵੇਂ ਸੰਕੇਤਾਂ ਦੀ ਬਜਾਏ ਉਹ ਸੰਕੇਤ ਮਿਲੇ ਹਨ, ਜਿਹੜੇ ਚਿੰਤਾ ਪੈਦਾ ਕਰਨ ਵਾਲੇ ਹਨ।

ਪੱਛਮੀ ਬੰਗਾਲ ਵਿੱਚ ਚੋਣਾਂ ਤੋਂ ਪਹਿਲਾਂ ਇਹ ਸੰਕੇਤ ਮਿਲਣ ਲੱਗੇ ਸਨ ਕਿ ਇਸ ਵਾਰੀ ਮਮਤਾ ਬੈਨਰਜੀ ਦੀ ਧਿਰ ਪਹਿਲਾਂ ਵਾਲੇ ਜ਼ੋਰ ਵਾਲੀ ਨਹੀਂ ਰਹੀ ਅਤੇ ਸਰਕਾਰ ਉਸ ਦੀ ਬਜਾਏ ਉਸ ਦੇ ਵਿਰੋਧੀਆਂ ਦੀ ਬਣ ਸਕਦੀ ਹੈ। ਜਦੋਂ ਚੋਣਾਂ ਦਾ ਸਮਾਂ ਸਿਰ ਚੜ੍ਹਿਆ ਪਿਆ ਸੀ, ਓਦੋਂ ਕੁਝ ਸਿਆਸੀ ਮਹਾਂਰਥੀਆਂ ਨੇ ਯਤਨ ਕੀਤੇ ਸਨ ਕਿ ਭਾਜਪਾ ਨੂੰ ਰੋਕਣ ਲਈ ਮਮਤਾ ਬੈਨਰਜੀ ਨਾਲ ਬਾਕੀ ਉਨ੍ਹਾਂ ਸਭ ਧਿਰਾਂ ਨੂੰ ਲਿਆ ਖੜਾ ਕੀਤਾ ਜਾਵੇ, ਜਿਹੜੀਆਂ ਆਪਣੇ ਮੱਤਭੇਦਾਂ ਦੇ ਹੁੰਦਿਆਂ ਵੀ ਇੱਕ ਗੱਲ ਦੀ ਸਾਂਝ ਰੱਖਦੀਆਂ ਹਨ ਕਿ ਦੇਸ਼ ਧਰਮ ਨਿਰਪੱਖ ਲੀਹ ਉੱਤੇ ਚੱਲਣਾ ਚਾਹੀਦਾ ਹੈ। ਇਸ ਪਾਸੇ ਕਦਮ ਚੁੱਕਣ ਵਾਲੇ ਉਨ੍ਹਾਂ ਮਹਾਂਰਥੀਆਂ ਨੂੰ ਕਾਮਯਾਬੀ ਇਸ ਕਰ ਕੇ ਨਹੀਂ ਸੀ ਮਿਲੀ ਕਿ ਦੂਜੀਆਂ ਵਿਰੋਧੀ ਧਿਰਾਂ ਦੇ ਲੀਡਰਾਂ ਨੂੰ ਮਮਤਾ ਬੈਨਰਜੀ ਦੇ ਰਾਜ ਵਿੱਚ ਜਿਹੜੀ ਕੁੱਟ ਪਈ ਤੇ ਬੇਇੱਜ਼ਤੀ ਹੁੰਦੀ ਰਹੀ ਸੀ, ਉਹ ਨਹੀਂ ਸੀ ਭੁੱਲੀ ਅਤੇ ਕੁੜੱਤਣ ਦੀ ਇਸ ਯਾਦ ਨੂੰ ਭੁਲਾਉਣਾ ਔਖਾ ਸੀ। ਸਾਂਝੇ ਸਮਝੇ ਜਾਂਦੇ ਮਹਾਂਰਥੀਆਂ ਨੇ ਮਮਤਾ ਬੈਨਰਜੀ ਕੋਲ ਜਾ ਕੇ ਯਤਨ ਕੀਤੇ ਕਿ ਇਕੱਠੇ ਬੈਠਣ ਤੇ ਸਾਂਝੀ ਰਣਨੀਤੀ ਘੜਨ ਦਾ ਰਾਹ ਲੱਭਿਆ ਜਾਵੇ, ਪਰ ਮਮਤਾ ਓਦੋਂ ਤੱਕ ਅਸਮਾਨਾਂ ਉੱਤੇ ਉੱਡਦੀ ਫਿਰਦੀ ਸੀ, ਉਸ ਨੂੰ ਜ਼ਮੀਨੀ ਹਕੀਕਤਾਂ ਦੀ ਝਲਕ ਤਾਂ ਪੈਂਦੀ ਸੀ, ਉਨ੍ਹਾਂ ਦੀ ਗੰਭੀਰਤਾ ਦਾ ਅਹਿਸਾਸ ਨਹੀਂ ਸੀ ਹੋ ਰਿਹਾ, ਇਸ ਲਈ ਉਹ ਕਿਸੇ ਵੱਲ ਨਰਮੀ ਵਿਖਾਉਣ ਵਾਸਤੇ ਤਿਆਰ ਨਹੀਂ ਸੀ। ਦੂਸਰਿਆਂ ਦੀ ਸੋਚ ਸੀ ਕਿ ਅਜੋਕੇ ਸਮੇਂ ਵਿੱਚ ਏਕਤਾ ਦੀ ਵੱਧ ਲੋੜ ਆਪਣੀ ਸੱਤਾ ਗੁਆਉਣ ਤੇ ਭਵਿੱਖ ਦੇ ਬੁਰੇ ਦਿਨ ਦੇਖਣ ਦੇ ਖਤਰੇ ਵਿੱਚ ਫਸੀ ਮਮਤਾ ਬੈਨਰਜੀ ਨੂੰ ਲੱਗਦੀ ਹੈ ਤਾਂ ਉਹ ਪਹਿਲ ਕਰੇ ਤੇ ਬਾਕੀਆਂ ਨੂੰ ਨਾਲ ਲੈਣ ਦੇ ਯਤਨ ਕਰੇ, ਪਰ ਮਮਤਾ ਨੂੰ ਸਮਝਾਉਣ ਵਾਲਾ ਕੌਣ ਸੀ! ਕੋਈ ਇਹੋ ਜਿਹਾ ਵੱਡਾ ਆਗੂ ਨਹੀਂ ਸੀ ਲੱਭਦਾ, ਜਿਹੜਾ ਜ਼ੋਰ ਦੇ ਕੇ ਉਸ ਨੂੰ ਏਦਾਂ ਕਰਨ ਲਈ ਕਹਿ ਸਕਦਾ ਹੋਵੇ।

ਨਤੀਜਾ ਇਹ ਹੋਇਆ ਕਿ ਪੱਛਮੀ ਬੰਗਾਲ ਚੋਣਾਂ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ ਅਤੇ ਉਸ ਲਈ ਸਿਆਸੀ ਅਤੇ ਨਿੱਜੀ ਮੁਸ਼ਕਲਾਂ ਦਾ ਦੌਰ ਸ਼ੁਰੂ ਹੋ ਗਿਆ। ਪਹਿਲਾ ਹਮਲਾ ਉਸ ਦੇ ਸਿਆਸੀ ਵਾਰਸ ਮੰਨੇ ਜਾਂਦੇ ਭਤੀਜੇ ਅਭਿਸ਼ੇਕ ਬੈਨਰਜੀ ਉੱਤੇ ਹੋਇਆ ਅਤੇ ਸੱਟਾਂ ਖਾਣ ਪਿੱਛੋਂ ਉਹ ਹਸਪਤਾਲ ਵਿੱਚ ਹੈ। ਮਮਤਾ ਬੈਨਰਜੀ ਜਿਹੜੇ ਅੰਤਾਂ ਦੇ ਵਿਗੜੇ ਤੇ ਭ੍ਰਿਸ਼ਟਾਚਾਰੀ ਲੋਕਾਂ ਉੱਤੇ ਟੇਕ ਰੱਖੀ ਫਿਰਦੀ ਸੀ, ਉਹ ਹਾਲਾਤ ਬਦਲਦੇ ਵੇਖਣ ਦੇ ਬਾਅਦ ਵਫਾਦਾਰੀਆਂ ਬਦਲਣ ਵਿੱਚ ਓਦਾਂ ਦੀ ਮੌਕਾਪ੍ਰਸਤੀ ਕਰਦੇ ਜਾਂਦੇ ਹਨ, ਜਿਹੋ ਜਿਹੀ ਪਹਿਲਾਂ ਮਹਾਰਾਸ਼ਟਰ ਦੀ ਸ਼ਿਵ ਸੈਨਾ ਨਾਲ ਕਈ-ਕਈ ਸਾਲਾਂ ਤੋਂ ਜੁੜੇ ਰਹੇ ਏਕਨਾਥ ਸ਼ਿੰਦੇ ਵਰਗਿਆਂ ਨੇ ਕੀਤੀ ਸੀ। ਬਾਲ ਠਾਕਰੇ ਦੀ ਮਾਰ-ਖੋਰੀ ਧਾੜ ਗਿਣੇ ਜਾਂਦੇ ਤੇ ਹਰ ਕਮਜ਼ੋਰ ਧਿਰ ਨੂੰ ਕੁਟਾਪਾ ਚਾੜ੍ਹਨ ਦੇ ਸ਼ੌਕੀਨਾਂ ਨੇ ਜਦੋਂ ਵੇਖਿਆ ਕਿ ਭਾਜਪਾ ਨਾਲ ਭਿੜਨ ਦਾ ਸੌਦਾ ਮਹਿੰਗਾ ਪੈ ਸਕਦਾ ਅਤੇ ਸੱਤਾ ਨੇੜੇ ਰਹਿ ਕੇ ਕਾਲੀ ਕਮਾਈ ਦੇ ਮੌਕੇ ਮਿਲ ਸਕਣਗੇ ਤਾਂ ਸ਼ਿਵ ਸੈਨਾ ਦਾ ਵਿਹੜਾ ਛੱਡਣ ਵਿੱਚ ਇੱਕ-ਦੂਸਰੇ ਨੂੰ ਪਛਾੜਦੇ ਨਜ਼ਰ ਆਏ ਸਨ। ਉਨ੍ਹਾਂ ਵਿੱਚੋਂ ਕੁਝ ਲੋਕ ਫਿਰ ਵੀ ਪੁਰਾਣੀ ਵਫਾਦਾਰੀ ਦੀ ਕੁਝ ਸ਼ਰਮ ਰੱਖਣ ਅਤੇ ਬਾਲ ਠਾਕਰੇ ਦੀ ਔਲਾਦ ਨਾਲ ਜੁੜੇ ਰਹਿਣ ਵਾਲੇ ਨਿਕਲ ਆਏ, ਮਮਤਾ ਬੈਨਰਜੀ ਦੇ ਚੇਲੇ-ਬਾਲਕੇ ਪਹਿਲੀ ਸੱਟ ਵੱਜਦੇ ਸਾਰ ਦੋ-ਤਿਹਾਈ, ਅੱਸੀਆਂ ਵਿੱਚੋਂ ਸੱਠ ਜਣੇ ਛੱਡ ਗਏ। ਦੂਜਾ ਝਟਕਾ ਵੱਜਣ ਵਰਗੇ ਹਾਲਾਤ ਬਣਨ ਦੀ ਉਡੀਕ ਨਹੀਂ ਕਰਨੀ ਪਈ, ਅਗਲੇ ਦਿਨ ਉਸ ਵੱਲੋਂ ਰੱਖੀ ਗਈ ਪਾਰਟੀ ਬੈਠਕ ਵਿੱਚ ਬਾਕੀ ਵੀਹਾਂ ਵਿੱਚੋਂ ਮਸਾਂ ਅੱਠ ਵਿਧਾਇਕ ਪਹੁੰਚੇ ਅਤੇ ਉਸ ਦੀ ਪਾਰਟੀ ਦੇ ਲੋਕ ਸਭਾ ਮੈਂਬਰਾਂ ਬਾਰੇ ਵੀ ਖਬਰ ਸੁਣਨ ਲੱਗ ਪਈ ਕਿ ਦੋ-ਤਿਹਾਈ ਤੋਂ ਵੱਧ ਇਕੱਠੇ ਹੋ ਕੇ ਤ੍ਰਿਣਮੂਲ ਕਾਂਗਰਸ ਦਾ ਝੰਡਾ ਮਮਤਾ ਤੋਂ ਖੋਹਣ ਵਾਲੇ ਹਨ। ਹਾਲੇ ਇਹ ਪ੍ਰਕਿਰਿਆ ਸਿਰੇ ਨਹੀਂ ਪਹੁੰਚੀ, ਅੱਧ-ਵਿਚਾਲੇ ਹੈ ਅਤੇ ਅੰਤ ਨੂੰ ਜਿਹੜਾ ਕੁਝ ਹੋਣ ਦੀ ਆਸ ਦਿੱਸਦੀ ਹੈ, ਉਹ ਕਿਸੇ ਤੋਂ ਲੁਕਿਆ ਨਹੀਂ ਅਤੇ ਇਹ ਗੱਲ ਸਾਫ ਹੈ ਕਿ ਓਥੇ ਸਿਆਸੀ ਮੋੜਾ ਪੈਣ ਦੀ ਗੁੰਜਾਇਸ਼ ਨਹੀਂ ਰਹਿ ਗਈ, ਗੱਡੀ ਖਾਰੇ ਸਮੁੰਦਰ ਵੱਲ ਰਿੜ੍ਹਦੀ ਜਾਂਦੀ ਹੈ।

ਦੂਸਰਾ ਤਜਰਬਾ ਤਾਮਿਲਨਾਡੂ ਦਾ ਹੈ। ਓਥੇ ਸੂਬਾ ਪੱਧਰ ਦੀਆਂ ਦੋ ਮੁੱਖ ਧਿਰਾਂ ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ ਵਾਲੀਆਂ ਸਨ ਅਤੇ ਦੋਵਾਂ ਵਿੱਚ ਮੁਕਾਬਲਾ ਇਸ ਗੱਲ ਦਾ ਸੀ ਕਿ ਭ੍ਰਿਸ਼ਟਾਚਾਰ ਕਰਨ ਵਿੱਚ ਨਵੀਂਆਂ ਸਿਖਰਾਂ ਕੌਣ ਛੋਹ ਸਕਦਾ ਹੈ। ਸਾਢੇ ਤਿੰਨ ਦਹਾਕੇ ਪਹਿਲਾਂ ਐੱਮ ਜੀ ਰਾਮਾਚੰਦਰਨ ਦੀ ਮੌਤ ਮਗਰੋਂ ਜਿਹੜੀ ਜੈਲਲਿਤਾ ਨੂੰ ਓਥੋਂ ਵੋਟਰਾਂ ਨੇ ਅੰਤਾਂ ਦਾ ਮਾਣ ਦਿੱਤਾ ਸੀ, ਉਹ ਨਾ ਸਿਰਫ ਕਾਰੂ ਦੇ ਖਜ਼ਾਨੇ ਜੋੜਨ ਵਿੱਚ ਸਭ ਨੂੰ ਪਿੱਛੇ ਛੱਡਣ ਵਾਲੀ ਸਾਬਤ ਹੋਈ, ਸਗੋਂ ਆਪਣੇ ਸ਼ਾਹੀ ਸ਼ੌਕ ਪਾਲਣ ਵਿੱਚ ਵੀ ਕੋਈ ਸ਼ਰਮ ਨਹੀਂ ਸੀ ਰੱਖੀ। ਜਦੋਂ ਫਿਲਪਾਈਨ ਦੇ ਮਾਰਕੋਸ ਦੀ ਸੱਤਾ ਖਤਮ ਹੋਈ ਤਾਂ ਉਸ ਦੀ ਪਤਨੀ ਇਮੇਲਡਾ ਮਾਰਕੋਸ ਕੋਲ ਕਹਿੰਦੇ ਸਨ ਕਿ ਦੋ ਹਜ਼ਾਰ ਤੋਂ ਵੱਧ ਕਿਸਮ ਦੇ ਸੈਂਡਲਾਂ ਨਾਲ ਕਮਰੇ ਭਰੇ ਹੋਏ ਮਿਲੇ ਸਨ ਤੇ ਜੈਲਲਿਤਾ ਜਦੋਂ ਅਗਲੀ ਚੋਣ ਹਾਰ ਕੇ ਲਾਂਭੇ ਹੋਈ ਤਾਂ ਉਸ ਕੋਲ ਏਨੀਆਂ ਕਿਸਮਾਂ ਦੇ ਸੈਂਡਲ ਸਨ ਕਿ ਲੋਕ ਉਸ ਨੂੰ 'ਭਾਰਤ ਦੀ ਇਮੇਲਡਾ ਮਾਰਕੋਸ' ਕਹਿੰਦੇ ਸਨ। ਉਸ ਦੇ ਵਿਰੋਧੀ ਐੱਮ ਕੇ ਕਰੁਣਾਨਿਧੀ ਅਤੇ ਚਾਰ ਬੀਵੀਆਂ ਤੋਂ ਪੈਦਾ ਹੋਏ ਕਰੁਣਾਨਿਧੀ ਦੇ ਸਿਆਸੀ ਖੇਤਰ ਵਿੱਚ ਆਏ ਪੁੱਤਾਂ-ਧੀਆਂ ਐੱਮ ਕੇ ਸਟਾਲਿਨ ਅਤੇ ਕਨੀਮੋਈ ਨੇ ਭ੍ਰਿਸ਼ਟਾਚਾਰ ਕਰਨ ਵਿੱਚ ਜੈਲਲਿਤਾ ਨੂੰ ਪਛਾੜ ਛੱਡਿਆ, ਪਰ ਦੇਸ਼ ਦੀ ਕੌਮੀ ਰਾਜਨੀਤੀ ਦੀਆਂ ਮੋਹਰੀ ਧਿਰਾਂ ਕਦੇ ਓਥੇ ਇੱਕ ਧਿਰ ਤੇ ਕਦੀ ਦੂਜੀ ਧਿਰ ਨਾਲ ਜੁੜਦੀਆਂ ਰਹੀਆਂ, ਉਨ੍ਹਾਂ ਦੇ ਭ੍ਰਿਸ਼ਟਾਚਾਰ ਵਿਰੁੱਧ ਚੁੱਪ ਕੀਤੀਆਂ ਰਹੀਆਂ। ਅਜਿਹੇ ਹਾਲਾਤ ਵਿੱਚ ਜਦੋਂ ਇਸ ਸਾਲ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਉਹ ਕੁਝ ਵਾਪਰ ਗਿਆ, ਜਿਹੜਾ ਸੋਚਿਆ ਨਹੀਂ ਸੀ।

ਭਾਜਪਾ ਨੇ ਆਪਣੀ ਹਿੰਦੀ-ਭਾਸ਼ੀ ਇਲਾਕਿਆਂ ਵਿੱਚ ਵਰਤੀ ਹੋਈ ਹਿੰਦੂਤਵ ਦੀ ਨੀਤੀ ਉਸ ਰਾਜ ਅਤੇ ਉਸ ਨਾਲ ਕੇਰਲਮ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ, ਪਰ ਦੋਵੇਂ ਥਾਈਂ ਉਸ ਨੂੰ ਕਾਮਯਾਬੀ ਨਹੀਂ ਮਿਲੀ। ਤਾਮਿਲਨਾਡੂ ਦੇ ਵੋਟਰਾਂ ਨੇ ਆਪਣੀ ਧਰਮ ਨਿਰਪੱਖਤਾ ਦੀ ਇਹ ਮਿਸਾਲ ਵੀ ਪੇਸ਼ ਕਰ ਵਿਖਾਈ ਕਿ ਜਿਸ ਰਾਜ ਦੀ ਸਤਾਸੀ ਫੀਸਦੀ ਵਸੋਂ ਧਰਮ ਪੱਖੋਂ ਹਿੰਦੂ ਮਾਨਤਾ ਵਾਲੀ ਹੈ, ਓਥੇ ਸਿਰਫ ਛੇ ਫੀਸਦੀ ਈਸਾਈ ਵਸੋਂ ਵਾਲੇ ਧਰਮ ਵਿੱਚ ਪੈਦਾ ਹੋਏ ਇੱਕ ਵਿਅਕਤੀ ਨੂੰ ਆਪਣਾ ਨਵਾਂ ਲੀਡਰ ਮੰਨ ਲਿਆ ਤੇ ਰਾਜ ਦੀ ਵਾਗਡੋਰ ਸੌਂਪ ਦਿੱਤੀ ਹੈ। ਇਹ ਸਿਰਫ ਉਸ ਰਾਜ ਦੇ ਲੋਕਾਂ ਅੰਦਰ ਧਰਮ ਨਿਰਪੱਖਤਾ ਦਾ ਨਤੀਜਾ ਨਹੀਂ, ਸਗੋਂ ਚਲੰਤ ਰਾਜਨੀਤੀ ਤੋਂ ਆਮ ਲੋਕਾਂ ਦੀ ਉਪਰਾਮ ਹੁੰਦੇ ਜਾਣ ਦੇ ਹਾਲਾਤ ਅੰਦਰ ਕੋਈ ਵੀ ਤੀਜਾ ਬਦਲ ਮਿਲ ਸਕਦਾ ਹੋਵੇ ਤਾਂ ਚੁਣਨ ਦੀ ਭਾਵਨਾ ਝਲਕਦੀ ਹੈ। ਜਦੋਂ ਉਹ ਤੁਰਿਆ ਤਾਂ ਉਸ ਦੇ ਰਾਜਸੀ ਪੈਂਤੜੇ ਨਾਲ ਦੇਸ਼ ਦੀ ਕੌਮੀ ਰਾਜਨੀਤੀ ਦੀ ਕੋਈ ਧਿਰ ਵੀ ਜੁੜਨ ਨੂੰ ਤਿਆਰ ਨਹੀਂ ਸੀ ਤੇ ਨਤੀਜਾ ਉਸ ਨੇ ਏਦਾਂ ਦਾ ਵਿਖਾਇਆ ਹੈ, ਜਿਹੜਾ ਕੌਮੀ ਰਾਜਨੀਤੀ ਦੇ ਧਨੰਤਰ ਕਿਸੇ ਵੀ ਇੱਕ ਰਾਜ ਵਿੱਚ ਪੇਸ਼ ਨਹੀਂ ਕਰ ਸਕੇ। ਕੇਂਦਰ ਦੀ ਰਾਜਨੀਤੀ ਕਰਨ ਵਾਲਿਆਂ ਨੇ ਹਾਲਾਤ ਨੂੰ ਸੋਚ ਕੇ ਕੋਈ ਅਗੇਤਾ ਇੱਕ-ਦੂਸਰੇ ਨਾਲ ਮਿਲਵਰਤਣ ਦਾ ਰਾਹ ਚੁਣਿਆ ਹੁੰਦਾ ਤਾਂ ਅੱਜ ਪੱਛਮੀ ਬੰਗਾਲ ਵਿੱਚ ਇਹ ਹਾਲਤ ਨਾ ਹੁੰਦੀ, ਜਿਹੜੀ ਹੋ ਚੁੱਕੀ ਅਤੇ ਅਜੇ ਹੋਰ ਹੋਣ ਦੀ ਇਸ ਕਿਸਮ ਦੀ ਸੰਭਾਵਨਾ ਹੈ, ਜਿਸ ਦਾ ਅਹਿਸਾਸ ਕਰ ਲੈਣ ਤਾਂ ਇਨ੍ਹਾਂ ਸਾਰਿਆਂ ਦੀ ਰੂਹ ਕੰਬ ਜਾਵੇਗੀ। ਮਮਤਾ ਬੈਨਰਜੀ ਦਾ ਅਗਲਾ ਸਮਾਂ ਜੇਲ੍ਹਾਂ ਦੇ ਨਿਵਾਸ ਦਾ ਸੰਕੇਤ ਦੇਂਦਾ ਪਿਆ ਹੈ ਤੇ ਇਹ ਸੰਕੇਤ ਇਕੱਲਾ ਉਸੇ ਵਾਸਤੇ ਨਹੀਂ, ਕੌਮੀ ਰਾਜਨੀਤੀ ਦੀ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਆਗੂਆਂ ਲਈ ਵੀ ਹੋ ਸਕਦਾ ਹੈ, ਜਿਨ੍ਹਾਂ ਦੀ ਬੋਲ-ਬਾਣੀ ਚਾਹੇ ਜਿੰਨੀ ਸਖਤ ਪੱਧਰ ਦੀ ਹੋਵੇ, ਹੇਠਾਂ ਧਰਾਤਲ ਵਿੱਚ ਓਦਾਂ ਦਾ ਠੋਸ ਮੰਚ ਦਿਖਾਈ ਨਹੀਂ ਦੇਂਦਾ। ਜਿਹੜੇ ਰਾਜ ਵਿੱਚ ਵੀ ਕਾਂਗਰਸ ਪਾਰਟੀ ਦੀ ਸੱਤਾ ਇੱਕ ਵਾਰੀ ਖੁੱਸ ਜਾਂਦੀ ਹੈ, ਉਸ ਦੇ ਆਗੂ ਰਾਤੋ-ਰਾਤ ਪੱਲਾ ਛੁਡਾ ਕੇ ਭਾਜਪਾ ਦੇ ਦਫਤਰਾਂ ਅੱਗੇ ਅਲਖ ਜਗਾਉਣ ਪਹੁੰਚ ਜਾਂਦੇ ਹਨ ਤੇ ਓਥੇ ਜਾ ਕੇ ਓਸੇ ਕਾਂਗਰਸੀ ਲੀਡਰਸ਼ਿਪ ਵਿਰੁੱਧ ਜ਼ਹਿਰ ਉਗਲੱਛਦੇ ਫਿਰਦੇ ਹਨ, ਜਿਸ ਮੂਹਰੇ ਉਹ ਅੱਜ ਤੱਕ ਸਿਰ ਝੁਕਾਈ ਫਿਰਦੇ ਰਹੇ ਸਨ। ਪੰਜਾਬ ਹੋਵੇ ਜਾਂ ਹਰਿਆਣਾ, ਭਾਰਤ ਦੇ ਹਰ ਰਾਜ ਵਿੱਚ ਇਹੋ ਹਾਲਤ ਦਿਖਾਈ ਦੇ ਰਹੀ ਹੈ।

ਬੰਗਾਲ ਵਿੱਚ ਮਮਤਾ ਬੈਨਰਜੀ ਦੀ ਹਾਰ ਅਤੇ ਹਾਰ ਪਿੱਛੋਂ ਹੁੰਦੀ ਖੱਜਲ-ਖੁਆਰੀ ਅਤੇ ਤਾਮਿਲਨਾਡੂ ਵਿੱਚੋਂ ਮਿਲੇ ਚੋਣਾਂ ਦੇ ਨਤੀਜੇ ਨੇ ਅੱਖਾਂ ਖੋਲ੍ਹਣ ਵਾਸਤੇ ਕਈ ਸੰਕੇਤ ਦਿੱਤੇ ਹਨ, ਪਰ ਇਨ੍ਹਾਂ ਸੰਕੇਤਾਂ ਨੂੰ ਸਮਝਣਾ ਹੈ ਜਾਂ ਨਹੀਂ ਤੇ ਸਮਝ ਕੇ ਸਾਂਝ ਦਾ ਨੁਕਤਾ ਲੱਭਣਾ ਜਾਂ ਨਹੀਂ, ਇਹ ਰਾਜਸੀ ਧਨੰਤਰਾਂ ਦੀ ਮਰਜ਼ੀ ਉੱਤੇ ਨਿਰਭਰ ਹੈ। ਪਿਛਲਾ ਤਜਰਬਾ ਦੱਸਦਾ ਹੈ ਕਿ ਇਤਿਹਾਸ ਮੌਕੇ ਤਾਂ ਪੇਸ਼ ਕਰਦਾ ਹੈ, ਪਰ ਮੌਕਿਆਂ ਨੂੰ ਪੇਸ਼ ਕਰਨ ਲਈ ਦੁਹਰਾਉਣ ਵਰਗੀ ਫਰਾਖਦਿਲੀ ਨਹੀਂ ਵਿਖਾਉਂਦਾ ਹੁੰਦਾ। ਭਾਰਤ ਇੱਕ ਨਾਜ਼ਕ ਮੋੜ ਉੱਤੇ ਹੈ। ਇਸ ਮੋੜ ਉੱਤੇ ਬਾਂਹਾਂ ਟੰਗ ਕੇ ਕੇਂਦਰੀ ਸੱਤਾ ਨੂੰ ਚੁਣੌਤੀ ਦੇਣ ਦੀਆਂ ਚਾਂਗਰਾਂ ਮਾਰਨ ਦੀ ਨਹੀਂ, ਠਰ੍ਹੰਮੇ ਨਾਲ ਸੋਚ ਕੇ ਕੁਝ ਕਰਨ ਦੀ ਲੋੜ ਹੈ, ਅੱਗੋਂ ਉਨ੍ਹਾਂ ਦੀ ਮਰਜ਼ੀ।

# ਬੰਗਾਲ 'ਚ ਗਊ-ਰਾਜਨੀਤੀ ਅਤੇ ਭਾਰਤ 'ਚ ਫਿਰਕੂ ਪਾਲਾਬੰਦੀ ਦਾ ਅਰਥ ਸ਼ਾਸਤਰ

*ਸੀਨੀਅਰ ਪੱਤਰਕਾਰ ਅਰੁਣ ਸ੍ਰੀਵਾਸਤਵ ਦਾ ਇਹ ਲੇਖ ਬੰਗਾਲ ਵਿਚ ਖੇਡੀ ਜਾ ਰਹੀ ਗਊ ਰਾਜਨੀਤੀ, ਇਸ ਰਾਜਨੀਤੀ ਦੇ ਪਿੱਛੇ ਕੰਮ ਕਰਦੇ ਫਿਰਕੂ ਪਾਲਾਬੰਦੀ ਦੇ ਭਗਵਾਂ ਪ੍ਰੋਜੈਕਟ ਅਤੇ ਇਸ ਨਾਲ ਹਿੰਦੂ ਭਾਈਚਾਰੇ ਲਈ ਬਣ ਰਹੀਆਂ ਆਰਥਿਕ ਮੁਸ਼ਕਲਾਂ ਵਰਗੀਆਂ ਵੱਖ-ਵੱਖ ਪਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਜਿਹੜੀ ਹਿੰਦੂ ਜਨਤਾ ਇਸ ਭਰਮ ਵਿਚ ਹੈ ਕਿ ਭਗਵਾਂ ਬਰਗੇਡ ਹਿੰਦੂ ਧਰਮ ਦਾ ਹਿਤੈਸ਼ੀ ਹੈ ਅਤੇ ਭਗਵਾਂ ਹਕੂਮਤ ਹਿੰਦੂ ਭਾਈਚਾਰੇ ਦੀ ਤਰੱਕੀ ਦਾ ਸੁਨਹਿਰੀ ਯੁੱਗ ਲਿਆ ਰਹੀ ਹੈ, ਉਨ੍ਹਾਂ ਦੇ ਸਮਝਣ ਲਈ ਇਹ ਬਹੁਤ ਹੀ ਠੋਸ ਮਿਸਾਲ ਹੈ ਕਿ ਕਿਵੇਂ ਭਾਜਪਾ ਦੀਆਂ ਨੀਤੀਆਂ ਹਿੰਦੂ ਭਾਈਚਾਰੇ ਦੇ ਗੁਜ਼ਾਰੇ ਦੇ ਸਾਧਨ ਖੋਹ ਕੇ ਉਨ੍ਹਾਂ ਨੂੰ ਆਰਥਿਕ ਤਬਾਹੀ ਦੇ ਮੂੰਹ ਧੱਕ ਰਹੀਆਂ ਹਨ। ਇਹ ਜਾਣਕਾਰੀ ਭਰਪੂਰ ਲੇਖ ਪਾਠਕਾਂ ਦੇ ਰੂਬਰੂ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਅਰੁਣ ਸ੍ਰੀਵਾਸਤਵ

ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ

ਕੋਲਕਾਤਾ ਦੀ ਨਖੋਦਾ ਮਸਜਿਦ ਦੇ ਇਮਾਮ ਮੌਲਾਨਾ ਮੁਹੰਮਦ ਸ਼ਫੀਕ ਕਾਸਮੀ ਨੇ ਮੁਸਲਮਾਨਾਂ ਨੂੰ ਸਵੈ-ਇੱਛਾ ਨਾਲ ਗਊ ਦੀ ਬਲੀ ਦੇਣ ਅਤੇ ਗਊ ਦਾ ਮਾਸ ਖਾਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ। ਇਸ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੂੰ ਨਿਰਾਸ਼ ਕਰ ਦਿੱਤਾ ਹੈ, ਕਿਉਂਕਿ ਇਸ ਨੇ ਭਗਵਾਂ ਪਰਵਾਰ ਦੇ ਨਵੇਂ 'ਹਿੰਦੂ ਹਿਰਦੇ ਸਮਰਾਟ' ਵਜੋਂ ਉਸ ਦਾ ਅਕਸ ਖੋਹ ਲਿਆ ਹੈ। ਕੇਂਦਰ ਸਰਕਾਰ ਨੂੰ ਗਊ ਨੂੰ ਸੁਰੱਖਿਅਤ ਰਾਸ਼ਟਰੀ ਪਸ਼ੂ ਐਲਾਨਣ ਦੇ ਉਸ ਦੇ ਸੁਝਾਅ ਨੇ ਵੀ ਹਿੰਦੂ ਕੱਟੜਪੰਥੀ ਜਥੇਬੰਦੀਆਂ ਨੂੰ ਨਿਰਾਸ਼ ਕਰ ਦਿੱਤਾ ਹੈ, ਕਿਉਂਕਿ ਉਨ੍ਹਾਂ ਕੋਲ ਫਿਰ ਹਿੰਦੂ-ਮੁਸਲਿਮ ਫਿਰਕੂ ਸੰਬੰਧਾਂ ਨੂੰ ਹਥਿਆਰ ਬਣਾਉਣ ਦਾ ਸੰਦ ਨਹੀਂ ਰਹੇਗਾ।

ਜਦੋਂ ਤੋਂ ਸੁਵੇਂਦੂ ਮੁੱਖ ਮੰਤਰੀ ਬਣਿਆ ਹੈ, ਉਹ ਮੁਸਲਮਾਨਾਂ ਨਾਲ ਨਫ਼ਰਤ ਨਾਲ ਪੇਸ਼ ਆਇਆ ਹੈ ਅਤੇ ਉਸ ਨੇ ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਦਿੱਤੀਆਂ ਗਈਆਂ ਸਹੂਲਤਾਂ ਅਤੇ ਲਾਭਾਂ ਤੋਂ ਵਾਂਝਾ ਕੀਤਾ ਹੈ। ਉਸ ਨੇ ਧਾਰਮਿਕ ਸ਼੍ਰੇਣੀ ਵੰਡ ਦੇ ਆਧਾਰ 'ਤੇ ਚੱਲ ਰਹੀਆਂ ਸਾਰੀਆਂ ਮਾਣਭੱਤਾ ਯੋਜਨਾਵਾਂ ਖ਼ਤਮ ਕਰ ਦਿੱਤੀਆਂ, ਜਿਸ ਵਿੱਚ ਇਮਾਮਾਂ ਅਤੇ ਮੁਅੱਜ਼ਨਾਂ ਨੂੰ ਦਿੱਤੇ ਜਾਣ ਵਾਲੇ ਮਾਸਿਕ ਵਜ਼ੀਫੇ ਵੀ ਸ਼ਾਮਲ ਹਨ। ਰਾਜ ਨੇ ਇਮਾਮਾਂ ਅਤੇ ਮੁਅੱਜ਼ਨਾਂ ਨੂੰ ਦਿੱਤੇ ਜਾਣ ਵਾਲੇ ਕ੍ਰਮਵਾਰ 3000 ਰੁਪਏ ਅਤੇ 2000 ਦੇ ਮਾਸਿਕ ਵਜ਼ੀਫੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਅਤੇ ਘੱਟ ਗਿਣਤੀ ਭਲਾਈ, ਮਦਰੱਸਾ ਸਿੱਖਿਆ ਤੇ ਸੂਚਨਾ ਅਤੇ ਸੱਭਿਆਚਾਰਕ ਕਾਰਜ ਵਿਭਾਗਾਂ ਰਾਹੀਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵੀ ਰੋਕ ਦਿੱਤੀ।

ਇਸ ਤੋਂ ਪਹਿਲਾਂ ਉਸ ਨੇ ਲਾਊਡ ਸਪੀਕਰਾਂ ਦੀ ਵਰਤੋਂ ਅਤੇ ਸੜਕਾਂ 'ਤੇ ਨਮਾਜ਼ ਅਦਾ ਕਰਨ 'ਤੇ ਪਾਬੰਦੀ ਲਗਾ ਦਿੱਤੀ ਸੀ। ਉਸ ਦੀ ਦਲੀਲ ਸੀ ਕਿ ਮੁਸਲਮਾਨਾਂ ਨੂੰ ਮਸਜਿਦਾਂ ਦੇ ਅੰਦਰ ਨਮਾਜ਼ ਅਦਾ ਕਰਨੀ ਚਾਹੀਦੀ ਹੈ। ਉਸ ਦਾ ਇਹ ਕਹਿਣਾ ਸਹੀ ਸੀ ਕਿ ਨਮਾਜ਼ ਵਾਹਨਾਂ ਦੀ ਆਵਾਜਾਈ ਵਿੱਚ ਰੁਕਾਵਟ ਪਾਉਂਦੀ ਹੈ। ਹਾਲਾਂਕਿ ਉਸ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਨਮਾਜ਼ ਪੂਰੇ ਦਿਨ ਦਾ ਮਾਮਲਾ ਨਹੀਂ ਹੈ; ਇਹ ਇੱਕ ਘੰਟੇ ਤੋਂ ਵੱਧ ਨਹੀਂ ਪੜ੍ਹੀ ਜਾਂਦੀ। ਜ਼ਿਆਦਾਤਰ ਮਸਜਿਦਾਂ ਪੁਰਾਣੀਆਂ ਹਨ ਅਤੇ ਉਨ੍ਹਾਂ ਵਿੱਚ ਨਮਾਜ਼ੀਆਂ ਨੂੰ ਸਮੋਣ ਦੀ ਸੀਮਤ ਸਮਰੱਥਾ ਹੁੰਦੀ ਹੈ। ਸਾਲਾਂ ਦੌਰਾਨ ਨਮਾਜ਼ੀਆਂ ਦੀ ਗਿਣਤੀ ਵਧੀ ਹੈ। ਇਸ ਲਈ ਸਾਰਿਆਂ ਲਈ ਮਸਜਿਦ ਦੇ ਅੰਦਰ ਇਕੱਠੇ ਨਮਾਜ਼ ਪੜ੍ਹਨਾ ਹਮੇਸ਼ਾ ਸੰਭਵ ਨਹੀਂ ਹੁੰਦਾ। ਕੁਦਰਤੀ ਤੌਰ 'ਤੇ ਲੋਕ ਮਸਜਿਦਾਂ ਦੇ ਨੇੜੇ ਨਮਾਜ਼ ਪੜ੍ਹਦੇ ਹਨ। ਲਾਊਡ ਸਪੀਕਰ ਆਮ ਤੌਰ 'ਤੇ ਅਜ਼ਾਨ ਲਈ ਵਰਤੇ ਜਾਂਦੇ ਹਨ। ਹਮਾਇਤੀਆਂ ਲਈ, ਇਹ ਕਾਰਵਾਈਆਂ ਕਠੋਰ ਧਰਮਨਿਰਪੱਖ ਸ਼ਾਸਨ ਨੂੰ ਲਾਗੂ ਕਰਨ ਦਾ ਪ੍ਰਤੀਕ ਹਨ; ਆਲੋਚਕਾਂ ਲਈ ਇਹ ਬਹੁਗਿਣਤੀਵਾਦੀ ਰਾਜਨੀਤਕ ਆਧਾਰ ਪ੍ਰਤੀ ਫਿਰਕੂ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਆਪਣਾ ਨਿਰਪੱਖ ਹਾਕਮ ਦਾ ਅਕਸ ਪੇਸ਼ ਕਰਨ ਲਈ ਉਸ ਨੇ ਹਿੰਦੂ ਮੰਦਰਾਂ ਦੇ ਪੁਜਾਰੀਆਂ (ਪੁਰੋਹਿਤਾਂ) ਲਈ ਇਸੇ ਤਰ੍ਹਾਂ ਦਾ ਵਜ਼ੀਫਾ ਵੀ ਖ਼ਤਮ ਕਰ ਦਿੱਤਾ ਅਤੇ ਕਲਕੱਤਾ ਹਾਈ ਕੋਰਟ ਦੇ ਇੱਕ ਹੁਕਮ ਤੋਂ ਬਾਅਦ ਰਾਜ ਦੀ ਮੌਜੂਦਾ ਓ.ਬੀ.ਸੀ. ਸੂਚੀ ਰੱਦ ਕਰ ਦਿੱਤੀ। ਓ.ਬੀ.ਸੀ. ਵਜ਼ੀਫੇ ਦਾ ਉਸ ਵੱਲੋਂ ਖ਼ਾਤਮਾ ਦਲਿਤਾਂ, ਮੁਸਲਮਾਨਾਂ ਅਤੇ ਪੱਛੜੀਆਂ ਜਾਤਾਂ ਨੂੰ ਵਿੱਤੀ ਲਾਭਾਂ ਤੋਂ ਵਾਂਝਾ ਕਰਨ ਦੀ ਆਰ.ਐੱਸ.ਐੱਸ. ਦੀ ਵੱਡੀ ਯੋਜਨਾ ਦਾ ਹਿੱਸਾ ਹੈ। ਜੇਕਰ ਦਿੱਤੇ ਜਾਣ ਵਾਲੇ ਨਿੱਕੇ ਜਿਹੇ ਵਜ਼ੀਫੇ ਨੂੰ ਕਿਸੇ ਭਾਈਚਾਰੇ ਨੂੰ ਖ਼ੁਸ਼ ਕਰਨ ਦੇ ਨਜ਼ਰੀਏ ਨਾਲ ਵੇਖਿਆ ਜਾ ਸਕਦਾ ਹੈ ਤਾਂ ਉਸ ਨੂੰ ਹੋਰ ਵਿੱਤੀ ਅਤੇ ਕਾਨੂੰਨੀ ਲਾਭਾਂ ਅਤੇ ਸਮਾਜਿਕ ਭਲਾਈ ਪ੍ਰੋਗਰਾਮਾਂ ਨੂੰ ਵੀ ਖ਼ਤਮ ਕਰ ਦੇਣਾ ਚਾਹੀਦਾ ਹੈ। ਕੇਂਦਰੀ ਅਤੇ ਰਾਜਕੀ ਦਾਨ, ਜਿਵੇਂ ਹਿੰਦੂ ਧਾਰਮਿਕ ਸੰਸਥਾਨ ਅਤੇ ਧਾਰਮਿਕ ਦਾਨ ਵਿਭਾਗ, ਮੰਦਰਾਂ ਦੇ ਰੱਖ-ਰਖਾਅ ਅਤੇ ਪੁਜਾਰੀ ਭਲਾਈ ਲਈ ਸਾਲਾਨਾ ਨਕਦ ਦਾਨ ਰਾਸ਼ੀ ਜਾਂ ਇੱਕ ਵਾਰੀ ਸਹਾਇਤਾ ਪ੍ਰਦਾਨ ਕਰਦੇ ਹਨ।

ਇਮਾਮ ਦੀ ਇਹ ਅਪੀਲ ਪੱਛਮੀ ਬੰਗਾਲ ਸਰਕਾਰ ਦੁਆਰਾ ਪਸ਼ੂ ਹੱਤਿਆ ਕੰਟਰੋਲ ਐਕਟ, 1950 ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਜਵਾਬ ਵਿੱਚ ਆਈ ਹੈ, ਜਿਸ ਤਹਿਤ ਪਸ਼ੂਆਂ ਲਈ ਪਸ਼ੂ ਚਿਕਿਤਸਾ 'ਫਿਟਨੈੱਸ ਸਰਟੀਫਿਕੇਟ' ਲਾਜ਼ਮੀ ਹੈ। ਮੁਸਲਮਾਨਾਂ ਨੂੰ ਗਾਵਾਂ ਦੀ ਬਜਾਏ ਬੱਕਰੀਆਂ ਦੀ ਕੁਰਬਾਨੀ ਕਰਨ ਅਤੇ ਗਊ ਦਾ ਮਾਸ ਖਾਣ ਤੋਂ ਬਚਣ ਦੀ ਅਪੀਲ ਕਰਕੇ, ਇਮਾਮ ਨੇ ਹਿੰਦੂ ਭਾਵਨਾਵਾਂ ਪ੍ਰਤੀ ਸਤਿਕਾਰ ਦਿਖਾਇਆ ਹੈ, ਪਰ ਇਸ ਨੇ ਪਸ਼ੂ ਵਪਾਰ ਵਿੱਚ ਲੱਗੇ ਹਿੰਦੂਆਂ ਲਈ ਵੱਡਾ ਆਰਥਿਕ ਸੰਕਟ ਵੀ ਪੈਦਾ ਕਰ ਦਿੱਤਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਾਰਵਾਈਆਂ ਭਾਰਤ ਦੀ ਬਹੁਲਵਾਦੀ ਧਰਮ ਨਿਰਪੱਖਤਾ ਦੀ ਧਾਰਨਾ ਤੋਂ ਭਟਕਦੀਆਂ ਹਨ, ਜਿਸ ਦਾ ਇਤਿਹਾਸਕ ਅਰਥ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਸਮੋਣਾ ਹੈ। ਸੁਵੇਂਦੂ ਨੇ ਆਪਣੇ-ਆਪ ਨੂੰ ਹਿੰਦੂ ਹਿਰਦੇ ਸਮਰਾਟ ਵਜੋਂ ਪੇਸ਼ ਕਰਨ ਅਤੇ ਭਗਵਾਂ ਪਰਵਾਰ ਵਿੱਚ ਪ੍ਰਮੁੱਖ ਸਥਾਨ ਹਾਸਲ ਕਰਨ ਦੀ ਆਪਣੀ ਲਾਲਸਾ ਵਿੱਚ ਅਜਿਹੀਆਂ ਕਾਰਵਾਈਆਂ ਦਾ ਸਹਾਰਾ ਲਿਆ ਹੈ। ਉਸ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉਹ ਦਲ-ਬਦਲੂ ਹੈ, ਜੋ ਕਾਂਗਰਸ ਤੋਂ ਤ੍ਰਿਣਮੂਲ ਕਾਂਗਰਸ ਰਾਹੀਂ ਹੁੰਦਾ ਹੋਇਆ ਭਾਜਪਾ ਵਿੱਚ ਪਹੁੰਚਿਆ। ਉਹ ਭਗਵਾਂ ਆਗੂਆਂ, ਖ਼ਾਸ ਕਰਕੇ ਆਰ.ਐੱਸ.ਐੱਸ. ਦੀ ਨਜ਼ਰ ਵਿੱਚ ਸ਼ੱਕੀ ਬਣੇ ਰਹਿਣਾ ਨਹੀਂ ਚਾਹੁੰਦਾ।


ਕਿਉਂਕਿ ਆਰ.ਐੱਸ.ਐੱਸ. ਅਤੇ ਭਾਜਪਾ ਗਊ-ਰੱਖਿਆ ਨੂੰ ਲੈ ਕੇ ਚਿੰਤਤ ਹਨ, ਨਰਿੰਦਰ ਮੋਦੀ ਸੰਵਿਧਾਨ ਵਿੱਚ ਸੋਧ ਕਰ ਸਕਦਾ ਹੈ ਅਤੇ ਪੂਰੇ ਮੁਲਕ ਵਿੱਚ ਗਊ-ਹੱਤਿਆ 'ਤੇ ਪਾਬੰਦੀ ਲਗਾ ਸਕਦਾ ਹੈ। ਮੋਦੀ ਨੇ 2014 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਅੱਠ ਵਾਰ ਸੰਵਿਧਾਨ ਵਿੱਚ ਸੋਧ ਕੀਤੀ ਹੈ। ਉਸ ਨੇ ਸੰਵਿਧਾਨਕ ਵਿਵਸਥਾਵਾਂ ਨੂੰ ਵਾਰ-ਵਾਰ ਬਦਲਿਆ ਹੈ। ਉਹ ਇੱਕ ਹੋਰ ਸੋਧ ਲਿਆ ਸਕਦਾ ਹੈ ਤਾਂ ਜੋ ਉਸ ਦੀ ਸਰਕਾਰ ਨੂੰ ਗਊ-ਹੱਤਿਆ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਮਿਲ ਸਕੇ, ਜਿਸ ਨੂੰ ਉਸ ਦੇ ਹਮਾਇਤੀ ਹਿੰਦੂ ਸਮਾਜ ਦੇ ਵਡੇਰੇ ਲਾਭ ਵਜੋਂ ਪੇਸ਼ ਕਰਨਗੇ। ਅਜਿਹਾ ਕਦਮ ਗਊ-ਰੱਖਿਆ ਦੇ ਭਗਵਾਂ ਮਿਸ਼ਨ ਨੂੰ ਪੂਰਾ ਕਰੇਗਾ। ਗਊ ਰੱਖਿਆ ਲੰਮੇ ਸਮੇਂ ਤੋਂ ਆਰ.ਐੱਸ.ਐੱਸ. ਦਾ ਐਲਾਨਿਆ ਮਿਸ਼ਨ ਰਿਹਾ ਹੈ।

ਪਰ ਨਾ ਤਾਂ ਉਸ ਨੇ ਅਤੇ ਨਾ ਹੀ ਉਸ ਦੀ ਸਰਕਾਰ ਨੇ ਅਜਿਹਾ ਕਰਨਾ ਹੈ। ਇੱਥੋਂ ਤੱਕ ਕਿ ਆਰ.ਐੱਸ.ਐੱਸ. ਅਤੇ ਵਿਆਪਕ ਭਗਵਾਂ ਪਰਵਾਰ ਵੀ ਅਜਿਹੇ ਕਦਮ ਦਾ ਵਿਰੋਧ ਕਰਨਗੇ। ਕਾਰਨ ਸਪੱਸ਼ਟ ਹੈ : ਇੱਕ ਵਾਰ ਅਜਿਹੀ ਸੰਵਿਧਾਨਕ ਸੋਧ ਲਾਗੂ ਹੋ ਜਾਣ ਤੋਂ ਬਾਅਦ ਮੋਦੀ ਅਤੇ ਭਗਵਾਂ ਪਰਵਾਰ ਕੋਲੋਂ ਇੱਕ ਪ੍ਰਮੁੱਖ ਸੰਦ ਖੁਸ ਜਾਵੇਗਾ, ਜਿਸ ਦੀ ਵਰਤੋਂ ਉਹ ਹਿੰਦੂਆਂ ਨੂੰ ਫਿਰਕੂ ਬਣਾਉਣ ਅਤੇ ਪਾਲਾਬੰਦੀ ਕਰਨ ਤੇ ਮੁਸਲਮਾਨਾਂ ਅਤੇ ਦਲਿਤਾਂ ਉੱਪਰ ਜ਼ੁਲਮ ਕਰਨ ਅਤੇ ਉਨ੍ਹਾਂ ਨਾਲ ਵਿਤਕਰਾ ਕਰਨ ਲਈ ਕਰਦੇ ਹਨ। ਗਊ-ਹੱਤਿਆ ਦੀ ਰੋਕਥਾਮ ਮੁਸਲਮਾਨਾਂ ਵਿਰੁੱਧ ਭਗਵਾਂ ਰਾਜਨੀਤੀ ਦਾ ਇੱਕ ਪ੍ਰਮੁੱਖ ਹਥਿਆਰ ਬਣ ਗਈ ਹੈ। ਭਾਰਤ ਵਿੱਚ ਵਿਚਾਰਧਾਰਕ, ਇਤਿਹਾਸਕ ਅਤੇ ਸਮਾਜ ਸ਼ਾਸਤਰੀ ਨਜ਼ਰੀਆ ਦੇ ਆਧਾਰ 'ਤੇ ਇਸ ਮੁੱਦੇ 'ਤੇ ਭਵਿੱਖ-ਨਕਸ਼ੇ ਵਿਆਪਕ ਤੌਰ 'ਤੇ ਵੱਖ-ਵੱਖ ਹਨ।

ਹਿੰਦੂਤਵ ਦੇ ਹਮਾਇਤੀਆਂ ਲਈ, ਗਊ-ਰੱਖਿਆ ਮੂਲ ਰੂਪ ਵਿੱਚ ਹਿੰਦੂ ਧਰਮ ਦੇ ਅੰਦਰ ਗਊ ਪ੍ਰਤੀ ਡੂੰਘੀ ਸੱਭਿਆਚਾਰਕ ਅਤੇ ਧਾਰਮਿਕ ਸ਼ਰਧਾ ਨੂੰ ਸੁਰੱਖਿਅਤ ਰੱਖਣ ਬਾਬਤ ਹੈ। ਉਨ੍ਹਾਂ ਦੀ ਦਲੀਲ ਹੈ ਕਿ ਗਊ-ਹੱਤਿਆ ਨੂੰ ਰੋਕਣ ਵਾਲੇ ਕਾਨੂੰਨ ਨੈਤਿਕ, ਵਾਤਾਵਰਣਕ ਅਤੇ ਆਰਥਿਕ ਸਿਧਾਂਤਾਂ 'ਤੇ ਅਧਾਰਤ ਹਨ ਅਤੇ ਸੁਭਾਵਿਕ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਨਹੀਂ ਬਣਾਏ ਗਏ ਹਨ। ਇਤਿਹਾਸਕ ਤੌਰ 'ਤੇ, ਅਕਬਰ ਅਤੇ ਬਾਬਰ ਸਮੇਤ ਕੁਝ ਮੁਗਲ ਹਾਕਮਾਂ ਨੇ ਵੀ ਬਹੁਗਿਣਤੀ ਵਸੋਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਗਊ-ਹੱਤਿਆ 'ਤੇ ਪਾਬੰਦੀ ਲਗਾਈ ਸੀ।

ਵਿਦਵਾਨ ਅਕਸਰ ਦਲੀਲ ਦਿੰਦੇ ਹਨ ਕਿ ਜਦੋਂ ਕਿ ਗਊ-ਰੱਖਿਆ ਦੀਆਂ ਪ੍ਰਾਚੀਨ ਜੜ੍ਹਾਂ ਹਨ, ਇਸ ਮੁੱਦੇ 'ਤੇ ਆਧੁਨਿਕ ਰਾਜਨੀਤਕ ਲਾਮਬੰਦੀ ਨੂੰ ਸਮਾਜ ਦੀ ਪਾਲਾਬੰਦੀ ਕਰਨ, ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਣ ਅਤੇ ਸੱਭਿਆਚਾਰਕ ਦਬਦਬਾ ਸਥਾਪਤ ਕਰਨ ਦੇ ਸੰਦ ਵਜੋਂ ਵਰਤਿਆ ਗਿਆ ਹੈ। ਉਹ ਧਿਆਨ ਦਿਵਾਉਂਦੇ ਹਨ ਕਿ ਕਿਵੇਂ ਗਊ-ਰੱਖਿਆ ਦੇ ਨਾਂਅ 'ਤੇ ਕੀਤੇ ਜਾਣ ਵਾਲੇ ਦੰਗਿਆਂ ਅਤੇ ਹਿੰਸਾ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ ਮੁਸਲਮਾਨਾਂ 'ਤੇ ਪਸ਼ੂਆਂ ਦੀ ਢੋਆ-ਢੁਆਈ ਜਾਂ ਗਊ ਦਾ ਮਾਸ ਖਾਣ ਦਾ ਦੋਸ਼ ਲਗਾ ਕੇ ਉਨ੍ਹਾਂ ਵਿਰੁੱਧ ਸਰੀਰਕ ਹਿੰਸਾ ਸ਼ਾਮਲ ਹੈ। ਆਲੋਚਕ ਰਾਜ ਪੱਧਰੀ ਪਾਬੰਦੀਆਂ ਨੂੰ ਘੱਟ ਗਿਣਤੀ ਭਾਈਚਾਰਿਆਂ ਦੀਆਂ ਖਾਣ-ਪੀਣ ਸੰਬੰਧੀ ਆਦਤਾਂ ਅਤੇ ਆਰਥਿਕ ਰੋਜ਼ੀ-ਰੋਟੀ ਨੂੰ ਕਾਬੂ ਕਰਨ ਦੇ ਸਾਧਨ ਵਜੋਂ ਦੇਖਦੇ ਹਨ।

ਭਗਵਾਂ ਹਮਾਇਤੀ ਦਲੀਲ ਦਿੰਦੇ ਹਨ ਕਿ ਮੋਦੀ ਸਰਕਾਰ ਨੇ ਪੂਰੇ ਮੁਲਕ ਵਿੱਚ ਗਊ-ਹੱਤਿਆ 'ਤੇ ਪਾਬੰਦੀ ਨਹੀਂ ਲਗਾਈ ਹੈ, ਮੁੱਖ ਤੌਰ 'ਤੇ ਕਿਉਂਕਿ ਸੰਵਿਧਾਨ ਵਿਧਾਨਕ ਸ਼ਕਤੀਆਂ ਨੂੰ ਵੰਡਦਾ ਹੈ, ਜਿਸ ਨਾਲ ਖੇਤੀਬਾੜੀ ਅਤੇ ਪਸ਼ੂਧਨ ਦੀ ਸੁਰੱਖਿਆ ਕੇਂਦਰੀ ਵਿਸ਼ਿਆਂ ਦੀ ਬਜਾਏ ਰਾਜ ਦੇ ਵਿਸ਼ੇ ਬਣਦੇ ਹਨ। ਇਹ ਵੰਡ ਕੇਂਦਰ ਸਰਕਾਰ ਨੂੰ ਸਾਰੇ ਰਾਜਾਂ ਵਿੱਚ ਇੱਕਸਾਰ ਕਾਨੂੰਨ ਇਕਤਰਫ਼ਾ ਢੰਗ ਨਾਲ ਲਾਗੂ ਕਰਨ ਤੋਂ ਰੋਕਦੀ ਹੈ। ਸੱਤਵੀਂ




ਅਨੁਸੂਚੀ ਦੇ ਤਹਿਤ, ਪਸ਼ੂਧਨ ਅਤੇ ਹੱਤਿਆ ਨਾਲ ਸੰਬੰਧਤ ਮਾਮਲਿਆਂ 'ਤੇ ਕਾਨੂੰਨ ਬਣਾਉਣ ਦਾ ਇਕਲੌਤਾ ਅਧਿਕਾਰ ਰਾਜ ਵਿਧਾਨ ਸਭਾਵਾਂ ਕੋਲ ਹੈ।

ਭਾਰਤ ਵਿੱਚ ਗਊ-ਹੱਤਿਆ ਦਾ ਮੁੱਦਾ ਬਹੁਪੱਖੀ ਹੈ, ਜਿਸ ਦੇ ਡੂੰਘੇ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਕ ਪ੍ਰਭਾਵ ਹਨ। ਇਹ ਸੰਵਿਧਾਨਕ ਸਿਧਾਂਤਾਂ, ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਫਿਰਕੂ ਪਾਲਾਬੰਦੀ ਨੂੰ ਲੈ ਕੇ ਰਾਜਨੀਤਕ ਬਹਿਸਾਂ ਨਾਲ ਜੁੜਦਾ ਹੈ। ਗਾਵਾਂ ਦੀ ਸੁਰੱਖਿਆ ਸੰਵਿਧਾਨ ਵਿੱਚ ਆਰਟੀਕਲ 48 ਅਧੀਨ ਇੱਕ ਨੀਤੀ ਨਿਰਦੇਸ਼ਕ ਸਿਧਾਂਤ ਦੇ ਤੌਰ 'ਤੇ ਸ਼ਾਮਲ ਹੈ, ਜੋ ਰਾਜ ਨੂੰ ਖੇਤੀਬਾੜੀ ਅਤੇ ਪਸ਼ੂਪਾਲਣ ਨੂੰ ਆਧੁਨਿਕ ਤਰੀਕਿਆਂ ਨਾਲ ਸੰਗਠਿਤ ਕਰਨ ਅਤੇ ਗਾਵਾਂ ਤੇ ਵੱਛਿਆਂ ਦੀ ਹੱਤਿਆ ਉੱਪਰ ਪਾਬੰਦੀ ਲਗਾਉਣ ਦਾ ਮਾਰਗ-ਦਰਸ਼ਨ ਕਰਦਾ ਹੈ।

ਕੁਝ ਰਾਜਨੀਤਕ ਵਿਸ਼ਲੇਸ਼ਕਾਂ ਅਤੇ ਵਿਰੋਧੀ ਪਾਰਟੀਆਂ ਦੀ ਦਲੀਲ ਹੈ ਕਿ ਗਊ-ਰੱਖਿਆ ਦੀ ਵਰਤੋਂ ਭਾਈਚਾਰਿਆਂ ਦੀ ਪਾਲਾਬੰਦੀ ਕਰਨ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਰਾਜਨੀਤਕ ਸੰਦ ਵਜੋਂ ਕੀਤੀ ਜਾਂਦੀ ਹੈ। ਉਹ ਕਹਿੰਦੇ ਹਨ ਕਿ ਵਿਆਪਕ ਸਮਾਜਿਕ-ਆਰਥਿਕ ਸਰੋਕਾਰਾਂ ਨੂੰ ਸੰਬੋਧਤ ਹੋਣ ਦੀ ਬਜਾਏ ਫਿਰਕੂ ਵੰਡ ਪੈਦਾ ਕਰਨ ਲਈ ਅਜਿਹੇ ਮੁੱਦਿਆਂ ਨੂੰ ਵਧਾਇਆ ਜਾਂਦਾ ਹੈ। ਕਿਸਾਨ ਅਤੇ ਰਾਜਨੀਤਕ ਸਮੂਹ ਦਲੀਲ ਦਿੰਦੇ ਹਨ ਕਿ ਗਊ-ਹੱਤਿਆ ਵਿਰੋਧੀ ਸਖ਼ਤ ਕਾਨੂੰਨ ਖੇਤੀਬਾੜੀ ਆਧਾਰਤ ਗੁਜ਼ਾਰੇ, ਚਮੜਾ ਉਦਯੋਗ ਅਤੇ ਪਸ਼ੂ ਵਪਾਰ ਵਿੱਚ ਲੱਗੇ ਲੋਕਾਂ 'ਤੇ ਮਾੜਾ ਅਸਰ ਪਾਉਂਦੇ ਹਨ। ਇਹ ਅਕਸਰ ਉਨ੍ਹਾਂ ਕਿਸਾਨਾਂ 'ਤੇ ਆਰਥਿਕ ਬੋਝ ਲੱਦਦਾ ਹੈ, ਜੋ ਗ਼ੈਰਉਪਜਾਊ ਪਸ਼ੂਆਂ ਨੂੰ ਸਾਂਭ ਨਹੀਂ ਸਕਦੇ।

ਇਸ ਅੰਦੋਲਨ ਨੇ ਗਊ ਰੱਖਿਅਕ ਦਲਾਂ (ਵਿਜੀਲੈਂਟ ਗਰੁੱਪਾਂ) ਦੇ ਉਭਾਰ ਨੂੰ ਵੀ ਜਨਮ ਦਿੱਤਾ ਹੈ, ਜਿਸ ਨਾਲ ਕਾਨੂੰਨ ਵਿਵਸਥਾ, ਵਿਅਕਤੀਗਤ ਅਧਿਕਾਰਾਂ ਅਤੇ ਹਿੰਸਾ ਦੇ ਜਵਾਬ ਨੂੰ ਲੈ ਕੇ ਚਿੰਤਾਵਾਂ ਵਧੀਆਂ ਹਨ। ਮੋਦੀ ਦੇ ਰਾਜ ਅਧੀਨ, ਵਿਜੀਲੈਂਟ ਸਮੂਹ ਅਕਸਰ ਅਜਿਹੇ ਸੂਬੇਦਾਰਾਂ ਵਾਂਗ ਵਿਹਾਰ ਕਰਦੇ ਹਨ, ਜਿਨ੍ਹਾਂ ਦੇ ਕੰਮ ਅਤੇ ਸ਼ਬਦ ਕਾਨੂੰਨ 'ਤੇ ਹਾਵੀ ਹੁੰਦੇ ਪ੍ਰਤੀਤ ਹੁੰਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਉਹ ਪੁਲਸ ਦੇ ਕੰਮਕਾਰ ਅਤੇ ਨਿਆਂਇਕ ਪ੍ਰਕਿਰਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਭਾਵਿਤ ਕਰਦੇ ਹਨ। ਸਿਰਫ਼ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾਉਣ ਦੇ ਨਤੀਜੇ ਵਜੋਂ ਤੁਰੰਤ ਕੈਦ ਹੋ ਸਕਦੀ ਹੈ, ਜੋ ਉਨ੍ਹਾਂ ਦੇ ਅਸਰ-ਰਸੂਖ਼ ਦੀ ਹੱਦ ਨੂੰ ਦਰਸਾਉਂਦਾ ਹੈ।

ਭਾਰਤੀ ਕਾਨੂੰਨ ਅਧੀਨ, ਆਪੇ ਬਣੇ ਗਊ ਰੱਖਿਅਕ ਕਾਨੂੰਨ ਤੋਂ ਉੱਪਰ ਨਹੀਂ ਹਨ। ਹਾਲਾਂਕਿ, ਮੋਦੀ ਦੇ ਰਾਜ ਅਧੀਨ, ਸਥਿਤੀ ਅਕਸਰ ਉਲਟ ਦਿਖਾਈ ਦਿੰਦੀ ਹੈ। ਗਊ ਰੱਖਿਅਕਾਂ ਦਾ ਆਪਹੁਦਰਾ ਨਿਆਂ ਗ਼ੈਰ-ਕਾਨੂੰਨੀ ਹੈ, ਫਿਰ ਵੀ ਮਨੁੱਖੀ ਅਧਿਕਾਰ ਸੰਗਠਨਾਂ ਨੇ ਦਸਤਾਵੇਜ਼ੀਕਰਨ ਕੀਤਾ ਹੈ ਕਿ ਇਹ ਸਮੂਹ ਕਮਜ਼ੋਰ ਕਾਨੂੰਨ ਲਾਗੂ ਕਰਨ ਅਤੇ ਕੁਝ ਮਾਮਲਿਆਂ ਵਿੱਚ ਰਾਜ ਪੱਧਰੀ ਕਾਨੂੰਨੀ ਸੁਰੱਖਿਆ ਦੇ ਕਾਰਨ ਅਕਸਰ ਸਜ਼ਾ ਦਾ ਡਰ ਨਾ ਹੋਣ ਦੀ ਸੋਚ ਨਾਲ ਕੰਮ ਕਰਦੇ ਹਨ। ਗੈਰ-ਕਾਨੂੰਨੀ ਹੱਤਿਆਵਾਂ, ਭੀੜ ਦੁਆਰਾ ਲਿੰਚਿੰਗ ਅਤੇ ਸਰੀਰਕ ਹਮਲੇ ਭਾਰਤੀ ਨਿਆਇ ਸੰਹਿਤਾ (ਬੀ.ਐੱਨ.ਐੱਸ.) ਅਧੀਨ ਗੰਭੀਰ ਫ਼ੌਜਦਾਰੀ ਅਪਰਾਧ ਹਨ। ਭਾਰਤ ਦੀ ਸੁਪਰੀਮ ਕੋਰਟ ਵਾਰ-ਵਾਰ ਰਾਜਾਂ ਨੂੰ ਭੀੜ ਹਿੰਸਾ ਅਤੇ ਵਿਜੀਲੈਂਟਿਜ਼ਮ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਦਾ ਨਿਰਦੇਸ਼ ਦੇ ਚੁੱਕੀ ਹੈ, ਪਰ ਇਹ ਨਿਰਦੇਸ਼ ਅਕਸਰ ਬੇਅਸਰ ਸਾਬਤ ਹੋਏ ਹਨ। ਹਿਊਮਨ ਰਾਈਟਸ ਵਾਚ ਨੇ ਇਸ ਗੱਲ 'ਤੇ ਚਾਨਣਾ ਪਾਇਆ ਹੈ ਕਿ ਵਿਜੀਲੈਂਟਾਂ ਨੂੰ ਅਕਸਰ ਬਹੁਤ ਘੱਟ ਜਾਂ ਕੋਈ ਨਤੀਜਾ ਨਹੀਂ ਭੁਗਤਣਾ ਪੈਂਦਾ। ਕਮਜ਼ੋਰ ਕਾਨੂੰਨ ਲਾਗੂ ਕਰਨ, ਦੇਰੀ ਨਾਲ ਹੋਣ ਵਾਲੇ ਮੁਕੱਦਮੇ ਅਤੇ ਵਾਰ-ਵਾਰ ਬਰੀ ਹੋਣ ਕਾਰਨ ਇਹ ਧਾਰਨਾ ਬਣਦੀ ਹੈ ਕਿ ਅਜਿਹੇ ਸਮੂਹ ਜਵਾਬਦੇਹੀ ਤੋਂ ਬਚ ਜਾਂਦੇ ਹਨ।

ਬਹੁਤ ਸਾਰੇ ਰਾਜਾਂ ਵਿੱਚ ਗਊ-ਹੱਤਿਆ 'ਤੇ ਪਾਬੰਦੀ ਜਾਂ ਰੋਕ ਹੈ, ਹਾਲਾਂਕਿ ਲਾਗੂ ਕਰਨ ਦੇ ਤਰੀਕੇ ਵਿਆਪਕ ਤੌਰ 'ਤੇ ਵੱਖ-ਵੱਖ ਹਨ। ਕੁਝ ਰਾਜਾਂ ਵਿੱਚ ਕਠੋਰ ਗਊ-ਰੱਖਿਆ ਕਾਨੂੰਨਾਂ ਵਿੱਚ ਅਜਿਹੀਆਂ ਧਾਰਾਵਾਂ ਸ਼ਾਮਲ ਹਨ, ਜੋ ਉਨ੍ਹਾਂ ਦੇ ਕਾਰਿਆਂ ਨੂੰ ਪਸ਼ੂਆਂ ਦੀ ਰੱਖਿਆ ਕਰਦੇ ਸਮੇਂ 'ਸਦਭਾਵਨਾ' ਨਾਲ ਕੀਤਾ ਗਿਆ ਮੰਨਣ ਜਾਣ ਦੀ ਸੂਰਤ 'ਚ ਵਿਜੀਲੈਂਟਾਂ ਜਾਂ ਅਧਿਕਾਰੀਆਂ ਨੂੰ ਕਾਨੂੰਨੀ ਛੋਟ ਦਿੰਦੀਆਂ ਹਨ। 'ਸਦਭਾਵਨਾ' ਸ਼ਬਦ ਵਿੱਚ ਸਪੱਸ਼ਟਤਾ ਦੀ ਘਾਟ ਹੈ ਅਤੇ ਇਹ ਕਾਨੂੰਨ ਨੂੰ ਲਾਗੂ ਕਰਨ ਦੀ ਆੜ ਵਿੱਚ ਘੱਟ-ਗਿਣਤੀ ਭਾਈਚਾਰਿਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਦਲਿਤਾਂ ਨੂੰ ਪਰੇਸ਼ਾਨ ਕਰਨ ਅਤੇ ਉਨ੍ਹਾਂ 'ਤੇ ਹਮਲਾ ਕਰਨ ਲਈ ਭੀੜ ਨੂੰ ਸ਼ਕਤੀ ਪ੍ਰਦਾਨ ਕਰ ਸਕਦਾ ਹੈ।

ਆਰਥਿਕ ਹਕੀਕਤਾਂ ਮਾਮਲੇ ਨੂੰ ਹੋਰ ਗੁੰਝਲਦਾਰ ਬਣਾਉਂਦੀਆਂ ਹਨ। ਪਸ਼ੂ ਵਪਾਰ ਖੇਤੀਬਾੜੀ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਹੈ, ਜਿਸ ਤੋਂ ਹਿੰਦੂ ਕਿਸਾਨਾਂ ਅਤੇ ਮੁਸਲਿਮ ਵਪਾਰੀਆਂ ਦੋਵਾਂ ਨੂੰ ਲਾਭ ਹੁੰਦਾ ਹੈ। ਸਖ਼ਤ ਕਾਰਵਾਈਆਂ ਅਤੇ ਹੱਤਿਆ 'ਤੇ ਪਾਬੰਦੀਆਂ ਰੋਜ਼ੀ-ਰੋਟੀ ਅਤੇ ਵਿਆਪਕ ਮਾਸ ਅਤੇ ਚਮੜਾ ਨਿਰਯਾਤ ਉਦਯੋਗਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਪਸ਼ੂਧਨ ਉਦਯੋਗ ਖੇਤੀਬਾੜੀ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਹੈ। ਮੁਕੰਮਲ ਰਾਸ਼ਟਰਵਿਆਪੀ ਪਾਬੰਦੀ ਵੱਡੀਆਂ ਗੁੰਝਲਾਂ ਪੈਦਾ ਕਰੇਗੀ, ਕਿਉਂਕਿ ਲੱਖਾਂ ਕਿਸਾਨ ਡੇਅਰੀ ਖੇਤਰ 'ਤੇ ਨਿਰਭਰ ਹਨ ਅਤੇ ਗੈਰ-ਦੁਧਾਰੂ ਪਸ਼ੂਆਂ ਦਾ ਬੰਦੋਬਸਤ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਖੇਤੀਬਾੜੀ ਪਰਵਾਰ ਆਰਥਿਕ ਤੌਰ 'ਤੇ ਬਰਬਾਦ ਨਾ ਹੋਣ। ਭਾਰਤ ਗਊ ਦਾ ਮਾਸ (ਮੁੱਖ ਤੌਰ 'ਤੇ ਮੱਝ ਦਾ ਮਾਸ) ਦੇ ਸਿਖ਼ਰਲੇ ਉਤਪਾਦਕਾਂ ਅਤੇ ਨਿਰਯਾਤਕਾਂ ਵਿੱਚੋਂ ਇੱਕ ਹੈ। ਵਿਆਪਕ ਰਾਸ਼ਟਰੀ ਪਾਬੰਦੀ ਇਸ ਅਰਬਾਂ-ਡਾਲਰ ਦੇ ਨਿਰਯਾਤ ਖੇਤਰ ਵਿਚ ਮਹੱਤਵਪੂਰਨ ਤੌਰ 'ਤੇ ਵਿਘਨ ਪਾਵੇਗੀ।

ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਸਟੇਟ ਆਫ਼ ਗੁਜਰਾਤ ਬਨਾਮ ਮਿਰਜ਼ਾਪੁਰ ਮੋਤੀ ਕੁਰੈਸ਼ੀ (2005) ਕੇਸ ਵਿੱਚ ਫ਼ੈਸਲਾ ਸੁਣਾਇਆ ਕਿ ਜਦੋਂ ਕਿ ਗਊ-ਹੱਤਿਆ 'ਤੇ ਪਾਬੰਦੀਆਂ ਸੰਵਿਧਾਨਕ ਤੌਰ 'ਤੇ ਵਾਜਬ ਹਨ, ਗੈਰ-ਦੁਧਾਰੂ ਜਾਂ ਆਰਥਿਕ ਤੌਰ 'ਤੇ ਗ਼ੈਰਉਪਜਾਊ ਪਸ਼ੂਆਂ ਦੀ ਹੱਤਿਆ 'ਤੇ ਮੁਕੰਮਲ ਪਾਬੰਦੀ ਕਸਾਈਆਂ ਦੇ ਵਪਾਰ ਅਤੇ ਕਿੱਤੇ ਦੇ ਮੂਲ ਅਧਿਕਾਰ ਦੀ ਗੰਭੀਰ ਉਲੰਘਣਾ ਕਰਦੀ ਹੈ। ਡਾ. ਬੀ.ਆਰ. ਅੰਬੇਡਕਰ ਵਰਗੇ ਆਗੂਆਂ ਦੀ ਅਗਵਾਈ ਵਿੱਚ ਸੰਵਿਧਾਨ ਸਭਾ ਨੇ ਮਾਨਤਾ ਦਿੱਤੀ ਕਿ ਪਸ਼ੂ ਦੁੱਧ, ਗੋਬਰ ਖਾਦ ਅਤੇ ਮਜ਼ਦੂਰੀ ਮੁਹੱਈਆ ਕਰਦੇ ਹੋਣ ਕਰਕੇ ਪੇਂਡੂ ਖੇਤੀਬਾੜੀ ਭਾਈਚਾਰਿਆਂ ਦੀ ਰੀੜ੍ਹ ਦੀ ਹੱਡੀ ਹਨ। ਆਰਥਿਕ ਹਕੀਕਤ ਇਹ ਹੈ ਕਿ ਮੁਕੰਮਲ ਪਾਬੰਦੀ ਖੇਤੀਬਾੜੀ ਗੁਜ਼ਾਰੇ ਵਿਚ ਵਿਘਨ ਪਾਵੇਗੀ, ਦਲਿਤ ਅਤੇ ਮੁਸਲਿਮ ਭਾਈਚਾਰਿਆਂ 'ਤੇ ਅਸਾਵੇਂ ਰੂਪ ਵਿੱਚ ਅਸਰ ਪਾਵੇਗੀ ਅਤੇ ਰਵਾਇਤੀ ਚਮੜਾ ਅਤੇ ਮਾਸ ਉਦਯੋਗਾਂ ਨੂੰ ਤਬਾਹ ਕਰ ਦੇਵੇਗੀ।

ਹਿੰਦੂ ਕਿਸਾਨ ਅਤੇ ਪਸ਼ੂ ਵਪਾਰੀ ਪਸ਼ੂ ਵਪਾਰ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਖੇਤੀਬਾੜੀ ਅਤੇ ਡੇਅਰੀ 'ਤੇ ਨਿਰਭਰ ਭਾਈਚਾਰਿਆਂ ਵਿੱਚ ਪਸ਼ੂਆਂ ਦੀ ਖ਼ਰੀਦ ਅਤੇ ਵਿਕਰੀ ਇੱਕ ਆਮ ਆਰਥਿਕ ਅਭਿਆਸ ਹੈ। ਹਿੰਦੂ ਪਸ਼ੂਧਨ ਮਾਲਕ ਅਕਸਰ ਡੇਅਰੀ ਉਦੇਸ਼ਾਂ ਲਈ ਗਾਵਾਂ ਪਾਲਦੇ ਹਨ ਅਤੇ ਘਰੇਲੂ ਪੈਸੇ-ਧੇਲੇ ਦੇ ਪ੍ਰਬੰਧ ਲਈ ਬੁੱਢੇ ਜਾਂ ਗ਼ੈਰਉਪਜਾਊ ਪਸ਼ੂਆਂ ਨੂੰ ਵੇਚ ਦਿੰਦੇ ਹਨ। ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ, ਹਿੰਦੂ ਡੇਅਰੀ-ਫਾਰਮਿੰਗ ਪਰਵਾਰ, ਜਿਨ੍ਹਾਂ ਵਿੱਚ ਘੋਸ਼ ਅਤੇ ਯਾਦਵ ਬਰਾਦਰੀਆਂ ਸ਼ਾਮਲ ਹਨ, ਕਰਜ਼ੇ ਚੁਕਾਉਣ, ਖੇਤੀਬਾੜੀ ਦੀ ਮਦਦ ਕਰਨ ਅਤੇ ਘਰੇਲੂ ਖ਼ਰਚਿਆਂ ਦੇ ਪ੍ਰਬੰਧ ਲਈ ਬੁੱਢੇ ਪਸ਼ੂਆਂ ਨੂੰ ਵੇਚਣ 'ਤੇ ਨਿਰਭਰ ਕਰਦੇ ਹਨ।

27 ਮਈ ਨੂੰ ਬਕਰੀਦ ਮਨਾਏ ਜਾਣ ਕਾਰਨ ਪੂਰੇ ਬੰਗਾਲ ਵਿੱਚ ਹਜ਼ਾਰਾਂ ਹਿੰਦੂ ਵਪਾਰੀਆਂ ਨੇ ਹੱਤਿਆ 'ਤੇ ਪਾਬੰਦੀ ਹਟਾਉਣ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕੀਤਾ ਹੈ। ਬਹੁਤ ਸਾਰੇ ਛੋਟੇ ਵਪਾਰੀਆਂ ਨੇ ਮੁਸਲਿਮ ਖ਼ਰੀਦਦਾਰਾਂ ਨੂੰ ਵਿਕਰੀ ਲਈ ਪਸ਼ੂਆਂ ਦੀ ਖ਼ਰੀਦ ਵਿੱਚ ਲੱਖਾਂ ਰੁਪਏ ਨਿਵੇਸ਼ ਕੀਤੇ ਸਨ। ਹਾਲਾਂਕਿ ਇਮਾਮ ਦੀ ਅਪੀਲ ਤੋਂ ਬਾਅਦ ਬਹੁਤ ਸਾਰੇ ਮੁਸਲਮਾਨਾਂ ਨੇ ਗਾਵਾਂ ਦੀ ਕੁਰਬਾਨੀ ਨਾ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਹਿੰਦੂ ਵਪਾਰੀ ਮੁਸ਼ਕਲ ਸਥਿਤੀ ਵਿੱਚ ਫਸ ਗਏ ਹਨ। ਸਰਕਾਰੀ ਹੁਕਮ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਦੌਰਾਨ ਕਈ ਸਥਾਨਾਂ 'ਤੇ ਪੁਲਸ ਨਾਲ ਝੜਪਾਂ ਵੀ ਹੋਈਆਂ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਗਊ-ਰੱਖਿਆ ਦੀ ਵਰਤੋਂ ਨਿਹਿਤ ਸਵਾਰਥੀ ਅਨਸਰਾਂ ਦੁਆਰਾ ਪਛਾਣ ਦੀ ਰਾਜਨੀਤੀ ਨੂੰ ਮਜ਼ਬੂਤ ਕਰਨ ਅਤੇ ਘੱਟ ਗਿਣਤੀਆਂ 'ਤੇ ਦਬਦਬਾ ਬਣਾਉਣ ਲਈ ਕੀਤੀ ਜਾਂਦੀ ਹੈ। ਖੋਜ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਹਮਲੇ ਅਸਲ ਵਿੱਚ ਗਊ ਦਾ ਮਾਸ ਖਾਣ ਨੂੰ ਲੈ ਕੇ ਨਹੀਂ ਹੁੰਦੇ, ਬਲਕਿ ਅਕਸਰ ਅਫਵਾਹਾਂ ਜਾਂ ਝੂਠੇ ਦੋਸ਼ਾਂ ਦੇ ਅਧਾਰ 'ਤੇ ਡਰਾਉਣ-ਧਮਕਾਉਣ ਦੇ ਸੰਦ ਵਜੋਂ ਕੰਮ ਕਰਦੇ ਹਨ।

ਨਖੋਦਾ ਮਸਜਿਦ ਦੇ ਇਮਾਮ ਦੀ ਅਪੀਲ ਨੇ ਬਕਰੀਦ ਤੋਂ ਪਹਿਲਾਂ ਪਸ਼ੂ ਵਪਾਰ ਦੇ ਪੈਮਾਨੇ ਅਤੇ ਗਤੀਸ਼ੀਲਤਾ ਨੂੰ ਸਿੱਧਾ ਪ੍ਰਭਾਵਿਤ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪਸ਼ੂ ਮੰਡੀਆਂ ਵਿੱਚ ਮੁਸਲਿਮ ਖ਼ਰੀਦਦਾਰਾਂ ਵਿੱਚ ਗਿਣਨਯੋਗ ਕਮੀ ਆਈ ਹੈ। ਪਸ਼ੂਧਨ ਦੀ ਮੰਡੀ ਦੇ ਰੁਝਾਨਾਂ ਦੇ ਅਧਾਰ 'ਤੇ ਸਥਾਨਕ ਵਪਾਰ ਦੀ ਮਾਤਰਾ ਪੂਰੇ ਰਾਜ ਵਿੱਚ ਲੱਗਭੱਗ ?2,000 ਕਰੋੜ ਹੋਣ ਦਾ ਅੰਦਾਜ਼ਾ ਹੈ, ਹਾਲਾਂਕਿ ਸਹੀ ਪੈਮਾਨਾ ਉਪਲੱਬਧਤਾ ਅਤੇ ਬਜ਼ਾਰ ਦੀਆਂ ਸਥਿਤੀਆਂ ਦੇ ਅਧਾਰ 'ਤੇ ਵਧਦਾ-ਘਟਦਾ ਹੈ। ਇੱਕ ਔਸਤ ਬੱਕਰੇ ਦਾ ਮੁੱਲ ਉਸ ਦੀ ਨਸਲ ਅਤੇ ਭਾਰ ਦੇ ਅਧਾਰ 'ਤੇ 10 ਹਜ਼ਾਰ ਰੁਪਏ ਤੋਂ ਲੈ ਕੇ ਇਕ ਲੱਖ ਤੱਕ ਕਿਤੇ ਵੀ ਹੋ ਸਕਦਾ ਹੈ। ਲੱਖਾਂ ਰੁਪਏ ਇਨ੍ਹਾਂ ਸਥਾਨਕ ਮੰਡੀਆਂ ਵਿੱਚ ਪ੍ਰਚਲਣ ਵਿਚ ਹੁੰਦੇ ਹਨ, ਜਿਸ ਤੋਂ ਮੁੱਖ ਤੌਰ 'ਤੇ ਪੇਂਡੂ ਪੱਛਮੀ ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਅਤੇ ਵਪਾਰੀਆਂ ਨੂੰ ਲਾਭ ਹੁੰਦਾ ਹੈ।

ਇਸ ਵਾਰ ਸਭ ਤੋਂ ਵੱਧ ਪੀੜਤ ਹਿੰਦੂ ਵਪਾਰੀ ਹਨ। ਪਸ਼ੂਆਂ ਨਾਲ ਲੱਦੇ ਟਰੱਕ ਕਸਬਿਆਂ ਅਤੇ ਸ਼ਹਿਰਾਂ ਦੇ ਬਾਹਰ ਖੜ੍ਹੇ ਰਹਿੰਦੇ ਹਨ, ਜਦੋਂ ਕਿ ਮੁਸਲਿਮ ਖ਼ਰੀਦਦਾਰ ਉਨ੍ਹਾਂ ਨੂੰ ਖ਼ਰੀਦਣ ਤੋਂ ਇਨਕਾਰੀ ਹਨ। ਤਕਨੀਕੀ ਤੌਰ 'ਤੇ ਇਹ ਆਰਥਿਕ ਅਲੱਗ-ਥਲੱਗਤਾ ਦਾ ਇੱਕ ਰੂਪ ਜਾਪਦਾ ਹੈ। ਅੰਦੋਲਨਕਾਰੀ ਵਪਾਰੀ ਦੁੱਖ ਰੋਂਦੇ ਹਨ ਕਿ ਉਹ ਆਰਥਿਕ ਤੌਰ 'ਤੇ ਬਰਬਾਦ ਹੋ ਗਏ ਹਨ ਅਤੇ ਨੁਕਸਾਨ ਵਿੱਚੋਂ ਬਾਹਰ ਆਉਣਾ ਉਨ੍ਹਾਂ ਲਈ ਬਹੁਤ ਮੁਸ਼ਕਲ ਹੋਵੇਗਾ। ਮੰਡੀ ਦਾ ਆਕਾਰ ਤੇਜ਼ੀ ਨਾਲ ਉਤਰਾਅ-ਚੜ੍ਹਾਅ ਕਰ ਸਕਦਾ ਹੈ। ਪਸ਼ੂਧਨ ਢੋਆ-ਢੁਆਈ ਅਤੇ ਹੱਤਿਆ ਨਿਯਮਾਂ ਦੀ ਸਖ਼ਤ ਤਬਦੀਲੀ ਪੇਂਡੂ ਪਾਲਕਾਂ ਅਤੇ ਵਪਾਰੀਆਂ ਲਈ ਸਪਲਾਈ ਵਿੱਚ ਵਿਘਨ ਅਤੇ ਗੰਭੀਰ ਆਰਥਿਕ ਸੰਕਟ ਪੈਦਾ ਕਰ ਸਕਦੀ ਹੈ।

ਧੁਲ-ਹਿੱਜਾ ਇਸਲਾਮੀ ਜਾਂ ਹਿਜਰੀ ਕੈਲੰਡਰ ਦਾ ਬਾਰ੍ਹਵਾਂ ਅਤੇ ਸਭ ਤੋਂ ਪਵਿੱਤਰ ਮਹੀਨਾ ਮੰਨਿਆ ਜਾਂਦਾ ਹੈ।ਇਸ ਨੂੰ ਹੱਜ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਦੌਰਾਨ ਦੁਨੀਆ ਭਰ ਦੇ ਮੁਸਲਮਾਨ ਬੱਕਰੀ, ਭੇਡ, ਗਊ ਜਾਂ ਊਠ ਵਰਗੇ ਜਾਨਵਰਾਂ ਦੀ ਕੁਰਬਾਨੀ ਦਿੰਦੇ ਹਨ ਤਾਂ ਕਿ ਪੈਗੰਬਰ ਇਬਰਾਹੀਮ ਦੁਆਰਾ ਅੱਲ੍ਹਾ ਦੀ ਖ਼ਾਤਰ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਤੱਤਪਰਤਾ ਨੂੰ ਚੇਤੇ ਕੀਤਾ ਜਾ ਸਕੇ। ਕੁਰਬਾਨੀ ਦੇ ਬਹੁਤ ਸਾਰੇ ਨਿਯਮ ਹਨ, ਜਿਨ੍ਹਾਂ ਦੀ ਕੁਰਬਾਨੀ ਦੇ ਜਾਇਜ਼ ਹੋਣ ਲਈ ਪਾਲਣਾ ਕੀਤੀ ਜਾਣੀ ਜ਼ਰੂਰੀ ਹੈ।

ਭਾਰਤ ਲਗਾਤਾਰ ਦੁਨੀਆ ਵਿਚ ਗਊ ਦੇ ਮਾਸ ਦਾ ਨਿਰਯਾਤ ਕਰਨ ਵਾਲੇ ਸਿਖ਼ਰਲੇ ਨਿਰਯਾਤਕਾਂ ਵਿੱਚੋਂ ਇੱਕ ਹੈ ਅਤੇ ਭਾਰਤ ਦੀਆਂ ਬਹੁਤ ਸਾਰੀਆਂ ਸਭ ਤੋਂ ਵੱਡੀਆਂ ਮਾਸ-ਨਿਰਯਾਤ ਕੰਪਨੀਆਂ ਹਿੰਦੂ ਪਰਵਾਰਾਂ ਦੀ ਮਲਕੀਅਤ ਹਨ ਜਾਂ ਉਹ ਕੰਪਨੀਆਂ ਦੇ ਸੰਚਾਲਕ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪਰਵਾਸ ਹੰਢਾਉਂਦੇ ਮਨੁੱਖ ਦੀਆਂ ਦੁਸ਼ਵਾਰੀਆਂ ਦਾ ਪ੍ਰਵਚਨ

## ਕਿਲ੍ਹਾ ਘੱਗਰ ਜੱਟਾਂ

(ਨਾਵਲ)
**ਗੁਰਪ੍ਰੀਤ ਸਹਿਜੀ**
**ਮੁੱਲ-350 ਰੁਪਏ, ਸਫ਼ੇ-184**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**






**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਅਨੁਰਾਗ ਸ਼ਰਮਾ**

ਗੁਰਪ੍ਰੀਤ ਸਹਿਜੀ ਪੰਜਾਬੀ ਨਾਵਲਕਾਰੀ ਦੇ ਖੇਤਰ ਵਿੱਚ ਇਕ ਸਥਾਪਤ ਨਾਵਲਕਾਰ ਹੈ।ਭਾਰਤੀ ਸਾਹਿਤ ਅਕਾਦਮੀ ਵੱਲੋਂ ਇਸ ਨੂੰ ਯੁਵਾ ਸਾਹਿਤਕਾਰ ਦੇ ਸਨਮਾਨ ਨਾਲ ਨਿਵਾਜਿਆ ਹੈ। ਡਾਕਟਰ ਸੁਖਰਾਜ ਹੱਥਲੇ ਨਾਵਲ ਦੇ ਸਭ ਤੋਂ ਪਿਛਲੇ ਪੰਨੇ 'ਤੇ ਉਸ ਦਾ ਪ੍ਰੀਚੈ ਕਰਾਉਂਦਾ ਕਹਿੰਦਾ ਹੈ, ਲਿਖਤ ਨੇ ਉਸ ਨੂੰ ਨਾਮ, ਪੈਸਾ, ਸ਼ੌਂਕ ਤੇ ਰੁਜ਼ਗਾਰ ਪ੍ਰਦਾਨ ਕੀਤਾ ਹੈ। ਨਾਵਲ ਉਸ ਦੀ ਮਨ ਪਸੰਦ ਵਿਧਾ ਹੈ।ਗੁਰਪ੍ਰੀਤ ਨੇ ਪੰਜਾਬੀ ਸਾਹਿਤ ਨੂੰ 20 ਕੁ ਨਾਵਲ ਪ੍ਰਦਾਨ ਕੀਤੇ ਹਨ। ਇਸ ਤੋਂ ਇਲਾਵਾ ਕਹਾਣੀਆਂ, ਸੰਵਾਦ ਅਤੇ ਫਿਲਮੀ ਕਹਾਣੀਆਂ ਆਦਿ ਵੀ ਉਸ ਨੇ ਲਿਖੀਆਂ ਹਨ। ਹਥਲਾ ਨਾਵਲ ਉਸ ਦਾ 'ਕਿਲ੍ਹਾ ਘੱਗਰ ਜੱਟਾਂ' ਪਾਤਰ ਪ੍ਰਧਾਨ ਰਚਨਾ ਹੈ। ਨਾਵਲ ਦਾ ਥੀਮ ਪਰਵਾਸ ਹੰਢਾਉਂਦਿਆਂ ਉਨ੍ਹਾਂ ਦੁਸ਼ਵਾਰੀਆਂ ਨਾਲ ਸੰਬੰਧਤ ਹੈ, ਜਿਹੜੀਆਂ ਪਰਵਾਸੀਆਂ ਨੂੰ ਝੱਲਣੀਆਂ ਪੈਂਦੀਆਂ ਹਨ।ਪਰਵਾਸ ਚਾਹੇ ਦੇਸ਼ ਵਿੱਚ ਇੱਕ ਖਿੱਤੇ ਤੋਂ ਦੂਜੇ ਖਿੱਤੇ 'ਚ ਕੀਤਾ ਜਾਵੇ ਜਾਂ ਇੱਕ ਦੇਸ਼ ਤੋਂ ਦੂਸਰੇ ਦੇਸ਼ ਕੀਤਾ ਜਾਵੇ ਪਰਵਾਸ ਕਰਨ ਦੀ ਮਜਬੂਰੀ, ਸੱਭਿਆਚਾਰਕ ਦਬਾਅ ਅਤੇ ਤਨਾਓ ਇਹ ਪਰਵਾਸੀਆਂ ਨੂੰ ਝੱਲਣਾ ਹੀ ਪੈਂਦਾ ਹੈ। ਹਾਂ ਇਸ ਦਾ ਸਵਰੂਪ ਵਾਤਾਵਰਨ ਅਤੇ ਖਿੱਤੇ ਅਨੁਸਾਰ ਵੱਖੋ-ਵੱਖਰਾ ਹੋ ਸਕਦਾ ਹੈ।ਡਾਕਟਰ ਸੁਰਿੰਦਰ ਕੁਮਾਰ ਦਵੇਸ਼ਵਰ ਅਨੁਸਾਰ ਦੋ ਤਰ੍ਹਾਂ ਦੇ ਸੱਚ 'ਚ ਵੰਡਿਆ ਪਰਵਾਸੀ ਜਿਸ ਤਰ੍ਹਾਂ ਦਾ ਸਮਾਜ ਸੱਭਿਆਚਾਰਕ ਮਾਨਸਿਕ ਤੇ ਭਾਵੁਕ ਪੱਧਰ 'ਤੇ ਤਨਾਓ ਹੰਢਾਉਂਦਾ ਹੈ, ਇਸ ਪੀੜ ਦੀ ਧੁਨੀ ਨਾਵਲ ਦੇ ਸਮੁੱਚੇ ਬਿਰਤਾਂਤ ਦੇ ਆਰ-ਪਾਰ ਫੈਲੀ ਹੈ। ਇਸ ਸਾਰੇ ਦਾ ਭਰਵਾਂ ਤੇ ਸੰਘਣਾ ਗਲਪੀ ਬਿੰਬ ਇਸ ਨਾਵਲ ਵਿੱਚ ਮੂਰਤੀਮਾਨ ਹੋਇਆ ਹੈ।(ਆਖਰੀ ਸਫਾ) ਪਰਵਾਸ ਦੇ ਕਾਰਨ ਕਈ ਹੋ ਸਕਦੇ ਹਨ, ਪਰ ਬਹੁਤਾ ਕਰਕੇ ਪੰਜਾਬੀ ਸਾਹਿਤਕਾਰਾਂ ਨੇ ਆਰਥਿਕਤਾ ਨੂੰ ਹੀ ਲਿਆ ਹੈ। ਜਿਵੇਂ ਇਸ ਨਾਵਲ ਵਿੱਚ ਬਿਹਾਰ ਤੋਂ ਆਏ ਪਰਵਾਸੀ ਦਇਆ ਰਾਮ ਅਤੇ ਜੱਟ ਪਰਵਾਰ ਦੇ ਇੱਕ ਜੀਅ ਅਰਬੀਰ ਦੇ ਪਰਵਾਸ ਦੇ ਕਾਰਨ ਦੇਖਣ ਵਿੱਚ ਭਾਵੇਂ ਵੱਖੋ-ਵੱਖਰੇ ਹਨ, ਪਰ ਇਹਨਾਂ ਪਿੱਛੇ ਕੰਮ ਕਰਦਾ ਇੱਕੋ ਤੱਤ ਆਰਥਿਕਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਖਾਸ ਕਰ ਵਿਕਸਿਤ ਦੇਸ਼ਾਂ ਵੱਲ ਪਰਵਾਸ ਕਰਨ ਦਾ ਇਹ ਬਿੰਦੂ ਬੜਾ ਮਹੱਤਵਪੂਰਨ ਹੈ। ਇੰਜ ਹੀ ਦੇਸ਼ ਵਿੱਚ ਆਰਥਿਕ ਤੌਰ 'ਤੇ ਮਜ਼ਬੂਤ ਸੂਬੇ ਵੱਲ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦਾ ਪਰਵਾਸ ਹੁੰਦਾ ਹੈ।

ਇਸ ਨਾਵਲ ਦੇ ਪਾਤਰ ਦਇਆਰਾਮ ਦਾ ਬਿਹਾਰ ਤੋਂ ਪੰਜਾਬ ਆਉਣ ਦਾ ਕਾਰਨ ਘਰ ਦੀ ਮਾੜੀ ਹਾਲਤ ਹੈ। ਉਹ ਆਪਣੀ ਜ਼ਿੰਦਗੀ ਦੇ ਕੁਝ ਜ਼ਰੂਰੀ ਸੁਪਨਿਆਂ ਨੂੰ ਪੂਰਾ ਕਰਨ ਲਈ ਪੰਜਾਬ ਆਉਂਦਾ ਹੈ। ਦਇਆਰਾਮ ਆਪਣੇ ਪਰਵਾਸ ਦਾ ਕਾਰਨ ਦੱਸਦਾ ਹੋਇਆ ਕਹਿੰਦਾ ਹੈ, ਧਾਨ ਮੇ ਅਬ ਕੁਛ ਨਹੀ ਖੇ, ਜ਼ਮੀਨ ਤਾ ਬਾਕੀ, ਉਪਰ ਵਾਲਾ ਰੋਜੀ ਰੋਟੀ ਨਾ ਦੇਹਲਸ, ਜੇ ਬਾਕੀ ਲੋਕ ਦਿੱਲੀ ਹਮਕੀ ਤਰ੍ਹਾਂ ਪੰਜਾਬ ਮੇ ਜਾ ਕਰ ਮਜਦੂਰੀ ਕਰਤ, ਉਹ ਕਰਮ ਅਬ ਹਮਰੋ ਹੈ। (ਸਫਾ 10) ਦਇਆਰਾਮ ਆਪਣੇ ਪਿਓ ਦੀ ਮੌਤ ਤੋਂ ਬਾਅਦ ਬੇਸਹਾਰਾ ਤੇ ਗਰੀਬ ਹੋ ਜਾਣ ਤੋਂ ਰੋਜ਼ੀ-ਰੋਟੀ ਲਈ ਪੰਜਾਬ ਪਹੁੰਚਦਾ ਹੈ। ਪੰਜਾਬ ਉਸ ਨੂੰ ਮਾਧੋਦਾਸ ਨਾਂਅ ਦਾ ਇੱਕ ਠੇਕੇਦਾਰ ਲਿਆਉਂਦਾ ਹੈ, ਜਿਹੜਾ ਆਖਦਾ ਹੈ, 'ਦਿਆ, ਤੋਹਰ ਈ ਹਾਲ ਮੇ ਹਾਥ ਪੇ ਹਾਥ ਧਰ ਕੇ ਬਈਠਨ ਸੇ ਕੁਛੂ ਨਹੀ ਹੋਏ ਇਗੋ ਸਦਾਰ ਸਾਹਿਬ ਬਾ ਪੰਜਾਬ ਸੇ, ਊ ਬੋਲਤ ਕੇ ਮਜ਼ਦੂਰ ਚਾਹੀਏ ਭਰੋਸੇ ਵਾਲਾ ਆਦਮੀ। ਹਮ ਸੋਚਨੀ, ਤੋਹਰ ਬਾਪ ਕੇ ਰਸਮ ਬਾਕੀ ਬਾ, ਪੈਸਾ ਕੇ ਜ਼ਰੂਰਤ ਬਾਤ ਕਾਹਿ ਨਾ ਤੋਹਕੇ ਭੇਜਦੀ।' (ਸਫਾ-147) ਉਧਰ ਦਇਆਰਾਮ ਦੇ ਮਾਲਕ ਦਾ ਮੁੰਡਾ ਅਰਬੀਰ ਭਾਵੇਂ ਆਪਣੀ ਪ੍ਰੇਮਿਕਾ ਨੂੰ ਖੁਸ਼ ਕਰਨ ਲਈ ਤੇ ਚੰਗੇ ਜੀਵਨ ਲਈ ਅਮਰੀਕਾ ਪਰਵਾਸ ਕਰਦਾ ਹੈ।ਪਰ ਉਸ ਦੇ ਪਿਓ ਦਾ ਅਸਲੀ ਮਕਸਦ ਤਾਂ ਜੀਵਨ ਨੂੰ ਪੈਸੇ ਰਾਹੀਂ ਸੁਖਾਲਾ ਕਰਨਾ ਹੈ। ਜਦੋਂ ਅਰਵੀਰ ਕਹਿੰਦਾ ਹੈ ਕਿ ਉਸ ਨੂੰ ਸਿਰਫ ਅਜੇ ਚਾਰ ਘੰਟੇ ਹੀ ਕੰਮ ਮਿਲੇਗਾ ਤਾਂ ਉਸ ਦੇ ਪਿਓ ਪ੍ਰਤਾਪ ਸਿੰਘ ਦੇ ਮਨ ਵਿੱਚ ਹੈ ਚਾਰ ਘੰਟਿਆਂ ਨਾਲ ਤਾਂ ਸਾਲਾ ਵਿਆਜ ਨਹੀਂ ਮੁੜਨ ਵਾਲਾ, ਲਿਮਟਾਂ ਦਾ ਉਹਦਾ ਫਿਕਰ ਬੋਲਿਆ।(ਸਫਾ-27) ਦਇਆਰਾਮ ਅਤੇ ਅਰਬੀਰ ਦੇ ਪਰਵਾਸ ਦੇ ਕਾਰਨਾਂ ਵਿੱਚ ਫਰਕ ਏਨਾ ਹੀ ਹੈ ਕਿ ਦਇਆ ਰਾਮ ਦੇ ਪਰਵਾਸ ਦਾ ਕਾਰਨ ਲੇਖਕ ਦੇ ਸਿੱਧਾ ਬਿਆਨਿਆ ਹੈ ਪਰ ਅਰਬੀਰ ਬਾਪੂ ਦੀ ਖੁਸ਼ਹਾਲ ਜੀਵਨ ਜਿਉਣ ਦੀ ਇੱਛਾ ਅਤੇ ਆਪਣੀ ਪ੍ਰੇਮਿਕਾ ਦੀ ਜ਼ਿੱਦ ਪੂਰੀ ਕਰਨ ਲਈ ਪਰਵਾਸ ਧਾਰਨ ਕਰਦਾ ਹੈ। ਉਸ ਦੀ ਪ੍ਰੇਮਿਕਾ ਕਿਰਨ ਉਸ ਨੂੰ ਕਹਿੰਦੀ ਹੈ, ਮੈਂ ਵੀ ਇਹੀ ਚਾਹੁੰਦੀ ਆ ਨਾਲੇ ਬਾਪੂ ਦੀ ਡਿਮਾਂਡ ਪੂਰੀ ਹੋ ਜਾ ਮੈਨੂੰ ਵਿਲਾਇਤ 'ਚ ਵਿਆਉਣ ਵਾਲੀ ਨਾਲੇ ਆਪਾਂ ਵੀ ਬਿਨਾਂ ਦਿੱਕਤ ਤੋਂ ਇੱਕ-ਦੂਜੇ ਦੇ ਹੋ ਜਾਂਗੇ।— — ਬਸ ਕਿਵੇਂ ਨਾ ਕਿਵੇਂ ਕਰਕੇ ਯੂ ਕੇ ਜਾਂ ਅਮਰੀਕਾ ਜਾਣ ਦਾ ਹੀਲਾ ਕਰ ਲੈ, ਫੇਰ ਭੇਜੀ ਰਿਸ਼ਤਾ ਰੇਂਜ ਰੋਵਰ 'ਚ (ਸਫਾ-60) ਉਪਰੋਕਤ ਸਤਰਾਂ ਦਾ ਅਧਿਐਨ ਵੀ ਇਹੋ ਸਪੱਸ਼ਟ ਕਰਦਾ ਹੈ ਕਿ ਪਰਵਾਸ ਦੇ ਪਿੱਛੇ ਕਿਤੇ ਨਾ ਕਿਤੇ ਪੌਂਡਾਂ ਦੀ ਇੱਛਾ ਹੈ।

ਇਹ ਨਾਵਲ ਦੋ ਸੰਸਕ੍ਰਿਤੀਆਂ (ਮੂਲ ਆਵਾਸੀ ਤੇ ਪਰਵਾਸੀ) ਦੇ ਆਪਸੀ ਟਕਰਾਓ ਨੂੰ ਚਿਤਰਦਾ ਹੈ। ਬਿਹਾਰ ਤੋਂ ਆਇਆ ਪਰਵਾਸੀ ਦਇਆਰਾਮ ਪੰਜਾਬ ਵਿੱਚ ਆਪਣੀ ਗਰੀਬੀ, ਭਾਸ਼ਾ ਅਤੇ ਮਜਬੂਰੀ ਕਾਰਨ ਤਣਾਓ ਭੋਗਦਾ ਹੈ। ਉਹ ਜਿਸ ਘਰ ਵਿੱਚ ਕੰਮ ਕਰਦਾ ਹੈ, ਉਥੋਂ ਦੇ ਮਾਲਕ ਪਰਵਾਰ ਦੀ ਬਜ਼ੁਰਗ ਔਰਤ ਉਸ ਨੂੰ ਬੰਦਾ ਹੀ ਨਹੀਂ ਸਮਝਦੀ।ਉਹ ਉਸ ਨੂੰ ਨਫਰਤ ਕਰਦੀ ਹੈ। ਉਸ ਦੇ ਖਾਣ ਵਾਲੇ ਭਾਂਡੇ ਵੱਖਰੇ ਰੱਖਦੀ ਹੈ। ਇੱਥੋਂ ਤੱਕ ਕਿ ਉਸ ਨੂੰ ਘਰ ਅੰਦਰ ਵੜਨ ਦੀ ਵੀ ਇਜਾਜ਼ਤ ਨਹੀਂ ਹੈ। ਇੱਥੇ ਖੜ੍ਹੋ ਜਾ ਜੈ ਵੱਢੀ ਦਿਆ, ਗਿੱਟਿਆਂ ਨਾਲ ਪੰਸੇਰੀਆਂ ਤਾਂ ਨਹੀਂ ਬੰਨ੍ਹੀਆਂ, ਆਹ ਖੁਰੜੇ ਚੱਕ ਕੇ ਤੁਰ ਪਏ ਮਿੱਟੀ ਦੀ ਝਟੀ ਲਿਆਉਨਾ ਆਪਦੇ ਨਾਲ।(ਸਫਾ-85) ਗਲਤੀ ਨਾਲ ਜਦੋਂ ਦਇਆ ਰਾਮ ਦਾਦੀ ਦੇ ਪੈਰਾਂ ਨੂੰ ਹੱਥ ਲਾਉਂਦਾ ਹੈ, ਉਹਨੇ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਹਾਏ ਭਿਟਤਾ, ਮੈਨੂੰ ਵੀ ਕਲੰਕੀ ਕਰਤਾ, ਜਦੋਂ ਤੱਕ ਉਹਨੇ ਕੋਲ ਪਈ ਖੂੰਡੀ ਚੁੱਕ ਕੇ ਉਹਦੇ ਮਾਰਨੀ ਚਾਹੀ, ਉਹ ਦਰਵਾਜ਼ਾ ਲੰਘ ਗਿਆ ਸੀ। (ਸਫਾ-94) ਇਹ ਦਾਦੀ ਮੁੜ ਆਪਣੇ ਪੈਰ ਗੰਗਾ ਜਲ ਦੇ ਨਾਲ ਧੋ ਕੇ ਪਵਿੱਤਰ ਹੁੰਦੀ ਹੈ। ਇਸੇ ਤਰ੍ਹਾਂ ਬਿਹਾਰੀਆਂ ਪ੍ਰਤੀ ਨਫਰਤ ਇੱਕ ਘਟਨਾ ਵਿੱਚ ਜ਼ਾਹਰ ਹੁੰਦੀ ਹੈ ਜਦੋਂ ਪ੍ਰਤਾਪ ਮੀਟ ਬਣਾ ਕੇ ਆਪਣੀ ਜੁੰਡਲੀ ਨਾਲ ਖਾਂਦਾ ਹੈ ਤੇ ਖਾਣ ਤੋਂ ਬਾਅਦ ਹੱਡੀਆਂ ਨੂੰ ਦਇਆ ਰਾਮ ਦੇ ਭਾਂਡੇ ਵਿੱਚ ਪਾ ਦਿੰਦਾ ਹੈ। ਓਏ ਬਹਿ ਜਾ ਸੈਂਖੀ ਚੂੰਡ ਕੇ ਉਹਨੇ ਮੋਟਾ ਮੋਟਾ ਮਾਸ ਖਿੱਚ ਕੇ ਲਾਹ ਲਿਆ ਸੀ ਤੇ ਬਾਕੀ ਦੀ ਅੱਧ ਖਾਧੀ ਹੱਡੀ ਉਹਨੂੰ ਫੜਾ ਦਿੱਤੀ।ਦਇਆਰਾਮ ਨੇ ਹੱਡੀ ਨੂੰ ਦੋਵਾਂ ਹੱਥਾਂ ਦੇ ਬੁੱਕ ਵਿੱਚ ਕਿਸੇ ਕੀਮਤੀ ਚੀਜ਼ ਵਾਂਗ ਫੜਿਆ। (ਸਫਾ-90) ਮੂਲ ਸੱਭਿਆਚਾਰ ਦਾ ਗੌਣ ਸੱਭਿਆਚਾਰ ਪ੍ਰਤੀ ਪੂਰਵਾਗ੍ਰਹਿ ਵੀ ਮੌਜੂਦ ਹੈ। ਮੂਲ ਸੱਭਿਆਚਾਰ ਦਾ ਇਹ ਢੰਗ ਅਸਲ ਵਿੱਚ ਗੌਣ ਸੱਭਿਆਚਾਰ ਦੇ ਲੋਕਾਂ ਨੂੰ ਆਪਣੇ ਵਿੱਚ ਵਲੀਨ ਹੋਣ ਤੋਂ ਰੋਕਣਾ ਹੈ, ਇਸ ਲਈ ਉਹ ਹਰ ਕਿਸਮ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹਨਾਂ ਦੀ ਉੱਚਤਾ ਕਾਇਮ ਰਹੇ। ਇਹ ਵਿਸ਼ਵੀ ਵਰਤਾਰਾ ਹੈ, ਪਰ ਇਸ ਨਾਵਲ ਵਿੱਚ ਇਹ ਕੁਝ ਲਾਉਡ ਜਿਹਾ ਪੇਸ਼ ਹੋਇਆ ਹੈ। ਪੰਜਾਬੀਆਂ ਦਾ ਬਿਹਾਰੀਆਂ ਪ੍ਰਤੀ ਪੂਰਵਾਗ੍ਰਹਿ ਕੁਝ ਹੇਠ ਲਿਖੀਆਂ ਸਤਰਾਂ ਵਿੱਚ ਸਪੱਸ਼ਟ ਹੁੰਦਾ ਹੈ। ਲੈ ਬਿਹਾਰੀ ਨੂੰ ਜਦੋਂ ਆਪਦੇ ਭਾਂਡੇ 'ਚ ਹੀ ਰੋਟੀ ਖਵਾ ਦਿੱਤੀ ਫੇਰ ਤਾਂ ਮੌਤ ਨੂੰ ਮਾਸੀ ਕਹਿਣ ਵਾਲੀ ਕੋਈ ਕਸਰ ਰਹਿ ਗਈ ਅਤੇ ਊਂ ਸਾਲੇ ਇਹ ਦਿਨੋ-ਦਿਨ ਵਧੀ ਬਹੁਤ ਜਾਂਦੇ ਐ। (ਸਫਾ-84) ਇਸੇ ਤਰ੍ਹਾਂ ਆਏ ਦਿਨ ਸ਼ੱਕ ਵਿੱਚ ਬਿਹਾਰੀ ਲੋਕਾਂ ਦੀ ਕੁੱਟਮਾਰ ਜਿਵੇਂ ਦਇਆ ਰਾਮ ਦੀ ਹੋਈ ਹੈ, ਨੂੰ ਨਾਵਲਕਾਰ ਨੇ ਕਰੁਣਾਮਈ ਭਾਸ਼ਾ ਵਿੱਚ ਬਿਆਨਿਆ ਹੈ।ਇਹ ਮੂਲ ਸੱਭਿਆਚਾਰ ਦੀ ਹੈਜਮਨੀ ਹੈ। ਇਹੋ ਸੱਭਿਆਚਾਰਕ ਦਮਨ ਹੈ।

ਦੂਸਰੇ ਪਾਸੇ ਅਰਵੀਰ ਨੂੰ ਅਮਰੀਕਾ ਵਿੱਚ ਜਾ ਕੇ ਅਜਿਹੇ ਦਮਨ ਦਾ ਸ਼ਿਕਾਰ ਹੋਣਾ ਪੈਂਦਾ ਹੈ, ਪਰ ਉੱਥੇ ਸੱਭਿਆਚਾਰਕ ਦਮਨ ਦਾ ਤਰੀਕਾ ਸੱਭਿਆਚਾਰਕ ਹੀ ਹੈ। ਉੱਥੇ ਦੇ ਮੂਲ, ਵਿਕਸਿਤ, ਪੂੰਜੀਵਾਦੀ ਅਤੇ ਉਪਭੋਗੀ ਸੱਭਿਆਚਾਰ ਦਾ ਆਪਣਾ ਅਲਾਗਰਿਥਮ ਹੈ। ਉੱਥੇ ਦਾ ਸਿਸਟਮ ਹੌਲੀ-ਹੌਲੀ ਬੰਦੇ ਨੂੰ ਨਿਗਲਦਾ ਹੈ। ਇਸ ਸੱਭਿਆਚਾਰ ਨੂੰ ਨਾਵਲਕਾਰ ਐਮੀ, ਜੱਸੀ ਆਦਿ ਵਰਗੇ ਪਾਤਰਾਂ ਨੂੰ ਸਿਰਜ ਕੇ ਉਹਨਾਂ ਦੇ ਕਾਰ-ਵਿਹਾਰ ਰਾਹੀਂ ਪਾਠਕਾਂ ਦੇ ਸਾਹਮਣੇ ਲਿਆਉਂਦਾ ਹੈ। ਪਾਵੇਲ ਤੇ ਅਰਵੀਰ ਵਿਚਲੀ ਗੱਲਬਾਤ ਉਥੋਂ ਦੇ ਮੂਲ, ਵਿਕਸਿਤ, ਉਪਭੋਗੀ ਮਹਾਂਨਗਰੀ ਸੱਭਿਆਚਾਰ ਦੇ ਬਾਰੇ ਇੱਕ ਪ੍ਰਵਚਨ ਸਿਰਜਦੀ ਹੈ। ਜਿਵੇਂ ਹਾਂ ਲੋਕ ਇੱਥੇ ਸ਼ਾਂਤ ਹੋਣ ਦਾ ਮੂੰਹਾਂ 'ਤੇ ਫਿਲਟਰ ਲਾਈ ਰੱਖਦੇ ਐ, ਪਰ ਸ਼ਾਂਤੀ ਨਹੀਂ ਮਿਲਦੀ, ਪਰ ਫਿਰ ਵੀ ਹਰ ਕੋਈ ਆਪਣੇ ਆਪ ਨੂੰ ਅੰਡਰਸਟੈਂਡ ਕਰਨ ਦੀ ਕੋਸ਼ਿਸ਼ ਕਰਦੈ, ਲੋਕਾਂ ਦੇ ਰਿਸ਼ਤੇ ਵੀ ਅਜੀਬ ਐ, ਡਰਾਮਾ, ਇੰਸਟਾ ਮੋਮੈਂਟ, ਕੌਲਰ ਫਿਲਟਰ ਵਾਲੀ ਲਾਈਫ, ਇਨਫੈਕਟ ਹਰ ਕੋਈ ਤਣਾਓ ਵਿਚ ਐ। (ਸਫਾ-118) ਪਰਵਾਸੀਆਂ ਲਈ ਸਭ ਤੋਂ ਵੱਡੇ ਤਣਾਅ ਦਾ ਕਾਰਨ ਜਿਨਸੀ ਸੰਬੰਧ ਹਨ। ਪਰਵਾਸੀ ਅਰਧ ਸਾਮੰਤੀ ਬੰਦ ਸਮਾਜ ਵਿੱਚੋਂ ਨਿਕਲ ਕੇ ਇਕ ਖੁੱਲ੍ਹੇ ਸੰਬੰਧਾਂ ਵਾਲੇ ਸਮਾਜ ਵਿੱਚ ਜਦੋਂ ਪਹੁੰਚਦਾ ਹੈ ਤਾਂ ਤਣਾਅ ਦਾ ਸ਼ਿਕਾਰ ਹੁੰਦਾ ਹੈ। ਐਮੀ ਕਹਿੰਦੀ ਹੈ, 'ਇਹ ਨਿਊਯਾਰਕ ਹੈ, ਏਥੇ ਲੋਕ ਇਸ਼ਕ ਵੀ ਟਾਈਮ ਸਕਵੇਅਰ ਦੀਆਂ ਲਾਈਟਾਂ ਵਾਂਗ ਕਰਦੇ ਐ, ਇੱਕ ਪਲ ਚਮਕ ਦੂਜੇ ਪਲ ਹਨੇਰਾ। ਕਦੇ ਲੱਗਦਾ ਆਪਾਂ ਇਨਸਾਨ ਨੂੰ ਰੌਂਗ ਟਾਈਮ ਮਿਲ ਲੈਂਦੇ ਆਂ।' (ਸਫਾ-156) ਇਸ ਸੱਭਿਆਚਾਰ ਬਾਰੇ ਜੈਕੀ ਦੀ ਗੱਲ ਕਰਦਾ ਜੱਸੀ ਕਹਿੰਦਾ ਹੈ ਨਾਲੇ ਤੂੰ ਕੀ ਸੋਚਦਾ ਜੈਂਕੀ ਸੀਰੀਅਸ ਸੀ ਉਹਨੂੰ ਤਾਂ ਸਿਰਫ ਐਮੀ ਦੇ ਨਾਲ ਇੰਸਟਾ ਮੋਮੈਂਟ ਚਾਹੀਦਾ ਸੀ।( ਸਫਾ 113) ਅਰਵੀਰ ਇੱਥੇ ਆ ਕੇ ਖੁਦ ਮਹਿਸੂਸ ਕਰਦਾ ਹੈ ਕਿ ਉਸ ਦਾ ਇਹ ਸੱਭਿਆਚਾਰਕ ਦਮਨ ਉਸ ਲਈ ਮੁਸ਼ਕਲਾਂ ਪੈਦਾ ਕਰੇਗਾ। ਉਹ ਕਹਿੰਦਾ ਹੈ, ਪਰ ਹੁਣ ਲੱਗਦਾ ਇਹ ਮੇਰੇ ਪੰਜਾਬੀ ਕਲਚਰਲ ਇੰਸਟਿੰਕਟ ਤੇ ਇੱਥੋਂ ਦੇ ਹੁਕਅਪ ਕਲਚਰ ਨਾਲ ਕਲੈਸ਼ ਕਰੇਗਾ .., ਇਹ ਦਿਨ ਤਾਂ ਆਉਣਾ ਹੀ ਸੀ।(ਸਫਾ 112) ਤੇ ਉਹ ਦਿਨ ਆ ਵੀ ਜਾਂਦਾ ਹੈ ਜਦੋਂ ਐਮੀ ਖੁਦ ਪਹਿਲ ਕਰਦੀ ਅਰਵੀਰ ਦੇ ਨਾਲ ਜਿਨਸੀ ਸੰਬੰਧ ਸਥਾਪਤ ਕਰਨਾ ਚਾਹੁੰਦੀ ਹੈ, ਪਰ ਅਰਧ ਸਾਮੰਤੀ ਸੱਭਿਆਚਾਰਕ ਮਨਾਹੀਆਂ ਵਿੱਚੋਂ ਆਏ ਹੋਏ ਸਮਾਜ ਦਾ ਇਹ ਪਾਤਰ ਆਦਰਸ਼ਕ ਪ੍ਰੇਮ ਨੂੰ ਤਰਜੀਹ ਦਿੰਦਾ ਉਸ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਇਨਕਾਰ ਕਰ ਦਿੰਦਾ ਹੈ। ਐਮੀ ਲਈ ਇਹ ਸੰਬੰਧ ਸਿਰਫ ਕੁਝ ਦੇਰ ਆਪਣੀ ਜਿਨਸੀ ਭੁੱਖ ਨੂੰ ਵਰਚਾਉਣ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਛੋਟੀ, ਪਰ ਦੈਵੀ-ਵਿਵੇਕ ਵਾਲੀ ਜ਼ਿੰਦਗੀ ਦਾ ਦਰਸ਼ਨ

## ਖੁਸ਼ਬੂ

(ਕਵਿਤਾ ਤੇ ਵਾਰਤਕ)
**ਸ਼ਰੇਅ ਜਨਾਰਦਨ**
**ਅਨੁ. ਡਾ. ਹਰਕਮਲ ਕੌਰ**
**ਸਫ਼ੇ-88, ਮੁੱਲ-300 ਰੁਪਏ**

**ਸਾਹਿਤ ਚਿੰਤਨ**

**ਡਾ. ਪਾਲ ਕੌਰ**

ਅਸੀਂ ਨਵੀਂ ਪੀੜ੍ਹੀ ਤੋਂ ਅੱਜਕੱਲ੍ਹ ਬੜੇ ਨਿਰਾਸ਼ ਹੋ ਰਹੇ ਹਾਂ। ਸਾਡੀ ਸ਼ਿਕਾਇਤ ਹੈ ਕਿ ਨਵੀਂ ਪੀੜ੍ਹੀ ਜ਼ਿੰਦਗੀ ਤੇ ਸਮਾਜ ਤੇ ਜੀਵਨ ਦੀਆਂ ਕਦਰਾਂ-ਕੀਮਤਾਂ ਪ੍ਰਤੀ ਅਵੇਸਲੀ ਹੈ, ਉਹਦੀ ਸੋਚ ਤੇ ਦ੍ਰਿਸ਼ਟੀ ਵਿੱਚ ਗੰਭੀਰਤਾ ਨਹੀਂ। ਇਹ ਸਾਰੀਆਂ ਗੱਲਾਂ ਬਹੁਤੇ ਨੌਜਵਾਨਾਂ ਲਈ ਸੱਚ ਹੋ ਸਕਦੀਆਂ ਹਨ, ਪਰ 'ਕੋਈ ਹਰਿਆ ਬੂਟਾ' ਫਿਰ ਵੀ ਹੁੰਦਾ ਹੈ, ਜੋ ਇਸ ਪੀੜ੍ਹੀ ਵਿੱਚੋਂ ਸੂਰਜ ਬਣ ਚਮਕ ਉੱਠਦਾ ਹੈ, ਜਿਸ ਦੀ ਸੋਚ-ਸਮਝ, ਜਿਸ ਦਾ ਦ੍ਰਿਸ਼ਟੀਕੋਣ ਅਤੇ ਸੰਵੇਦਨਸ਼ੀਲਤਾ ਵਡੇਰਿਆਂ ਨਾਲੋਂ ਵੀ ਕਿਤੇ ਗਹਿਰੀ ਪ੍ਰਤੀਤ ਹੁੰਦੀ ਹੈ। ਉਂਜ ਤਾਂ ਵਡੇਰਿਆਂ ਵਿੱਚੋਂ ਵੀ ਕਈ, ਸਾਰੀ ਉਮਰ ਬਾਲ-ਵਰੇਸ ਜਿਉਂਦੇ ਰਹਿੰਦੇ ਹਨ, ਸੰਜੀਦਗੀ ਨਾਲ ਨਾਤਾ ਨਹੀਂ ਜੋੜਦੇ, ਲੇਕਿਨ ਸਤਾਰਾਂ ਸਾਲ ਦੇ ਜੀਵਨ ਵਿੱਚ ਐਨੀਆਂ ਸੂਝਵਾਨ ਤੇ ਦੈਵੀ-ਵਿਵੇਕ ਵਾਲੀਆਂ ਨਜ਼ਮਾਂ ਦੀ ਰਚਨਾ ਅਚੰਭਾ ਵੀ ਹੈ ਅਤੇ ਸਦੀਵੀ ਖੁਸ਼ਬੂ ਤੇ ਅਮਿੱਟ ਛਾਪ ਛੱਡ ਕੇ ਜਾਣ ਵਾਲੇ ਦਾ ਸੱਚ ਵੀ।

ਸ਼ਰੇਅ ਜਨਾਰਦਨ, ਲੱਗਦਾ ਹੈ ਸਤਾਰਾਂ ਸਾਲਾਂ ਵਿੱਚ ਸੱਤਰ ਸਾਲ ਦੇ ਅਨੁਭਵ ਜੀਅ ਗਿਆ ਅਤੇ ਉਸ ਅਨੁਭਵ ਦੀ ਕਾਵਿ-ਸਿਰਜਣਾ ਵੀ ਕਰ ਗਿਆ। ਉਸ ਦੀਆਂ ਨਜ਼ਮਾਂ ਨੂੰ ਉਸ ਦੇ ਸੰਵੇਦਨਸ਼ੀਲ ਤੇ ਉਦਾਸ ਮਾਪਿਆਂ ਨੇ ਪਿੱਛੋਂ ਛਪਵਾਇਆ, Sillage ਨਾਂਅ ਦੀ ਅੰਗਰੇਜ਼ੀ ਪੁਸਤਕ ਵਿੱਚ, ਜਿਸ ਦਾ ਅਨੁਵਾਦ ਡਾ. ਹਰਕਮਲ ਕੌਰ ਨੇ ਪੰਜਾਬੀ ਵਿੱਚ ਕੀਤਾ ਹੈ। ਪੰਜਾਬੀ ਵਿੱਚ ਇਸ ਪੁਸਤਕ ਦਾ ਸੁਆਗਤ ਕਰਦਿਆਂ ਮੈਂ ਕਹਿ ਸਕਦੀ ਹਾਂ ਕਿ ਇਸ ਪੁਸਤਕ ਵਿਚਲਾ ਅਬੋਲ ਅਧਿਆਤਮ ਪੰਜਾਬੀ ਕਵਿਤਾ ਦੀ ਪਰੰਪਰਾ ਨਾਲ ਹੀ ਮੇਲ ਖਾਂਦਾ ਹੈ। ਇਸ ਲਈ ਇਸ ਦਾ ਪੰਜਾਬੀ ਵਿੱਚ ਆਉਣਾ ਜ਼ਰੂਰੀ ਸੀ।

ਸ਼ਰੇਅ ਨੂੰ ਆਪਣਾ ਭਵਿੱਖ ਪਤਾ ਸੀ, ਇਲਹਾਮ ਵਾਂਗ ਅਤੇ ਸਦੀਵੀ ਖੁਸ਼ਬੂ ਦੀ ਗੱਲ ਕਰਦਾ ਉਹ ਲਿਖਦਾ ਹੈ-

ਮੌਤ ਇੱਕ ਸੁੰਦਰ ਚਿਹਰੇ ਵਾਲੀ ਤੇ ਉਥਲ-ਪੁਥਲ ਮਚਾਉਣ ਵਾਲੀ ਹੈ।ਅਸੀਂ ਸਰਾਪੀਆਂ ਰੂਹਾਂ ਝੂਠ ਜੀਅ ਰਹੀਆਂ ਹਾਂ, ਅਟੱਲ ਸੱਚਾਈ ਤੱਕ ਪਹੁੰਚਣ ਦੀ ਉਡੀਕ ਕਰ ਰਹੀਆਂ ਹਾਂ ਤੇ ਜਦੋਂ ਇਹ ਵਾਪਰਦਾ ਹੈ, ਅਸੀਂ ਸੰਸਾਰ ਛੱਡ ਜਾਂਦੇ ਹਾਂ, ਖਾਲੀ ਹੱਥ, ਜਿਸ ਤਰ੍ਹਾਂ ਆਏ ਸੀ।

ਪਰ ਤੁਸੀਂ ਸੰਸਾਰ ਵਿੱਚ ਬਹੁਤ ਕੁਝ ਛੱਡ ਜਾਂਦੇ ਹੋ, ਉਨ੍ਹਾਂ ਲਈ ਜੋ ਤੁਹਾਨੂੰ ਪਿਆਰ ਕਰਦੇ ਤੇ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਤੁਸੀਂ ਉਨ੍ਹਾਂ ਲਈ ਯਾਦਾਂ ਦੀ ਮਲਕੀਅਤ ਛੱਡ ਜਾਂਦੇ ਹੋ ਤੇ ਸਭ ਤੋਂ ਅਹਿਮ, ਤੁਸੀਂ ਉਨ੍ਹਾਂ ਲਈ ਸਦੀਵੀ ਖੁਸ਼ਬੂ ਛੱਡ ਜਾਂਦੇ ਹੋ। (ਸਦੀਵੀ ਖੁਸ਼ਬੂ)

ਇਸ ਲਈ ਸ਼ਰੇਅ ਇਸ ਅਟੱਲ ਸੱਚਾਈ ਨੂੰ ਆਪ ਵੀ ਸਵੀਕਾਰ ਕਰਦਾ ਹੈ ਤੇ ਸਵੀਕਾਰ ਕਰਵਾਉਣਾ ਵੀ ਚਾਹੁੰਦਾ ਹੈ :-

ਇਸ ਨੂੰ ਮੁੱਠੀ ਵਿੱਚ ਕੱਸ ਕੇ ਫੜੀ ਰੱਖਿਆ
ਫਿਰ ਵੀ ਖੁਸ਼ਬੂ ਫੈਲ ਗਈ।




ਸ਼ਰੇਅ ਅਚੇਤ ਹੀ ਆਪਣੀ ਜ਼ਿੰਦਗੀ ਦੇ ਸੂਰਜ ਨੂੰ ਡੁੱਬਦਾ ਵੇਖ ਰਿਹਾ ਸੀ ਅਤੇ ਕੁਦਰਤ ਨੂੰ ਸਵਾਲ ਕਰ ਰਿਹਾ ਸੀ, ਮੈਂ ਹੀ ਕਿਉਂ। ਦੇਖੋ ਕਵਿਤਾ ਦਾ ਨਾਂਅ ਹੈ 'ਕਾਲਪਨਿਕ', ਪਰ ਇਸ ਦੇ ਅੰਦਰ ਉਹ ਆਪਣਾ ਅਟੱਲ ਸੱਚ ਲਿਖ ਰਿਹਾ ਹੈ—-

ਆਪਣੇ ਜੀਵਨ ਦੇ ਸਫ਼ਰ ਨੂੰ ਉਹ ਪਲ-ਪਲ ਮਹਿਸੂਸ ਕਰ ਰਿਹਾ ਸੀ, ਆਪਣੇ ਕੱਲ੍ਹ, ਅੱਜ ਤੇ ਭਲਕ ਨੂੰ ਵੇਖ ਰਿਹਾ ਸੀ। ਇਹੀ ਉਸ ਦੀ ਦੈਵੀ-ਵਿਵੇਕ ਵਾਲੀ ਨਜ਼ਰ ਹੈ, ਜਿਸ ਨੂੰ ਪਾਉਣ ਲਈ ਸਾਧਕ ਸਾਲਾਂਬੱਧੀ ਤਪੱਸਿਆ ਕਰਦੇ ਹਨ—-

ਵਿਗਿਆਨ ਵਾਲੇ, ਭਵਿੱਖ ਦੱਸਣ ਵਾਲੇ ਅਤੇ ਦੁਨੀਆ ਦੀ ਰਾਜਨੀਤੀ ਸਮਝਣ ਵਾਲੇ ਵੀ ਕਹਿ ਰਹੇ ਹਨ ਕਿ ਦੁਨੀਆ ਤਬਾਹੀ ਦੇ ਕੰਢੇ ਖੜ੍ਹੀ ਹੈ। ਅਸੀਂ ਕੁਦਰਤ ਨਾਲ ਜੋ ਜ਼ਿਆਦਤੀ ਕੀਤੀ ਹੈ, ਉਹ ਵੀ ਦੱਸ ਰਹੀ ਹੈ ਕਿ ਅਸੀਂ ਆਪ ਤਬਾਹੀ ਵੱਲ ਵਧ ਰਹੇ ਹਾਂ। ਸ਼ਰੇਅ ਦੀ ਕਵਿਤਾ ਤੇ ਵਾਰਤਕ ਵੀ ਸ੍ਰਿਸ਼ਟੀ ਦੇ ਅੰਤ ਵੱਲ ਇਸ਼ਾਰੇ ਕਰਦੀ ਹੈ।

ਇਹ ਮਹੱਤਵ ਨਹੀਂ ਰੱਖਦਾ ਕਿ ਅਸੀਂ ਆਪਣੀ ਜ਼ਿੰਦਗੀ ਵਿੱਚ ਕੀ ਕਰਦੇ ਹਾਂ ਤੇ ਨਾ ਇਹ ਮਹੱਤਵ ਰੱਖਦਾ ਹੈ ਕਿ ਕੋਈ ਕੀ ਚੁਣਦਾ ਹੈ, ਸੰਸਾਰ ਦੇ ਅੰਤ ਨੂੰ ਕੁਝ ਵੀ ਪ੍ਰਭਾਵਿਤ ਨਹੀਂ ਕਰਨ ਲੱਗਾ। ਸੂਰਜ ਖਤਮ ਹੋ ਜਾਏਗਾ, ਕਿਸੇ ਦਿਨ ਧਰਤੀ ਤਬਾਹ ਹੋ ਜਾਏਗੀ। ਇਸ ਨੂੰ ਰੋਕਿਆ ਨਹੀਂ ਜਾ ਸਕਦਾ।

ਇਸ ਸ੍ਰਿਸ਼ਟੀ ਵਿੱਚ ਜੋ ਪਸਾਰਾ ਫੈਲ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਜ਼ਿੰਦਗੀ ਦੀ ਬੇਤਰਤੀਬੀ ਨੇ ਸਾਨੂੰ ਸਭ ਨੂੰ ਅੰਤ ਵੱਲ ਲੈ ਜਾਣਾ ਹੈ ਤੇ ਅਸੀਂ ਇਸ ਬਾਰੇ ਕੁਝ ਵੀ ਨਹੀਂ ਕਰ ਸਕਦੇ।ਤਾਂ ਤੁਸੀਂ ਕਿਉਂ ਪੁੱਛਦੇ ਹੋ ਇਨਸਾਨ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਕਰ ਰਿਹਾ ਹੈ?

ਅਸੀਂ ਲੰਮੇ ਸਮੇਂ ਤੋਂ ਸਿਤਾਰਿਆਂ ਨੂੰ ਦੂਰਬੀਨ ਨਾਲ ਦੇਖ ਰਹੇ ਹਾਂ ਤੇ ਉਨ੍ਹਾਂ ਦੀ ਸੁੰਦਰਤਾ ਦੀ ਕਦਰ ਕਰਨਾ ਭੁੱਲ ਚੁੱਕੇ ਹਾਂ। ਸਾਡੇ ਕੋਲ ਮਿੱਟੀ ਦਾ ਢੇਰ ਹੈ, ਉਸ ਨੂੰ ਅਸੀਂ ਘਰ ਕਹਿੰਦੇ ਹਾਂ।

ਚੰਦਰਮਾ ਤੇ ਸੂਰਜ ਵਰਗੀਆਂ ਮੁਕੰਮਲ ਚੀਜ਼ਾਂ ਵਿੱਚ ਹੀ ਅਰਥ ਨਹੀਂ, ਬਲਕਿ ਇਹ ਤਾਂ ਉਹਨਾਂ ਛੋਟੀਆਂ ਤੇ ਅਧੂਰੀਆਂ ਚੀਜ਼ਾਂ ਵਿੱਚ ਹਨ, ਜਿਵੇਂ ਠੰਢੇ ਦਿਨ ਵਿੱਚ ਵਹਿੰਦੀ ਹਵਾ ਤੇ ਪੱਤਝੜ ਵਿੱਚ ਫੁੱਲਾਂ ਦਾ ਮੁਰਝਾਉਣਾ।

ਅਸੀਂ ਮੁਕੰਮਲ ਸੰਸਾਰ ਵਿੱਚ ਨਹੀਂ ਰਹਿੰਦੇ ਤੇ ਇਹੀ ਹੈ ਜੋ ਇਸ ਨੂੰ ਮੁਕੰਮਲ ਸੰਸਾਰ ਬਣਾਉਂਦਾ ਹੈ।

(ਅਰਥ)

ਪਰ ਸ਼ਰੇਅ ਜ਼ਿੰਦਗੀ ਤੇ ਦੁਨੀਆ ਦੇ ਅੰਤ ਦੀ ਸੱਚਾਈ ਨਾਲ ਨਿਰਾਸ਼ਾ ਨਹੀਂ ਫੈਲਾਅ ਰਿਹਾ। ਉਹ ਇਸ ਅੰਤ ਤੋਂ ਪਹਿਲਾਂ ਮਰ ਜਾਣ ਦੀ ਨਹੀਂ, ਜੀਣ ਦੀ ਗੱਲ ਕਰਦਾ ਹੈ। ਇਸ ਹਨੇਰੇ ਵਿੱਚੋਂ ਉਹ ਜੁਗਨੂੰ ਤਲਾਸ਼ ਕਰਦਾ ਨਜ਼ਰ ਆਉਂਦਾ ਹੈ। ਸ਼ਰੇਅ ਇਸ ਸ੍ਰਿਸ਼ਟੀ ਵਿੱਚ ਆਪਣੇ-ਆਪ ਨੂੰ ਜਿੱਥੇ-ਜਿੱਥੇ ਵੇਖਦਾ ਹੈ ਅਤੇ ਜਿਵੇਂ-ਜਿਵੇਂ ਮਹਿਸੂਸ ਕਰਦਾ ਹੈ, ਚਿੰਤਾ ਕਰਦਾ, ਉਦਾਸ ਹੁੰਦਾ ਹੈ, ਇਹ ਕਿਸੇ ਸਾਧਾਰਨ ਮਨੁੱਖ ਦੀ ਗਾਥਾ ਨਹੀਂ ਹੈ। ਸਤਾਰਾਂ ਸਾਲਾਂ ਦੀ ਜ਼ਿੰਦਗੀ ਜੀਅ ਕੇ ਐਨਾ ਸਪੱਸ਼ਟ ਸੱਚ, ਐਨੀ ਗਹਿਰੀ ਉਦਾਸੀ ਅਤੇ ਮੌਤ ਦੀ ਖੂਬਸੂਰਤੀ ਲਿਖ ਦੇਣੀ ਸੱਚਮੁੱਚ ਇੱਕ ਅਚੰਭਾ ਹੀ ਹੈ।

ਜ਼ਰਾ ਸੋਚੋ ਇਸ ਛਿਣ ਭਰ ਦੇ ਸੰਸਾਰ ਵਿੱਚ ਜੋ ਮਿਲਦਾ ਹੈ, ਉਸ ਨੂੰ ਪਿਆਰ ਕਰਨ ਦਾ ਦਰਦ ਪਾਲਦਾ ਤੇ ਨਾਸਵਾਨ ਮਨੁੱਖ ਲਾਚਾਰ ਹੋ ਕੇ ਖਤਮ ਹੁੰਦੇ ਸੰਸਾਰ ਨੂੰ ਇੱਕ ਦੂਰੀ ਤੋਂ ਦੇਖਦਾ ਹੈ। ਇਸ ਇਨਸਾਨ ਦੇ ਹਾਲਾਤ ਦੀ ਕਮਜ਼ੋਰੀ ਉਸ ਦੀ ਹੋਂਦ ਨੂੰ ਇਕ ਮਕਸਦ ਤੇ ਅਰਥ ਦਿੰਦੀ ਹੈ। ਪਿਆਰ ਖੂਬਸੂਰਤ ਹੈ, ਪਰ ਇਸ ਤੋਂ ਵੀ ਜ਼ਿਆਦਾ ਖੂਬਸੂਰਤ ਮੌਤ ਹੈ।

ਅਜਿਹੇ ਵਿਅਕਤੀ ਦਾ ਪਿਆਰ-ਮੁਹੱਬਤ ਵੀ ਦੈਵੀ-ਵਿਵੇਕ ਵਾਲਾ ਤੇ ਹਕੀਕੀ ਇਸ਼ਕ ਵਰਗਾ ਹੀ ਹੁੰਦਾ ਹੈ। ਜਿਸ ਕੁੜੀ ਨੂੰ ਸ਼ਰੇਅ ਨੇ ਮੁਹੱਬਤ ਕੀਤੀ, ਉਸ ਦੀ ਨਿੱਜਤਾ ਦੀ ਇੱਜ਼ਤ ਕਰਦਿਆਂ ਉਸ ਦਾ ਨਾਂਅ ਸਟਾਰਲਾ ਰੱਖ ਲਿਆ। ਉਸ ਦੀਆਂ ਕਵਿਤਾਵਾਂ ਵਿੱਚ ਸਟਾਰਲਾ ਦੀ ਮੌਤ ਦਾ ਜ਼ਿਕਰ ਆਉਂਦਾ ਹੈ, ਉਹ ਸਟਾਰਲਾ ਨੂੰ ਤੋਰ ਰਿਹਾ ਹੈ, ਪਰ ਸਟਾਰਲਾ ਉਸ ਦੇ ਕੋਲ ਹੀ ਹੈ। ਇਕ ਕਵਿਤਾ ਵਿੱਚ ਉਹ ਆਪਣੀ ਪ੍ਰੇਮਿਕਾ ਦੀ ਮੌਤ ਆਪ ਲੈਣਾ ਚਾਹੁੰਦਾ ਹੈ ਅਤੇ ਪ੍ਰੇਮਿਕਾ ਉਸ ਦੀ ਮੌਤ ਲੈਣਾ ਚਾਹੁੰਦੀ ਹੈ। ਸ਼ਾਇਦ ਇਹ ਰਿਸ਼ਤਾ ਹੀ ਦੈਵੀ ਸੀ, ਅਧੂਰਾ ਸੀ ਜਾਂ ਮੁਕੰਮਲ, ਪਰ ਦੁਨਿਆਵੀ ਨਹੀਂ ਸੀ। ਇਸ ਉਮਰ ਵਿੱਚ ਬੱਚਿਆਂ ਵਿੱਚ ਪਿਆਰ ਦੇ ਨਾਂਅ 'ਤੇ ਸਰੀਰਕ ਸੁੰਦਰਤਾ ਪ੍ਰਤੀ ਖਿੱਚ ਅਤੇ ਵਾਸਨਾ ਜਾਂ ਉਪ-ਭਾਵੁਕਤਾ ਹੀ ਹੁੰਦੀ ਹੈ, ਪਰ ਸ਼ਰੇਅ ਤਾਂ ਆਪਣੀ ਮਹਿਬੂਬਾ ਨੂੰ ਕੁਦਰਤ ਦੀ ਸੁੰਦਰਤਾ ਵਿੱਚੋਂ ਹੀ ਮਹਿਸੂਸ ਕਰਦਾ ਹੈ।

ਸ਼ਰੇਅ ਕਵਿਤਾ ਵਿੱਚ ਤਾਂ ਕੁਦਰਤ ਦੀ ਕਵਿਤਾ ਰਚ ਹੀ ਰਿਹਾ ਸੀ, ਉਸ ਦੀ ਵਾਰਤਕ ਵਿੱਚ ਵੀ ਖੂਬਸੂਰਤ ਕਵਿਤਾ ਹੈ। ਇਹ ਕਵਿਤਾ ਮੈਨੂੰ ਸ਼ਰੇਅ ਦੀ ਜ਼ਿੰਦਗੀ ਦੀ ਸਭ ਤੋਂ ਵੱਧ ਖੂਬਸੂਰਤ ਕਵਿਤਾ ਲੱਗੀ ਹੈ।

ਅਚਾਨਕ ਮੈਨੂੰ ਅਹਿਸਾਸ ਹੁੰਦਾ ਹੈ ਮੈਂ ਰੱਬ ਨਾਲ ਗੱਲ ਕਰ ਰਿਹਾ ਹਾਂ। ਮੈਂ ਕਿਸੇ ਵਿਸ਼ੇਸ਼ ਸਾਹਮਣੇ ਨਹੀਂ ਝੁਕਦਾ ਤੇ ਪੁੱਛਦਾ ਹਾਂ, ਮੈਂ ਉਸ ਦੀ ਸੇਵਾ ਕਿਵੇਂ ਕਰ ਸਕਦਾ ਹਾਂ।

ਏਥੇ ਉਹ ਮਨੁੱਖ ਦੇ ਮਨੁੱਖ ਹੋਣ ਦੀ ਉਸਤਤ ਕਰਦਾ ਹੈ ਅਤੇ ਮਨੁੱਖ ਬਣ ਕੇ ਜੀਣ ਦਾ ਇੱਕ ਹੋਰ ਮੌਕਾ ਮੰਗਦਾ ਹੈ। ਉਸ ਨੂੰ ਰੱਬ ਬਣਨਾ ਗੰਵਾਰਾ ਨਹੀਂ। ਕਾਸ਼ ਉਸ ਦੀ ਇਹ ਇੱਛਾ ਪੂਰੀ ਹੋਵੇ।ਉਸ ਦੀ ਕਿਤਾਬ 'ਖੁਸ਼ਬੂ' ਕਾਵਿ-ਕਿਤਾਬ ਦਾ ਅਨੁਵਾਦ ਡਾ. ਹਰਕਮਲ ਕੌਰ ਨੇ, ਇਨ੍ਹਾਂ ਕਵਿਤਾਵਾਂ ਨੂੰ ਮਹਿਸੂਸ ਕਰਕੇ ਕੀਤਾ ਹੈ। ਅਨੁਵਾਦ ਵਿੱਚ ਭਾਵਨਾਵਾਂ ਦਾ ਅਨੁਵਾਦ ਨਹੀਂ ਹੋਣਾ ਚਾਹੀਦਾ, ਉਹ ਉਸੇ ਤਰ੍ਹਾਂ ਵਹਿੰਦੀਆਂ ਹੋਣੀਆਂ ਚਾਹੀਦੀਆਂ ਹਨ, ਜੋ ਇਸ ਕਿਤਾਬ ਵਿੱਚ ਵਹਿ ਰਹੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਹੇਠਾਂ ਮਾਪਿਆਂ ਦਾ ਮੋਹ ਝਲਕਦਾ ਹੈ, ਮੈਨੂੰ ਲੱਗਦਾ ਹੈ ਇਨ੍ਹਾਂ ਕਵਿਤਾਵਾਂ ਨੂੰ ਮੋਹ ਤੋਂ ਮੁਕਤ ਕਰ ਕੇ ਆਮ ਪਾਠਕ ਦੀ ਸੰਵੇਦਨਾ ਤੇ ਸਮਝ ਦੇ ਅਸਮਾਨ ਵਿੱਚ ਉਡਾਣ ਭਰਨ ਲਈ ਛੱਡ ਦੇਣਾ ਚਾਹੀਦਾ ਹੈ। ਪ੍ਰਕਾਸ਼ਿਤ ਹੋ ਕੇ ਤਾਂ ਉਂਜ ਵੀ ਕਵਿਤਾ ਪਾਠਕਾਂ ਦੀ ਹੀ ਹੋ ਜਾਂਦੀ ਹੈ।

**ਸੰਪਰਕ** +91-94164-97323

## 'ਪੋਥੀ ਬਿਬੇਕ ਬੋਧ' ਦੀ ਅਰਥ ਸੱਤਾ

**ਪੋਥੀ ਬਿਬੇਕ ਬੋਧ**
**ਬ੍ਰਹਮਗਿਆਨੀ ਸੰਤ ਬੰਨਾ ਰਾਮ ਜੀ**
**ਸੰਪਾ. ਸੁਖਵਿੰਦਰ ਸਿੰਘ**
**ਸਫੇ : 158, ਮੁੱਲ : 500 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਧਰਮ ਅਥਵਾ ਧਾਰਮਿਕ ਪ੍ਰਵਚਨਾਂ ਦਾ ਮੂਲ ਉਦੇਸ਼ ਮਨੁੱਖੀ ਜਗਿਆਸਾ ਨੂੰ ਸ਼ਾਂਤ ਕਰਨਾ ਹੁੰਦਾ ਹੈ। ਧਰਮ ਦੇ ਦਾਇਰੇ ਵਿਚ ਸਮੁੱਚਾ ਬ੍ਰਹਿਮੰਡ ਆ ਜਾਂਦਾ ਹੈ। ਇਸ ਦੀ ਉਤਪਤੀ ਤੋਂ ਲੈ ਕੇ ਇਸ ਦੇ ਵਿਭਿੰਨ ਪਾਸਾਰ ਮਨੁੱਖ ਅੱਗੇ ਪ੍ਰਸ਼ਨ ਖੜੇ ਕਰਦੇ ਹਨ। ਮੱਧਕਾਲੀ ਰਚਨਾਵਾਂ ਵਿਚ ਇਨ੍ਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਤੇ ਜਗਿਆਸਾ ਨੂੰ ਸ਼ਾਂਤ ਕਰਨ ਲਈ ਵਿਭਿੰਨ ਕਿਸਮ ਦੇ ਹਵਾਲਿਆਂ ਨਾਲ ਬਿਰਤਾਂਤ ਸਿਰਜੇ ਜਾਂਦੇ ਸਨ। ਇਨ੍ਹਾਂ ਦਾ ਮੂਲ ਉਦੇਸ਼ ਜਿੱਥੇ ਪ੍ਰਸ਼ਨਾਂ ਦਾ ਹੱਲ ਹੁੰਦਾ ਸੀ, ਉੱਥੇ ਨਵੇਂ ਪੈਦਾ ਹੋ ਰਹੇ ਪ੍ਰਸ਼ਨਾਂ ਦੇ ਸਨਮੁੱਖ ਇਕ ਤਰਕ ਪੱਧਤੀ ਦਾ ਨਿਰਮਾਣ ਵੀ ਹੁੰਦਾ ਸੀ।




'ਪੋਥੀ ਬਿਬੇਕ ਬੋਧ' ਪ੍ਰਸ਼ਨ ਖੜੇ ਕਰਕੇ ਇਨ੍ਹਾਂ ਦੇ ਹੱਲ ਧਰਮ ਦੇ ਬੌਧਿਕ ਧਰਾਤਲ 'ਤੇ ਸੰਚਾਰਨ ਦਾ ਯਤਨ ਕਰਦੀ ਹੈ। ਇਸ ਪੋਥੀ ਦੇ ਰਚਨ ਦਾ ਕਾਰਨ ਦੱਸਦੇ ਹੋਏ ਬਾਬਾ ਜਸਪਾਲ ਸਿੰਘ ਲਿਖਦੇ ਹਨ-'ਇਹ ਪੋਥੀ ਜਿਸ ਨੂੰ ਸਿੱਖ ਸੰਗਤ ਦੇ ਚਰਨਾਂ ਵਿਚ ਪੇਸ਼ ਕੀਤਾ ਜਾ ਰਿਹਾ ਹੈ ਇਸ ਡੇਰੇ ਦੇ ਸੰਸਥਾਪਕ ਬ੍ਰਹਮਗਿਆਨੀ ਸੰਤ ਬੰਨਾ ਰਾਮ ਜੀ ਨੇ ਇਸ ਆਸ਼ਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਉਪਰੰਤ ਜਗਿਆਸੂ ਜਨਾਂ ਅੰਦਰ ਗਿਆਨ ਦਾ ਦੀਪਕ ਜਗਾਉਣ ਲਈ ਲਿਖੀ। ਭਾਰਤ ਦੀਆਂ ਭਗਤੀ ਸੰਪਰਦਾਵਾਂ ਨੇ ਬ੍ਰਹਮ ਵਿਚਾਰ ਕਰਨ ਵਾਲੇ ਸ਼ਾਸਤਰਾਂ ਦੇ ਪਾਠ-ਪਠਨ ਨੂੰ ਪ੍ਰਭੂ ਭਗਤੀ ਦਾ ਹੀ ਇਕ ਢੰਗ ਮੰਨਿਆ ਹੈ।ਸੰਤ ਜੀ ਨੇ ਸਾਧੂ ਜੀਵਨ ਦੀ ਮਰਿਆਦਾ ਨਿਭਾਉਂਦਿਆਂ ਆਪਣੇ ਭਾਰਤ ਭ੍ਰਮਣ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਆਸ਼ਰਮ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਸਹੂਲਤ ਲਈ ਲਿਖਿਆ।' ਇਸ ਤਰ੍ਹਾਂ ਸਪੱਸ਼ਟ ਹੈ ਕਿ ਇਹ ਪੋਥੀ ਗਿਆਨ ਦੇ ਪ੍ਰਸਾਰ ਤੇ ਵਿਦਿਆਰਥੀਆਂ ਨੂੰ ਬ੍ਰਹਮ ਵਿਦਿਆ ਦੇ ਸੂਖਮ ਪੱਖਾਂ ਤੋਂ ਜਾਣੂ ਕਰਾਉਣ ਲਈ ਲਿਖੀ ਤੇ ਭਾਰਤ ਭ੍ਰਮਣ ਦੀ ਗੋਸ਼ਟ ਪਰੰਪਰਾ ਵਿਚੋਂ ਪ੍ਰਾਪਤ ਹੋਏ ਗਿਆਨ ਨੂੰ ਵੀ ਇਸ ਰਾਹੀਂ ਸੂਤਰਬੱਧ ਕੀਤਾ ਗਿਆ ਹੈ।

ਮੱਧ ਕਾਲ ਵਿਚ ਬ੍ਰਹਮ ਦੀ ਵਿਆਖਿਆ ਦੀਆਂ ਅਨੇਕਾਂ ਪ੍ਰਣਾਲੀਆਂ ਮਿਲਦੀਆਂ ਹਨ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕੀਤੀ ਜਾਂਦੀ ਸੀ ਤਾਂ ਹਰ ਡੇਰੇ ਨੇ ਆਪਣੀ ਵਿਚਾਰਧਾਰਾ ਤੇ ਪਰੰਪਰਾ ਨੂੰ ਇਸ ਦਾ ਅੰਗ ਬਣਾਇਆ। ਏਸੇ ਕਰਕੇ ਕਈ ਥਾਵਾਂ ਉੱਤੇ ਸਨਾਤਨੀ ਵਿਆਖਿਆ ਪ੍ਰਣਾਲੀਆਂ ਵੀ ਪ੍ਰਚਲਿਤ ਹੋ ਗਈਆਂ। ਇਨ੍ਹਾਂ ਦਾ ਮੁੱਖ ਉਦੇਸ਼ ਬ੍ਰਹਮ ਦੇ ਉਨ੍ਹਾਂ ਸੂਤਰਾਂ ਦੀ ਪਛਾਣ ਹੁੰਦੀ ਸੀ, ਜਿਹੜੇ ਇਤਿਹਾਸ, ਮਿਥਿਹਾਸ ਤੇ ਲੋਕ ਧਾਰਨਾਵਾਂ 'ਤੇ ਸਦੀਆਂ ਤੋਂ ਪ੍ਰਚਾਰੇ ਤੇ ਪ੍ਰਸਾਰੇ ਜਾ ਰਹੇ ਹਨ।

ਇਸ ਪੋਥੀ ਦਾ ਸੰਪਾਦਕ ਵੀ ਬਹੁਤ ਸਾਰੇ ਦਰਸ਼ਨ-ਮੂਲਕ ਸਵਾਲ ਖੜੇ ਕਰਦਾ ਹੈ। ਜਿਵੇਂ ਸਥਾਨਕਤਾ/ਅੰਤਰ ਜਾਂ ਇਨ੍ਹਾਂ ਨਾਲ ਸੰਬੰਧਤ ਧਾਰਮਿਕਤਾ ਨੂੰ ਹਰ ਸਮੇਂ ਸਭ ਤਰ੍ਹਾਂ ਨਾਲ ਨਿਆਂ-ਸੰਗਤ ਕਿਉਂ ਮੰਨਿਆ ਜਾਵੇ? ਆਧੁਨਿਕਤਾ/ਸੈਕੂਲਰਿਜ਼ਮ ਦੀ ਆਲੋਚਨਾ ਦੇ ਨਾਲ-ਨਾਲ ਇਨ੍ਹਾਂ ਦੇ ਧਾਰਮਿਕਤਾ ਉਪਰ ਪਏ ਪ੍ਰਭਾਵਾਂ ਨੂੰ ਸਾਕਾਰਾਤਮਕ ਦ੍ਰਿਸ਼ਟੀ ਤੋਂ ਕਿਵੇਂ ਦੇਖਿਆ ਜਾਵੇ? ਇਤਿਹਾਸ ਵਿਚ ਆਪਣੀ ਪੀੜਤ ਸਥਿਤੀ ਦੇ ਓਹਲੇ ਵਿਚ ਅੰਦਰੂਨੀ ਕਿਰਿਆਸ਼ੀਲਤਾ ਦੌਰਾਨ ਦਮਨਕਾਰੀ/ ਕਾਬਜ਼ਕਾਰੀ ਸੱਤਾ ਵਜੋਂ ਧਾਰਮਿਕ, ਰਾਜਨੀਤਕ ਤੇ ਸੱਭਿਆਚਾਰਕ ਸ਼ਕਤੀ ਦਾ ਬੇਮੁਹਾਰਾ ਜਾਂ ਨਿਯੰਤਰਣਕਾਰੀ ਵਿਹਾਰ ਕੀ ਸਿਰਜਦਾ ਹੈ? ਕੀ ਭਿੰਨਤਾ ਆਪਣੀ ਵਿਸ਼ੇਸ਼ਤਾ ਨੂੰ ਬਾਹਰੀ ਵਿਆਪਕ ਏਕਾਧਿਕਾਰ ਤੋਂ ਸੁਰੱਖਿਅਤ ਕਰਦੀ ਹੋਈ ਖੁਦ ਨੂੰ ਵੀ ਵਿਆਪਕ ਏਕਾਧਿਕਾਰ ਵਜੋਂ ਪੇਸ਼ ਤਾਂ ਨਹੀਂ ਕਰ ਰਹੀ ਹੁੰਦੀ?

ਉਪਰੋਕਤ ਸਵਾਲਾਂ ਦੀ ਤਰਕਸ਼ੀਲਤਾ 'ਤੇ ਹੀ ਇਸ ਪੋਥੀ ਨੂੰ ਅਕਾਦਮਿਕਤਾ ਦਾ ਆਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਸ ਪੋਥੀ ਵਿਚ ਸਵਾਲ ਖੜੇ ਕਰਕੇ ਉਨ੍ਹਾਂ ਦੇ ਜਗਿਆਸਾ ਮੂਲਕ ਤਰਕ ਉਸਾਰਨ ਦਾ ਯਤਨ ਕੀਤਾ ਗਿਆ ਹੈ, ਮਸਲਨ - ਜੁਗਿਆਸੀ ਕਾ ਕਿਆ ਸਰੂਪ ਹੈ? ਮੰਦ ਭਗਤੀ ਕਾ ਕਿਆ ਸਰੂਪ ਹੈ? ਕਰਮੋ ਕਾ ਕਰਤੱਬ ਕਬ ਤੱਕ ਹੈ? ਵਿਸਯੋਂ ਕਾ ਕਿਆ ਸਰੂਪ ਹੈ? ਅਸਲ ਵਿਚ ਇਸ ਵਿਚ ਬਹੁਤ ਸਾਰੇ ਸੰਕਲਪਾਂ ਨੂੰ ਇਕ ਲੜੀ ਵਿਚ ਰੱਖ ਕੇ ਸਵਾਲ ਦਰ ਸਵਾਲ ਕਰਕੇ ਉਨ੍ਹਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਵਖਿਆਨ ਦਾ ਸੁਚੱਜਾ ਯਤਨ ਹੈ। ਜੇ ਇਨ੍ਹਾਂ ਦੀ ਅਕਾਦਮਿਕ ਵਿਆਖਿਆ ਕੀਤੀ ਜਾਵੇ ਤਾਂ ਇਹ ਉਸ ਪਰੰਪਰਾ ਨਾਲ ਜੁੜਦੇ ਹਨ ਜਦੋਂ ਡੇਰਿਆਂ ਵਿਚ ਗੁਰਬਾਣੀ ਦੀ ਵਿਆਖਿਆ ਭਾਰਤੀ ਪਰੰਪਰਾ ਦੇ ਸੰਦਰਭ ਵਿਚ ਕੀਤੀ ਜਾਂਦੀ ਸੀ। ਏਸੇ ਕਰਕੇ ਇਹਦੀ ਭਾਸ਼ਾ ਸਾਧੂ ਭਾਸ਼ਾ ਦੇ ਨੇੜੇ ਪ੍ਰਵਚਨ ਮੂਲਕ ਵਾਲੀ ਹੈ।

ਸੰਪਾਦਕ ਨੇ ਬੜੀ ਮਿਹਨਤ ਨਾਲ ਇਸ ਨੂੰ ਪੇਸ਼ ਕੀਤਾ ਹੈ। ਆਸ ਹੈ ਧਾਰਮਿਕਤਾ ਤੇ ਵਿਚਾਰਆਤਮਕ ਦਰਸ਼ਨ ਦੇ ਪੱਖਾਂ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਇਹ ਪੋਥੀ ਬੜੀ ਵਿਚਾਰ ਉਤੇਜਕ ਸਾਬਤ ਹੋਵੇਗੀ।

**- ਡਾ. ਪਰਮਜੀਤ ਢੀਂਗਰਾ**
**ਮੋਬਾ. 94173-58120**

# ਪੁਸਤਕ ਰੀਵਿਊ

## ਨੀਲੀਆਂ ਅੱਖਾਂ ਵਾਲੀ

**ਡਾ. ਐੱਮ.ਆਰ. ਗੋਇਲ**
**ਪੰਨੇ : 136, ਮੁੱਲ : 400 ਰੁਪਏ**
**ਸ਼ਿਲਾਲੇਖ ਪਬਲੀਸ਼ਰਜ਼, ਦਿੱਲੀ**

ਬਾਈ ਕਹਾਣੀਆਂ 'ਤੇ ਅਧਾਰਤ ਹਥਲੀ ਪੁਸਤਕ 'ਨੀਲੀਆਂ ਅੱਖਾਂ ਵਾਲੀ' ਵਿੱਚ ਸਮਾਜਿਕ ਮਸਲਿਆਂ ਨੂੰ ਲੈ ਕੇ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਲੇਖਕ ਨੇ ਕਹਾਣੀਆਂ ਦਾ ਨਾਂਅ ਦਿੱਤਾ ਹੈ। ਕਹਾਣੀ ਵਿਧਾ ਦੇ ਤੱਤਾਂ ਤੇ ਕਥਾ ਪ੍ਰਵਿਰਤੀ ਨੂੰ ਬੇਧਿਆਨਾ ਕਰਕੇ ਇਹਨਾਂ ਕਹਾਣੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਕਹਾਣੀਆਂ ਨੈਤਿਕ ਕਦਰਾਂ-ਕੀਮਤਾਂ, ਸਮਾਜਿਕ ਮਸਲੇ, ਰਾਜਨੀਤਕ ਪਰਪੰਚ ਅਤੇ ਆਰਥਿਕ ਵਿਵਸਥਾ ਦੀ ਬਾਤ ਸੁਣਾਉਂਦੀਆਂ ਹਨ। ਇਸ ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਔਰਤ ਦੇ ਸ਼ੋਸ਼ਣ ਅਤੇ ਉਸ ਸਮਾਜ ਵਿੱਚ ਉਹਨਾਂ ਨਾਲ ਹੋ ਰਹੇ ਦੁਰਵਿਹਾਰ ਦੀ ਗੱਲ ਕੀਤੀ ਗਈ ਹੈ। ਇਹਨਾਂ ਕਹਾਣੀਆਂ ਦਾ ਬਿਰਤਾਂਤਕ ਮੂਡ ਭਾਵੇਂ ਘਟਨਾਵੀਂ ਵਿਉਂਤ ਅਤੇ ਫੋਕਸੀਕਰਨ ਦੇ ਸੰਤੁਲਤਾ ਦੇ ਪੈਮਾਨੇ ਨਾਲ ਮੇਲ ਨਹੀਂ ਖਾਂਦਾ, ਫਿਰ ਵੀ ਕਹਾਣੀਕਾਰ ਨੇ ਆਪਣੇ ਵੱਖਰੇ ਢੰਗ ਨਾਲ ਇਹਨਾਂ ਘਟਨਾਵਾਂ ਨੂੰ ਚਿਤਰਤ ਕੀਤਾ ਹੈ। ਕਹਾਣੀ 'ਬਦਨਸੀਬ' ਵਿੱਚ ਗ਼ਰੀਬ ਪਰਮਾ ਅਮੀਰ ਗੁੰਡਿਆਂ ਤੋਂ ਆਪਣੇ ਸੁਪਨਿਆਂ ਨੂੰ ਬਚਾਉਣ ਵਿੱਚ ਨਾਕਾਮ ਰਹਿੰਦਾ ਹੈ। ਉਹ ਆਪਣੀ ਮਾਂ ਦੀ ਮੌਤ ਅਤੇ ਆਪਣੀ ਭੈਣ ਦੀ ਹੋਈ ਬੇਪੱਤੀ ਕਾਰਨ ਬੇਵੱਸ ਅਤੇ ਮਜਬੂਰ ਮਹਿਸੂਸ ਕਰਦਾ ਹੈ। ਕਹਾਣੀ 'ਪਾਪੀ ਦੇਵਤਾ' ਚੰਗੀ ਅਤੇ ਮਾੜੀ ਪ੍ਰਵਿਰਤੀ ਵਾਲੇ ਵਿਅਕਤੀਆਂ ਦੀ ਤੁਲਨਾਤਮਕ ਕਥਾਨਕ ਲੈ ਕੇ ਰਚੀ ਗਈ ਹੈ। ਜ਼ਿੰਦਗੀ ਤੋਂ ਹਾਰ ਕੇ ਪੁਸ਼ਪਾ ਅਤੇ ਚਰਨੋ ਵਰਗੀਆਂ ਕੁੜੀਆਂ ਇਸ ਜੀਵਨ ਨਾਲੋਂ ਮਰ ਜਾਣਾ ਸੌਖਾ ਸਮਝ ਰਹੀਆਂ ਹਨ, ਪਰ ਅਜਿਹੇ ਸਮੇਂ ਚੰਗੇ ਲੋਕਾਂ ਦੀ ਮਦਦ ਹੀ ਸਫ਼ਲ ਹੋ ਸਕਦੀ ਹੈ। ਕਹਾਣੀ 'ਬੇਵਫ਼ਾ' ਵਿੱਚ ਇੱਕ ਗ਼ਰੀਬ ਲੜਕੀ ਦੀ ਕਲਾਕਾਰੀ ਦਾ ਟਾਕਰਾ ਵਿਕਾਸ ਵਰਗੇ ਕਾਮ ਵਾਸਨਾ ਦੇ ਪੁਜਾਰੀ ਨਾਲ ਹੋ ਜਾਂਦਾ ਹੈ ਅਤੇ ਨਾਲ ਹੀ ਪਰਮੇ ਦੀ ਕੀਤੀ ਬੇਵਫ਼ਾਈ ਉਸ ਦੀ ਜ਼ਿੰਦਗੀ ਨੂੰ ਰੋਲ ਸੁੱਟਦੀ ਹੈ। ਕਹਾਣੀ 'ਹਾਰ ਜਿੱਤ' ਵਿੱਚ ਮਿੱਠੂ ਅਤੇ ਬਿੱਲੂ ਦੇ ਆਪਸੀ ਮੁਕਾਬਲਿਆਂ ਦੀ ਗੱਲ ਸੁਣਾਉਂਦੀ ਹੈ। ਕਹਾਣੀਕਾਰ ਇਸ ਸਮਾਜ ਦੇ ਕਈ ਕੋਝੇ ਵਰਤਾਰਿਆਂ ਨੂੰ ਮੁਕਾਬਲੇ ਦੇ ਇਹਨਾਂ ਸੰਕੇਤਾਂ ਰਾਹੀਂ ਬੇਨਕਾਬ ਕਰਦਾ ਹੈ।




ਕਹਾਣੀ 'ਕਪਲਾ ਗਊ' ਵਿੱਚ ਕਹਾਣੀਕਾਰ ਗ਼ਰੀਬੀ ਵਿੱਚ ਰਹਿੰਦੀ ਬਸੰਤੀ ਦੀ ਕਹਾਣੀ ਸੁਣਾਉਂਦਾ ਹੈ, ਜੋ ਇਸ ਦੁਨੀਆ ਵਿੱਚ ਇਕੱਲੀ ਹੀ ਰਹਿ ਜਾਂਦੀ ਹੈ ਤੇ ਜ਼ਮਾਨੇ ਦੀਆਂ ਠੋਕਰਾਂ ਖਾਂਦੀ ਇੱਕ ਗਾਂ ਵਾਂਗ ਆਪਣੀ ਜ਼ਿੰਦਗੀ ਗੁਜ਼ਾਰਦੀ ਹੈ। ਅੰਤ ਵਿੱਚ ਵੀ ਕਪਲਾ ਗਾਂ ਦਾ ਮੈਟਾਫ਼ਰ ਵਰਤ ਕੇ ਉਸ ਔਰਤ ਦੀ ਜ਼ਿੰਦਗੀ ਅਤੇ ਉਸ ਦੇ ਅੰਤ ਨੂੰ ਚਿਤਰਤ ਕੀਤਾ ਹੈ। ਕਹਾਣੀ 'ਫ਼ੈਸਲਾ' ਰੋਜ਼ੀ ਤੇ ਜਾਹਨ ਦੀ ਕਹਾਣੀ ਹੈ, ਜਿਹਨਾਂ ਦੀ ਸ਼ਖ਼ਸੀਅਤਾਂ ਦੀ ਤੁਲਨਾ ਦੋ ਧਰਮਾਂ ਦੇ ਨਿਯਮਾਂ ਦੇ ਆਧਾਰ 'ਤੇ ਕੀਤੀ ਗਈ ਹੈ। ਫ਼ਿਲਮੀ ਢੰਗ ਨਾਲ ਧਰਮ ਬਦਲਦਿਆਂ ਹੀ ਉਹ ਦੋਵੇਂ ਮੁਜਰਮ ਤੋਂ ਬੇਕਸੂਰ ਹੋ ਜਾਂਦੇ ਹਨ। ਕਹਾਣੀ 'ਨਮਕ ਹਰਾਮ' ਇੱਕ ਭ੍ਰਿਸ਼ਟ ਮੈਨੇਜਰ ਦੀ ਕਹਾਣੀ ਹੈ, ਜੋ ਚੰਦਰਭਾਨ ਵਰਗੇ ਵਿਅਕਤੀ ਨੂੰ ਸਿਰਫ਼ ਗ਼ਰੀਬ ਹੋਣ ਕਾਰਨ ਨਮਕ ਹਰਾਮ ਹੋਣ ਦੀ ਤੁਹਮਤ ਦੇ ਦਿੰਦਾ ਹੈ। ਕਹਾਣੀ 'ਪੁੱਤਰ ਨਹੀਂ ਕਾਤਲ' ਅਮਰ ਨਾਂਅ ਦੇ ਵਿਅਕਤੀ ਦੀ ਕਹਾਣੀ ਹੈ, ਜੋ ਆਪਣੀ ਮਾਂ ਤੇ ਪਤਨੀ ਦੀ ਲੜਾਈ ਤੋਂ ਤੰਗ ਆ ਕੇ ਅਨਜਾਣਪੁਣੇ ਵਿੱਚ ਆਪਣੀ ਮਾਂ ਦਾ ਹੀ ਕਤਲ ਕਰ ਬੈਠਦਾ ਹੈ। ਕਹਾਣੀ 'ਪਖੰਡੀ' ਇਕ ਅਜਿਹੇ ਪਖੰਡੀ ਸਾਧ ਦੀ ਕਹਾਣੀ ਹੈ, ਜੋ ਭੋਲੀਆਂ ਔਰਤਾਂ ਦਾ ਸ਼ੋਸ਼ਣ ਕਰਦਾ ਹੈ ਅਤੇ ਪਰਵਾਰਕ ਕਲੇਸ਼ਾਂ ਅਤੇ ਪਤੀ-ਪਤਨੀ ਦੇ ਮਸਲਿਆਂ ਨੂੰ ਆਧਾਰ ਬਣਾ ਉਹਨਾਂ ਦਾ ਝੂਠਾ ਸ਼ੁੱਭ-ਚਿੰਤਕ ਬਣ ਉਹਨਾਂ ਦਾ ਫ਼ਾਇਦਾ ਉਠਾਉਂਦਾ ਸੀ। ਇਸ ਕਹਾਣੀ-ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ 'ਨੀਲੀਆਂ ਅੱਖਾਂ ਵਾਲੀ' ਅਸਲ ਵਿੱਚ ਇਕ ਕਾਲਪਨਿਕ ਫ਼ਿਲਮੀ ਕਹਾਣੀ ਵਰਗੀ ਹੈ। ਇਸ ਬਿਰਤਾਂਤ ਵਿੱਚ ਘਰ ਕਿਰਾਏ 'ਤੇ ਲੈਣ ਲਈ ਦੋ ਅਨਜਾਣ ਵਿਅਕਤੀ ਅਰਥਾਤ ਬਿਰਤਾਂਤਕਾਰ ਅਤੇ ਨੀਲੀਆਂ ਅੱਖਾਂ ਵਾਲੀ ਕੁੜੀ ਨਕਲੀ ਪਤੀ-ਪਤਨੀ ਬਣਦੇ ਹਨ। ਇਸ ਸੰਗ੍ਰਹਿ ਦੀ ਬਿਹਤਰੀਨ ਕਹਾਣੀ 'ਦਿਲ ਵਾਲਾ' ਸਿੱਧ ਹੁੰਦੀ ਹੈ, ਜਿਸ ਵਿੱਚ ਇਕ ਯਥਾਰਥਵਾਦੀ ਵਿਸ਼ੇ ਨੂੰ ਲੈ ਕੇ ਬਿਰਤਾਂਤ ਸਿਰਜਿਆ ਗਿਆ ਹੈ। ਇਸ ਢੰਗ ਨਾਲ ਇਹ ਕਹਾਣੀ-ਸੰਗ੍ਰਹਿ ਇਕ ਵਿਲੱਖਣ ਢੰਗ ਰਾਹੀਂ ਰਚਿਆ ਕਹਾਣੀ-ਸੰਗ੍ਰਹਿ ਸਿੱਧ ਹੁੰਦਾ ਹੈ। ਭਵਿੱਖ ਵਿੱਚ ਸੰਬੰਧਤ ਕਹਾਣੀਕਾਰ ਤੋਂ ਹੋਰ ਪੁਖ਼ਤਾ ਰਚਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ।

**— ਡਾ. ਸੰਦੀਪ ਰਾਣਾ**

## ਅਹਿਸਾਸ ਦਰ ਅਹਿਸਾਸ

(ਨਾਵਲ)
**ਓਮ ਪ੍ਰਕਾਸ਼ ਗਾਸੋ**
**ਪੰਨੇ-108, ਮੁੱਲ-150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਅਹਿਸਾਸ ਦਰ ਅਹਿਸਾਸ' ਪੰਜਾਬੀ ਨਾਵਲਕਾਰੀ ਨਾਲ ਆਤਮਿਕ ਰਿਸ਼ਤਾ ਰੱਖਣ ਵਾਲੇ ਕਰਮਯੋਗੀ ਨਾਵਲਕਾਰ ਓਮ ਪ੍ਰਕਾਸ਼ ਗਾਸੋ ਦਾ ਬੱਤੀਵਾਂ ਨਾਵਲ ਹੈ। ਇਸ ਨਾਵਲ ਦੇ ਨਾਇਕ ਪਾਤਰ ਮਨੁੱਖੀ ਜੀਵਨ ਦੇ ਉਦੇਸ਼ ਤੇ ਮੰਤਵ ਦੀ ਵਿਆਖਿਆ ਵੀ ਕਰਦੇ ਹਨ ਤੇ ਇਸ ਉਦੇਸ਼ ਨੂੰ ਸਮਰਪਿਤ ਹੋਣ ਦੀ ਉਦਾਹਰਣ ਵੀ ਬਣਦੇ ਹਨ। ਬਲਦੇਵ, ਉਸ ਦੀ ਹਮਸਫਰ ਮੁਖਤਿਆਰ ਕੌਰ ਉਰਫ ਤਾਰੋ, ਰਘੁਵਰ ਦਿਆਲ, ਭਜਨ ਸਿੰਘ, ਮਾਸਟਰ ਸ਼ੇਰ ਸਿੰਘ, ਸਰਪੰਚ ਬਹਾਦੁਰ ਸਿੰਘ ਆਦਿ ਪਾਤਰਾਂ ਦੇ ਮਨਾਂ ਵਿਚਲੇ ਸੂਖਮ ਭਾਵੀ ਅਹਿਸਾਸ ਸਵਾਰਥਾਂ ਦੀ ਜਕੜ ਵਿਚ ਆ ਚੁੱਕੇ ਆਪਣੇ ਸਮਾਜਿਕ ਚੁਗਿਰਦੇ ਦੇ ਲੋਕਾਂ ਨੂੰ ਇਸ ਜਕੜ ਤੋਂ ਮੁਕਤ ਕਰਵਾ ਕੇ ਮਨੁੱਖਤਾਵਾਦ ਦੇ ਰਾਹ 'ਤੇ ਤੋਰਨ ਦੀ ਕੋਸ਼ਿਸ਼ ਵਿਚ ਹਨ। ਉਨ੍ਹਾਂ ਦੇ ਮਨਾਂ ਵਿਚਲੇ ਇਹ ਅਹਿਸਾਸ ਮੂੰਹ ਜ਼ੋਰ ਹੋ ਕੇ ਆਪਣੇ ਲਈ ਬਾਹਰਮੁਖੀ ਰਾਹ ਬਣਾਉਂਦੇ ਹਨ ਤਾਂ ਅਹਿਸਾਸ ਦਰ ਅਹਿਸਾਸ ਇਸ ਨਾਵਲ ਦੀ ਕਹਾਣੀ ਆਪਣੇ ਇੱਛਤ ਮੁਕਾਮ 'ਤੇ ਪਹੁੰਚ ਜਾਂਦੀ ਹੈ।




ਨਾਵਲ ਦੇ ਪਾਤਰ ਬਲਦੇਵ ਦੇ ਦਿਲ-ਦਿਮਾਗ ਵਿੱਚ ਮਨੁੱਖਤਾਵਾਦੀ ਤਰਜ਼ ਦੀ ਜੀਵਨ-ਜਾਚ ਦਾ ਮਾਡਲ ਸੁਰੱਖਿਅਤ ਹੈ। ਜਦੋਂ ਉਹ ਇਸ ਮਾਡਲ ਦੀ ਸੇਧ ਅਨੁਸਾਰ ਆਪਣੇ ਕਾਰਜ ਖੇਤਰ ਵਿਚ ਵਿਚਰਦਾ ਹੈ ਤਾਂ ਉਸ ਨੂੰ ਆਪਣੇ ਹੀ ਪਰਵਾਰਕ ਮੈਂਬਰਾਂ ਤੇ ਨੇੜਲਿਆਂ ਵੱਲੋਂ ਦਿੱਤੀਆਂ ਬਹੁਤ ਸਾਰੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਵਿਚਾਰਧਾਰਕ ਵਿਰੋਧੀਆਂ ਨਾਲ ਹੋ ਸਕਦੀ ਸਿੱਧੀ ਟੱਕਰ ਤੋਂ ਬਚਣ ਦੀ ਸੁਚੇਤ ਕੋਸ਼ਿਸ਼ ਵੀ ਕਰਦਾ ਹੈ ਅਤੇ ਆਪਣੀ ਸੂਝ ਤੇ ਮਾਨਸਿਕ ਦ੍ਰਿੜ੍ਹਤਾ ਨਾਲ ਉਨ੍ਹਾਂ ਨੂੰ ਢੁੱਕਵਾਂ ਜਵਾਬ ਵੀ ਦਿੰਦਾ ਹੈ। ਅਜਿਹੇ ਮੌਕੇ 'ਤੇ ਪਿੰਡ ਦੇ ਅਗਾਂਹਵਧੂ ਲੋਕਾਂ ਵੱਲੋਂ ਦਿੱਤਾ ਜਾਂਦਾ ਵਿਚਾਰਧਾਰਕ ਸਮਰਥਨ ਉਸ ਦੇ ਮਾਨਵਤਾਵਾਦੀ ਮਿਸ਼ਨ ਨੂੰ ਉਚੇਰੀ ਤਾਕਤ ਪ੍ਰਦਾਨ ਕਰਦਾ ਹੈ। ਭਾਵੇਂ ਉਹ ਕਰਮਕਾਂਡੀ ਪੰਡਤ ਨੌਹਰ ਚੰਦ ਨਰਾਤਾ ਦਾ ਪੋਤਾ ਤੇ ਇਸ ਪ੍ਰੰਪਰਾ ਨੂੰ ਅੱਗੇ ਲਿਜਾਣ ਵਾਲੇ ਪ੍ਰੀਤ ਕੁਮਾਰ ਦਾ ਪੁੱਤਰ ਹੈ ਪਰ ਬਚਪਨ ਤੋਂ ਹੀ ਉਸ ਦੀ ਸੋਚ ਦਾ ਵਿਕਾਸ ਕਰਮਕਾਂਡੀ ਪਰੰਪਰਾਵਾਂ ਦੇ ਵਿਰੋਧ 'ਚ ਭੁਗਤਦਾ ਆਇਆ ਹੈ। ਉਸ ਦੇ ਪਰਵਾਰਕ ਸੰਸਕਾਰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਉਹ ਆਪਣੀ ਸਹਿਪਾਠੀ ਰਹੀ ਮਾਨਵਤਾਵਾਦੀ ਸੋਚ ਵਾਲੀ ਦਲਿਤ ਸ਼੍ਰੇਣੀ ਨਾਲ ਸੰਬੰਧਤ ਕੁੜੀ ਤਜਿੰਦਰ ਕੌਰ ਉਰਫ ਤਾਰੋ ਨਾਲ ਵਿਆਹ ਕਰਵਾ ਲਵੇ, ਪਰ ਉਹ ਦੋਵੇਂ ਪਰਵਾਰ ਨਾਲ ਟੱਕਰ ਲੈਣ ਦੀ ਬਜਾਏ ਪਿੰਡ ਤੋਂ ਦੂਰ ਆਪਣੀਆਂ ਬਦਲੀਆਂ ਕਰਾਉਣ ਦਾ ਰਾਹ ਚੁਣਦੇ ਹਨ। ਆਪਣੀ ਵੱਖਰੀ ਦੁਨੀਆ ਵਸਾ ਲੈਂਦੇ ਹਨ।

ਨਵੀਂ ਥਾਂ 'ਤੇ ਵਸੇਬਾ ਕਰਨ ਤੋਂ ਬਾਅਦ ਉਹ ਸਮਾਜ ਨੂੰ ਸੁੰਦਰ, ਸੱਭਿਅਕ, ਜਾਤ ਰਹਿਤ, ਜਮਾਤ ਰਹਿਤ ਤੇ ਮਨੁੱਖਤਾਵਾਦ ਦਾ ਹਾਮੀ ਬਣਾਉਣ ਲਈ ਵਿਉਂਤਬੰਦੀਆਂ ਉਲੀਕਦੇ ਹਨ ਤਾਂ ਨਵੇਂ ਵਸੇਬੇ ਵਾਲੇ ਪਿੰਡ ਦੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਹਮਰਾਹ ਬਣ ਜਾਂਦੇ ਹਨ। ਨਾਵਲ ਦੀ ਖੂਬਸੂਰਤੀ ਇਸ ਵਿਚ ਵੀ ਹੈ। ਫਿਰਕੂ ਅਧਾਰ 'ਤੇ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡਣ ਬਾਰੇ ਏਨੀ ਸਟੀਕ ਦੋ ਟੁੱਕ ਤੇ ਬੇਬਾਕ ਰਾਏ ਬਹੁਤ ਘੱਟ ਲੇਖਕ ਦੇ ਸਕੇ ਹਨ, ਜਵਾਹਰ ਲਾਲ ਨਹਿਰੂ ਤੇ ਵੱਲਭ ਭਾਈ ਪਟੇਲ ਨੇ ਕਾਂਗਰਸ ਨੂੰ ਸੱਤਾ ਲਈ ਅੰਨ੍ਹਾ ਕਰ ਦਿੱਤਾ। ਜਿਨਾਹ ਜਾਨੂੰਨੀ ਸੀ ਤੇ ਅੰਗਰੇਜ਼ ਸਾਮਰਾਜੀ ਸਨ। ਜਦੋਂ ਨਾਵਲ ਦਾ ਪਾਤਰ ਬਲਦੇਵ ਇਸ ਵਿਸ਼ੇ 'ਤੇ ਵੱਖ-ਵੱਖ ਥਾਈਂ ਭਾਸ਼ਣ ਕਰਦਾ ਹੈ ਤਾਂ ਉਹ ਨਾਵਲਕਾਰ ਗਾਸੋ ਦੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦਾ ਹੀ ਜਾਪਦਾ ਹੈ।

ਚਾਹੇ ਇਸ ਨਾਵਲ ਦੀ ਕਹਾਣੀ ਨੂੰ ਆਦਰਸ਼ਵਾਦੀ ਰੰਗਤ ਵਾਲੀ ਕਹਾਣੀ ਵੀ ਕਿਹਾ ਜਾ ਸਕਦਾ ਹੈ, ਪਰ ਨਾਵਲ ਵਿੱਚੋਂ ਪੈਦਾ ਹੁੰਦੀ ਸਮਝ ਅਨੁਸਾਰ ਆਦਰਸ਼ਵਾਦ ਮਾਨਵਤਾਵਾਦ ਦਾ ਅਗਵਾਨੂੰ ਹੀ ਹੁੰਦਾ ਹੈ ਤੇ ਆਦਰਸ਼ਵਾਦੀ ਪਹਿਲ-ਕਦਮੀਆਂ ਕੀਤੇ ਬਿਨਾਂ ਮਾਨਵਤਾਵਾਦੀ ਸਥਾਪਨਾਵਾਂ ਸਥਾਪਤ ਨਹੀਂ ਹੋ ਸਕਦੀਆਂ। ਨਾਵਲਕਾਰ ਵੱਲੋਂ ਕੀਤੀਆਂ ਇਹਨਾਂ ਨਵੀਆਂ ਤੇ ਨਰੋਈਆਂ ਪਹਿਲ-ਕਦਮੀਆਂ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

**- ਨਰਿੰਜਣ ਬੋਹਾ**

# ਅੱਲ੍ਹੇ ਜ਼ਖ਼ਮਾਂ 'ਤੇ ਕਿਸੇ ਵੀ ਨਾ ਕੀਤੀਆਂ ਟਕੋਰਾਂ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-69**

**ਸੁਰਜੀਤ ਸੁਮਨ**

ਤਪੀਏ ਜੂਨ ਮਹੀਨੇ ਦੀ ਆਮਦ ਜ਼ਿਹਨ ਨੂੰ ਧੁਰ ਅੰਦਰੋਂ ਬੁਰੀ ਤਰ੍ਹਾਂ ਤਪਾ ਦਿੰਦੀ ਹੈ। ਬਾਹਰੀ ਦੇ ਨਾਲ਼ ਨਾਲ਼ ਅੰਤਰਮੁਖੀ ਜੁਆਲਾ ਦੀਆਂ ਲਪਟਾਂ ਵੀ ਚਰਮ ਸੀਮਾ 'ਤੇ ਪਹੁੰਚ ਜਾਂਦੀਆਂ ਹਨ। ਅੰਦਰਲਾ ਵਲੂੰਧਰਿਆ ਜਾਂਦਾ ਹੈ। ਪਿਘਲ਼ਣ ਲਗਦਾ ਹੈ। ਰੂਹ ਦੇ ਪੱਛ ਮੁੜ ਚਸਕਣ ਲਗਦੇ ਹਨ। ਪੀੜ ਪੀੜ ਹੋ ਜਾਂਦੇ ਹਨ। ਇਸ ਮਹੀਨੇ ਦੀ ਆਮਦ ਨਾਲ਼ ਹੀ ਬੜਾ ਕੁਝ ਹੋਰ ਵੀ ਚੇਤਿਆਂ ਵਿੱਚ ਘੁੰਮ ਜਾਂਦਾ ਹੈ। ਤੱਤੀ ਤਵੀ ਦਾ ਸੱਚ ਸਾਕਾਰ ਹੋਣ ਲਗਦਾ ਹੈ। ਮਨ ਦੀ ਕੈਨਵਸ 'ਤੇ ਇੱਕ ਪਾਸੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਭੂ ਭਗਤੀ ਵਿੱਚ ਲੀਨ ਸ਼ਾਂਤਚਿੱਤ ਤਸਵੀਰ ਉੱਭਰਨ ਲਗਦੀ ਹੈ ਤੇ ਦੂਜੇ ਪਾਸੇ ਉੱਭਰਦੀ ਹੈ ਉਨ੍ਹਾਂ ਦੇ ਭਰਾ ਪ੍ਰਿਥੀ ਚੰਦ ਦੇ ਅੰਦਰਲੇ ਦੀ ਕਰੂਰ ਤਸਵੀਰ। ਇਹ ਕੁਦਰਤ ਦੀ ਕੈਸੀ ਕਰਨੀ ਹੈ? ਕੈਸੀ ਕਥਨੀ ਹੈ? ਇੱਕੋ ਮਾਂ ਦੀ ਕੁੱਖੋਂ ਜਨਮੇ ਬਾਲਕਾਂ ਨੇ ਅਗਾਂਹ ਜਾ ਕੇ ਕਿਹੋ ਜਿਹੇ ਤੇ ਕਿਸ ਕਿਸ ਤਰ੍ਹਾਂ ਦੇ ਰਾਹੇ ਪੈਣਾ ਸੀ। ਕੌਣ ਜਾਣੇ? ਕੁਦਰਤ ਦੀਆਂ ਕੁਦਰਤ ਈ ਜਾਣੇ। ਭਵਿੱਖ ਕਿਸ ਦੇਖਿਆ ਹੈ? ਪਰ ਅੱਗੇ ਚੱਲ ਕੇ ਉਹੀ ਮਹਾਂਪੁਰਸ਼ ਅਖਵਾਉਂਦੇ ਹਨ, ਜਿਨ੍ਹਾਂ ਨਿਆਸਰਿਆਂ, ਨਿਪੱਤਿਆਂ ਜਾਂ ਕਹਿ ਲਓ ਬੇਆਬਰੂ ਲੋਕਾਂ ਦੀ ਬਾਂਹ ਫੜਨੀ ਹੁੰਦੀ ਹੈ। ਜਿਨ੍ਹਾਂ ਆਪਣੇ ਤਪ-ਤੇਜ ਨਾਲ਼ ਆਮ ਲੋਕਾਂ ਨੂੰ ਰਾਜਸੀ ਸਾਜ਼ਿਸ਼ਾਂ ਦੀ ਅਗਨ ਤੋਂ ਬਚਾਉਣਾ ਹੁੰਦਾ ਹੈ। ਅੱਗੇ ਚੱਲ ਕੇ ਇਨ੍ਹਾਂ ਵਿੱਚੋਂ ਇੱਕ ਨੇ ਗੁਰੂ ਬਾਬਾ ਨਾਨਕ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਆਪਣਾ ਆਪਾ ਲੋਕ ਹਿੱਤਾਂ ਲਈ ਨਿਛਾਵਰ ਕਰਨਾ ਸੀ ਤੇ ਦੂਸਰੇ ਨੇ ਰਾਜ ਸੱਤ੍ਹਾ ਦੇ ਮਗਰ ਲੱਗ ਲਾਲਚਵਸ ਲਾਲ਼ਾਂ ਸੁੱਟਣੀਆਂ ਸਨ। ਚੰਦ ਛਿੱਲੜਾਂ ਦੀ ਫੋਕੀ ਸ਼ੋਹਰਤ ਲਈ ਪੂੰਛ ਹਿਲਾਉਣੀ ਸੀ ਤੇ ਅੰਤ ਮੂੰਹ ਦੀ ਖਾ ਕੇ ਬਹਿਣਾ ਸੀ। ਸਮਾਂ ਹਰ ਬੰਦੇ ਨੂੰ ਇਨਸਾਫ ਦੀ ਤੱਕੜੀ ਵਿੱਚ ਤੋਲਣ ਲੱਗਿਆ ਭੋਰਾ ਫਰਕ ਨਹੀਂ ਕਰਦਾ।

ਚੌਥੇ ਪਾਤਸ਼ਾਹ, ਗੁਰੂ ਪਿਤਾ ਦੀ ਦੂਰਅੰਦੇਸ਼ੀ ਨੇ ਆਪਣੇ ਤਿੰਨਾਂ ਪੁੱਤਰਾਂ ਵਿੱਚੋਂ ਅਰਜਨ ਦੇਵ ਦੀ ਸ਼ਖ਼ਸੀਅਤ ਦੀ ਨਿਰਖ-ਪਰਖ ਕਰਦਿਆਂ ਗੁਰੂ ਗੱਦੀ ਲਈ ਯੋਗ ਸਮਝਦਿਆਂ ਮਹਿਜ਼ ਅਠਾਰਾਂ ਸਾਲਾਂ ਦੀ ਉਮਰ ਵਿੱਚ ਗੁਰੂ ਗੱਦੀ ਸੌਂਪੀ। ਫਿਰ ਗੁਰੂ ਗੱਦੀ ਦਾ ਵਾਰਿਸ ਖ਼ੁਦ ਨੂੰ ਸਮਝਦਿਆਂ ਸਮੇਂ ਸਮੇਂ ਭਰਾ ਪ੍ਰਿਥੀ ਚੰਦ ਹੀ ਇਨ੍ਹਾਂ ਦੇ ਰਾਹਾਂ ਵਿੱਚ ਕੰਡੇ ਬੀਜਦਾ ਰਿਹਾ। ਭਰਾ ਦੇ ਪੱਲੇ ਵਿੱਚ ਈਰਖਾ ਸੀ, ਉਹ ਈਰਖਾ ਬੀਜਦਾ ਰਿਹਾ। ਪੰਜਵੇਂ ਪਾਤਸ਼ਾਹ ਇਨ੍ਹਾਂ ਕੰਡਿਆਂ ਨੂੰ ਚੁਗਣ ਦੀ ਸੂਝ ਤੇ ਸਹਿਣ ਸ਼ਕਤੀ ਧਾਰਨ ਕਰ ਚੁੱਕੇ ਸਨ, ਜਿਸ ਨਾਲ਼ ਉਨ੍ਹਾਂ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਨੂੰ ਪਾਤਾਲ ਤੱਕ ਪਹੁੰਚਾਉਣਾ ਸੀ। ਸ਼ਾਇਦ ਇਹਦੇ ਪਿੱਛੇ ਤੀਜੇ ਪਾਤਸ਼ਾਹ ਨਾਨਾ ਗੁਰੂ ਦੇ ਕਹੇ ਇਨ੍ਹਾਂ ਸ਼ਬਦਾਂ ਦੀ ਸ਼ਕਤੀ ਹੀ ਪਈ ਹੋਵੇ, ਜਿਨ੍ਹਾਂ ਕਿਹਾ ਸੀ, 'ਦੋਹਿਤਾ ਬਾਣੀ ਕਾ ਬੋਹਿਥਾ।' ਇਨ੍ਹਾਂ ਵੇਲ਼ਿਆਂ ਵਿੱਚ ਹੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਉਨ੍ਹਾਂ ਨਾਲ਼ ਚਟਾਨ ਵਾਂਗ ਆ ਖੜ੍ਹੇ ਹੋਏ, ਜਿਨ੍ਹਾਂ ਪ੍ਰਿਥੀ ਚੰਦ ਤੇ ਗੁਰੂ ਘਰ ਵਿਰੋਧੀਆਂ ਦੀਆਂ ਕੁਟਿਲ ਚਾਲਾਂ ਨੂੰ ਇੱਕ ਇੱਕ ਕਰਕੇ ਨਾਕਾਮ ਕੀਤਾ। ਉਹ ਗੁਰੂ ਘਰ ਦੇ ਮਸੰਦਾਂ, ਰਬਾਬੀਆਂ ਤੇ ਸੰਗਤਾਂ ਨੂੰ ਤੋੜਦਾ ਗਿਆ, ਇਹ ਜੋੜਦੇ ਚਲੇ ਗਏ। ਤੋੜਨ ਨਾਲ਼ੋਂ ਜੋੜਨ ਵਾਲ਼ਾ ਹੀ ਸੱਚਾਈ ਦੀ ਦਰਗਾਹ ਵਿੱਚ ਸਨਮਾਨਿਆ ਜਾਂਦਾ ਹੈ। ਇਨ੍ਹਾਂ ਵਡੇਰਿਆਂ ਦੀਆਂ ਸਲਾਹਾਂ ਨਾਲ਼ ਗੁਰੂ ਕਿਰਪਾ, ਸ਼ਬਦ ਤੇ ਸੰਗੀਤ ਦੀ ਤਾਕਤ ਨੇ ਉਨ੍ਹਾਂ ਨੂੰ ਜਿੱਥੇ ਹਰ ਪੱਖੋਂ ਸਮਰੱਥਾ ਪ੍ਰਦਾਨ ਕੀਤੀ, ਉੱਥੇ ਲੋਕ ਭਲਾਈ ਦੇ ਉੱਤਮ ਕਾਰਜ ਕਰਨ ਵੱਲ ਵੀ ਪ੍ਰੇਰਿਤ ਕੀਤਾ। ਸੰਗਤ, ਸ਼ਬਦ ਤੇ ਸੰਗੀਤ ਤੋਂ ਪ੍ਰੇਰਿਤ ਹੁੰਦਿਆਂ ਉਨ੍ਹਾਂ ਸਾਈਂ ਮੀਆਂ ਮੀਰ ਹੱਥੀਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ। ਗੁਰੂ ਗ੍ਰੰਥ ਸਾਹਿਬ ਦੀ ਪੋਥੀ ਤਿਆਰ ਕਰਵਾਉਣ ਉਪਰੰਤ ਦਰਬਾਰ ਸਾਹਿਬ ਵਿੱਚ ਸਥਾਪਿਤ ਕਰਦਿਆਂ, ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਸੇਵਾ ਸੰਭਾਲ਼ੀ। ਉਹ ਆਪਣੀ ਧੁਨ ਵਿੱਚ ਕਾਰਜ ਕਰਦੇ ਰਹੇ ਤੇ ਨਾਲ਼ ਨਾਲ਼ ਧੀਰਜ ਤੇ ਠਰੰਮੇ ਨਾਲ਼ ਵੱਡੇ ਭਰਾ ਪ੍ਰਿਥੀ ਚੰਦ ਵੱਲੋਂ ਖੜ੍ਹੀਆਂ ਦੀਆਂ ਜਾਂਦੀਆਂ ਰੁਕਾਵਟਾਂ ਨੂੰ ਵੀ ਹਲੀਮੀ ਨਾਲ਼ ਪਾਰ ਕਰਦੇ ਰਹੇ।

ਸਿੱਖੀ ਜਿਉਂ ਜਿਉਂ ਪੰਜਵੇਂ ਪਾਤਸ਼ਾਹ ਦੇ ਹੱਥਾਂ ਵਿੱਚ ਜੁਆਨ ਹੋ ਰਹੀ ਸੀ, ਤਿਉਂ ਤਿਉਂ ਪੁਰੋਹਿਤ ਤੇ ਕਾਜ਼ੀਆਂ ਦੇ ਅਹਿਮ ਨੂੰ ਡੂੰਘੀ ਸੱਟ ਵੱਜਣੀ ਸ਼ੁਰੂ ਹੋ ਗਈ ਸੀ। ਉੱਤਰੀ ਭਾਰਤ ਦੇ ਸੰਤਾਂ ਵੱਲੋਂ ਚਲਾਈ ਭਗਤੀ ਲਹਿਰ ਦੀ ਰੌਸ਼ਨੀ ਵਿੱਚ ਗੁਰੂ ਬਾਬਾ ਨਾਨਕ ਵੱਲੋਂ ਦਿੱਤੇ ਛੱਟੇ ਨੂੰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਉਚਾਰ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨ ਲਈ ਅਜਿਹੀ ਸੱਟ ਮਾਰਦੇ ਹਨ, ਜਿਸ ਦੀ ਗੂੰਜ ਰਾਜ ਦਰਬਾਰ ਤੱਕ ਸੁਣਾਈ ਦੇਣ ਲਗਦੀ ਹੈ। ਜਾਤ-ਪਾਤ ਖੜ੍ਹੀ ਕਰਕੇ ਆਪਣੀ ਸੁਆਰਥ ਸਿੱਧੀ ਲਈ ਕੰਮ ਕਰ ਰਹੀਆਂ ਸ਼ਕਤੀਆਂ ਪ੍ਰਿਥੀ ਚੰਦ ਨੂੰ ਗੁਰੂ ਘਰ ਪ੍ਰਤੀ ਈਰਖਾ ਨਾਲ਼ ਹੋਰ ਜ਼ਿਆਦਾ ਭਰ ਦਿੰਦੀਆਂ ਸਨ। ਪਰ ਆਪਣੀ ਧੁਨ ਦੇ ਪੱਕੇ ਪੰਜਵੇਂ ਪਾਤਸ਼ਾਹ ਅਜਿਹੀਆਂ ਸ਼ਕਤੀਆਂ ਨੂੰ ਸੰਗੀਤ ਤੇ ਗੁਰਬਾਣੀ ਦੀ ਰਚਨਾ ਰਾਹੀਂ ਅਜਿਹਾ ਜਵਾਬ ਦਿੰਦੇ, ਜਿਨ੍ਹਾਂ ਦਾ ਉਨ੍ਹਾਂ ਕੋਲ਼ ਕੋਈ ਤੋੜ ਨਹੀਂ ਸੀ ਹੁੰਦਾ। ਉਹ ਤੜਫ ਕੇ ਰਹਿ ਜਾਂਦੇ ਅਤੇ ਸਾਜ਼ਿਸ਼ਾਂ ਘੜਨ ਵਿੱਚ ਮਸ਼ਰੂਫ ਹੋ ਜਾਂਦੇ ਹਨ। ਜਿਹੜੇ ਵੇਲੇ ਦੋਖੀ ਈਰਖਾ ਦੀ ਅੱਗ ਵਿੱਚ ਸੜ ਰਹੇ ਸਨ, ਐਨ ਉਸ ਵੇਲ਼ੇ ਉਹ ਸੰਗੀਤ ਤੇ ਸ਼ਬਦ ਦੇ ਸੁਮੇਲ ਵਿੱਚੋਂ ਸਿਰੀ ਰਾਗ, ਧਨਾਸਰੀ ਤੇ ਹੋਰ ਵੱਖ ਵੱਖ ਰਾਗਾਂ ਨੂੰ ਲੈ ਕੇ ਬਾਣੀ ਰਚਨਾ ਰਾਹੀਂ ਸੰਗਤ ਦੇ ਮਨ ਵਿੱਚ ਗੁਰੂ ਘਰ ਪ੍ਰਤੀ ਆਸਥਾ ਨੂੰ ਪੱਕਿਆਂ ਕਰ ਰਹੇ ਸਨ, ਜਿਸ ਨੇ ਅਗਾਂਹ ਜਾ ਕੇ ਇਸ ਘਰ ਦੀ ਵੱਡੀ ਸ਼ਕਤੀ ਬਣਨਾ ਸੀ। ਉਨ੍ਹਾਂ ਨੇ ਆਪਣੇ ਦ੍ਰਿੜ ਸੰਕਲਪ ਨਾਲ਼ ਭਗਤੀ ਮਤ ਨੂੰ ਬਾਣੀ ਰਾਹੀ ਸਮਾਜਿਕ ਇਨਕਲਾਬ ਵਿੱਚ ਬਦਲ ਦਿੱਤਾ। ਇੰਝ ਸਦੀਆਂ ਤੋਂ ਚਲੀਆਂ ਆ ਰਹੀਆਂ ਤੇ ਬੋਦੀਆਂ ਹੋ ਚੁੱਕੀਆਂ ਪ੍ਰੰਪਰਾਵਾਂ ਨੂੰ ਉਨ੍ਹਾਂ ਸ਼ਬਦ ਤੇ ਸੰਗੀਤ ਦੇ ਨਿਵੇਕਲੇ ਸੁਮੇਲ ਨਾਲ਼ ਸਮਾਜ ਅੱਗੇ ਨਵੇਂ-ਨਕੋਰ ਬਦਲ ਵਜੋਂ ਪੇਸ਼ ਕਰਕੇ ਪੀੜਤ ਲੋਕ ਮਨਾਂ ਵਿੱਚ ਇੱਕ ਆਸ ਦੀ ਕਿਰਨ ਜਗਾਈ। ਪੰਜਵੇਂ ਪਾਤਸ਼ਾਹ, ਤਪਦੇ ਲੋਕ ਮਨਾਂ ਨੂੰ ਠਾਰਨ ਦਾ ਕੰਮ ਕਰ ਰਹੇ ਹਨ। ਰਾਜ ਸੱਤ੍ਹਾ ਦਾ ਮਨ ਉਨ੍ਹਾਂ ਪ੍ਰਤੀ ਸੜ-ਬਲ ਰਿਹਾ ਸੀ। ਇਸ ਦਾ ਸੇਕ ਜਹਾਂਗੀਰ ਤੱਕ ਪੁੱਜਣ ਲੱਗਾ। ਮੁਗਲ ਸਲਤਨਤ ਦੀਵਾਨ ਚੰਦੂ ਰਾਹੀਂ ਪੰਜਵੇਂ ਪਾਤਸ਼ਾਹ ਨੂੰ ਬੇਅੰਤ ਤਸੀਹੇ ਦੇ ਕੇ ਸ਼ਹੀਦ ਕਰਵਾਉਣ ਵਿੱਚ ਸਫਲ ਹੋ ਗਈ। ਅਫਸੋਸ ਇਹ ਕਿ ਇਸ ਸਭ ਕੁਝ ਵਿੱਚ ਪ੍ਰਿਥੀ ਚੰਦ ਵੀ ਸ਼ਮੂਲੀਅਤ ਵੀ ਸੀ। ਸ਼ਾਇਦ ਏਸੇ ਲਈ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਮੇਰਾ ਮਨ ਤਪਣ ਲਗਦਾ ਹੈ। ਹੁਣ ਇਹ ਸਤਰਾਂ ਚੇਤੇ ਵਿੱਚੋ ਪੁੰਗਰ ਆਈਆਂ ਹਨ, 'ਤੱਤੀਆਂ ਤਵੀਆਂ ਉੱਤੇ ਬਿਠਾ ਲਈਂ/ ਬੇਸ਼ੱਕ ਦੇਗਾਂ ਵਿੱਚ ਉਬਾਲ਼ੀਂ/ ਤੂੰ ਚਾਹੇ ਪੁੱਠੀ ਖੱਲ ਲੁਹਾ ਲਈਂ/ ਨਈਂ ਮੰਨਣੀ ਹਾਰ ਸਿੰਘਾਂ ਨੇ।' ਤਪਦੀ ਜੂਨ ਦੇ ਪਹਿਲੇ ਹਫ਼ਤੇ ਦਾ ਅਸਹਿ ਸੇਕ ਸਹਾਰਦਿਆਂ ਮਨ ਪਤਾ ਨਹੀਂ ਕੀ ਕੀ ਸੋਚ ਰਿਹਾ ਹੈ। ਫੋਨ ਦੀ ਘੰਟੀ ਵੱਜਦੀ ਹੈ। ਸਕਰੀਨ 'ਤੇ ਬਾਈ ਦਲੇਰ ਸਿੰਘ ਦਾ ਨਾਂ ਫਲੈਸ਼ ਹੋਣ ਲਗਦਾ ਹੈ। ਚੱਲੋ ਵੱਡੇ ਭਰਾ ਤੋਂ ਕੋਈ ਸਿੱਖ ਮੱਤ ਲੈ ਕੇ ਮਨ ਦੀ ਤਪਸ਼ ਠਾਰਨ ਦੀ ਕੋਸ਼ਿਸ਼ ਕਰਦਾ ਹਾਂ।

'ਛੋਟੇ ਭਾਈ ਜੂਨ ਚੁਰਾਸੀ ਦਾ ਸੇਕ ਇਸ ਮਹੀਨੇ ਮੁੜ ਮੁੜ ਹਾਵੀ ਹੋਣ ਲਗਦੈ। ਚੁਰਾਸੀ ਵਿੱਚ ਜੋ ਹੋਇਆ ਕਿਸ ਨੂੰ ਭੁੱਲਿਆ ਭਰਾ? ਕੁਝ ਵੀ ਹੋਵੇ ਸਮੇਂ ਦੀਆਂ ਜ਼ਾਲਮ ਹਕੂਮਤਾਂ ਜੇ ਅਜਿਹੇ ਕਾਰੇ ਕਰਦੀਆਂ ਹਨ, ਤਾਂ ਉਸ ਦਾ ਖ਼ਮਿਆਜ਼ਾ ਵੀ ਭੁਗਦੀਆਂ ਹਨ। ਲੋਕਾਂ ਬਾਰੇ ਤਾਂ ਕੀ ਕਹਿਣਾ। ਲੋਕਾਂ ਦੀ ਤਾਂ ਹੋਣੀ ਹੀ ਇਹੋ ਹੈ। ਕਰੇ ਕੋਈ ਤੇ ਭਰੇ ਕੋਈ। ਪੰਜਵੇਂ ਪਾਤਸ਼ਾਹ ਦੀ ਸੰਗਤਾਂ ਲਈ ਦਿੱਤੀ ਸ਼ਹਾਦਤ ਅੱਜ ਵੀ ਉਨ੍ਹਾਂ ਦੇ ਸਾਹਾਂ ਵਿੱਚ ਵਸੀ ਰਹਿੰਦੀ ਐ। ਆਪਣੇ ਬਜ਼ੁਰਗਾਂ ਸੰਤਾਲ਼ੀ ਦੇਖਿਆ ਤੇ ਆਪਾਂ ਚੁਰਾਸੀ। ਕੁਝ ਜ਼ਖ਼ਮ ਐਸੇ ਹੁੰਦੇ ਨੇ ਜੋ ਕਦੇ ਭਰਦੇ ਨਈਂ ਛੋਟੇ ਭਾਈ। ਇਹ ਹੱਥ ਲਾਇਆਂ ਵੀ ਦੁਖਦੇ ਨੇ, ਮੱਲ੍ਹਮ ਲਾਇਆਂ ਵੀ। ਅਫਸੋਸ ਇਹੋ ਐ ਕਿ ਪੰਜਵੇਂ ਪਾਤਸ਼ਾਹ ਵੇਲ਼ੇ ਤਾਂ ਹਾਕਮ ਮੁਗਲ ਸਨ, ਪਰ ਚੁਰਾਸੀ ਵੇਲ਼ੇ ਤਾਂ ਆਪਣੇ ਈ ਮੁਗਲ ਬਣ ਬੈਠੇ ਸਨ। ਉਂ ਇਹ ਵੀ ਸੱਚ ਈ ਐ ਬਈ ਰਾਜ ਸੱਤ੍ਹਾ ਦੇ ਤਖਤ 'ਤੇ ਚਾਹੇ ਕੋਈ ਵੀ ਬੈਠੇ, ਉਹ ਲੋਕਾਂ ਦਾ ਘੱਟ ਈ ਬਣਦੈ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਅਠਾਰਵੀਂ ਸਦੀ ਵਿੱਚ ਕਾਜ਼ੀ ਅਬਦੁਲ ਰਜ਼ਾਕ ਰਾਹੀਂ ਫੌਜੀ ਹਮਲਾ ਕਰਵਾਇਆ ਤੇ ਮੰਡਿਆਲ਼ੀ ਦਾ ਚੌਧਰੀ ਮੱਸਾ ਰੰਗੜ ਕਰਤਾ-ਧਰਤਾ ਬਣ ਬੈਠਾ। ਜਿਹੜੀਆਂ ਬੇਹੁਰਮਤੀਆਂ ਉਸ ਕੀਤੀਆਂ, ਉਸ ਦੀ ਸਜ਼ਾ ਵੀ ਭੁਗਤੀ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਇਸ ਪਾਪੀ ਨਾਲ਼ ਕੀ ਕੀਤਾ ਤੂੰ ਸਭ ਜਾਣਦੈਂ? ਉਹ ਤਾਂ ਬੇਗਾਨੇ ਸਨ, ਉਨ੍ਹਾਂ ਦੀ ਛੱਡ। ਆਪਣਿਆਂ ਨੂੰ ਤਾਂ ਆਪਣੇ ਗੁਨਾਹ ਕਬੂਲ ਕਰ ਲੈਣੇ ਚਾਹੀਦੇ ਸਨ? ਕੁਝ ਜ਼ਖ਼ਮ ਸਦੀਆਂ ਤੱਕ ਰਿਸਦੇ ਰਹਿੰਦੇ ਹਨ ਭਰਾ।' ਸੋਚਣ ਲਗਦਾ ਹਾਂ। ਰਾਤੀਂ ਹੋਈ ਭਰਵੀਂ ਬਾਰਿਸ਼ ਨੇ ਤਪਦੇ ਜੂਨ ਵਿੱਚ ਠੰਢ ਵਰਤਾਈ ਹੈ। ਕੀ ਕਦੇ ਹਕੂਮਤਾਂ ਵੀ ਠੰਢ ਵਰਤਾਉਣਗੀਆਂ? ਆਸ ਤਾਂ ਰੱਖਣੀ ਹੀ ਚਾਹੀਦੀ ਹੈ ਮਨਾਂ। ਹਾਲੇ ਤੱਕ ਤਾਂ 'ਨਾ ਕੋਈ ਚੰਨ ਬਣ ਸਕਿਆ ਨਾ ਲੱਭਿਆ ਚਕੋਰਾਂ/ ਅੱਲੇ ਜ਼ਖ਼ਮਾਂ 'ਤੇ ਕੀਤੀਆਂ ਨਈਂ ਕਿਸੇ ਨੇ ਟਕੋਰਾਂ?'

**ਸੰਪਰਕ : 98144-30874**

# ਭੁੱਲੇਵਾਲ ਰਾਠਾਂ ਦੀ ਮਾਰਮਿਕ ਗਾਥਾ, ਸੋਲਾਂ ਗਜ਼ ਦਾ ਕੱਫ਼ਣ

**ਪਿੰਡ ਵਸਿਆ-79**

**ਵਿਜੇ ਬੰਬੇਲੀ**

ਪੁਰਾਣੇ ਸਮਿਆਂ, ਭੁੱਲੇਵਾਲ ਰਾਠਾਂ (ਹੁਸ਼ਿਆਰਪੁਰ) ਦਾ ਰਕਬਾ, ਜੰਡੋਲੀ ਪਿੰਡ ਦੇ ਇੱਕ ਟੱਬਰ ਦੀ ਮਾਲਕੀ ਸੀ। ਸਾਰੇ ਦਾ ਸਾਰਾ, ਭੁੱਲੇ ਖੱਤਰੀ ਦਾ, ਜਿੱਥੇ ਇਹ ਪਿੰਡ ਵਸਿਆ, ਉਸੇ ਦੇ ਨਾਂਅ 'ਤੇ ਇਸ ਪਿੰਡ ਦਾ ਨਾਂਅ ਭੁੱਲੇਵਾਲ ਪਿਆ, ਉਪਰੰਤ ਰਾਠ ਮੁਸਲਮਾਨਾਂ ਦੀ ਸਰਦਾਰੀ ਕਾਰਨ ਭੁੱਲੇਵਾਲ ਰਾਠਾਂ। ਭਲਿਆਂ ਵੇਲੇ, ਜਦੋਂ ਇੱਥੇ ਜੰਗਲ-ਬੇਲਾ ਸੀ ਤਾਂ ਇੱਕ ਸੱਯਦ ਮੁਸਲਿਮ, ਸੂਫ਼ੀ ਸ਼ਾਹ ਦੁੱਲੋ ਨੇ ਇਸ ਦੇ ਸਦਾ ਵਗਦੇ ਜਲ-ਵਹਾਅ ਕੰਢੇ ਆਣ ਡੇਰੇ ਲਾਏ। ਉਸੇ ਬਦੌਲਤ ਵਸੋਂ ਦਾ ਮੁੱਢ ਬੱਝਿਆ, ਹੱਲਾਸ਼ੇਰੀ ਦਿੱਤੀ ਸੀ ਭੁੱਲੇ ਖ਼ੱਤਰੀ ਨੇ। ਪੁਰਾਣੇ ਪੰਜਾਬ 'ਚ ਫ਼ੈਲੀ ਪਹਿਲ ਪਲੱਕੜੀ ਪਲੇਗ ਜਦੋਂ ਘਣੇ ਪਿੰਡਾਂ ਨੂੰ ਨਿਗਲਣ ਲੱਗੀ ਤਾਂ ਜਲੰਧਰ ਦੇ ਕੁੱਕੜ ਪਿੰਡ ਤੋਂ ਬਚੇ-ਖੁਚੇ ਜਵਾਨ ਲੋਕ ਇਸ ਦੀ ਓਟ ਵਿਚ ਆ ਗਏ। ਜਿਹੜੇ ਫ਼ਕੀਰ ਦੇ ਮੋਹ ਅਤੇ ਭੁੱਲੇ ਦੀ ਫ਼ਰਾਖ਼ਦਿਲੀ ਸਦਕਾ ਇੱਥੋਂ ਦੇ ਹੀ ਹੋ ਗਏ। ਸੁੰਨੀ ਧਾਰਾ ਵਾਲੇ ਇਹ ਲੋਕ, ਜਿਹੜੇ ਭੁੱਲੇ ਖ਼ੱਤਰੀ ਵੱਲੋਂ ਦਿੱਤੀ ਜ਼ਮੀਨ ਵਿਚ ਖ਼ੇਤੀ ਕਰਦੇ ਸਨ, 1884 ਦੇ ਜ਼ਮੀਨੀ ਬੰਦੋਬਸਤ ਵੇਲੇ, "ਜ਼ਮੀਨ ਹਲਵਾਹਕ ਅਤੇ ਮਾਮਲਾ ਤਾਰਨ ਵਾਲੇ ਦੀ" ਨੀਤੀ ਤਹਿਤ ਮਾਲਕ ਬਣ ਗਏ।

ਉੱਥੇ ਆਉਣ ਵਾਲਿਆਂ ਵਿਚ ਅੱਲਾ-ਧਿਆਈ ਬੂਟੇ ਸ਼ਾਹ ਵੀ ਸੀ, ਜਿਹੜਾ ਮਗਰੋਂ ਸਾਈਂ ਸੱਯਦ ਬੁਖ਼ਾਰੀ ਗੌਂਸ ਪਾਕ ਵਜੋਂ ਮਕਬੂਲ ਹੋਇਆ। ਫਿਰ ਉਸ ਦੇ ਰੋਜੇ 'ਤੇ ਮਲੰਗ ਸ਼ਾਹ ਅਤੇ ਮਗਰੋਂ, 1947 ਤਾਈਂ, ਖ਼ਾਦਿਮ ਹੁਸੈਨ ਗੱਦੀ ਨਸ਼ੀਨ ਰਿਹਾ। ਇੱਕ ਤਖ਼ੀਆ ਸ਼ਾਹ ਦੀਵਾਨ ਦਾ ਵੀ ਸੀ ਅਤੇ ਸਕੂਲ ਮਗਰਲੀ ਮਜ਼ਾਰ ਮਲੰਗ ਕਰੀਮਉੱਲਾ ਕਲੀਅਰ ਦੀ। ਸਾਈਂ ਨਵਾਬ ਸ਼ਾਹ ਇੱਕ ਹੋਰ ਸਾਫ਼-ਗੋ ਤਰਬੀਅਤ ਹੋ ਨਿੱਬੜੀ ਹੈ। ਦੱਸਣ ਦਾ ਮਕਸਦ ਇਹ ਹੈ ਕਿ ਇਹ ਲੋਕ ਕਿਵੇਂ ਸੂਫੀਆਨਾ, ਨਿਹਾਇਤ ਸ਼ਰੀਫ਼, ਸ਼ਰਾ ਦੇ ਨੇੜੇ ਸਨ। ਪਿੰਡ ਵਿਚ ਵਸਣ ਵਾਲੇ ਮੁਸਲਮਾਨ ਬਹੁਤੇ ਸੱਯਦ ਸਨ, ਬੁੱਲ੍ਹੇ ਸ਼ਾਹ ਦੀ ਕੁੱਲ ਵਿੱਚੋਂ। ਕੁੱਝ ਰਾਜਪੂਤ ਮੁਸਲਮਾਨ ਵੀ ਆ ਟਿਕੇ, ਪਰ ਬਹੁਤ ਥੋੜ੍ਹੇ। ਆਮ ਕਰਕੇ ਫ਼ਕੀਰ ਸ਼ਾਹ ਦੌਲੇ ਨੂੰ ਮੰਨਣ ਵਾਲੇ ਸੁੰਨੀ ਸਨ ਅਤੇ ਫ਼ਕੀਰ ਬੁੱਲ੍ਹੇ ਸ਼ਾਹ ਦੇ ਮਨੌਤੀਏ ਸ਼ੀਆ। ਆਹਲਾ ਜ਼ਮੀਨ ਮਾਲਕੀ ਕਾਰਨ ਇੱਥੋਂ ਦੇ ਮੁਸਲਮਾਨ ਨੂੰ ਰਾਠ (ਸਰਦਾਰ) ਕਿਹਾ ਜਾਂਦਾ ਸੀ, ਮਹਿਜ਼ ਇਸੇ ਕਾਰਨ ਹੀ ਭੁੱਲੇਵਾਲ ਨਾਲ ਰਾਠਾਂ ਸ਼ਬਦ ਪੱਕੇ ਤੌਰ 'ਤੇ ਜੁੜ ਗਿਆ, "ਭੁੱਲੇਵਾਲ ਰਾਠਾਂ।"

ਖੇਤੀ-ਹਾਰ ਬਹੁਗਿਣਤੀ ਸੱਯਦਾਂ ਤੋਂ ਬਿਨਾਂ ਇੱਥੇ ਕੁਝ ਘਰ ਤੇਲੀਆਂ-ਪੇਂਜਿਆਂ ਅਤੇ ਦੋ ਕੁ ਘਰ ਧੋਬੀਆਂ ਦੇ ਵੀ ਸਨ। ਸੱਯਦਾਂ ਦਾ ਖ਼ੇਤੀ ਵਿਚ ਹੱਥ ਵਟਾਉਣ ਲਈ ਆਣ ਵਸੇ ਹਿੰਦੂ ਆਦਿਧਰਮੀ ਪਰਵਾਰ ਵੀ ਕਾਫ਼ੀ ਸਨ, ਪਰ ਮੁਸਲਮਾਨਾਂ ਤੋਂ ਕਿਤੇ ਘੱਟ। ਇੱਕ-ਦੋ ਘਰ ਤਰਖ਼ਾਣਾਂ ਦੇ ਵੀ ਸਨ। ਹੋਰ ਕੋਈ ਜਾਤ ਨਹੀਂ ਸੀ ਇੱਥੇ। ਭਾਰੂ ਧਿਰ ਮੁਸਲਮਾਨਾਂ ਦੀ ਹੋਣ ਕਾਰਨ ਇਹ ਇਲਾਕੇ ਦਾ ਉੱਘਾ ਮੁਸਲਿਮ ਧਰਮੀ ਪਿੰਡ ਸੀ, ਵਸੋਂ ਵਜੋਂ ਵੀ ਅਤੇ ਸਾਧਨ-ਸੰਪਨ ਵਜੋਂ ਵੀ। ਪਿੰਡ ਦੀਆਂ ਦੋ ਪੱਤੀਆਂ ਸਨ। ਚੜ੍ਹਦੀ ਬਾਹੀ ਦਾ ਨੰਬਰਦਾਰ ਸੀ, ਸੱਯਦ ਬਰਕਤ ਸ਼ਾਹ। ਲਹਿੰਦੀ ਦਾ ਯਾਕੂਬ ਜਿਹੜਾ ਇੱਕ ਸ਼ਾਨਦਾਰ ਹਵੇਲੀ ਦਾ ਮਾਲਕ ਸੀ, ਨਿਹਾਇਤ ਭਲਾ ਬੰਦਾ। ਰਹੀਮ, ਅਜੀਮ, ਯੂਸਫ਼, ਫ਼ਜ਼ਲ, ਸ਼ਰੀਫ਼ ਆਦਿ ਦੇ ਦਾਨਾਈ ਦੀਆਂ ਅਤੇ ਚੌਕੀਦਾਰ ਨਵਾਬ ਸ਼ਾਹ ਦੀ ਚੌਕਸੀ ਦੀਆਂ ਵੀ ਕਿਆ ਬਾਤਾਂ। ਇਸ ਪਿੰਡ ਦੀ ਸਰਦਾਰੀ ਨਾਲ ਦੇ ਪਿੰਡਾਂ ਵਾਲੇ ਵੀ ਮੰਨਦੇ ਸਨ। ਕਹਾਵਤ ਸੀ- "ਭੁੱਲੇਵਾਲ ਰਾਠਾਂ: ਭੁੱਲੇ ਨੇ ਵਸਾਇਆ, ਰਾਠਾਂ ਨੇ ਵਿਗਸਾਇਆ।"

ਪਾਕਿਸਤਾਨ ਜਾਈਏ ਜਾਂ ਨਾ ਜਾਈਏ, ਇਸੇ ਸ਼ਸ਼ੋਪੰਜ ਵਿਚ ਇੱਥੋਂ ਦੇ ਮੁਸਲਮਾਨ ਮਾਰੇ ਗਏ। ਆਪਣੀ ਜੰਮਣ-ਭੋਇੰ ਅਤੇ ਹੱਥੀਂ ਸਰ-ਸ਼ਬਜ਼ ਕੀਤੇ ਇਸ ਪਿੰਡ ਵਿਚ ਟਿਕੇ ਰਹਿਣ ਲਈ ਉਹ ਹੀਲਾ-ਵਸੀਲਾ ਵਰਤਣ ਨੂੰ ਤਿਆਰ ਸਨ, ਪਰ ਲਹਿੰਦੇ ਪੰਜਾਬ ਵੱਲੋਂ ਆਉਂਦੀਆਂ ਭੈੜੀਆਂ ਹਵਾਈਆਂ ਕਾਰਨ ਇੱਧਰਲਾ ਇੱਕ 'ਨਾਮਵਰ ਸਾਧ' ਤਾਂ ਨਿਰਦੋਸ਼ ਮੁਸਲਮਾਨਾਂ ਦੇ ਕਾਤਲਾਂ ਨੂੰ ਵੀ ਪੁੰਨ ਦਾ ਕਾਰਜ ਆਖ਼ੀ ਜਾਂਦਾ ਸੀ। ਕਈ ਥਾਂ ਉਸ ਨੇ ਅਤੇ ਉਸ ਦੇ ਹਮਜੋਲੀ 'ਧਰਮੀਆਂ' ਨੇ ਖ਼ੁਦ ਖ਼ੂਨੀ-ਹੱਲਿਆਂ ਦੀ ਅਗਵਾਈ ਕੀਤੀ। ਇੱਥੇ ਉਹ ਆਪ ਨਹੀਂ ਸੀ ਆਇਆ ਪਰ ਲਾਗਲੇ ਪਿੰਡਾਂ ਦੇ ਜੋਗਾ, ਬਖ਼ਸ਼ਾ, ਗਾਟਾ ਵਰਗੇ ਇੱਕ ਵੱਡੀ ਧਾੜ ਨਾਲ ਜ਼ਰੂਰ ਦਨ-ਦਨਾਉਂਦੇ ਰਹੇ।. ਅਸਲ ਵਿਚ ਇਹ ਨਿਰਾ-"ਕੋਲ ਕਰੇਂਦੇ ਹੰਜ ਨੂੰ ਅਚਿੰਤੇ ਬਾਜ ਪਏ" ਵਰਗਾ ਘਾਤੀ ਹਮਲਾ ਸੀ। ਉਕਸਾਉਣ ਵਾਲੇ ਉਹ ਲੋਕ ਵੀ ਸਨ, ਜਿਨ੍ਹਾਂ ਦੀ ਇਨ੍ਹਾਂ ਦੇ ਮਾਲ-ਡੰਗਰਾਂ 'ਤੇ ਅੱਖ ਸੀ ਅਤੇ ਪੂਰਨ ਤੇ ਬੰਤੇ ਮਿਸਤਰੀ ਵਰਗੇ ਲੋਕ ਵੀ, ਜਿਨ੍ਹਾਂ ਨੂੰ ਇੱਥੋਂ ਦੇ ਕੁੱਝ ਸੱਯਦਾਂ ਨੇ ਆਪਣਾ ਪੈਸਾ-ਧੇਲਾ, ਗਹਿਣਾ-ਗੱਟਾ ਅਤੇ ਟੂੰਬਾਂ ਸੰਭਾਲ ਦਿੱਤੀਆਂ ਸਨ।

ਸਿੰਘਪੁਰ ਦੇ, ਡਿਸਟ੍ਰਿਕਟ ਬੋਰਡ ਵਾਲੇ, ਲੋਅਰ ਪ੍ਰਾਇਮਰੀ ਦਾ ਮਸ਼ਹੂਰ ਮੁਖ਼ੀ ਮਾਸਟਰ ਤਾਲਿਬ ਹੁਸੈਨ ਇੱਥੋਂ ਦਾ ਹੀ ਤਾਂ ਸੀ। ਰਿਆਜ਼ ਹੁਸੈਨ ਅਤੇ ਅਲਫ਼ਾਤ ਹੁਸੈਨ ਦਾ ਵੱਡਾ ਭਾਈ। ਇਨ੍ਹਾਂ ਤਿੰਨਾਂ ਦੀ ਇੱਕ ਭੈਣ ਸੀ ਰਸ਼ੀਦਾ, ਹੱਥ ਲਾਇਆਂ ਮੈਲੀ ਹੋ ਜਾਣ ਵਾਲੀ। ਵਿਚਾਰੀ ਰੌਲਿਆਂ ਵੇਲੇ ਮਾਰੀ ਗਈ, ਸਮੇਤ ਬੁੱਢੀ ਮਾਂ ਦੇ ਜਿਹੜੀ ਇਸ ਨੂੰ ਚੁੱਕਣ ਆਇਆਂ ਮੂਹਰੇ ਸ਼ੀਹਣੀ ਬਣ ਕੇ ਖੜ੍ਹ ਗਈ ਸੀ। ਨਾਇਬ ਪਰਵਾਰ ਸੀ ਇਹ ਇਸ ਪਿੰਡ ਦਾ। ਮੀਰੂ ਤੇਲੀ ਨੂੰ ਕੌਣ ਨਹੀਂ ਸੀ ਜਾਣਦਾ। ਜੈਨਾ ਉਸੇ ਦੀ ਹੀ ਤ੍ਰੀਮਤ ਸੀ। ਸੂਹੀ ਭਾਅ ਮਾਰਦੀ, ਕੱਦ ਦੀ ਕੁੱਝ ਭਾਰੀ। ਸਵਾ ਮਣ ਕੱਚੇ ਦੀ ਬਲਟੋਹ ਚੁੱਕ ਮੀਲਾਂ-ਬੱਧੀ ਖੜ੍ਹਨ ਵਾਲੀ ਇਹ ਤੇਲਣ, ਪਿੰਡ ਦੀ ਹੀ ਨਹੀਂ, ਨਾਲ ਦੇ ਪਿੰਡਾਂ ਦੀਆਂ ਤੀਵੀਆਂ ਦੀ ਵੀ ਬੁੱਕਲ ਸੀ। ਜਿੱਥੇ ਵੀ ਉਹ ਤੇਲ ਵੇਚਣ ਜਾਂਦੀ, ਦਾਣਿਆਂ ਵੱਟੇ ਵੀ ਅਤੇ ਨਗਦ ਵੀ, ਜੇ ਕਿਸੇ ਗਰੀਬ-ਗੁਰਬੇ ਕੋਲ ਦੇਣ ਲਈ ਦਾਣਾ-ਫ਼ੱਕਾ ਜਾਂ ਨਗਦ-ਨਾਮਾ ਨਾ ਹੁੰਦਾ ਤਾਂ ਉਹ ਮੁਫਤੋ-ਮੁਫਤੀ ਕੁੱਪਾ ਉਲੱਦ ਦਿੰਦੀ। ਫਿਰ ਧੁੰਨਾ ਧੋਬਾ, ਵਾਹ; ਕਿਆ ਬਾਤਾਂ ਉਸ ਦੀਆਂ। ਵਜੂਦ ਵਜੋਂ ਨਾਂਅ ਤਾਂ ਭਾਵੇਂ ਉਸ ਦਾ ਪੁਨਰਦੀਨ ਸੀ, ਪਰ ਉਸ ਦੇ ਰਹਿਮ ਦਿਲ ਸੁਭਾਅ ਕਾਰਨ ਲੋਕ ਉਸ ਨੂੰ ਪੁੰਨਾ-ਪੁੰਨਾ ਆਖਦੇ। ਕਾਲੇਵਾਲੀਆਂ ਧੋਬੀਆਂ ਨਾਲ ਭਾਵੇਂ ਉਸ ਦੀ ਦੂਰ ਦੀ ਰਿਸ਼ਤੇਦਾਰੀ ਸੀ, ਕਤਲ ਇਹ ਵੀ ਉਦੋਂ ਕੁ ਹੀ ਹੋ ਗਿਆ, ਜਦੋਂ ਕਾਲੇਵਾਲੀਏ ਮਾਰੇ ਗਏ।

ਹਾਜੀ ਮਾਮਦੀਨ, ਜਿਹੜਾ ਵੱਡੇ ਰੌਲਿਆਂ ਤੋਂ ਵੀ ਕਿਤੇ ਪਹਿਲਾਂ ਗਰੇਟਰ ਬੰਬੇ ਦਾ ਵੱਡਾ ਬਿਜਲੀਮੈਨ ਸੀ, ਜਦੋਂ ਬੰਬਈ ਦੀਆਂ ਬਿਜਲਈ ਰੌਸ਼ਨੀਆਂ ਦੀ ਗੱਲ ਕਰਦਾ ਤਾਂ ਸਾਰਾ ਪਿੰਡ ਉਸ ਕੋਲ ਢੁਕ-ਢੁਕ ਕੇ ਬਹਿੰਦਾ। ਜਗਮਗਾਉਂਦੇ ਲਾਟੂਆਂ ਦੀ ਗੱਲ ਸੁਣ ਕੇ, ਦੀਵਾਖ਼ੜੀ ਦੀ ਲੋਅ 'ਚ ਬੈਠੇ, ਕਈ ਭੁੱਲੇਵਾਲੀਆਂ ਦੇ ਮੂੰਹ ਟੱਡੇ ਜਾਂਦੇ। ਇਤਰ ਦੇ ਸ਼ੌਕੀਨ ਮਾਮਦੀਨ ਦੀ ਇੱਕ ਧੀ ਸੀ ਸ਼ੀਂਦੋ। ਪੂਰਾ ਨਾਂਅ ਤਾਂ ਸ਼ਾਇਦ ਸ਼ਮਸ਼ਾਦ ਬੇਗਮ ਸੀ, ਪਰ ਲੋਕ ਸ਼ੀਦੋ-ਸ਼ੀਦੋ ਆਖਦੇ। ਜਿਹੜੀ ਲੰਮ-ਸਲੰਮੀ ਵੀ ਸੀ ਤੇ ਬੰਬੇ ਦੀ ਜੰਮੀ ਹੋਣ ਕਾਰਨ ਚਾਰ ਅੱਖਰ ਉਠਾਲਣ ਵਾਲੀ ਵੀ। ਜਦੋਂ ਕਦੇ ਵੀ ਉਹ ਬੰਬਿਓਂ ਆਵੇ, ਉਸ ਦੀ ਹਮਕੋ-ਤੁਮਕੋ ਵਿਚ ਬੰਬੇ ਦੀਆਂ ਲਾਲੀਆਂ, ਸੇਠਾਣੀਆਂ, ਧੜਵੈਲ ਬਿਲਡਿੰਗਾਂ ਤੇ ਫ਼ਿਲਮ ਪਰੀਆਂ ਦੀਆਂ ਗੱਲਾਂ ਸੁਣਨ ਲਈ ਪਿੰਡ ਦੀਆਂ ਕੁੜੀਆਂ-ਚਿੜੀਆਂ ਉਸ ਨਾਲ ਆਢਾ ਲਾਈ ਰੱਖਦੀਆਂ। ਆਜ਼ਾਦੀ ਵੇਲੇ ਇਹ ਆਪਣੀ ਜਵਾਨ ਹੋ ਰਹੀ ਧੀ ਨਾਲ ਪਿੰਡ ਆਈ ਹੋਈ ਸੀ। ਲਾਗਲੇ ਪਿੰਡ ਦੇ.. ..ਉਸ ਅਭਾਗੀ ਧੀ ਨੂੰ ਧੀਂਗੋ ਜੋਰੀ ਚੁੱਕ ਕੇ ਲੈ ਗਏ। ਉੱਥੇ ਉਹ ਨਾ-ਕਰਮਣ, ਉਸ ਵੇਲੇ, ਇੱਕ ਧੀ ਦੀ ਮਾਂ ਬਣ ਗਈ ਜਦੋਂ ਉਸ ਦੀ ਉਮਰ ਅਜੇ ਵਿਆਹ-ਵਰਨ ਵਾਲੀ ਵੀ ਨਹੀਂ ਸੀ ਹੋਈ। ਕੁੱਝ ਵਰ੍ਹਿਆਂ ਬਾਅਦ ਪਾਕਿਸਤਾਨੋ ਆਏ ਵਰੰਟ ਹਾਜੀ ਮਾਮਦੀਨ ਦੀ ਇਸ ਦੋਹਤੀ ਨੂੰ ਤਾਂ ਲੈ ਗਏ, ਪਰ ਉਹ ਲੱਖ ਚਾਹੁੰਦਿਆਂ ਵੀ ਮਸੋਰ ਧੀ ਨੂੰ ਨਾਲ ਨਾ ਲਿਜਾ ਸਕੀ।

ਜਾਮੀ ਤੇ ਘੀਤੂ, ਇੱਥੇ ਦੇ ਦੋ ਹੋਰ ਸਿਰਕੱਢਵੇਂ ਰੁਕਨ ਸਨ, ਜਿਹੜੇ ਪਹਿਲੇ ਅਣਸਾਵੇਂ ਹਮਲੇ ਵਿਚ ਮਾਰੇ ਗਏ, ਜਿਸ ਵਿਚ ਪਿੰਡ ਦੇ ਉਹ ਬਜ਼ੁਰਗਵਾਰ ਮਾਰੇ ਗਏ ਸਨ, ਜਿਹੜੇ ਵਿਚਾਰੇ ਭੱਜ ਨਹੀਂ ਸੀ ਸਕਦੇ। ਬਚਾਅ ਹਿੱਤ ਨਿੱਤਰੇ ਤੇਲੀਆਂ ਦੇ ਦੋ ਗੱਭਰੂ ਵੀ ਮਾਰੇ ਗਏ, ਤੁਸੀਂ ਵਹੀਰ ਸਾਹਮਣੇ ਕਰ ਵੀ ਕੀ ਸਕਦੇ ਹੋ। ਉਸੇ ਰਾਤ ਨੂੰ ਕੀਤੇ ਦੂਜੇ ਵਹਿਸ਼ੀ ਹੱਲੇ ਵਿਚ ਮੁੰਦੇ ਸ਼ਾਹ ਦੇ ਛੁੱਟੀ ਕੱਟਣ ਆਏ ਹੋਏ ਦੋਵੇਂ ਫ਼ੌਜੀ ਪੁੱਤ ਵੀ ਉਦੋਂ ਮਾਰੇ ਗਏ, ਜਦੋਂ ਉਹ ਆਪਣੇ ਵਾੜੇ ਖੜੇ ਭੁੱਖੇ ਥਿਆਏ ਬਲਦਾਂ-ਮੱਝਾਂ ਦੇ ਸੰਗਲ ਖੋਹਲਣ ਗਏ ਸਨ। ਇਸ ਹਮਲੇ ਵਿਚ ਘਰੋਂ ਨਿਆਣਾ ਚੁੱਕਣ ਆਈ ਉਹ ਜਵਾਨ ਮਾਂ ਵੀ ਮਾਰੀ ਗਈ ਸੀ, ਜਿਸ ਦੇ ਦੁੱਧ ਚੁੰਘਦੇ ਮਸੋਰ ਬਾਲ ਨੂੰ ਬਠੁੱਲੇ ਦਾ ਇੱਕ ਤਰਸਵਾਨ ਜੱਟ ਲੈ ਗਿਆ। ਉਹ ਬੱਚਾ ਹੁਣ ਕਿੱਥੇ ਤੇ ਕਿਨ੍ਹੀਂ ਹਾਲੀਂ ਹੈ, ਕੋਈ ਨਹੀਂ ਜਾਣਦਾ। ਯੁਕਤੀ ਢੰਗ ਨਾਲ ਕੁੱਝ ਹੋਰ ਬੱਚੇ ਵੀ ਬਚਾਏ ਗਏ, ਬਿਨਾਂ ਉੱਘ ਕੱਢਿਆਂ, ਕਿਉਂਕਿ ਹਮਦਰਦੀ ਕਰਨ ਵਾਲਿਆਂ 'ਤੇ ਗੁੱਝੀਆਂ ਧਮਕੀਆਂ ਦਾ ਖ਼ੌਫ਼ ਸੀ।

ਹਾਂ, ਆਦਿਧਰਮੀਆਂ ਨੇ ਮੌਕੇ ਮੂਜਬ ਪਿੰਡ ਦੇ ਜਾਇਆਂ ਇਨ੍ਹਾਂ ਮੁਸਲਮਾਨਾਂ ਦੀ ਹਰ ਸੰਭਵ ਮਦਦ ਕੀਤੀ। ਮੀਂਹ-ਕਣੀ ਵਾਲੇ ਉਨ੍ਹਾਂ ਹੁੰਮਸੀ ਦਿਨਾਂ ਵਿਚ ਨਿਸਾਰ 'ਤੇ ਆਈਆਂ ਛੱਲੀਆਂ ਵਿਚ ਪ੍ਰਸੂਤੀ ਪੀੜਾਂ ਨਾਲ ਨਿਢਾਲ ਪਈ ਮਾਸਟਰ ਤਾਲਿਬ ਦੀ ਜੀਵਨ ਸੰਗਣੀ ਨੂੰ ਇਸ ਪਿੰਡ ਦੀਆਂ ਕਿਰਤੀ ਤੀਵੀਆਂ ਵਰ੍ਹਦੀ ਅੱਗ ਵਿੱਚੋਂ ਹੀ ਚੁੱਕ ਲਿਆਈਆਂ ਸਨ। ਕੋਈ ਨੁਕਸਾਨ ਨਾ ਕਰ ਜਾਵੇ, ਇਸ ਵੰਗਾਰ ਨੂੰ ਉਨ੍ਹੀ ਦਿਨ-ਰਾਤ ਹੈਰਤ-ਅੰਗੇਜ਼ ਪਹਿਰਾ ਦੇ ਕੇ ਨਜਿੱਠਿਆ। 'ਸਾਧ' ਦੀ ਕੰਨ-ਭੇਦੀ ਸ਼ਹਿ, "ਡੀਲੇ ਨਾਲ ਪਿਆਜ਼ੀ ਵੀ ਮਿੱਧ ਦਿਓ" ਵੀ ਉਨ੍ਹਾਂ ਵੀਰਾਂਗਣਾ ਨੂੰ ਡੁਲਾ ਨਾ ਸਕੀ। ਮਗਰੋਂ ਕੈਂਪ ਵਿਚ ਰੁਲ-ਖੁਲ ਪਾਕਿਸਤਾਨ ਪੁੱਜੇ, ਉਸ ਜੱਚਾ-ਬੱਚਾ ਦੀ ਖੈਰ-ਸੁੱਖ ਸੁਣ ਸਾਰਾ ਭੁੱਲੇਵਾਲ ਚਹਿਕ ਉੱਠਿਆ ਸੀ। ਫਿਰ, ਜਦੋਂ ਕਦੇ ਵੀ ਤਾਲਿਬ ਹੁਸੈਨ ਦਾ ਖ਼ਤ ਆਉਂਦਾ, ਉਸ ਵਿਚ ਉਸ ਬੱਚੇ ਦਾ ਵਿਸ਼ੇਸ਼ ਜ਼ਿਕਰ ਹੁੰਦਾ। ਉਸ ਦੇ ਧੰਨਵਾਦੀ ਬੋਲਾਂ ਨਾਲ ਭੁੱਲੇਵਾਲ ਦੇ ਕਿਰਤੀ ਮਾਣ ਅਤੇ ਤਰਸ ਨਾਲ ਭਰ ਜਾਂਦੇ।

ਬਸ਼ੀਰ ਤੇਲੀ ਦੀ ਗਾਥਾ ਤਾਂ ਹੋਰ ਵੀ ਮਾਰਮਿਕ ਹੈ, ਜਿਸ ਨੂੰ ਜਿਉਂਦਿਆਂ ਹੀ ਬਲਦੇ ਕੁੱਪ ਵਿਚ ਸੁੱਟ ਦਿੱਤਾ ਸੀ। ਮੋਏ ਮੁੱਕੇ, ਅੱਧ-ਝੁਲਸੇ ਬਸ਼ੀਰ ਨੂੰ ਜਦੋਂ ਬਾਹਰ ਕੱਢਿਆ ਗਿਆ ਤਾਂ ਲਾਗੇ ਪਏ ਉਸ ਦੇ ਝੋਲੇ ਵਿਚ "ਨਵਾਂ-ਨਕੋਰ ਖੱਟਾ ਪਰਨਾ" ਵੀ ਸੀ। ਉਸ 'ਧਰਮ' ਬਦਲ ਲਿਆ ਸੀ ਜਾਂ ਹਾਲੇ ਬਦਲਣਾ ਸੀ, ਕੋਈ ਨਹੀਂ ਸੀ ਜਾਣਦਾ। ਮਗਰ ਸਿਰਫ ਬੁੱਢੀ ਮਾਂ ਹੀ ਸੀ ਉਸ ਦੇ। ਕੌਣ ਕੱਫ਼ਨ ਪਾਉਂਦਾ ਬਸ਼ੀਰ ਉੱਤੇ, ਪਰ ਮਾਈ ਜੀਣੀ ਮੈਦਾਨ ਵਿਚ ਨਿੱਤਰੀ। ਖ਼ੌਫ ਦੀ ਪਰਵਾਹ ਕੀਤੇ ਬਿਨਾਂ ਘਰੋਂ ਉਹ ਸੋਲਾ ਗਜ਼ੀ ਉਹ ਖੱਦਰ-ਥਾਨ ਚੁੱਕ ਲਿਆਈ, ਜਿਹੜਾ ਉਨ੍ਹਾਂ ਗਰੀਬੜਿਆਂ ਨੇ ਔਖੇ ਵੇਲਿਆਂ ਵਿਚ ਹੀ ਵੇਚਣ ਹਿੱਤ ਸਾਂਭਿਆ ਹੋਇਆ ਸੀ। ਉਸ ਲੇਰ ਮਾਰੀ, "ਸਾਰੇ ਦਾ ਸਾਰਾ ਵਲੇਟ ਦਿਓ, ਭੁੱਲੇਵਾਲ ਰਾਠਾਂ ਦੇ ਇਸ ਸੰਗਮਰਮਰੀ ਪੁੱਤ ਉੱਤੇ। ਕੋਈ ਇਹ ਨਾ ਕਹੇ, ਕਿ ਭੁੱਲੇਵਾਲੀਆਂ ਨੇ ਇਸ ਨੂੰ ਕੱਫ਼ਣ ਤੋਂ ਬਿਨਾਂ ਹੀ ਤੋਰ ਦਿੱਤਾ।" ਮੈਨੂੰ ਇਹ ਦੱਸਦਿਆਂ ਨੱਬਿਆਂ ਨੂੰ ਢੁੱਕਾ ਉਸ ਦਾ ਬੁੱਢ-ਵਰੇਸੀਆ ਪੁੱਤ ਚੌਧਰੀ ਸ਼ਰਨ ਦਾਸ ਭੁੱਬੀਂ ਰੋ ਪਿਆ।

**ਮੋਬਾ. 94634-39075**

## ਪ੍ਰਲੇਸ ਵੱਲੋਂ ਕਵੀ ਦਰਬਾਰ



**ਪਟਿਆਲਾ** : ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਪਟਿਆਲਾ ਇਕਾਈ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਅਤੇ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਇਸ ਕਵੀ ਦਰਬਾਰ ਦੇ ਆਰੰਭ ਵਿੱਚ ਇਕਾਈ ਦੇ ਜਨਰਲ ਸਕੱਤਰ ਜਗਪਾਲ ਚਹਿਲ ਨੇ ਕਵੀ ਦਰਬਾਰ ਦੀ ਰੂਪਰੇਖਾ ਤੇ ਇਸ ਦੀ ਸਾਰਥਿਕਤਾ ਬਾਰੇ ਵਿਚਾਰ ਪ੍ਰਗਟ ਕੀਤੇ ਉਪਰੰਤ ਪ੍ਰਧਾਨ ਡਾ. ਸੰਤੋਖ ਸੁੱਖੀ ਨੇ ਮੁੱਖ ਮਹਿਮਾਨ ਤੇ ਲੋਕ ਕਵੀਆਂ ਜਗਰਾਜ ਧੌਲ਼ਾ, ਜਗਸੀਰ ਜੀਦਾ ਸਮੇਤ ਪ੍ਰਧਾਨਗੀ ਲਈ ਪਹੁੰਚੇ ਡਾ. ਭੀਮ ਇੰਦਰ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ।ਇਸ ਮੌਕੇ ਡਾ.ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਕਵਿਤਾ ਆਪਣੇ ਵਿਚਾਰ ਪ੍ਰਗਟ ਦਾ ਸ਼ਕਤੀਸ਼ਾਲੀ ਤਰੀਕਾ ਹੈ।ਜੁਗਰਾਜ ਧੌਲਾ ਨੇ ਕਿਹਾ ਕਿ ਸਾਨੂੰ ਸਮੂਹਕ ਸੰਘਰਸ਼ਾਂ ਦੀ ਬਹੁਤ ਲੋੜ ਹੈ। ਇਸ ਮੌਕੇ ਡਾ. ਲਕਸ਼ਮੀ ਨਰਾਇਣ ਭੀਖੀ ਦੀ ਪੁਸਤਕ 'ਸਫ਼ਰ ਦੀ ਲੋਅ' ਲੋਕ ਅਰਪਣ ਕੀਤੀ ਗਈ।ਸ਼ਾਮਲ ਕਵੀਆਂ ਵਿੱਚ ਅੰਮ੍ਰਿਤਪਾਲ ਸ਼ੈਦਾ, ਕੁਲਵੰਤ ਸੈਦੋਕੇ, ਅਮਰਜੀਤ ਕਸਕ, ਗੁਰਦਰਸ਼ਨ ਗੁਸੀਲ, ਗੁਰਚਰਨ ਪੱਬਾਰਾਲੀ, ਦਰਸ਼ਨ ਸਿੰਘ ਦਰਸ਼, ਸੇਵਾ ਸਿੰਘ ਭਾਸ਼ੋ, ਡਾ.ਲਕਸ਼ਮੀ ਨਰਾਇਣ ਭੀਖੀ, ਬਚਨ ਸਿੰਘ ਗੁਰਮ, ਬਲਕਾਰ ਔਲਖ, ਕੁਲਵੰਤ ਖਨੌਰੀ, ਰਣਧੀਰ, ਸੰਦੀਪ ਜਸਵਾਲ, ਆਸ਼ਾ ਕਿਰਨ, ਨਰਿੰਦਰਪਾਲ ਕੌਰ, ਕਮਲ ਸੇਖੋਂ, ਰਾਜਵਿੰਦਰ ਜਟਾਣਾ, ਚਰਨਜੀਤ ਕੌਰ ਜੋਤ, ਸਿਮਰਨਜੀਤ ਕੌਰ ਸਿਮਰ, ਕਮਲਦੀਪ ਬਾਲਦ ਕਲਾਂ, ਬਲਵਿੰਦਰ ਬੁਲਟ, ਜੰਟੀ ਬੇਤਾਬ, ਹਰਦੀਪ ਸੱਭਰਵਾਲ, ਨਵਦੀਪ ਮੁੰਡੀ, ਸੁਖਵਿੰਦਰ ਚਾਹਲ, ਸੁਰ ਇੰਦਰ, ਗੁਰਮੀਤ ਜੱਜ , ਬਲਜੀਤ ਸਿੰਘ ਨੇ ਆਪਣੀ ਵਿਸ਼ੇ ਸਬੰਧਿਤ ਖ਼ੂਬਸੂਰਤ ਕਵਿਤਾ ਪੇਸ਼ ਕੀਤੀ। ਅੰਤ ਵਿੱਚ ਇਕਾਈ ਵੱਲੋਂ ਡਾ. ਗੁਰਮੀਤ ਕੱਲਰਮਾਜਰੀ ਨੇ ਸਭ ਦਾ ਧੰਨਵਾਦ ਕੀਤਾ। ਕਵੀ ਦਰਬਾਰ ਵਿਚ ਕੋ-ਕੋਆਰਡੀਨੇਟਰ ਦੀ ਭੂਮੀਕਾ ਡਾ. ਇਕਬਾਲ ਸੋਮੀਆਂ ਵੱਲੋਂ ਨਿਭਾਈ ਗਈ।

## 'ਵਹੀ ਦੇ ਵਰਕੇ' ਲੋਕ ਅਰਪਣ



**ਅੰਮ੍ਰਿਤਸਰ** : ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਦਿੱਲੀ ਵੱਸਦੀ ਸ਼ਾਇਰਾ ਅਮੀਆ ਕੁੰਵਰ ਦੀ ਕਾਵਿ ਕਿਤਾਬ 'ਵਹੀ ਦੇ ਵਰਕੇ' ਨੂੰ ਲੋਕ ਅਰਪਣ ਕੀਤਾ ਗਿਆ। ਲੋਕ ਅਰਪਣ ਦੇ ਨਾਲ ਹੀ ਕਿਤਾਬ 'ਤੇ ਭਰਵੀਂ ਵਿਚਾਰ ਚਰਚਾ ਵੀ ਹੋਈ। ਸਭ ਤੋਂ ਪਹਿਲਾਂ ਡਾ. ਸੁਖਬੀਰ ਕੌਰ ਮਾਹਲ ਨੇ ਕਿਤਾਬ ਬਾਰੇ ਵਿਸਤ੍ਰਿਤ ਪੇਪਰ ਪੜ੍ਹਿਆ। ਉਹਨਾ ਕਿਹਾ ਕਿ ਅਮੀਆ ਕੁੰਵਰ ਦੀ ਸ਼ਾਇਰੀ ਇੱਕ ਸੰਵੇਦਨਸ਼ੀਲ ਤੇ ਪ੍ਰੌੜ੍ਹ ਮਨ ਦੀ ਸ਼ਾਇਰੀ ਹੈ ।ਇਸ ਤੋਂ ਪਿੱਛੋਂ ਸ਼ਾਇਰ ਮਲਕੀਤ ਰਾਸੀ ਨੇ ਇਸ ਕਿਤਾਬ ਦੀਆਂ ਕਵਿਤਾਵਾਂ ਨੂੰ ਮਨੁੱਖੀ ਮਨ ਦੀਆਂ ਤਹਿਆਂ ਵਿੱਚੋਂ ਫੁੱਟਦੇ ਕੁਦਰਤੀ ਵਰਤਾਰਿਆਂ ਦੀ ਕਵਿਤਾ ਕਿਹਾ ।ਜਸਪਾਲ ਕੌਰ ਨੇ ਇਸ ਕਵਿਤਾ ਵਿਚਲੇ ਦੁੱਖਾਂ-ਦਰਦਾਂ ਦੇ ਬਾਵਜੂਦ ਇਸ ਦੇ ਹਾਂ-ਪੱਖੀ ਰੁਝਾਨ ਦੀ ਗੱਲ ਕੀਤੀ । ਕਮਲ ਗਿੱਲ ਨੇ ਕਿਤਾਬ ਵਿਚਲੀ ਕਵਿਤਾ ਖੌਫਜ਼ਦਾ ਗੁਲਾਬ ਨੂੰ ਸ਼ਾਇਰਾ ਦੀ ਸੰਕੇਤਕ ਕਵਿਤਾ ਕਿਹਾ ।ਸ਼ੁਭ ਕਿਰਨ, ਕੰਵਲਪ੍ਰੀਤ ਕੌਰ, ਸਰਬਜੀਤ ਸਿੰਘ ਸੰਧੂ ਤੇ ਇਸ ਤੋਂ ਬਾਅਦ ਪ੍ਰਭਜੋਤ ਕੌਰ, ਹਰਮੀਤ ਆਰਟਿਸਟ ਤੇ ਡਾ. ਵਿਕਰਮਜੀਤ ਤੇ ਭੁਪਿੰਦਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕੀਤੇ । ਪ੍ਰਧਾਨਗੀ ਮੰਡਲ ਵੱਲੋਂ ਕਿਤਾਬ ਰਿਲੀਜ਼ ਕਰਨ ਪਿੱਛੋਂ ਅਮੀਆ ਕੁੰਵਰ ਦਾ ਸਨਮਾਨ ਕੀਤਾ ਗਿਆ। ਫਿਰ ਸਤਬੀਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ । ਮੰਚ ਸੰਚਾਲਨ ਅਰਤਿੰਦਰ ਸੰਧੂ ਵੱਲੋਂ ਕੀਤਾ ਗਿਆ।

## 'ਲਫ਼ਜ਼ਾਂ ਦੀ ਦਰਗਾਹ' 'ਚ ਬਿਖਰੇ ਲਫ਼ਜ਼ਾਂ ਦੇ ਖ਼ੂਬਸੂਰਤ ਰੰਗ

**ਲੁਧਿਆਣਾ** : ਬੀਤੇ ਦਿਨੀਂ ਪ੍ਰਸਿੱਧ ਫੋਟੋਗ੍ਰਾਫਰ ਤੇ ਕਵੀ ਰਵਿੰਦਰ ਰਵੀ ਦੇ ਸਟੂਡੀਓ ਵਿੱਚ ਇੱਕ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਰਵਿੰਦਰ ਰਵੀ ਨੇ ਦੱਸਿਆ ਕਿ 'ਇਸ ਤਰ੍ਹਾਂ ਦੇ ਸਾਹਿਤਕ ਪ੍ਰੋਗਰਾਮ ਕਰਨੇ ਮੇਰਾ ਇੱਕ ਸੁਪਨਾ ਸੀ, ਜਿਸ ਦੀ ਸ਼ੁਰੂਆਤ ਅੱਜ ਸ਼ਾਇਰੀ ਦੇ ਵੱਖ-ਵੱਖ ਰੰਗਾਂ ਨਾਲ ਕਰ ਰਹੇ ਹਾਂ ਤੇ ਸਾਡੀ ਜ਼ੁਬਾਨ ਦੇ ਬਹੁਤ ਵੱਡੇ ਸ਼ਾਇਰ ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਹੀ ਇਸ ਪ੍ਰੋਗਰਾਮ ਦਾ ਨਾਂਅ 'ਲਫ਼ਜ਼ਾਂ ਦੀ ਦਰਗਾਹ' ਰੱਖਿਆ ਹੈ ਤੇ ਅਸੀਂ ਇਸ ਪ੍ਰੋਗਰਾਮ ਦੀ ਲਗਾਤਾਰਤਾ ਨੂੰ ਬਰਕਰਾਰ ਰੱਖਾਂਗੇ, ਨਾਲ-ਨਾਲ ਵੱਡੇ ਲੇਖਕਾਂ ਨਾਲ ਮੁਲਾਕਾਤਾਂ ਦਾ ਇੱਕ ਫੀਚਰ ਵੀ ਸ਼ੁਰੂ ਕਰਨ ਜਾ ਰਹੇ ਹਾਂ।' ਉਸ ਤੋਂ ਬਾਅਦ ਕਵਿਤਾ ਰੰਗੀ ਮਹਿਫ਼ਿਲ ਵਿੱਚ ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਕੋਮਲਦੀਪ ਕੌਰ, ਹਰਸਿਮਰਤ ਕੌਰ, ਅਮਰਜੀਤ ਸ਼ੇਰਪੁਰੀ ਟੀਮ ਤੇ ਪਾਲੀ ਖਾਦਿਮ ਨੇ ਆਪੋ-ਆਪਣੇ ਕਲਾਮ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੇ ।ਇਸ ਮੌਕੇ ਤ੍ਰੈਲੋਚਨ ਲੋਚੀ ਨੇ ਕਿਹਾ ਕਿ 'ਜਦੋਂ ਅੱਜ ਦੇ ਇਸ ਗੰਧਲੇ ਦੌਰ ਵਿੱਚ ਬੇਤੁਕੇ, ਬੇਸੁਰੇ ਗੀਤ ਤੇ ਸ਼ੋਰੀਲਾ ਸੰਗੀਤ ਸਾਡੀ ਇਕਾਗਰਤਾ ਤੇ ਸਾਡੀਆਂ ਬਿਰਤੀਆਂ ਨੂੰ ਭੰਗ ਕਰਨ ਤੇ ਨੌਜਵਾਨੀ ਨੂੰ ਗੁੰਮਰਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ, ਉਸ ਠੀਕ ਸਮੇਂ 'ਤੇ ਅਜਿਹੇ ਸਾਹਿਤਕ ਪ੍ਰੋਗਰਾਮਾਂ ਦਾ ਸ਼ੁਰੂ ਹੋਣਾ ਸਾਡੇ ਸਭਨਾਂ ਵਾਸਤੇ ਹੀ ਇੱਕ ਸ਼ੁੱਭ ਸ਼ਗਨ ਵਾਂਗ ਹੈ।' ਇਸ ਪੂਰੇ ਸਮਾਗਮ ਦਾ ਮੰਚ ਸੰਚਾਲਨ ਸ਼ਾਇਰ ਪਾਲੀ ਖਾਦਿਮ ਨੇ ਬਹੁਤ ਪਿਆਰੇ ਅੰਦਾਜ਼ ਵਿੱਚ ਕੀਤਾ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ



**ਕੈਲਗਰੀ**-ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ:) ਦੀ ਮਈ ਮਹੀਨੇ ਦੀ ਇਕੱਤਰਤਾ 24 ਮਈ ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ।ਸਟੇਜ ਦੀ ਕਾਰਵਾਈ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਨਿਭਾਈ। ਸਭਾ ਦੇ ਮੈਂਬਰਾਂ ਵੱਲੋਂ ਸਾਹਿਤਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਸਭਾ ਦੀ ਸਮੁੱਚੀ ਕਾਰਵਾਈ ਯੁੱਗ ਕਵੀ ਡਾ. ਸੁਰਜੀਤ ਪਾਤਰ ਦੇ ਜੀਵਨ ਅਤੇ ਉਹਨਾਂ ਦੀ ਕਵਿਤਾ 'ਤੇ ਕੇਂਦਰਤ ਰਹੀ। ਆਰੰਭ ਵਿਚ ਜਰਨੈਲ ਤੱਗੜ ਵੱਲੋਂ ਗਿੱਲ ਸੁਖਮੰਦਰ ਨੂੰ ਸੱਦਾ ਦਿੱਤਾ ਗਿਆ। ਉਪਰੰਤ ਗੁਰਦੀਪ ਸਿੰਘ ਧਾਲੀਵਾਲ, ਮਨਿੰਦਰ ਬਜਵਾੜਾ, ਮਨਜੀਤ ਸਿੰਘ ਬਰਾੜ, ਗੁਰਰਾਜ ਸਿੰਘ ਵਿਰਕ, ਲਖਵਿੰਦਰ ਸਿੰਘ ਸਿੱਧੂ, ਗੁਰਪ੍ਰੀਤ ਲਾਡਲ, ਗੁਰਪ੍ਰੀਤ ਕੈਨੇਡਾ ਨੇ ਆਪਣੀਆਂ ਰਚਨਾਵਾਂ ਪੜ੍ਹ ਕੇ ਸਰੋਤਿਆਂ ਨੂੰ ਕੀਲ ਲਿਆ। ਇੰਜ: ਦਰਸ਼ਨ ਮਹਿਰੋਕ, ਜਗਦੇਵ ਸਿੰਘ ਸਿੱਧੂ ਨੇ ਮਨਿੰਦਰ ਅਤੇ ਗੁਰਪ੍ਰੀਤ ਦੋਨਾਂ ਦੀਆਂ ਕਵਿਤਾਵਾਂ ਦੀ ਰੱਜ ਕੇ ਪ੍ਰਸੰਸਾ ਕੀਤੀ।ਸੁਰਿੰਦਰ ਗੀਤ ਦੀ ਕਵਿਤਾ 'ਉਹ ਆਖਦਾ ਹੈ' ਦੇ ਸੰਦਰਭ ਵਿਚ ਆਪਣੀ ਲਿਖੀ ਕਵਿਤਾ ਪੇਸ਼ ਕੀਤੀ ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਗਾਲਿਬ ਮੰਟੋ ਦੀ ਨਜ਼ਰ ਵਿੱਚ : ਮੁਹੰਮਦ ਨਿਜ਼ਾਮੁਦੀਨ**

**ਅੰਡੇਮਾਨ ਡਾਇਰੀਜ਼-2 : ਭੁਪਿੰਦਰ ਸਿੰਘ ਮਾਨ**


**'ਨਲਵਾ ਜਰਨੈਲ ਬਾਝੋਂ' : ਬਲਦੇਵ ਸਿੰਘ (ਫੋਕਸ) ਡਾ. ਸੁਰਜੀਤ ਬਰਾੜ**

**ਬਲਵਿੰਦਰ ਸਿੰਘ ਭੁੱਲਰ ਤੇ ਮਨਜੀਤ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

**---- ਭਗਵੰਤ ਰਸੂਲਪੁਰੀ----**

## ਜਨ ਸਾਹਿਤ : ਜਨਵਰੀ-ਮਾਰਚ, 2025




ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰਕਾਸ਼ਤ ਪ੍ਰਸਿੱਧ ਰਸਾਲਾ 'ਜਨ ਸਾਹਿਤ' ਦਾ ਹੱਥਲਾ ਅੰਕ ਹੁਣੇ ਜਿਹੇ ਛਪ ਕੇ ਪਾਠਕਾਂ ਤੱਕ ਪੁੱਜਾ ਹੈ। ਰਸਾਲੇ ਨੂੰ ਛਪਦਿਆਂ 67 ਸਾਲ ਹੋ ਗਏ ਸਨ। ਵੱਡੇ ਅਕਾਰ ਵਿੱਚ ਛਪਦੇ 'ਜਨ ਸਾਹਿਤ' ਦੇ ਮੁੱਖ ਸੰਪਾਦਕ ਜਸਵੰਤ ਸਿੰਘ ਜ਼ਫ਼ਰ ਅਤੇ ਸੰਪਾਦਕ ਡਾ. ਸੰਤੋਖ ਸਿੰਘ ਸੁੱਖੀ ਹਨ। ਅੰਕ ਦੇ ਸਫ਼ੇ 192 ਅਤੇ ਮੁੱਲ 60 ਰੁਪਏ ਹੈ। ਮੁੱਖ ਸੰਪਾਦਕ ਨੇ ਆਪਣੀ ਸੰਪਾਦਕੀ ਵਿੱਚ ਪੁਸਤਕ ਸੱਭਿਆਚਾਰ ਪੈਦਾ ਕਰਨ ਤੇ ਜੋਰ ਦਿੰਦਿਆਂ ਵੱਧ ਤੋਂ ਵੱਧ ਸਾਹਿਤ ਲਿਖਣ ਅਤੇ ਵਾਜਬ ਮੁੱਲ ਤੇ ਛਪਣ 'ਤੇ ਜੋਰ ਦਿੱਤਾ ਹੈ। ਹੱਥਲੇ ਅੰਕ ਵਿੱਚ ਪ੍ਰੋ. ਬਲਕਾਰ ਸਿੰਘ ਦਾ ਲੇਖ 'ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਧਰਮ ਸ਼ਾਸ਼ਤਰੀ ਸਰੋਕਾਰ', ਪੂਰਨ ਸਿੰਘ 'ਵਿਚਾਰ ਅਤੇ ਵਿਸ਼ਵਾਸ' ਮਨੁੱਖੀ ਫਲਸਫੇ ਦੀ ਗੱਲ ਕੀਤੀ ਹੈ। ਅੱਗੇ 'ਪਿਆਰਾ ਸਿੰਘ ਗੁਰਨੇ ਕਲਾਂ (ਜ਼ਿੰਦਗੀ ਰਸਤੇ ਤੇ ਮੰਜ਼ਿਲ), ਡਾ. ਇਕਬਾਲ ਸਿੰਘ ਸਕਰੌਦੀ (ਸੱਚ ਦੀ ਫ਼ਤਹਿ), ਕਰਮ ਸਿੰਘ ਜ਼ਖ਼ਮੀ (ਗਿੱਦੜਸਿੰਗੀ), ਓਮ ਪ੍ਰਕਾਸ਼ ਗਾਸੋ (ਸੰਵੇਦਨਸ਼ੀਲ ਪਲਾਂ ਦੀ ਸੁਹਿਰਦਤਾ), ਡਾ. ਪਰਮਜੀਤ ਸਿੰਘ ਮਾਨਸਾ (ਬਾਬਾ ਬੀਰ ਸਿੰਘ ਨੌਰੰਗਬਾਦੀਆ ਦੀ ਸ਼ਹਾਦਤ), ਡਾ. ਸੰਦੀਪ ਘੰਡ (ਬਿਰਧ ਆਸ਼ਰਮ ਤੋਂ ਮੰਤਰੀ ਤੱਕ), ਡਾ. ਚਰਨਜੀਤ ਕੌਰ (ਸਮੇਂ ਦੇ ਹਾਣ ਦਾ ਕਹਾਣੀਕਾਰ ਸੁਖਜੀਤ), ਦਰਸ਼ਨ ਸਿੰਘ ਪ੍ਰੀਤੀਮਾਨ (ਗ਼ਜ਼ਲ ਤੇ ਗੀਤਕਾਰ ਪਰਮਪ੍ਰੀਤ ਬਠਿੰਡਾ), ਹਰਪ੍ਰੀਤ ਪੱਤੋ (ਜਲੰਧਰ ਦੂਰਦਰਸ਼ਨ ਤੱਕ ਦਾ ਸਫ਼ਰ), ਦਲਜੀਤ ਕੌਰ (ਕਿਸ਼ੋਰ ਅਵਸਥਾ ਵਿੱਚ ਬੱਚਿਆਂ ਨਾਲ ਵਰਤਾਓ ਕਿਵੇਂ ਕੀਤਾ ਜਾਵੇ), ਡਾ. ਹਰਪ੍ਰੀਤ ਸਿੰਘ (ਸੁਰਜੀਤ ਪਾਤਰ ਦੀ ਵਾਰਤਕ 'ਸੂਰਜ ਮੰਦਰ ਦੀਆਂ ਪੌੜੀਆਂ', ਡਾ. ਸੁਖਵਿੰਦਰ ਸਿੰਘ (ਕਾਵਿ ਸੰਗ੍ਰਹਿ 'ਅਹਿਸਾਸ'), ਡਾ. ਆਂਚਲ ਬਾਂਸਲ (ਮਾਲਵੇ ਦੀ ਕਵੀਸ਼ਰੀ-ਕਲਾ ਪੱਖ), ਸ਼ੰਭੂ ਮਿੱਤ੍ਰ, ਅਨੁ. ਨਵ ਸੰਗੀਤ ਸਿੰਘ (ਕੀ ਹੈ ਨਾਟਕ ਕਲਾ), ਇੰਜੀ. ਡੀ. ਐਮ. ਸਿੰਘ (ਜੀਵਨ ਦੀਪ), ਗੁਰਦਿਆਲ ਸਿੰਘ ਫੁੱਲ (ਅਗਾਂਹਵਧੂ ਸੋਚ) ਆਦਿ ਲੇਖ ਕਈ ਪੱਖਾਂ ਤੋਂ ਮਹੱਤਵਪੂਰਨ ਹਨ। ਅੰਮ੍ਰਿਤਪਾਲ ਕਲੇਰ (ਠੈਂਗੋਂ ਠੈਂਗੀ), ਪ੍ਰਿੰਸੀਪਲ ਪ੍ਰੇਮ ਲਤਾ (ਮੁੱਛਾਂ ਵਾਲਾ ਫ਼ੌਜੀ), ਸਰਤਾਜ ਸੰਧੂ (ਰੱਬ 'ਤੇ ਭਰੋਸਾ), ਹਰਿੰਦਰ ਪਾਲ ਸਿੰਘ (ਕਾਕਾ ਅੱਧੀ ਰੋਟੀ ਹੋਰ ਲਵੇਂਗਾ), ਗੁਰਸ਼ਰਨ ਕੌਰ (ਦਾਨੀ ਬੁੜ੍ਹੀ), ਜੇ. ਐੱਸ ਮਹਿਰਾ (ਅੰਧ ਭਗਤ), ਮਨਜੀਤ ਕੌਰ ਧੀਮਾਨ (ਅਤੀਤ), ਅਮਰੀਕ ਸੈਦੋਕੇ (ਵੱਖਰੀ ਸੋਚ), ਹਰਦੀਪ ਸਿੰਘ ਢਿੱਲੋਂ (ਇਹ ਸਿਰਫਿਰੇ ਕੌਣ ਨੇ) ਆਦਿ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅਗਾਂਹ ਡਾ. ਤਰਲੋਚਨ ਕੌਰ (ਜਲ, ਜੰਗਲ ਤੇ ਜ਼ਮੀਨ) ਲੇਖ, ਨੂਰ ਸੰਤੋਖਪੁਰੀ ਦਾ 'ਵੇ ਤੂੰ ਕਾਹਦਾ ਸਰਪੰਚ' ਤੇ ਓਮਕਾਰ ਸੂਦ ਬਹੋਨਾ 'ਤੂੰਗੜੀ ਮੰਤਰ' ਵਿਅੰਗ ਅਤੇ ਵਿਅੰਗ ਟੋਨ ਵਿੱਚ ਲਿਖੀ ਲਿਖਤ ਡਾ. ਲਕਸ਼ਮੀ ਨਰਾਇਣ ਭੀਖੀ 'ਮੇਰੇ ਅਮਲ ਬਨਾਮ ਸਿਧਾਂਤ' ਵੀ ਚੰਗੀ ਹੈ। ਮਹਿੰਗਾ ਸਿੰਘ ਕਲਸੀ ਦਾ ਨਾਟਕ 'ਬਾਈ ਘਨਈਆ ਜੀ' ਤੋਂ ਇਲਾਵਾ ਗੁਰਿੰਦਰ ਸਿੰਘ ਕਲਸੀ (ਮਾਂ ਬੋਲੀ ਪੰਜਾਬੀ), ਕੁਲਦੀਪ ਸਿੰਘ ਸਾਹਿਲ (ਸੁੰਦਰ ਮੰਦਰੀਏ ਤੇਰਾ ਕੌਣ ਵਿਚਾਰਾ), ਰਮਨ ਪ੍ਰੀਤ ਕੌਰ (ਆਈ ਸੀ ਟੀ ਅਤੇ ਸਿੱਖਿਆ ਤੇ ਇਸ ਦਾ ਪ੍ਰਭਾਵ) ਲਿਖਤਾਂ ਵੀ ਪੜ੍ਹੀਆਂ ਜਾ ਸਕਦੀਆਂ ਹਨ।

## ਜਨ ਸਾਹਿਤ : ਅਪ੍ਰੈਲ-ਜੂਨ, 2025



ਜਨ ਸਾਹਿਤ ਦੇ ਹੱਥਲੇ ਅੰਕ ਦੇ ਸਫ਼ੇ 192 ਤੇ ਮੁੱਲ 60 ਰੁਪਏ ਹੈ। ਅੰਕ ਦੇ ਮੁੱਖ ਸੰਪਾਦਕ ਜਸਵੰਤ ਸਿੰਘ ਜ਼ਫਰ ਤੇ ਸੰਪਾਦਕ ਡਾ. ਸੰਤੋਖ ਸਿੰਘ ਸੁੱਖੀ ਹਨ। ਸੰਪਾਦਕੀ ਪੰਜਾਬੀ ਬੰਦੀ ਦੀ ਹੋਂਦ ਦੇ ਸਵਾਲ ਉੱਤੇ ਲਿਖੀ ਹੈ। ਸਾਹਿਤ ਦੀ ਨਾਕਾਰਾਤਮਕ ਭੂਮਿਕਾ ਦੀ ਗੱਲ ਹੈ। ਜਿਸ ਵਿੱਚ ਪਾਤਰਾਂ ਦੇ ਨਾਕਾਰਾਤਮਕ ਪਹਿਲੂ ਉਭਾਰਨ ਤੇ ਕਿੰਤੂ ਕੀਤਾ ਗਿਆ ਹੈ। ਹੱਥਲੇ ਅੰਕ ਵਿੱਚ ਵੀ ਕਾਫੀ ਮਹੱਤਵਪੂਰਨ ਤੇ ਪੜ੍ਹਨਯੋਗ ਲੇਖ ਪ੍ਰਕਾਸ਼ਤ ਹੋਏ ਹਨ। ਦਲਬੀਰ ਸਿੰਘ (ਹੀਰ ਵਾਰਿਸ ਤੇ ਲੋਕਧਾਰਾ ਦਾ ਪ੍ਰਭਾਵ), ਜਗਰਾਜ ਧੌਲਾ (ਸ਼ਗਨਾਂ ਵਰਗੇ ਅਪਸ਼ਗਨ), ਡਾ. ਨਰਿੰਦਰ ਕਪੂਰ (ਪਰਿਵਰਤਨ ਦੀ ਪ੍ਰਕਿਰਿਆ), ਗਿਆਨੀ ਲਾਲ ਸਿੰਘ (ਮਨ), ਡਾ. ਬੀ. ਐਸ. ਰਤਨ (ਨਿੱਜੀ ਵਿਕਾਸ ਦੀ ਨਿਯਮਾਵਲੀ ਆਸ਼ਾਵਾਦੀ ਸੋਚ ਦੀ ਸ਼ਕਤੀ), ਲਾਲ ਸਿੰਘ ਕਮਲਾ ਅਕਾਲੀ (ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ), ਮੇਜਰ ਸਿੰਘ ਨਾਭਾ (ਜੇ ਸੱਚ ਮੁੱਚ ਨੂੰਹ ਨੂੰ ਧੀ ਬਣਾ ਲਿਆ ਜਾਵੇ) ਲੇਖ ਮਹੱਤਪੂਰਨ ਮੁੱਦਿਆਂ ਦੇ ਸੰਵਾਦ ਛੇੜਦੇ ਹਨ। ਇਸ ਤੋਂ ਇਲਾਵਾ ਬਲਵਿੰਦਰ ਬਾਲਮ, ਗੁਰਚਰਨ ਸਿੰਘ ਪੱਬਾਰਾਲੀ, ਹਰਪ੍ਰੀਤ ਕੌਰ, ਬਿੰਦਰ ਸਿੰਘ ਖੁੱਡੀ ਕਲਾਂ, ਗੁਰਦਿਆਲ ਸਿੰਘ ਦੇ ਲੇਖ ਸਾਡੇ ਵਿਰਸੇ ਦੀ ਗੱਲ ਕਰਦੇ ਹਨ। ਅੱਗੇ ਕਿਰਪਾਲ ਕਜ਼ਾਕ ਦੀ 'ਸੈਲਾਬ' ਕਹਾਣੀ ਤੋਂ ਇਲਾਵਾ ਡਾ. ਹਰਨੇਕ ਸਿੰਘ ਕਲੇਰ 'ਸੁਪਨਿਆਂ ਮਗਰ ਨੀ ਭੱਜੀਦਾ', ਛਿੰਦਰ ਕੌਰ ਸਿਰਸਾ 'ਮੀਤਾਂ', ਕੰਵਲਜੀਤ ਕੌਰ ਢਿੱਲੋਂ 'ਪੈਨਸ਼ਨ' ਤੇ ਜਸਵਿੰਦਰ ਸਿੰਘ ਕਾਈਨੌਰ 'ਰੇਸ਼ਮ ਦੀਆਂ ਤੰਦਾਂ' ਆਦਿ ਕਹਾਣੀਆਂ ਛਪੀਆਂ ਹਨ। ਸੁਖਦੇਵ ਸਿਰਸਾ ਦਾ ਅਨੁਵਾਦ ਕੀਤਾ ਇਕਬਾਲ ਅਸਦ ਦਾ ਲੇਖ 'ਕਰਤਾਰ ਸਿੰਘ ਸਰਾਭਾ' ਛਪਿਆ ਹੈ। ਗੁਰਦਾਸ ਰਾਮ ਆਲਮ ਦੀ ਕਵਿਤਾ ਦੀ ਪੜਚੋਲ ਕੀਤੀ ਹੈ ਡਾ. ਗੁਰਮੀਤ ਕੱਲਰਮਾਜਰੀ ਨੇ। ਮਹਾਨ ਚਿੰਤਕ ਬਾਵਾ ਬੁੱਧ ਸਿੰਘ (ਜੋਧ ਸਿੰਘ), ਸਾਧੂ ਸਿੰਘ ਹਮਦਰਦ ਨੂੰ ਯਾਦ ਕਰਦਿਆਂ (ਦਰਸ਼ਨ ਸਿੰਘ ਪ੍ਰੀਤੀਮਾਨ), ਗੁਰਭਜਨ ਗਿੱਲ (ਸਰੂਪ ਸਿੰਘ) ਬਾਰੇ ਲੇਖ ਹਨ। ਅੰਤ ਵਿੱਚ ਕੁਝ ਕਵੀਆਂ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਹੱਥਲੇ ਅੰਕ ਵਿੱਚ ਨਵੇਂ ਪਾਠਕਾਂ ਵਾਸਤੇ ਚੋਣਵੀਆਂ ਰਚਨਾਵਾਂ ਨੂੰ ਪਹਿਲ ਦੇ ਅਧਾਰ ਤੇ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਵੀ ਚੰਗੀ ਪਿਰਤ ਹੈ।

## ਜਨ ਸਾਹਿਤ : ਅਕਤੂਬਰ-ਦਸੰਬਰ, 2025



ਜਨ ਸਾਹਿਤ ਦੇ ਹੱਥਲੇ ਅੰਕ ਦੇ ਸਫ਼ੇ 192 ਤੇ ਮੁੱਲ 60 ਰੁਪਏ ਹੈ। ਰਸਾਲੇ ਦੇ ਸੰਪਾਦਕ ਜਸਵੰਤ ਸਿੰਘ ਜ਼ਫ਼ਰ ਤੇ ਸੰਪਾਦਕ ਡਾ. ਸੰਤੋਖ ਸਿੰਘ ਸੁੱਖੀ ਹਨ। ਸੰਪਾਦਕੀ ਵਿੱਚ ਉਸ ਪੰਜਾਬੀ ਬੰਦੇ ਦੀ ਗੱਲ ਕੀਤੀ ਗਈ ਹੈ ਜੋ ਆਪਣੇ ਵਿਰਸੇ ਪ੍ਰਤੀ ਮੋਹ ਰੱਖਦਾ ਹੈ। ਜਿਹੜੇ ਬੰਦੇ ਦੀ ਮਾਨਸਿਕਤਾ ਵਿਚ ਤਬਦੀਲੀ ਦਾ ਕਾਰਨ ਬਣਦੇ ਹਨ। ਇਸ ਅੰਕ ਵਿੱਚ ਡਾ. ਜਸਵਿੰਦਰ ਸਿੰਘ ਭੁੱਲਰ ਦੀ ਲਿਖਤ 'ਹੱਥ ਲਿਖਤ ਜਨਮ ਸਾਖੀ ਖਰੜਿਆਂ ਦੀ ਚਿੱਤਰਣ ਪਰੰਪਰਾ' ਬਹੁਤ ਅਹਿਮ ਹੈ। ਲੰਮੀ ਤੇ ਸਾਂਭਣਯੋਗ ਲਿਖਤ ਵਿੱਚ ਭੁੱਲਰ ਨੇ ਜਨਮ ਸਾਖੀਆਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ। ਅੱਗੇ ਸਾਕਾ ਸਰਹਿੰਦ / ਗੁਰੂ ਤੇਗ ਬਹਾਦਰ ਬਾਰੇ (ਹਰਨੇਕ ਕਲੇਰ, ਨਵ ਸੰਗੀਤ ਸਿੰਘ, ਸੰਤ ਸਿੰਘ ਸੋਹਲ, ਰਮੇਸ਼ ਬੱਗਾ ਚੋਹਲਾ, ਜਸਵੰਤ ਸਿੰਘ ਸਿੱਧੂ ਦੇ ਮਹੱਤਵਪੂਰਨ ਲੇਖ ਹਨ। ਮੇਲਾ ਜਗਰਾਵਾਂ ਦੀ ਰੋਸ਼ਨੀ (ਮਨਜੀਤ ਕੁਮਾਰ), ਸ਼ੇਖ ਫ਼ਰੀਦ ਬਾਣੀ (ਡਾ. ਬਲਬਹਾਦਰ ਸਿੰਘ), ਮਨਸੂਈ ਬੁੱਧੀ (ਹਰੀ ਕ੍ਰਿਸ਼ਨ ਮਾਇਰ), ਵਿਲੱਖਣ ਕਵੀ ਹਰਿਭਜਨ ਸਿੰਘ (ਡਾ. ਤਰਲੋਚਨ ਕੌਰ), ਢਾਡੀ ਕਲਾ ਦੀ ਜੋਤ (ਹਰਦਿਆਲ ਸਿੰਘ ਥੂਹੀ), ਦੋਹਰਾ ਵਿਵਹਾਰ (ਲਕਸ਼ਮੀ ਨਰਾਇਣ ਭੀਖੀ), ਕਿਤਾਬ ਦੀ ਮਹੱਤਤਾ (ਵੀਰਇੰਦਰ ਘੰਗਰੌਲੀ), ਠੰਢੀ ਹਵਾ ਦਾ ਬੁੱਲਾ (ਬਿੰਦਰ ਸਿੰਘ ਖੁੱਡੀ ਕਲਾਂ) ਜੀਭ ਦਾ ਸੁਆਦ (ਡਾ. ਅਮਨਦੀਪ ਸਿੰਘ), ਅਧਿਆਪਕ ਦੀ ਭੂਮਿਕਾ (ਡਾ. ਬਿੰਦਰ ਸਿੰਘ) ਆਦਿ ਵੱਖ ਵੱਖ ਵਿਸ਼ਿਆ ਦੇ ਲੇਖ ਪ੍ਰਕਾਸ਼ਤ ਹੋਏ ਹਨ। ਸੰਜੀਵ ਸੈਣੀ, ਨਰਿੰਦਰ ਸਿੰਘ, ਮੰਜੂ ਰਾਇਕਾ, ਅਸ਼ਵਨੀ ਚਤਰਥ, ਜਸਵਿੰਦਰ ਸਿੰਘ ਕਾਈਨੌਰ ਦੇ ਲੇਖ ਵੀ ਛਪੇ ਹਨ। ਜੋਗਿੰਦਰ ਕੌਰ ਅਗਨੀਹੋਤਰੀ (ਕਲੰਕ), ਗਗਨਦੀਪ ਕੌਰ (ਜੱਗ ਵਿਚੋਂ ਸੀਰ ਮੁੱਕਿਆ), ਜਸਵੰਤ ਸਿੰਘ ਜੇਥਰ (ਤਰਸ), ਸਰਤਾਜ ਸਿੰਘ ਸੰਧੂ (ਰੂੜੀ ਦਾ ਢੇਰ) ਦੀਆਂ ਕਹਾਣੀਆਂ ਛਪੀਆਂ ਹਨ। ਡਾ. ਗੁਰਜੋਧ ਕੌਰ (ਲਾਲ ਸਿੰਘ ਦਿਲ ਦੀ ਕਵਿਤਾ), ਮਨਜੀਤ ਪੁਰੀ (ਸੂਲਾਂ ਸੇਤੀ ਰਾਤਿ), ਰਘਬੀਰ ਸਿੰਘ ਭਰਤ (ਦਿਲ ਦੇ ਲਹੂ ਦੀ ਵਾਰਤਾ) ਦਾ ਵਿਸ਼ਲੇਸ਼ਣ ਕੀਤਾ ਹੈ। ਅੰਤ ਵਿੱਚ ਭਾਸ਼ਾ ਵਿਭਾਗ ਵੱਲੋਂ ਸੱਦੇ ਕਵੀਆਂ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੰਤ ਵਿੱਚ ਭਾਸ਼ਾ ਵਿਭਾਗ ਦੀਆਂ ਸਰਗਰਮੀਆਂ ਦਾ ਵੇਰਵਾ ਦਿੱਤਾ ਗਿਆ ਹੈ। ਇੰਜ ਬੀਤੇ ਸਾਲ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੇ 'ਜਨ ਸਾਹਿਤ' ਦੇ ਤਿੰਨ ਅੰਕ ਇਕੱਠੇ ਛਪੇ ਹਨ। ਹਰ ਅੰਕ ਤਿੰਨ ਅੰਕਾਂ ਦਾ ਸੰਯੁਕਤ ਅੰਕ ਹੈ। ਤਿੰਨਾਂ ਅੰਕਾਂ ਪਹਿਲੀ ਪੜ੍ਹਤ ਤਿਆਰ ਕਰਨ ਲੱਗਿਆ ਇਹ ਗੱਲ ਸਹਿਜੇ ਉਭਰ ਕੇ ਆਉਂਦੀ ਹੈ ਕਿ ਸੰਪਾਦਕੀ ਅਮਲੇ ਨੇ ਹਰ ਅੰਕ ਵਿੱਚ ਮਿਆਰੀ ਪੜ੍ਹਨਯੋਗ ਸਮੱਗਰੀ ਪ੍ਰਕਾਸ਼ਤ ਕੀਤੀ ਹੈ। ਨਵੇਂ-ਪੁਰਾਣੇ ਹਰ ਲੇਖਕ ਨੂੰ ਥਾਂ ਦਿੱਤੀ ਹੈ। ਇਹ ਤਿੰਨੋਂ ਵੱਡ ਅਕਾਰੀ ਅੰਕ ਹਨ। ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਦਾ ਵਿਭਾਗ ਦਾ ਇਹ ਯਤਨ ਕਾਬਲੇ ਤਰੀਫ਼ ਹੈ। ਸੰਪਰਕ ਨੰਬਰ ਜ਼ਰੂਰ ਦੇਣਾ ਚਾਹੀਦਾ ਹੈ। ਤਾਂ ਕਿ ਲੇਖਕ-ਪਾਠਕ ਨੂੰ ਕੋਈ ਦਿਕਤ ਨਾ ਆਵੇ। ਸੰਪਾਦਕ ਨੂੰ ਹਰ ਰਚਨਾ ਅੱਗੇ ਲੇਖ, ਕਹਾਣੀ ਆਲੋਚਨਾ ਲਿਖਣਾ ਬਹੁਤ ਜ਼ਰੂਰ ਹੈ। ਕੁਝ ਰਚਨਾਵਾਂ ਨੂੰ ਮੈਂ ਏਥੇ ਤੁੱਕੇ ਨਾਲ ਹੀ ਕਹਾਣੀਆਂ ਲਿਖ ਦਿੱਤਾ ਹੈ, ਉਹ ਲੇਖ ਵੀ ਹੋ ਸਕਦਾ ਹੈ। ਡਾਇਰੈਕਟਰ ਸਾਹਿਬ ਜੇਕਰ 'ਜਨ ਸਾਹਿਤ' ਦਾ ਅਕਾਰ ਹੱਥਲੇ ਅੰਕ ਨਾਲੋਂ ਅੱਧਾ ਕਰ ਦੇਣ ਤਾਂ ਹਰ ਪਾਠਕ ਕੋਲ ਪਰਚਾ ਸਾਂਭਿਆ ਜਾ ਸਕਦਾ ਹੈ। ਖਰਚ ਵੀ ਅੱਧਾ ਰਹਿ ਜਾਵੇਗਾ। ਭਵਿੱਖ ਵਿੱਚ 'ਜਨ ਸਾਹਿਤ' ਸਮੇਂ ਸੀਮਾ ਵਿੱਚ ਛਪਣਾ ਆਰੰਭ ਹੋ ਜਾਵੇਗਾ। 'ਜਨ ਸਾਹਿਤ' ਨੂੰ ਪ੍ਰਾਪਤ ਕਰਨ ਲਈ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਇਕਬਾਲ ਸਿੰਘ ਹਮਜਾਪੁਰ ਦੀਆਂ ਮਿੰਨੀ ਕਹਾਣੀਆਂ



## ਵਾਅਦਾ

ਮਾਮਦੀਨ ਨੇ ਪੁੱਛ-ਦੱਸ ਕੇ ਟਹਿਲ ਸਿੰਘ ਨੂੰ ਲੱਭ ਲਿਆ ਸੀ। ਫਿਰ ਇਕ-ਦੂਜੇ ਨੂੰ ਗੱਲਵਕੜੀ ਵਿਚ ਲੈ ਕੇ ਦੋਵੇਂ ਜਣੇ ਕਿੰਨੀ ਦੇਰ ਹੰਝੂ ਕੇਰਦੇ ਰਹੇ।

ਮਾਮਦੀਨ ਤੇ ਟਹਿਲ ਸਿੰਘ ਮੁਦਤਾਂ ਬਾਅਦ ਅੱਜ ਮਿਲ ਰਹੇ ਸਨ। ਉਹ ਜਦੋਂ ਵਿਛੜੇ ਸਨ, ਉਦੋਂ ਨਿਆਣੇ ਸਨ। ਵੰਡ ਵੇਲੇ ਟਹਿਲ ਸਿੰਘ ਦਾ ਪਰਵਾਰ ਆਪਣਾ ਪਾਕਿਸਤਾਨ ਵਾਲਾ ਘਰ ਛੱਡ ਕੇ ਇਧਰ ਆ ਗਿਆ ਸੀ। ਬਾਅਦ ਵਿਚ ਦਹਾਕੇ ਲੰਘ ਗਏ ਸਨ। ਮਾਮਦੀਨ ਤੇ ਟਹਿਲ ਸਿੰਘ ਦੋਵਾਂ ਨੂੰ ਇਕ-ਦੂਜੇ ਦੀ ਸੁਖ-ਸਾਂਦ ਦਾ ਕੋਈ ਪਤਾ ਨਹੀਂ ਲੱਗਾ ਸੀ। ਹੁਣ ਆ ਕੇ ਸ਼ੋਸ਼ਲ ਮੀਡੀਏ ਨੇ ਮਾਮਦੀਨ ਲਈ ਟਹਿਲ ਸਿੰਘ ਤੇ ਟਹਿਲ ਸਿੰਘ ਲਈ ਮਾਮਦੀਨ ਲੱਭ ਦਿੱਤਾ ਸੀ। ਟਹਿਲ ਸਿੰਘ ਨੇ ਮਾਮਦੀਨ ਨਾਲ ਨਨਕਾਣਾ ਸਾਹਿਬ ਮਿਲਣ ਦਾ ਵਾਅਦਾ ਕਰ ਲਿਆ ਸੀ।

ਵੰਡ ਵੇਲੇ ਟਹਿਲ ਸਿੰਘ ਦਾ ਆਪਣੇ ਆੜੀਆਂ ਨੂੰ ਛੱਡ ਕੇ ਇਧਰ ਆਉਣ ਨੂੰ ਦਿਲ ਨਹੀਂ ਸੀ ਕਰਦਾ।

'ਤੁਸੀਂ ਚਲੇ ਜਾਵੋ ਹਿੰਦੁਸਤਾਨ। ਮੈਂ ਨਹੀਂ ਜਾਣਾ। ਮੈਂ ਇਥੇ ਮਾਮਦੀਨ ਦੇ ਘਰ ਰਹਿ ਲਿਆ ਕਰੂੰਗਾ। ਤੁਸੀਂ ਮੈਨੂੰ ਇਥੇ ਆ ਕੇ ਮਿਲ ਜਾਇਆ ਕਰਿਓ।' ਟਹਿਲ ਸਿੰਘ ਨੇ ਸਮਾਨ ਬੰਨ੍ਹ ਕੇ ਤੁਰਨ ਲੱਗੇ ਆਪਣੇ ਬੇਬੇ-ਬਾਪੂ ਨੂੰ ਆਖਿਆ ਸੀ।

'ਪੁੱਤ ਤੂੰ ਨਿਆਣਾ ਏਂ। ਤੈਨੂੰ ਨਹੀਂ ਪਤਾ। ਤੂੰ ਮਾਮਦੀਨ ਦੇ ਘਰ ਨਹੀਂ ਰਹਿ ਸਕਦਾ।' ਮਾਂ ਨੇ ਆਖਿਆ ਸੀ ਤੇ ਟਹਿਲ ਸਿੰਘ ਨੂੰ ਵੀ ਹਿੰਦੁਸਤਾਨ ਨੂੰ ਤੁਰਨਾ ਪਿਆ ਸੀ। ਟਹਿਲ ਸਿੰਘ ਮਾਮਦੀਨ ਨਾਲ ਛੇਤੀ ਦੁਬਾਰਾ ਮਿਲਣ ਦਾ ਵਾਅਦਾ ਕਰਕੇ ਤੁਰਿਆ ਸੀ, ਪਰ ਇਹ ਵਾਅਦਾ ਪਝੰਤਰ ਸਾਲਾਂ ਬਾਅਦ ਪੂਰਾ ਹੋਇਆ ਸੀ।

'ਤੂੰ ਯਾਰ ਆਪਣੇ ਵਾਅਦੇ 'ਤੇ ਪੂਰਾ ਨਹੀਂ ਉਤਰਿਆ। ਮੈਂ, ਤੈਨੂੰ ਕਿੰਨੇ ਹੀ ਵਰ੍ਹੇ ਖੇਡਣ ਲਈ ਉਡੀਕਦਾ ਰਿਹਾ। ਆਹ ਵੇਖ ਤੇਰੇ ਬੰਟੇ ਅਜੇ ਵੀ ਮੈਂ ਸੰਭਾਲ ਕੇ ਰੱਖੇ ਹੋਏ ਹਨ।' ਮਾਮਦੀਨ ਨੇ ਬੰਟੇ ਜੇਬ ਵਿੱਚੋਂ ਕੱਢ ਕੇ ਵਿਖਾਉਂਦੇ ਹੋਏ ਦੁਬਾਰਾ ਟਹਿਲ ਸਿੰਘ ਨੂੰ ਜੱਫੀ ਪਾ ਲਈ ਸੀ। ਦੋਵਾਂ ਦੇ ਇਕ ਵਾਰ ਫੇਰ ਹੰਝੂ ਵਹਿ ਤੁਰੇ ਸਨ। ਪਚਾਸੀ ਸਾਲਾਂ ਦੇ ਮਾਮਦੀਨ ਦੇ ਹੱਥ ਵਿਚ ਬੰਟੇ ਵੇਖ ਕੇ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਇਧਰੋਂ ਗਈ ਹੋਰ ਸੰਗਤ ਦੇ ਵੀ ਮਨ ਭਰ ਆਏ ਸਨ।

## ਮਾਂ

ਰਾਮੂ ਗੁੰਮ-ਸੁੰਮ ਸੀ। ਜਿੱਦਣ ਦੀ ਮਾਂ ਮਰੀ ਸੀ, ਉੱਦਣ ਤੋਂ ਰਾਮੂ ਏਸੇ ਤਰ੍ਹਾਂ ਸੀ।

'ਰਾਮੂ ਨੇ ਮਾਂ ਦੇ ਵਿਛੋੜੇ ਨੂੰ ਬਹੁਤਾ ਹੀ ਦਿਲ 'ਤੇ ਲਾ ਲਿਆ।' ਰਾਮੂ ਦੀ ਹਾਲਤ ਵੇਖ ਕੇ ਮਾਂ ਦੀ ਫੂਹੜੀ 'ਤੇ ਬਹਿਣ ਵਾਲਿਆਂ 'ਚੋਂ ਇਕ ਜਣੇ ਨੇ ਆਖਿਆ ਤੇ ਖੁੰਢ ਚਰਚਾ ਛਿੜ ਪਈ।

'ਰਾਮੂ, ਮਾਂ ਦੀ ਸੇਵਾ ਵੀ ਬਾਹਲੀ ਕਰਦਾ ਸੀ।'

'ਰਾਮੂ ਨੇ ਮਾਂ ਦੀ ਸੇਵਾ ਤੇ ਕਰਨੀ ਹੀ ਸੀ। ਅਗਲੇ ਰਾਮੂ ਨੂੰ ਛੱਡ ਕੇ ਹੀ ਮਾਂ ਦੀ ਸੇਵਾ ਲਈ ਗਏ ਸਨ।'

'ਅਗਲੇ ਆਪ ਭਾਵੇਂ ਸ਼ਹਿਰ ਵਸ ਗਏ ਸਨ, ਪਰ ਮਾਂ ਦੀ ਸੇਵਾ ਦਾ ਪ੍ਰਬੰਧ ਕਰਕੇ ਗਏ ਸਨ। ਮਾਂ ਦੀ ਸੇਵਾ ਬਦਲੇ ਹੀ ਤਿੰਨੇ ਜਣੇ ਰਾਮੂ ਨੂੰ ਬੱਝੀ ਤਨਖਾਹ ਦਿੰਦੇ ਸਨ।'

'ਮਾਂ ਨਾਲ ਹੀ ਰਾਮੂ ਦੀ ਨੌਕਰੀ ਬਣੀ ਸੀ, ਹੁਣ ਜਦੋਂ ਮਾਂ ਹੀ ਨਹੀਂ ਰਹੀ, ਰਾਮੂ ਨੂੰ ਕਿਹਨੇ ਰੱਖਣਾ ਤੇ ਕਿਹਨੇ ਤਨਖਾਹ ਦੇਣੀ ਆ।'

'ਨੌਕਰੀ ਦੇ ਖੁਸ ਜਾਣ ਕਰਕੇ ਹੀ ਰਾਮੂ ਦੀ ਹਾਲਤ ਇਸ ਤਰ੍ਹਾਂ ਦੀ ਹੋ ਗਈ ਆ। ਹੁਣ ਪਤਾ ਨਹੀਂ ਵਿਚਾਰੇ ਨੂੰ ਕਿੱਥੇ-ਕਿੱਥੇ ਧੱਕੇ ਖਾਣੇ ਪੈਣ।'

'ਨੌਕਰੀ ਦਾ ਕੀ ਏ। ਨੌਕਰੀ ਜਿੱਥੇ ਮਰਜ਼ੀ ਲੱਭ ਲਵੋ, ਪਰ ਉਹ ਮਾਂ ਨਹੀਂ ਲੱਭਣੀ, ਜਿਹੜੀ ਜੰਮਣ ਵਾਲੀ ਮਾਂ ਦਾ ਚੇਤਾ ਨਹੀਂ ਆਉਣ ਦਿੰਦੀ ਸੀ।' ਖੁੰਢ ਚਰਚਾ ਸੁਣ ਕੇ ਰਾਮੂ ਨੇ ਆਖਿਆ ਤੇ ਰਾਮੂ ਨਾਲ ਕਈ ਜਣੇ ਹੋਰ ਵੀ ਰੋ ਪਏ।

## ਵਾਸਤੂ ਸ਼ਾਸਤਰ

ਰਾਮ ਲਾਲ ਨੇ ਘਰ ਬਣਾਉਣ ਲਈ ਅਜੇ ਨੀਹਾਂ ਪੁੱਟੀਆਂ ਹੀ ਸਨ ਕਿ ਗੁਆਂਢੀ ਦੀਨਾ ਨਾਥ ਆ ਗਿਆ। ਦੀਨਾ ਨਾਥ ਰਾਮ ਲਾਲ ਨੂੰ ਵਾਸਤੂ ਸ਼ਾਸਤਰ ਵੇਖ ਤੇ ਪੜ੍ਹ ਲੈਣ ਦੀ ਸਲਾਹ ਦੇਣ ਲੱਗ ਪਿਆ।

'ਕਿਸੇ ਪੰਡਤ ਦੀ ਸਲਾਹ ਲੈ ਲਵੋ। ਕੋਈ ਫ਼ਰਕ ਨਹੀਂ ਪੈਣਾ। ਜਿੱਥੇ ਲੱਖਾਂ ਲਾਉਣੇ ਆ, ਉਥੇ ਦੋ-ਚਾਰ ਸੌ ਪੰਡਤ ਨੂੰ ਹੋਰ ਦਿੱਤੇ ਜਾਣਗੇ।' ਦੀਨਾ ਨਾਥ ਨੇ ਆਖਿਆ, ਪਰ ਰਾਮ ਲਾਲ ਤਰਕਸ਼ੀਲ ਸੋਚ ਦਾ ਮਾਲਕ ਸੀ। ਉਹ ਵਾਸਤੂ ਸ਼ਾਸਤਰਾਂ ਦੇ ਵਹਿਮ ਵਿਚ ਨਹੀਂ ਪੈਣਾ ਚਾਹੁੰਦਾ ਸੀ।

'ਘਰ ਵਾਰ-ਵਾਰ ਨਹੀਂ ਬਣਦੇ। ਸੋਚ ਸਮਝ ਕੇ ਹੀ ਇੱਟਾਂ ਲਾਇਓ।'

'ਬਾਅਦ ਵਿਚ ਬੰਦਾ ਪਛਤਾਉਂਦਾ ਰਹਿੰਦਾ।'

'ਜੇ ਇਹ ਕਹੀਏ ਕਿ ਬਾਅਦ ਵਿਚ ਢਾਹ-ਢੂਹ ਕੇ ਵਿਉਂਤ ਵਿਚ ਕਰ ਲਵਾਂਗੇ, ਉਹ ਨਹੀਂ ਹੁੰਦਾ।'

'ਮਹਿੰਗਾਈ ਬਹੁਤ ਆ। ਅੱਜਕੱਲ੍ਹ ਤਾਂ ਸਮਝ ਲਵੋ ਇੱਟਾਂ ਦੀ ਥਾਂ ਪੈਸੇ ਚਿਣਨੇ ਪੈਂਦੇ ਆ।' ਦੀਨਾ ਨਾਥ ਰਾਮ ਲਾਲ ਨੂੰ ਸਮਝਾਉਣ ਲੱਗ ਪਿਆ ਸੀ। ਦੀਨਾ ਨਾਥ ਦੀਆਂ ਦਲੀਲਾਂ ਨੇ ਉਸ ਨੂੰ ਝੁਕਾਅ ਦਿੱਤਾ ਸੀ। ਦੀਨਾ ਨਾਥ ਦੇ ਕਹਿਣ 'ਤੇ ਰਾਮ ਲਾਲ ਨੇ ਪੰਡਤ ਸੱਦ ਲਿਆ।

'ਘਰ ਦਾ ਪ੍ਰਵੇਸ਼ ਦਵਾਰ ਉੱਤਰ-ਪੂਰਬ ਦਿਸ਼ਾ ਵਿਚ ਹੋਣਾ ਚਾਹੀਦਾ। ਜੇਕਰ ਇਸ ਪਾਸੇ ਪ੍ਰਵੇਸ਼ ਦਵਾਰ ਨਹੀਂ ਵੀ ਰੱਖਿਆ ਜਾਂਦਾ ਤਾਂ ਇਸ ਪਾਸੇ ਖਿੜਕੀ ਲਗਾ ਕੇ ਵਾਸਤੂ ਦੋਸ਼ ਨੂੰ ਦੂਰ ਕੀਤਾ ਜਾ ਸਕਦਾ ਹੈ। ਪ੍ਰਵੇਸ਼ ਦਵਾਰ ਦੀ ਦਹਿਲੀਜ ਵੱਡੀ ਹੋਣੀ ਚਾਹੀਦੀ ਹੈ। ਗੁਸਲਖਾਨਾ ਉੱਤਰ ਦਿਸ਼ਾ ਵਿਚ ਹੋਣਾ ਚਾਹੀਦਾ ਹੈ। ਘਰ ਬਣਾਉਣ ਦੀ ਸ਼ੁਰਆਤ ਵੀ ਉੱਤਰ ਵਾਲੇ ਪਾਸਿਓਂ ਕਰਨੀ ਚਾਹੀਦੀ ਹੈ। ਰਸੋਈ ਦੱਖਣ-ਪੂਰਬ ਦਿਸ਼ਾ ਵਿਚ ਹੋਣੀ ਚਾਹੀਦੀ ਹੈ।' ਪੰਡਤ ਨੇ ਗ੍ਰੰਥ ਪੜ੍ਹ ਕੇ ਦੱਸ ਦਿੱਤਾ।

'ਡੈਡੀ ਵਾਸਤੂ ਸ਼ਾਸਤਰ ਅਨੁਸਾਰ ਬੈੱਡ ਰੂਮਾਂ ਦੀਆਂ ਖਿੜਕੀਆਂ ਵੱਡੀਆਂ-ਵੱਡੀਆਂ ਹੋਣੀਆਂ ਚਾਹੀਦੀਆਂ।' ਪੰਡਤ ਦੇ ਜਾਣ ਤੋਂ ਬਾਅਦ ਰਾਮ ਲਾਲ ਦੀ ਧੀ ਨੇ ਆਖਿਆ।

'ਲੋਕ ਤੇ ਅੱਜਕੱਲ੍ਹ ਖਿੜਕੀਆਂ ਨਿੱਕੀਆਂ-ਨਿੱਕੀਆਂ ਰੱਖ ਕੇ ਉਨ੍ਹਾਂ ਨੂੰ ਵੀ ਸ਼ੀਸ਼ੇ ਜੜ ਕੇ ਬੰਦ ਕਰ ਦਿੰਦੇ ਆ।' ਆਪਣੀ ਧੀ ਦਾ ਵਾਸਤੂ ਸ਼ਾਸਤਰ ਸੁਣ ਕੇ ਰਾਮ ਲਾਲ ਸੋਚਣ ਲੱਗ ਪਿਆ।

'ਡੈਡੀ ਦੋਵਾਂ ਬੈੱਡ ਰੂਮਾਂ ਦੀਆਂ ਖਿੜਕੀਆਂ ਏਨੀਆਂ ਵੱਡੀਆਂ ਹੋਣੀਆਂ ਚਾਹੀਦੀਆਂ ਕਿ ਉਨ੍ਹਾਂ ਵਿੱਚੋਂ ਸੂਰਜ, ਚੰਦ, ਤਾਰੇ, ਅਸਮਾਨ ਵਿਚ ਉਡਦੇ ਜਨੌਰ ਤੇ ਜਹਾਜ਼ ਵੀ ਦਿਸਣ।'

'ਡੈਡੀ ਜਿਹੜੇ ਖਿੜਕੀਆਂ ਵਿਚ ਦੀ ਉਡਦੇ ਜਨੌਰਾਂ ਤੇ ਜਹਾਜ਼ਾਂ ਨੂੰ ਵੇਖਦੇ ਹਨ, ਉਹੀ ਬੁਲੰਦੀਆਂ ਛੂਹਦੇ ਨੇ।' ਧੀ ਨੇ ਦੁਬਾਰਾ ਆਖਿਆ ਤੇ ਰਾਮ ਲਾਲ ਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਉਹ ਪੰਡਤ ਵੱਲੋਂ ਸੁਝਾਏ ਵਾਸਤੂ ਸ਼ਾਸਤਰ ਨੂੰ ਭਾਵੇਂ ਨਾ ਪੂਰਾ ਕਰੇ, ਆਪਣੀ ਧੀ ਦੇ ਵਾਸਤੂ ਸ਼ਾਸਤਰ ਨੂੰ ਜ਼ਰੂਰ ਪੂਰਾ ਕਰੇਗਾ।

## ਯਾਦਗਾਰੀ ਪਲ

ਅਪਾਹਜ ਦਰਸ਼ਨ ਪਚਾਸੀਆਂ ਦਾ ਹੋ ਕੇ ਪੂਰਾ ਹੋ ਗਿਆ ਸੀ। ਦਰਸ਼ਨ ਦੀ ਫੂਹੜੀ 'ਤੇ ਬਹਿਣ ਵਾਲਿਆਂ ਵਿਚ ਇਹੀ ਚਰਚਾ ਸੀ ਕਿ ਉਹ ਅਪਾਹਜ ਹੋਣ ਦੇ ਬਾਵਜੂਦ ਉਮਰ ਭੋਗ ਕੇ ਗਿਆ ਸੀ। ਫੂਹੜੀ 'ਤੇ ਬੈਠੇ ਸਾਰੇ ਜਣੇ ਦਰਸ਼ਨ ਦੇ ਭਰਾਵਾਂ ਤੇ ਭਤੀਜਿਆਂ ਨੂੰ ਮਨ ਹੀ ਮਨ ਸ਼ਾਬਾਸ਼ ਦੇ ਰਹੇ ਸਨ। ਭਰਾਵਾਂ-ਭਤੀਜਿਆਂ ਦੇ ਆਸਰੇ ਨਾਲ ਹੀ ਦਰਸ਼ਨ ਉਮਰ ਭੋਗ ਕੇ ਗਿਆ ਸੀ। ਦਰਸ਼ਨ ਦਾ ਭਰਾ ਦੱਸਣ ਲੱਗਾ।

'ਵੰਡ ਵੇਲੇ ਦਰਸ਼ਨ ਦਸ ਕੁ ਸਾਲ ਦਾ ਸੀ।'

'ਸਾਡੇ ਬਾਪੂ ਨੂੰ ਹਿੰਦੁਸਤਾਨ ਨੂੰ ਤੁਰਨ ਵੇਲੇ ਫ਼ਿਕਰ ਪੈ ਗਿਆ ਸੀ। ਅਪਾਹਜ ਦਰਸ਼ਨ ਤੁਰ ਨਹੀਂ ਸੀ ਸਕਦਾ। ਦਰਸ਼ਨ ਨੂੰ ਚੁੱਕ ਕੇ ਹੀ ਲਿਆਉਣਾ ਪੈਣਾ ਸੀ। ਸਾਡੀ ਨਿੱਕੀ ਭੈਣ ਉਦੋਂ ਮਾਂ ਦੇ ਕੁਛੜ ਸੀ। ਅਸੀਂ ਦੂਜੇ ਦੋਵੇਂ ਭਰਾ ਵੀ ਨਿੱਕੇ ਸਾਂ। ਦਰਸ਼ਨ ਨੂੰ ਚੁੱਕਣ ਵਾਲਾ ਸਿਰਫ਼ ਬਾਪੂ ਬਚਦਾ ਸੀ। ਉਂਝ ਵੀ ਨਿੱਕਾ ਨਿਆਣਾ ਚੁੱਕ ਕੇ ਤੁਰਿਆ ਜਾਂਦਾ। ਦਸ ਕੁ ਸਾਲ ਦੇ ਗੱਭਰੂ ਨੂੰ ਚੁੱਕ ਕੇ ਕਿੰਨਾ ਕੁ ਤੁਰਿਆ ਜਾ ਸਕਦਾ ਸੀ। ਬਾਪੂ ਦੂਰ ਦੀ ਸੋਚਦਾ ਸੀ। ਉਦੋਂ ਸਾਡਾ ਕੀ ਪਤਾ ਸੀ, ਹਿੰਦੁਸਤਾਨ ਪਹੁੰਚਣਾ ਵੀ ਹੈ ਕਿ ਨਹੀਂ।'

ਦਰਸ਼ਨ ਦਾ ਭਰਾ ਹੌਲੀ-ਹੌਲੀ ਦੱਸਦਾ ਜਾ ਰਿਹਾ ਸੀ।

'ਸਾਡੇ ਪਿੰਡ ਦਾ ਫੱਤਾ ਬਾਪੂ ਦਾ ਪੱਗਵੱਟ ਭਰਾ ਬਣਿਆ ਹੋਇਆ ਸੀ। ਅਸੀਂ ਫੱਤੇ ਨੂੰ ਚਾਚਾ ਆਖਦੇ ਹੁੰਦੇ ਸਾਂ। ਬਾਪੂ ਨੇ ਭਰੇ ਮਨ ਨਾਲ ਫੱਤੇ ਨੂੰ ਕਿਹਾ ਕਿ ਉਹ ਦਰਸ਼ਨ ਨੂੰ ਉਥੇ ਹੀ ਰੱਖ ਲਵੇ।'

'ਦਰਸ਼ਨ ਨੂੰ ਮੈਂ ਰੱਖ ਲਈਨਾ। ਮੈ ਉਮਰ ਭਰ ਇਹਨੂੰ ਸਾਂਭਦਾ ਵੀ ਰਵਾਂਗਾ, ਪਰ ਮੇਰਾ ਇਮਾਨ ਇਜਾਜ਼ਤ ਜਿਹੀ ਨਹੀਂ ਦਿੰਦਾ। ਦਰਸ਼ਨ ਸਾਰੀ ਉਮਰ ਮਾਂ-ਪਿਉ ਦੇ ਦਰਸ਼ਨਾਂ ਨੂੰ ਤਰਸਦਾ ਰਊਗਾ। ਦਰਸ਼ਨ ਨੂੰ ਵੀ ਆਜ਼ਾਦ ਹੋਣ ਦਾ ਹੱਕ ਆ।'

'ਫੱਤੇ ਚਾਚੇ ਨੇ ਭਰੇ ਮਨ ਨਾਲ ਆਖਿਆ ਸੀ।'

'ਫੇਰ ਕਿੰਨੀ ਦੇਰ ਦੋਵਾਂ ਵਿੱਚੋਂ ਕੋਈ ਨਹੀਂ ਬੋਲਿਆ ਸੀ।'

'ਸਰਦਾਰਾ ਤੂੰ ਫਿਕਰ ਨਾ ਕਰ। ਦਰਸ਼ਨ ਨੂੰ ਪਾਕਿਸਤਾਨ ਦੀ ਹੱਦ ਤੱਕ ਮੈਂ ਛੱਡ ਕੇ ਆਵਾਂਗਾ। ਉਥੋਂ ਅੱਗੇ ਵੀ ਕੋਈ ਨਾ ਕੋਈ ਮਦਦਗਾਰ ਮਿਲ ਜਾਵੇਗਾ।'

ਕਿੰਨੀ ਦੇਰ ਬਾਅਦ ਚਾਚੇ ਫੱਤੇ ਨੇ ਬਾਪੂ ਦਾ ਮੋਢਾ ਥਾਪੜਦੇ ਹੋਏ ਆਖਿਆ ਸੀ।

'ਸਾਡੇ ਬਾਪੂ ਦੇ ਨਾਂਹ-ਨਾਂਹ ਕਰਨ ਦੇ ਬਾਵਜੂਦ ਫੱਤਾ ਚਾਚਾ ਦਰਸ਼ਨ ਨੂੰ ਗੱਡੇ 'ਤੇ ਬਿਠਾ ਕੇ ਸਾਡੇ ਨਾਲ ਤੁਰ ਪਿਆ ਸੀ।'

'ਫੱਤੇ ਚਾਚੇ ਕੋਲ ਆਪਣਾ ਗੱਡਾ ਨਹੀਂ ਸੀ। ਗੱਡਾ ਉਸ ਨੇ ਪਿੰਡ ਵਿੱਚੋਂ ਕਿਸੇ ਜ਼ਿਮੀਦਾਰ ਦਾ ਮੰਗ ਲਿਆ ਸੀ। ਉਦੋਂ ਗੱਡੇ ਹੀ ਹੁੰਦੇ ਸਨ। ਦਰਸ਼ਨ ਨੂੰ ਹੱਦ ਤੱਕ ਫੱਤਾ ਚਾਚਾ ਛੱਡ ਕੇ ਗਿਆ ਸੀ। ਅੱਗੇ ਔਖੇ-ਸੌਖੇ ਅਸੀਂ ਲੈ ਆਏ ਸਾਂ।'

'ਚਾਚੇ ਫੱਤੇ ਦਾ ਪਰਉਪਕਾਰ ਅਸੀਂ ਅੱਜ ਤੱਕ ਨਹੀਂ ਭੁੱਲੇ। ਉਹ ਪਲ ਸਾਡੇ ਲਈ ਯਾਦਗਾਰੀ ਬਣ ਗਏ। ਚਾਚੇ ਫੱਤੇ ਦੇ ਉਦਮ ਨੇ ਸਾਡੇ ਅੰਦਰ ਵੀ ਪਰਉਪਕਾਰ ਦੀ ਜਾਗ ਜਿਹੀ ਲਗਾ ਦਿੱਤੀ ਸੀ। ਫਿਰ ਅਸੀਂ ਵੀ ਦਰਸ਼ਨ ਦੀ ਹਰ ਲੋੜ ਪੂਰੀ ਕਰਦੇ ਰਹੇ ਸਾਂ।' ਇਹ ਦੱਸਦਿਆਂ ਦਰਸ਼ਨ ਦੇ ਭਰਾ ਨੇ ਅੱਖਾਂ ਭਰ ਲਈਆਂ। ਫਿਰ ਉਸ ਨੇ ਆਸੇ-ਪਾਸੇ ਵੇਖਿਆ। ਉਸ ਨੂੰ ਫੂਹੜੀ ਉੱਪਰ ਜੁੜੇ ਸਾਰੇ ਜਣਿਆਂ ਦੀਆਂ ਅੱਖਾਂ ਵਿਚ ਉਤਸ਼ਾਹ ਜਿਹਾ ਦਿਸਣ ਲੱਗ ਪਿਆ ਸੀ।

## ਤਰਸੇਵਾਂ

ਸੰਤੂ ਆਪਣੀ ਮਾਲਕਣ ਦਾ ਸੂਟਕੇਸ ਚੁੱਕ ਕੇ ਬੱਸ ਅੱਡੇ ਵੱਲ ਨੂੰ ਭੱਜਾ ਜਾ ਰਿਹਾ ਸੀ। ਇਸ ਸੂਟਕੇਸ ਵਿਚ ਮਾਲਕਣ ਅਤੇ ਉਸ ਦੇ ਬੱਚਿਆਂ ਦੇ ਲੀੜੇ ਸਨ। ਸੂਟਕੇਸ ਵਾਹਵਾ ਭਾਰਾ ਸੀ, ਪਰ ਨਿੱਕੇ ਜਿਹੇ ਸੰਤੂ ਨੂੰ ਇਸ ਭਾਰੇ ਸੂਟਕੇਸ ਦਾ ਵੀ ਭਾਰ ਨਹੀਂ ਲੱਗ ਰਿਹਾ ਸੀ। ਉਹ ਚਾਹ ਨਾਲ ਭੱਜਾ ਜਾ ਰਿਹਾ ਸੀ।

ਸੰਤੂ ਦੀ ਮਾਲਕਣ ਬੱਚਿਆਂ ਨੂੰ ਲੈ ਕੇ ਆਪਣੀ ਮਾਂ ਨੂੰ ਮਿਲਣ ਜਾ ਰਹੀ ਸੀ। ਉਸ ਨੇ ਸੂਟਕੇਸ ਚੁਕਾ ਕੇ ਸੰਤੂ ਨੂੰ ਵੀ ਆਪਣੇ ਨਾਲ ਬੱਸ ਅੱਡੇ ਵੱਲ ਨੂੰ ਤੋਰ ਲਿਆ ਸੀ। ਸੂਟਕੇਸ ਚੁਕਦਿਆਂ ਸੰਤੂ ਨੂੰ ਵੀ ਚਾਅ ਜਿਹਾ ਚੜ੍ਹ ਗਿਆ ਸੀ।

'ਹੁਣ ਮੈਂ ਵੀ ਆਪਣੀ ਮਾਂ ਅਤੇ ਭੈਣ-ਭਰਾਵਾਂ ਨੂੰ ਮਿਲ ਕੇ ਆਵਾਂਗਾ। ਮਾਂ ਦੇ ਕੋਲ ਚਾਰ ਦਿਨ ਰਹਿ ਕੇ ਆਵਾਂਗਾ।' ਬੱਸ ਅੱਡੇ ਨੂੰ ਤੁਰਿਆ ਜਾਂਦਾ ਸੰਤੂ ਸੋਚ ਰਿਹਾ ਸੀ। ਸੰਤੂ ਵੀ ਮਾਲਕਣ ਦੇ ਪੇਕੇ ਪਿੰਡ ਦਾ ਸੀ। ਮਾਲਕਣ ਆਪਣੇ ਪੇਕਿਓਂ ਸੰਤੂ ਨੂੰ ਘਰ ਦਾ ਕੰਮ ਕਰਨ ਵਾਸਤੇ ਲੈ ਕੇ ਆਈ ਸੀ। ਉਹ ਮਾਲਕਣ ਦੇ ਘਰ ਹੀ ਰਹਿੰਦਾ ਸੀ। ਕਈ ਮਹੀਨੇ ਲੰਘ ਗਏ ਸਨ, ਉਹ ਆਪਣੀ ਮਾਂ ਨੂੰ ਮਿਲਣ ਨਹੀਂ ਗਿਆ ਸੀ। ਜਦੋਂ ਮਾਲਕਣ ਨੇ ਸੰਤੂ ਨੂੰ ਸੂਟ ਕੇਸ ਚੁੱਕ ਕੇ ਤੁਰਨ ਲਈ ਆਖਿਆ ਸੀ ਤਾਂ ਉਹ ਬਾਗੋ-ਬਾਗ ਹੋ ਗਿਆ ਸੀ, ਪਰ ਬੱਸ ਅੱਡੇ 'ਤੇ ਜਾ ਕੇ ਮਾਲਕਣ ਨੇ ਸੰਤੂ ਨੂੰ ਵਾਪਸ ਤੋਰ ਦਿੱਤਾ ਸੀ।

ਸੰਤੂ ਵਾਪਸ ਤੁਰ ਪਿਆ। ਭਾਰਾ ਸੂਟ ਕੇਸ ਚੁੱਕ ਕੇ ਅੱਗੇ ਅੱਗੇ ਭੱਜਣ ਵਾਲੇ ਸੰਤੂ ਨੂੰ ਹੁਣ ਆਪਣਾ ਭਾਰ ਹੀ ਤੁਰਨ ਨਹੀਂ ਦੇ ਰਿਹਾ ਸੀ। ਉਹ ਪੈਰ ਘਸੀਟਦਾ ਹੋਇਆ ਤੁਰ ਰਿਹਾ ਸੀ।

'ਮਾਂ ਆਪਾਂ ਸੰਤੂ ਨੂੰ ਵੀ ਨਾਲ ਹੀ ਲੈ ਚੱਲਦੇ ਹਾਂ। ਉਹ ਵੀ ਆਪਣੀ ਮਾਂ ਤੇ ਭੈਣ-ਭਰਾਵਾਂ ਨੂੰ ਮਿਲ ਆਵੇਗਾ। ਉਹ ਵੀ ਆਪਣੀ ਮਾਂ ਨੂੰ ਮਿਲਣ ਲਈ ਤਰਸਦਾ ਹੋਣਾ। ਨਾਲੇ ਆਪਾਂ ਸੌਖੇ ਰਵਾਂਗੇ। ਸੰਤੂ ਸੂਟਕੇਸ ਚੁੱਕ ਕੇ ਸਾਡੇ ਮਾਮਿਆਂ ਦੇ ਘਰ ਤੱਕ ਲੈ ਜਾਵੇਗਾ।' ਪਿੱਛੋਂ ਮਾਲਕਣ ਦੇ ਦਸ ਕੁ ਸਾਲ ਦੇ ਪੁੱਤਰ ਨੇ ਆਖਿਆ।

'ਇਹ ਲੋਕ ਨਹੀਂ ਮਾਵਾਂ ਨੂੰ ਮਿਲਣ ਲਈ ਤਰਸਦੇ ਹੁੰਦੇ। ਇੰਝ ਨਾਲ ਲੈ ਕੇ ਜਾਣ ਦੀ ਛੇੜ ਪਾ ਦੇਵਾਂਗੇ ਤਾਂ ਇਸ ਦੀ ਆਦਤ ਵਿਗੜ ਜਾਵੇਗੀ। ਫਿਰ ਇਹ ਆਪਣਾ ਕੰਮ ਨਹੀਂ ਕਰੇਗਾ।' ਮਾਲਕਣ ਆਪਣੇ ਪੁੱਤਰ ਨੂੰ ਸਮਝਾ ਰਹੀ ਸੀ।

## ਮੋਹ ਦਾ ਰਿਸ਼ਤਾ

ਆਪਣੇ ਭਣੇਵੇਂ ਨਾਲ ਗੱਲ ਕਰਕੇ ਉਹ ਸ਼ਸ਼ੋਪੰਜ ਵਿਚ ਪੈ ਗਿਆ ਸੀ।

'ਮਾਮਾ! ਮਾਂ ਤੈਨੂੰ ਬਹੁਤ ਯਾਦ ਕਰਦੀ ਆਂ। ਕੇਰਾਂ ਆਣ ਕੇ ਮਾਂ ਨੂੰ ਮਿਲ ਜਾ। ਮਾਂ ਹੁਣ ਪ੍ਰਾਹੁਣੀ ਹੀ ਆ। ਜੱਗ ਜਿਉਂਦਿਆਂ ਦਾ ਮੇਲਾ ਹੁੰਦਾ। ਬਾਅਦ ਵਿਚ ਬੰਦਾ ਆਇਆ ਤੇ ਨਾ ਆਇਆ ਇਕੋ ਜਿਹਾ ਹੀ ਹੁੰਦਾ।' ਭਣੇਵੇਂ ਨੇ ਆਖਿਆ ਸੀ।

'ਛਿੰਦੋ ਨੂੰ ਮਿਲਣ ਜਾਵਾਂ ਜਾਂ ਨਾ!' ਉਹ ਸੋਚਣ ਬਹਿ ਗਿਆ ਸੀ।

'ਪ੍ਰਦੇਸ ਵਿਚ ਬੈਠੇ ਹਾਂ। ਬੱਸਾਂ-ਗੱਡੀਆਂ ਦਾ ਭਾੜਾ ਹੀ ਨਹੀਂ ਮਾਣ। ਹੁਣ ਜੇ ਮਿਲਣ ਨਾ ਵੀ ਜਾਊਂਗਾ ਸਰ ਜਾਣਾ। ਬਾਅਦ ਵਿਚ ਨਹੀਂ ਸਰਨਾ। ਬਾਅਦ ਵਿਚ ਲੋਕ ਲੱਜ ਨੂੰ ਸਸਕਾਰ 'ਤੇ ਵੀ ਜਾਣਾ ਪੈਣਾ। ਫੁੱਲਾਂ 'ਤੇ ਵੀ ਜਾਣਾ ਪੈਣਾ ਤੇ ਫਿਰ ਭੋਗ 'ਤੇ ਵੀ ਜਾਣਾ ਪੈਣਾ।'

ਉਸ ਨੇ ਆਪਣੀ ਜੇਬ ਵੱਲ ਧਿਆਨ ਮਾਰ ਕੇ ਛਿੰਦੋ ਨੂੰ ਮਿਲਣ ਜਾਣਾ ਕੇਰਾਂ ਮੁਲਤਵੀ ਕਰ ਦਿੱਤਾ ਸੀ, ਪਰ ਛਿੰਦੋ ਨਾਲ ਜੁੜਿਆ ਅਤੀਤ ਉਸ ਦੇ ਮਨ-ਮਸਤਕ ਵਿਚ ਘੁੰਮਣਘੇਰੀਆਂ ਖਾਣ ਲੱਗਾ। ਛਿੰਦੋ ਨਾਲ ਜੁੜਿਆ ਮੋਹ ਹਾਵੀ ਹੋਣ ਲੱਗ ਪਿਆ ਸੀ।

'ਸਾਡੇ ਘਰ ਕਿਸੇ ਨੂੰ ਤਾਪ ਵੀ ਚੜ੍ਹ ਜਾਵੇ, ਛਿੰਦੋ ਪਹੁੰਚ ਜਾਂਦੀ ਹੁੰਦੀ ਸੀ।'

'ਕਾਂ ਹੱਥ ਸੁਨੇਹਾ ਘੱਲਣ 'ਤੇ ਵੀ ਛਿੰਦੋ ਪਹੁੰਚ ਜਾਂਦੀ ਹੁੰਦੀ ਸੀ।'

'ਇਕ ਵਾਰ ਮੇਰੇ ਕੰਡਾ ਹੀ ਵੱਜਾ ਸੀ, ਛਿੰਦੋ ਕਈ ਦਿਨ ਬੈਠੀ ਰਹੀ ਸੀ। ਉਹ ਮੇਰਾ ਪੈਰ ਰਾਜੀ ਹੋਣ ਤੋਂ ਬਾਅਦ ਗਈ ਸੀ।'

'ਛਿੰਦੋ ਦਾ ਭਾੜਾ ਨਹੀਂ ਲਗਦਾ ਸੀ। ਇਸੇ ਕਰਕੇ ਉਹ ਦੁੱਖ-ਸੁੱਖ ਵੇਲੇ ਪੁਹੰਚ ਜਾਦੀ ਸੀ। ਉਹ ਆਧਾਰ ਕਾਰਡ ਲੈ ਕੇ ਬੱਸ ਚੜ੍ਹ ਆਉਂਦੀ ਸੀ।' ਉਸ ਨੇ ਆਪਣੇ ਆਪ ਨੂੰ ਆਖਿਆ। ਛਿੰਦੋ ਨੂੰ ਨਾ ਮਿਲਣ ਜਾਣ ਦਾ ਉਸ ਨੂੰ ਇਹ ਇਕ ਤਰਕ ਲੱਭ ਗਿਆ ਸੀ, ਪਰ ਛਿਣ ਬਾਅਦ ਜਿਵੇਂ ਉਸ ਦੇ ਅੰਦਰੋਂ ਅਵਾਜ਼ ਆਈ।

'ਭਾੜੇ ਦੇ ਰਿਸ਼ਤਿਆਂ ਲਈ ਭਾੜਾ ਅੜਿੱਕਾ ਬਣਦਾ। ਮੋਹ ਦੇ ਰਿਸ਼ਤਿਆਂ ਲਈ ਭਾੜਾ ਅੜਿੱਕਾ ਨਹੀਂ ਬਣਦਾ ਹੁੰਦਾ। ਮੋਹ ਵਾਲੀ ਥਾਂ 'ਤੇ ਤਾਂ ਲੋਕ ਪੈਰੀਂ ਹੀ ਪਹੁੰਚ ਜਾਂਦੇ ਹੁੰਦੇ ਹਨ।' ਇਹ ਕਹਿੰਦਾ ਹੋਇਆ ਉਹ ਛਿੰਦੋ ਨੂੰ ਮਿਲਣ ਜਾਣ ਦੀ ਤਿਆਰੀ ਕਰਨ ਲੱਗ ਪਿਆ ਸੀ।

*ਮੋਬਾਇਲ : 9416592149*

# ਕਿਤਾਬਾਂ ਰੋਟੀ ਵੀ ਦਿੰਦੀਆਂ ਨੇ ...!

### ਆਪ ਬੀਤੀ

### ਭੁਪਿੰਦਰ ਫ਼ੌਜੀ

ਮੈਂ ਦੋ ਹਜ਼ਾਰ ਬਾਰਾਂ ਵਿੱਚ ਆਰਮੀ ਵਿੱਚੋਂ ਸੇਵਾ-ਮੁਕਤ ਹੋ ਕੇ ਆ ਗਿਆ ਸੀ। ਚਾਰ ਸਾਲ ਤੱਕ ਲੋਕ ਸੰਘਰਸ਼ਾਂ ਵਿੱਚ ਬੜੀ ਦ੍ਰਿੜ੍ਹਤਾ ਨਾਲ ਹਿੱਸਾ ਲੈਂਦਾ ਰਿਹਾ। ਪੈਨਸ਼ਨ ਬਹੁਤ ਥੋੜ੍ਹੀ ਲੱਗੀ ਸੀ। ਮੁੜ ਗੁਜ਼ਾਰਾ ਨਹੀਂ ਸੀ ਹੋ ਸਕਦਾ। ਜੋ ਚਾਰ ਪੈਸੇ ਸੇਵਾ-ਮੁਕਤੀ ਵੇਲੇ ਮਿਲੇ ਸਨ, ਉਹ ਵੀ ਖੁਰਨ ਲੱਗ ਪਏ। ਘਰ 'ਚ ਕਲੇਸ਼ ਅਲੱਗ ਰਹਿਣ ਲੱਗ ਪਿਆ। ਮਾਂ-ਬਾਪ ਘਰਵਾਲੀ ਨੂੰ ਕਹਿੰਦੇ, "ਇਸ ਨੂੰ ਸਮਝਾਅ ਕਿਹੜੇ ਕੰਮਾਂ 'ਚ ਪੈ ਗਿਆ, ਸਾਰਾ ਦਿਨ ਕਾਮਰੇਡਾਂ ਨਾਲ ਤੁਰਿਆ ਫਿਰਦਾ ਧਰਨੇ ਲਾਉਂਦਾ..।" ਘਰਵਾਲੀ ਅਜਿਹੀ ਰੋਜ਼ ਦੀ ਕਿੱਚ-ਕਿੱਚ ਤੋਂ ਤੰਗ ਆ ਜਾਂਦੀ। ਉਹ ਮੇਰੇ ਨਾਲ ਗਿਲਾ ਕਰਦੀ। ਕਈ ਵਾਰ ਅਸੀਂ ਗੁੱਸੇ ਵੀ ਹੋ ਜਾਂਦੇ। ਇਸ ਦੌਰਾਨ ਮੈਂ ਘਰ ਵਿੱਚ ਆਪਣੀ ਬਣੀ ਦੁਕਾਨ ਵਿੱਚ ਪ੍ਰਚੂਨ ਦੀ ਛੋਟੀ ਜਿਹੀ ਦੁਕਾਨ ਖੋਲ੍ਹ ਲਈ। ਕਾਊਂਟਰ 'ਤੇ ਕੰਪਿਊਟਰ ਰੱਖ ਲਿਆ। ਉਸ 'ਤੇ ਸਾਰਾ ਦਿਨ ਠੁੰਗਾਂ ਮਾਰਦਾ ਰਹਿੰਦਾ ਤੇ ਹੌਲੀ-ਹੌਲੀ ਪੰਜਾਬੀ ਲਿਖਣੀ ਸਿੱਖ ਲਈ। ਹੁਣ ਪੱਤਰਕਾਰਾਂ ਕੋਲ ਜੋ ਵੀ ਸੰਘਰਸ਼ ਦੀਆਂ ਖਬਰਾਂ ਹੁੰਦੀਆਂ, ਮੈਂ ਭੇਜ ਦਿੰਦਾ। ਨਾਲ ਹੀ ਅਖ਼ਬਾਰਾਂ 'ਚ ਆਰਟੀਕਲ, ਕਵਿਤਾ, ਛੋਟੀ ਕਹਾਣੀ ਭੇਜਦਾ, ਉਹ ਸਭ ਛਪ ਜਾਂਦੀਆਂ। ਬਾਪੂ ਨੂੰ ਦੁਕਾਨ 'ਤੇ ਬਿਠਾ ਆਪ ਫਿਰ ਧਰਨਿਆਂ ਵਿੱਚ ਹਾਜ਼ਰ। ਪਰਨਾਲਾ ਉੱਥੇ ਹੀ ਖੜ੍ਹਾ ਸੀ। ਮਨ 'ਚ ਫੁਰਨਾ ਫੁਰਿਆ ਕਿਉਂ ਨਾ ਕਵਿਤਾਵਾਂ ਦੀ ਕਿਤਾਬ ਕਰ ਲਵਾਂ, ਬਹੁਤ ਸਾਰੀਆਂ ਕਵਿਤਾਵਾਂ ਲਿਖ-ਲਿਖ ਮੈਂ ਫ਼ੌਜ ਦੀ ਨੌਕਰੀ ਦੌਰਾਨ ਡਾਇਰੀਆਂ ਭਰ ਰੱਖੀਆਂ ਸਨ। ਉਨ੍ਹਾਂ ਕਵਿਤਾਵਾਂ ਦਾ ਖਰੜਾ ਤਿਆਰ ਕਰ ਲਿਆ। ਮੇਰੇ ਅਜ਼ੀਜ਼ ਮਿੱਤਰ ਸਤਪਾਲ ਭੀਖੀ ਨਾਲ ਇਸ ਬਾਰੇ ਗੱਲ ਕੀਤੀ । ਉਸ ਨੇ ਮੇਰੀ ਇਸ ਸਲਾਹ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। "ਤੂੰ ਕਹਾਣੀ ਬਹੁਤ ਵਧੀਆ ਲਿਖਦਾ ਐਂ, ਕਹਾਣੀਆਂ ਲਿਖ ਫ਼ੌਜੀ ਜੀਵਨ ਬਾਰੇ।" ਇੱਕ ਵਾਰ ਤਾਂ ਉਸ ਦੀ ਗੱਲ ਮੈਨੂੰ ਠੀਕ ਨਾ ਲੱਗੀ। ਫਿਰ ਸੋਚ ਵਿਚਾਰ ਤੋਂ ਬਾਅਦ ਮੈਂ ਕਹਾਣੀਆਂ ਲਿਖਣ ਵੱਲ ਨੂੰ ਤੁਰ ਪਿਆ। ਮੈਂ ਕਈ ਕਹਾਣੀਆਂ ਫ਼ੌਜੀ ਜੀਵਨ ਬਾਰੇ ਫ਼ੌਜ 'ਚ ਰਹਿੰਦਿਆਂ ਲਿਖ ਚੁੱਕਿਆ ਸੀ, ਸਤਪਾਲ ਭੀਖੀ ਨੂੰ ਉਹ ਮੈਂ ਡਾਕ ਰਾਹੀਂ ਪੋਸਟ ਕਰ ਦਿੰਦਾ ਸੀ। ਉਸ ਨੂੰ ਉਹ ਚੰਗੀਆਂ ਲੱਗਦੀਆਂ। ਮੈਂ ਵੀ ਫ਼ੌਜੀ ਜਵਾਨਾਂ ਦੇ ਨਾਲ ਹੁੰਦੇ ਵਿਤਕਰੇ ਬਾਰੇ ਲਿਖਣਾ ਚਾਹੁੰਦਾ ਸੀ। ਮੈਂ ਆਪ ਬਹੁਤ ਕੁੱਝ ਤਨ 'ਤੇ ਹੰਢਾਇਆ ਸੀ। ਸਤਪਾਲ ਭੀਖੀ ਦੀ ਇਸ ਹੱਲਾਸ਼ੇਰੀ ਨੇ ਮੇਰੇ ਅੰਦਰ ਇੱਕ ਹੋਰ ਸੰਘਰਸ਼ ਛੇੜ ਦਿੱਤਾ, ਮੈਂ ਕਹਾਣੀਆਂ ਲਿਖਣ ਵੱਲ ਮੋੜ ਕੱਟ ਲਿਆ। ਫਿਰ ਦਿਨ-ਰਾਤ ਲੱਗਿਆ ਰਹਿੰਦਾ। ਘਰਵਾਲੀ ਤੇ ਮੇਰਾ ਨੇੜਲਾ ਮਿੱਤਰ ਮਾਸਟਰ ਅਮਰੀਕ ਮੇਰੀਆਂ ਕਹਾਣੀਆਂ ਦੇ ਪਹਿਲੇ ਪਾਠਕ ਹੁੰਦੇ ਤੇ ਹੋਰ ਯਾਰਾਂ-ਦੋਸਤਾਂ ਨੂੰ ਪੜ੍ਹਨ ਲਈ ਦਿੰਦਾ। ਸੋਧ-ਸੁਧਾਈ ਵਾਲਾ ਕੰਮ ਸਤਪਾਲ ਭੀਖੀ ਕਰਦਾ। ਮੇਰੇ ਲਿਖਣ-ਪੜ੍ਹਨ 'ਤੇ ਵੀ ਮਾਂ-ਬਾਪ ਨੂੰ ਇਤਰਾਜ਼ ਹੁੰਦਾ। "ਵਿਹਲੇ ਕੰਮਾਂ ਵਿੱਚ ਪੈ ਗਿਆ...”। ਅਜਿਹਾ ਬਹੁਤ ਕੁੱਝ ਸੁਣਨ ਨੂੰ ਮਿਲਦਾ, ਪਰ ਮੈਂ ਆਪਣੀ ਤੋਰ ਤੁਰਦਾ ਗਿਆ। ਵੀਹ ਸੌ ਪੰਦਰਾਂ ਵਿੱਚ ਮੇਰੀ ਫ਼ੌਜੀ ਜੀਵਨ ਨਾਲ ਸੰਬੰਧਤ ਕਹਾਣੀਆਂ ਦੀ ਕਿਤਾਬ ਛਪ ਕੇ ਆ ਗਈ, ਉਸ 'ਤੇ ਖੂਬ ਚਰਚਾ ਹੋਈ।

ਮੈਂ ਜਿੱਥੇ ਵੀ ਕੋਈ ਨੌਕਰੀ ਲਈ ਪੋਸਟਾਂ ਨਿਕਲਦੀਆਂ, ਫ਼ੌਜੀ ਕੋਟਾ ਹੁੰਦਾ, ਮੈਂ ਅਪਲਾਈ ਕਰ ਦਿੰਦਾ। ਇਸ ਤਰ੍ਹਾਂ ਮਾਨਸਾ ਸੈਸ਼ਨ ਕੋਰਟ ਵਿੱਚ ਗਰੁੱਪ ਡੀ ਦੀਆਂ ਚੌਦਾਂ ਪੋਸਟਾਂ ਆ ਗਈਆਂ, ਜਿਸ ਵਿੱਚ ਚਾਰ ਸਾਬਕਾ ਫ਼ੌਜੀਆਂ ਲਈ ਸਨ। ਘਰਵਾਲੀ ਦੇ ਕਹਿਣ 'ਤੇ ਮੈਂ ਫਾਰਮ ਭਰ ਦਿੱਤਾ। ਫਾਰਮ ਭਰਨ ਦੀ ਮਿਤੀ ਚਾਰ ਕੁ ਦਿਨ ਬਾਕੀ ਸੀ। ਮਾਨਸਾ ਅਸੀਂ ਦਵਾਈ ਲੈਣ ਗਏ। ਫਾਰਮ ਭਰ ਸਾਰੇ ਕਾਗਜ਼ ਪੱਤਰ ਨਾਲ ਲਾ ਲੈ ਗਿਆ। ਦਵਾਈ ਲੈਣ ਤੋਂ ਬਾਅਦ ਸੈਸ਼ਨ ਕੋਰਟ ਦੀ ਇੰਗਲਿਸ਼ ਬ੍ਰਾਂਚ ਵੱਲ ਨੂੰ ਤੁਰ ਪਏ। ਜਿੱਥੇ ਕਾਗਜ਼ ਜਮ੍ਹਾਂ ਕਰਨੇ ਸੀ। ਖੱਬੇ ਹੱਥ ਤਾਰੀਖ਼ ਉੱਤੇ ਆਏ ਲੋਕ ਬੈਠੇ ਸਨ, ਦਰਵਾਜ਼ੇ ਦੇ ਬਾਹਰ ਨੇਮ ਪਲੇਟ 'ਤੇ ਲਿਖਿਆ ਸੀ ਜ਼ਿਲ੍ਹਾ ਅਤੇ ਸੈਸ਼ਨ ਜੱਜ "ਅਰਚਨਾ ਪੁਰੀ" ਇੱਕ ਵਡੇਰੀ ਉਮਰ ਦਾ ਬੰਦਾ ਤਾਰੀਖ 'ਤੇ ਆਏ ਹੋਏ ਬੰਦਿਆਂ ਨੂੰ ਆਵਾਜ਼ ਮਾਰ ਰਿਹਾ ਸੀ, "ਫਲਾਣਾ ਸਿੰਘ ਬਨਾਮ ਫਲਾਣਾ। ਬ੍ਰਾਂਚ ਵਾਲਿਆਂ ਨੇ ਮੇਰੇ ਕਾਗਜ਼ ਦੇਖ ਕੇ ਮੈਨੂੰ ਵਾਪਸ ਮੋੜ ਦਿੱਤਾ ਸੀ। "ਇਸ ਵਿੱਚ ਪੰਜਾਬੀ ਪਾਸ ਵਾਲਾ ਸਰਟੀਫਿਕੇਟ ਨਹੀਂ ਹੈ।" ਮੈਂ ਉਹ ਲਾਇਆ ਨਹੀਂ ਸੀ, ਕੇਵਲ ਡਿਗਰੀ ਵਾਲਾ ਲਾਇਆ ਸੀ। ਮੈਂ ਵਾਪਸ ਪਰਤ ਆਇਆ। ਘਰਵਾਲੀ ਨੂੰ ਸਾਰੀ ਗੱਲ ਦੱਸੀ।

ਦੁਪਹਿਰ ਦੇ ਇੱਕ ਵਜੇ ਘਰ ਪਹੁੰਚ ਗਏ। ਘਰਵਾਲੀ ਕਹਿੰਦੀ, "ਤੁਸੀਂ ਡਾਕ ਰਾਹੀਂ ਭੇਜ ਦਿਓ ਫਾਰਮ...।" ਰਹਿਣ ਦੇ ਇੱਥੇ ਸਿਫ਼ਾਰਸ਼ ਤੋਂ ਬਿਨਾਂ ਨੌਕਰੀ ਨਹੀਂ ਮਿਲਦੀ। ਉਹ ਵੀ ਹਾਈ ਕੋਰਟ ਦੀ ਸਿਫ਼ਾਰਸ਼ ਚਾਹੀਦੀ ਐ"। ਜਿਵੇਂ ਜੇ ਸੁਣਦੇ ਸੀ ਮੈਂ ਗੱਲ ਕਹਿ ਦਿੱਤੀ। "ਫਿਰ ਕੀ ਹੁੰਦਾ ਤੁਸੀਂ ਕਾਗਜ਼ ਤਾਂ ਭੇਜ ਦਿਓ"। ਚਲੋ ਮੈਂ ਕਾਗਜ਼ ਪੂਰੇ ਕਰਕੇ ਡਾਕ ਰਾਹੀਂ ਪੋਸਟ ਕਰ ਦਿੱਤੇ। ਪੰਦਰਾਂ ਕੁ ਦਿਨਾਂ ਬਾਅਦ ਇੰਟਰਵਿਊ ਸੀ। ਮੇਰੀ ਇੰਟਰਵਿਊ ਪਹਿਲੇ ਦਿਨ ਹੀ ਸੀ। ਪੰਜ ਹਜ਼ਾਰ ਤੋਂ ਵੱਧ ਬੇਰੁਜ਼ਗਾਰ ਨੌਜਵਾਨਾਂ ਨੇ ਫਾਰਮ ਭਰੇ । ਮੈਂ ਇੱਕ ਦਿਨ ਪਹਿਲਾਂ ਦੁਕਾਨ ਤੋਂ ਫਾਇਲ ਲੈ ਕੇ ਤਿਆਰ ਕੀਤੀ, ਜਿਸ ਵਿੱਚ ਮੈਂ ਅਖ਼ਬਾਰਾਂ 'ਚ ਛਪੇ ਮੇਰੇ ਲੇਖ, ਕਵਿਤਾਵਾਂ, ਕਹਾਣੀ ਤੇ ਉਹ ਮੈਗਜ਼ੀਨ, ਜਿਨ੍ਹਾਂ 'ਚ ਮੇਰੀ ਕੋਈ ਨਾ ਕੋਈ ਰਚਨਾ ਛਪੀ ਸੀ, ਇਕੱਠੇ ਕਰਕੇ ਫਾਇਲ 'ਚ ਲਾ ਲਏ ਤੇ ਨਾਲ ਹੀ ਮੇਰੀ ਕਿਤਾਬ ਕੋਰਟ-ਮਾਰਸ਼ਲ ਰੱਖ ਲਈ।

ਅਗਲੇ ਦਿਨ ਇੰਟਰਵਿਊ ਲਈ ਘਰੋਂ ਤੁਰ ਪਿਆ, ਜਾ ਕੇ ਦੇਖਿਆ ਨੌਜਵਾਨਾਂ ਦਾ ਇਕੱਠ ਕਾਫੀ ਹੋ ਰਿਹਾ ਸੀ। ਵੱਡੀਆਂ-ਵੱਡੀਆਂ ਡਿਗਰੀਆਂ ਦੇ ਥੱਬੇ ਲੈ ਕੇ ਬੇਰੁਜ਼ਗਾਰ ਮੁੰਡੇ-ਕੁੜੀਆਂ ਪਹੁੰਚੇ ਸਨ। ਅੱਜ ਏ ਅਤੇ ਬੀ ਨਾਲ ਜਿਸ ਦੇ ਨਾਂਅ ਪੈਂਦੇ ਨੇ, ਕੇਵਲ ਉਨ੍ਹਾਂ ਦੀ ਹੀ ਇੰਟਰਵਿਊ ਸੀ। ਇਸੇ ਤਰ੍ਹਾਂ ਅਗਲੇ ਦਿਨਾਂ 'ਚ ਸੀ। ਨੋਟਿਸ ਬੋਰਡ 'ਤੇ ਰੋਲ ਨੰਬਰ ਲੱਗੇ ਪਏ ਸਨ। ਉਸੇ ਹਿਸਾਬ ਨਾਲ ਕਾਗਜ਼ ਚੈੱਕ ਕਰਕੇ ਵੱਡੇ ਹਾਲ 'ਚ ਬਿਠਾ ਦਿੱਤਾ ਜਾਂਦਾ । ਦੋ ਕਮਰਿਆਂ 'ਚ ਜੱਜ ਸਾਹਿਬਾਨ ਇੰਟਰਵਿਊ ਲੈ ਰਹੇ ਸਨ। ਬਾਹਰ ਖੜ੍ਹਾ ਅਰਦਲੀ ਅੰਦਰ ਇੱਕ-ਇੱਕ ਕਰਕੇ ਭੇਜ ਰਿਹਾ ਸੀ। ਅਸੀਂ ਅੱਜ ਤਕਰੀਬਨ ਪੰਜਾਹ ਤੋਂ ਸੱਠ ਸੇਵਾ-ਮੁਕਤ ਫ਼ੌਜੀ ਸੀ। ਕੁੱਝ ਸਮੇਂ ਬਾਅਦ ਮੇਰਾ ਵੀ ਨੰਬਰ ਆਉਣ ਵਾਲਾ ਸੀ। ਹਾਲ ਦੇ ਅੰਦਰ ਉੱਚੇ-ਲੰਮੇ ਕੱਦ ਦੀ ਇੱਕ ਸਿਲਕ ਦੀ ਸਾੜ੍ਹੀ ਉਪਰ ਕਾਲਾ ਕੋਟ ਪਹਿਨੀ ਔਰਤ ਅਫ਼ਸਰ ਪੁਲਸ ਕਰਮੀਆਂ ਨਾਲ ਦਾਖਲ ਹੋਈ ਦੇਖ ਕੇ ਸਾਰੇ ਖੜ੍ਹੇ ਹੋ ਗਏ, ਰੀਸ ਨਾਲ ਅਸੀਂ ਵੀ ਖੜ੍ਹੇ ਹੋ ਗਏ। ਪਤਾ ਲੱਗਿਆ ਇਹ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਨ। ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲੇ ਗਏ।

ਕੁੱਝ ਦੇਰ ਬਾਅਦ ਮੇਰਾ ਨੰਬਰ ਆ ਗਿਆ। ਮੈਨੂੰ ਅਰਦਲੀ ਨੇ ਅੰਦਰ ਭੇਜ ਦਿੱਤਾ। ਸਾਹਮਣੇ ਕੁਰਸੀਆਂ 'ਤੇ ਦੋ ਜੱਜ ਬੈਠੇ ਸਨ, ਇੱਕ 'ਤੇ ਮੈਡਮ, ਜੋ ਹੁਣੇ ਲੰਘ ਕੇ ਗਏ ਸਨ ਤੇ ਨਾਲ ਉਨ੍ਹਾਂ ਦੇ ਇੱਕ ਹੋਰ ਜੱਜ ਸਾਹਿਬਾਨ ਬੈਠੇ ਸਨ। ਉਨ੍ਹਾਂ ਚਿੱਟੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ। ਮੈਂ ਜਾਂਦਿਆਂ ਹੀ ਸਲੂਟ ਮਾਰ ਦਿੱਤਾ। ਉਨ੍ਹਾਂ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਨਾਲ ਹੀ ਬੋਲੇ,

"ਕਦੋਂ ਆਏ ਸੀ ਫ਼ੌਜ 'ਚੋਂ।

"ਜੀ ਇਕੱਤੀ ਬਾਰਾਂ, ਬਾਰਾਂ ਨੂੰ।"

"ਹੁਣ ਕੀ ਕਰਦੇ ਹੋ।"

"ਜੀ ਵਿਹਲਾ ਹਾਂ।" ਨਾਲ ਦੀ ਨਾਲ ਮੈਂ ਆਪਣੀ ਤਿਆਰ ਕੀਤੀ ਫਾਇਲ ਟੇਬਲ 'ਤੇ ਰੱਖ ਦਿੱਤੀ। "ਜੀ ਮੈਨੂੰ ਪੜ੍ਹਨ-ਲਿਖਣ ਦਾ ਸ਼ੌਕ ਐ, ਮੇਰੀ ਇੱਕ ਕਿਤਾਬ ਵੀ ਛਪੀ ਹੈ ਤੇ ਅਖਬਾਰਾਂ ਵਿੱਚ ਲੇਖ, ਕਹਾਣੀ ਛਪਦੇ ਰਹਿੰਦੇ ਨੇ...।"

"ਮੈਡਮ ਜਿਹੜਾ ਸਵਾਲ ਪੁੱਛਦੇ ਨੇ, ਉਸ ਦਾ ਜਵਾਬ ਦਿਓ।" ਨਾਲ ਬੈਠੇ ਜੱਜ ਸਾਹਿਬਾਨ ਨੇ ਕਿਹਾ।

"ਜੀ ਪੁੱਛੋ..।"

"ਜਿਹੜਾ ਕੰਮ ਦਿਆਂਗੇ, ਉਹ ਕਰੋਂਗੇ..”। "ਜੀ ਸਰ"। ਮੈਂ ਫ਼ੌਜ ਵਿੱਚ ਸਿਖਾਈ ਜੈੱਸ ਸਰ ਨੂੰ ਜ਼ੋਰ ਦੀ ਕਿਹਾ। "ਠੀਕ ਐ ਤੁਸੀਂ ਜਾਓ ...।" ਮੈਂ ਸਲੂਟ ਮਾਰ ਕੇ ਬਾਹਰ ਆ ਗਿਆ। ਬਾਅਦ ਵਿੱਚ ਇੱਕ ਚਰਚਾ ਛਿੜ ਪਈ ਇੱਕ ਫ਼ੌਜੀ ਨੇ ਸੈਸ਼ਨ ਜੱਜ ਦੇ ਮੂਹਰੇ ਆਪਣੀਆਂ ਲਿਖੀਆਂ ਕਿਤਾਬਾਂ ਰੱਖ ਦਿੱਤੀਆਂ। ਉਹ ਫ਼ੌਜੀ ਕਿਤਾਬਾਂ ਲਿਖਦਾ। ਇਸ ਗੱਲ ਦਾ ਮੈਨੂੰ ਬਾਅਦ 'ਚ ਪਤਾ ਲੱਗਿਆ, ਮੇਰੇ ਪਿੰਡ ਦੇ ਇੱਕ ਮੁੰਡੇ ਨੇ ਦੱਸਿਆ, ਜੋ ਕੋਰਟ 'ਚ ਨੌਕਰੀ ਕਰਦਾ ਸੀ। ਕੁੱਝ ਦਿਨ ਇੰਟਰਵਿਊ ਚੱਲਦੀ ਰਹੀ। ਉਸ ਤੋਂ ਕੁੱਝ ਦਿਨ ਬਾਅਦ ਨਤੀਜੇ ਨੇ ਆ ਜਾਣਾ ਸੀ। ਮੈਨੂੰ ਕੋਈ ਉਮੀਦ ਨਹੀਂ ਸੀ, ਕਿਉਂਕਿ ਮੈਥੋਂ ਕੋਈ ਇਸ ਤਰ੍ਹਾਂ ਦਾ ਸਵਾਲ ਨਹੀਂ ਸੀ ਪੁੱਛਿਆ ਗਿਆ, ਜਿਵੇਂ ਬਾਕੀਆਂ ਤੋਂ ਪੁੱਛੇ ਗਏ ਸਨ। ਦੋ ਦਿਨਾਂ ਬਾਅਦ ਮੈਨੂੰ ਕੋਰਟ ਦੇ ਦਫ਼ਤਰ 'ਚੋਂ ਫ਼ੋਨ ਆਇਆ ਵਧਾਈਆਂ ਤੁਹਾਡੀ ਨਿਯੁਕਤੀ ਹੋ ਗਈ ਹੈ। ਤੁਸੀਂ ਨਿਯੁਕਤੀ ਪੱਤਰ ਲੈ ਜਾਓ। ਮੈਨੂੰ ਯਕੀਨ ਨਾ ਹੋਇਆ। ਮੈਨੂੰ ਲੱਗਿਆ ਕੋਈ ਮਜ਼ਾਕ ਕਰ ਰਿਹਾ ਹੋਣਾ। ਫਿਰ ਮੇਰੇ ਪਿੰਡ ਵਾਲੇ ਮੁੰਡੇ ਦਾ ਫ਼ੋਨ ਆਇਆ ਤਾਂ ਯਕੀਨ ਹੋਇਆ। ਮੈਂ ਸੋਚ ਰਿਹਾ ਸੀ, ਜੋ ਗੱਲ ਉੱਡੀ ਸੀ ਮੇਰੀ ਕਿਤਾਬਾਂ ਬਾਰੇ, ਉਹ ਸਹੀ ਸੀ, "ਕਿਤਾਬਾਂ ਰੋਟੀ ਵੀ ਦਿੰਦੀਆਂ ਨੇ ...!" ਸੈਸ਼ਨ ਜੱਜ ਮੈਡਮ ਅਰਚਨਾ ਪੁਰੀ ਨੇ ਮੇਰੇ 'ਚ ਕੁੱਝ ਤਾਂ ਦੇਖਿਆ ਹੋਣਾ ਤਾਂ ਮੈਨੂੰ ਇਹ ਨੌਕਰੀ ਦਿੱਤੀ। ਇਹ ਚੰਗੇ ਇਨਸਾਨ ਦੇ ਗੁਣ ਹੁੰਦੇ ਹਨ। ਅੱਜਕੱਲ੍ਹ ਮੈਡਮ ਅਰਚਨਾ ਪੁਰੀ ਜਸਟਿਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਹਨ। ਇਹ ਘਟਨਾ ਹਮੇਸ਼ਾ ਲਈ ਮੇਰੇ ਚੇਤਿਆਂ 'ਚ ਵੱਸ ਗਈ, ਜਿਸ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ।

**ਮੋਬਾ. 98143-98762**

## ਸ਼ਫ਼ਾ 3 ਦੀ ਬਾਕੀ

## ਪਰਵਾਸ ਹੰਢਾਉਂਦੇ ਮਨੁੱਖ ਦੀਆਂ ਦੁਸ਼ਵਾਰੀਆਂ ਦਾ ਪ੍ਰਵਚਨ ...

ਤੱਕ ਹੀ ਸੀਮਤ ਹਨ। ਈਗੋ ਤੋਂ ਮੁਕਤ ਹੋ ਕੇ ਬੰਦਾ ਚੈਨ ਨਾਲ ਜੀ ਸਕਦੈ, ਕਿਉਂ ਨਾ ਕਿਸੇ ਇੱਕ ਨੂੰ ਪਿਆਰ ਕਰੇ, ਪਰ ਇੰਟੀਮੇਸੀ ਜਿੱਥੇ ਜੀ ਕਰੇ, ਐਕਸਪੀਰੀਅਸ ਕਰੇ! (ਸਫਾ-79) ਉਪਰੋਕਤ ਸਤਰਾਂ ਵਿਦੇਸ਼ੀ ਮਹਾਂ-ਨਗਰੀ ਸੱਭਿਆਚਾਰ ਦੀ ਇੱਕ ਝਲਕ ਪੇਸ਼ ਕਰਦੀਆਂ ਹਨ। ਇੱਥੇ ਮਰਿਆਦਾਵਾਂ, ਮਨਾਹੀਆਂ, ਕਦਰਾਂ-ਕੀਮਤਾਂ ਆਦਿ ਦੀ ਕੋਈ ਕੀਮਤ ਨਹੀਂ ਹੈ। ਸਭ ਤੋਂ ਜ਼ਰੂਰੀ ਹੈ ਕਿਸੇ ਵੀ ਤਰੀਕੇ ਆਪਣੀ ਹੋਣੀ ਨੂੰ ਕਾਇਮ ਰੱਖਣਾ ਅਤੇ ਜ਼ਿੰਦਾ ਰਹਿਣਾ।

ਇਸ ਨਾਵਲ ਵਿੱਚ ਦੋ ਕਥਾਵਾਂ ਸਮਾਨ ਅੰਤਰ ਚੱਲਦੀਆਂ ਹਨ। ਇਕ ਕਥਾ ਦਾ ਲੋਕੇਲ ਭਾਰਤ ਵਿੱਚ ਅਤੇ ਦੂਸਰੀ ਦਾ ਅਮਰੀਕਾ ਵਿੱਚ ਹੈ। ਨਾਵਲ ਦੀ ਕਥਾ ਅੰਤਰ ਸੱਭਿਆਚਾਰਕ ਸੁਮੇਲ ਅਤੇ ਟਕਰਾ ਰਾਹੀਂ ਅੱਗੇ ਤੁਰਦੀ ਹੈ। ਦੋਵੇਂ ਹੀ ਮੂਲ ਸੱਭਿਆਚਾਰਾਂ ਵਿੱਚ ਜਿੱਥੇ ਪ੍ਰਵਾਸੀਆਂ ਨਾਲ ਵਿਤਕਰਾ, ਨਫਰਤ ਅਤੇ ਉਹਨਾਂ ਨੂੰ ਆਪਣੇ ਵਿੱਚ ਵਿਲੀਨ ਕਰਨ ਦੀ ਪ੍ਰਵਿਰਤੀ ਹੈ, ਉਥੇ ਉਹਨਾਂ ਹੀ ਮੂਲ ਸੱਭਿਆਚਾਰਾਂ ਵਿੱਚ ਮਾਨਵਤਾ, ਸਹਾਇਤਾ, ਦਇਆ ਅਤੇ ਸਹਾਨਭੂਤੀ ਵੀ ਮੌਜੂਦ ਹੈ। ਪੰਜਾਬੀ ਮੂਲ ਸੱਭਿਆਚਾਰ ਵਿੱਚ ਮਾਨਵਤਾ ਦਇਆ ਅਤੇ ਸਹਾਨਭੂਤੀ ਆਦਿ ਵਰਗੇ ਮਾਨਵੀ ਗੁਣ ਅਤੇ ਗਊ ਗਰੀਬ ਵਾਸਤੇ ਲੜਨ ਲਈ ਗੁਰੂ ਸਾਹਿਬ ਦੀ ਬਖਸ਼ੀ ਲਾਡਲੀ ਫੌਜ ਵਿੱਚੋਂ ਨਿਹੰਗ ਸਿੰਘ ਪ੍ਰਤੀਨਿਧ ਪਾਤਰ ਹੈ ।ਪੰਜਾਬ ਦੇ ਸੱਭਿਆਚਾਰ ਨੂੰ ਇਸ ਪਾਤਰ ਰਾਹੀਂ ਨਾਵਲਕਾਰ ਨੇ ਇਸ ਦੀ ਮਾਨਵ ਪੱਖੀ ਅਤੇ ਸਰਬੱਤ ਦੇ ਭਲੇ ਵਾਲੀ ਸੋਚ ਰਾਹੀਂ ਉਜਾਗਰ ਕੀਤਾ ਹੈ। ਬਾਬਾ ਨਿਹੰਗ ਸਿੰਘ ਦਇਆਰਾਮ ਦੀ ਜਿਹੜਾ ਕਿ ਬਿਹਾਰੀ ਪਰਵਾਸੀ ਹੈ, ਉਸ ਦੀ ਥਾਂ-ਥਾਂ ਮਦਦ ਕਰਦਾ ਹੈ। ਉਹ ਦਇਆਰਾਮ ਨੂੰ ਆਖਦਾ ਹੈ, ਵਾਹਿ ਤੂੰ ਇਥੇ ਮਜ਼ਦੂਰੀ ਨਹੀਂ ਭਾਈ ਸਿੰਘਾ ਕਿਰਤ ਕਰਨ ਲਈ ਪਧਾਰਿਆ, ਕਿਰਤ ਕਰਨ ਵਾਲਾ ਤੇ ਕਦੇ ਕਾਲ ਨਹੀਂ ਪੈਂਦਾ। ਇਹੀ ਗੁਰੂ ਦਾ ਹੁਕਮ ਹੈ, ਇਹੀ ਮਨੁੱਖਤਾ ਦਾ ਮਾਰਗ ਹੈ। (ਸਫਾ-16) ਇਸੇ ਤਰ੍ਹਾਂ ਜਦੋਂ ਪਿੰਡ ਦੇ ਲੋਕ ਭਈਆਂ (ਬਿਹਾਰੀ ਮਜ਼ਦੂਰਾਂ) ਅਤੇ ਦਇਆਰਾਮ ਨੂੰ ਚੰਗਾ-ਮੰਦਾ ਬੋਲਦੇ ਹਨ ਤਾਂ ਫਿਰ ਉਹ ਉਹਨਾਂ ਦਾ ਪੱਖ ਪੂਰਦਾ ਕਹਿੰਦਾ ਹੈ, ਉਹ ਕਰਨ ਨੂੰ ਹੋਰ ਵੀ ਬਥੇਰੀਆਂ ਗੱਲਾਂ ਹੁੰਦੀਆਂ, ਜੇ ਆਪਾਂ ਇਹਨਾਂ ਨੂੰ ਦਵੱਲਾਂਗੇ ਤਾਂ ਜਿਹੜੇ ਬਿਹਾਰੀ ਬੀਬੀਆਂ ਧਿਆਣੀਆਂ ਨੇ ਨਿਆਣੇ ਜੰਮ ਕੇ ਦਿੱਤੇ ਆ, ਉਹ ਵੀ ਮੋੜਾਂਗੇ, ਨਹੀਂ ਨਾ ਉਹ ਤਾਂ ਅਖੈ ਆਪ ਰੱਖਣੇ ਐ, ਸਾਡੇ ਐ, ਸਾਡੀ ਅੰਸ਼ ਐ । (ਸਫਾ-24) ਇਸੇ ਤਰ੍ਹਾਂ ਨਿਹੰਗ ਪਾਤਰ ਗ੍ਰੰਥੀ ਸਿੰਘਾਂ ਵੱਲੋਂ ਦੁਰਕਾਰੇ ਗਏ ਦਇਆਰਾਮ ਨੂੰ ਗਲ ਨਾਲ ਲਾਉਂਦਾ ਹੈ ਤੇ ਉਸ ਨੂੰ ਦਿਲਾਸਾ ਦਿੰਦਾ ਹੈ। ਦੂਸਰੇ ਪਾਸੇ ਅਮਰੀਕਾ ਦੇ ਵਿੱਚ ਪਰਵਾਸੀਆਂ ਦੀ ਸਹਾਇਤਾ ਲਈ ਵੀ ਕੁਝ ਸੰਸਥਾਵਾਂ ਬਣੀਆਂ ਹੋਈਆਂ ਹਨ। ਨਾਵਲ ਵਿਚਲੀ ਪਾਤਰ ਪਵੇਲ ਕਹਿੰਦੀ ਹੈ- ਥੈਂਕਸ ਸਾਡੀ ਸੰਸਥਾ ਦਾ ਨਾਂਅ ਹੈ ਸਟੂਡੈਂਟਸ ਵਾਰ ਇਕਲ ਗਰਾਊਡ, ਇੱਥੇ ਆਏ ਨਵੇਂ ਇਮੀਗਰਾਂਟਸ ਨੂੰ ਹੈਲਪ ਕਰਦੇ ਆਂ ਖਾਸ ਕਰਕੇ ਉਹਨਾਂ ਨੂੰ ਜੋ ਕਾਸਟ ਜਾਂ ਰੇਸ ਬਾਇਸ ਦਾ ਸਾਹਮਣਾ ਕਰਦੇ। (ਸਫਾ-36) ਇੰਜ ਇਹ ਨਾਵਲ ਸਥਾਨਕ ਮੂਲ ਸੱਭਿਆਚਾਰਾਂ ਤੇ ਪਰਵਾਸੀ ਸੱਭਿਆਚਾਰਾਂ ਦੀ ਆਪਸ ਵਿਚਲੀ ਸਾਂਝ, ਵੱਖਰਤਾ, ਦਬਾਓ ਅਤੇ ਦਮਨ ਆਦਿ ਦੀ ਤੁਲਨਾਤਮਕ ਜੁਗਤ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ।

ਨਾਵਲ ਵਿੱਚ ਪ੍ਰੇਮ ਕਹਾਣੀ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸ ਨਾਵਲ ਵਿੱਚ ਅਰਬੀਰ ਅਤੇ ਕਿਰਨਾ ਦੀ ਪ੍ਰੇਮ ਕਹਾਣੀ ਆਮ ਪ੍ਰਚੱਲਤ ਪ੍ਰੇਮ ਕਹਾਣੀਆਂ ਵਾਂਗ ਪਿਆਰ ਕਬਜ਼ਾ ਨਹੀਂ ਪਹਿਚਾਣ ਦੇ ਉਲਟ ਪਿਆਰ ਪਹਿਚਾਣ ਨਹੀਂ, ਸਗੋਂ ਕਬਜ਼ਾ ਹੈ ਤੇ ਇੱਕ ਭ੍ਰਮ ਹੈ ਦੇ ਆਧਾਰ 'ਤੇ ਸਿਰਜੀ ਗਈ ਹੈ। ਅਰਬੀਰ ਇੱਕ ਜ਼ਿੱਦੀ ਕਿਸਮ ਦਾ ਪ੍ਰੇਮੀ ਹੈ, ਜਿਹੜਾ ਆਪਣੀ ਪ੍ਰੇਮਿਕਾ ਨੂੰ ਧੱਕੇ ਨਾਲ ਆਪਣੀ ਬਣਾਉਣਾ ਚਾਹੁੰਦਾ ਹੈ। ਉਸ ਦਾ ਇਹ ਵਾਰਤਾਲਾਪ ਦੇਖਣਯੋਗ ਹੈ। ਅਰਵੀਰ ਨੇ ਜੋਸ਼ ਨਾਲ ਦੱਸਿਆ, ਨਾ.... ਮੈਂ ਨਹੀਂ ਮੰਨਦਾ, ਨਾਲੇ ਇਸ ਨੂੰ ਘਰ ਨਹੀਂ ਬਹਿਣ ਦੇਣਾ, ਆਪਦੇ ਘਰੇ ਲਿਆਵੂੰਗਾ, ਚਾਹੇ ਕੋਈ ਵੀ ਗੱਲ ਕਿਉਂ ਨਾ ਬਣਾ ਕੇ ਉਡਾਉਣੀ ਪਵੇ ਸਾਕਤਾ ਇਹਦਾ ਮੇਰੇ ਨਾਲ ਹੋਊਗਾ ਹੋਰ ਕਿਸੇ ਦੀ ਤਾਂ ਮੈਂ ਵੀ ਨਹੀਂ ਹੋਣ ਦੇਣੀ। (ਸਫਾ-52) ਇਸੇ ਲਈ ਉਹ ਉਸ ਦਾ ਪਿੱਛਾ ਕਰਦਾ ਹੈ। ਉਸ ਦੇ ਭਰਾ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ। ਕਿਰਨਾ (ਅਰਵੀਰ ਦੀ ਅਖੌਤੀ ਪ੍ਰੇਮਿਕਾ) ਵੀ ਉਸ ਤੋਂ ਪਿੱਛਾ ਛੁਡਾਉਣ ਦੇ ਲਈ ਪਹਿਲਾਂ ਤਾਂ ਉਸ ਦੇ ਦਬਾਅ ਹੇਠਾਂ ਆ ਜਾਂਦੀ ਹੈ ਤੇ ਪਿਆਰ ਦਾ ਨਾਟਕ ਕਰਦੀ ਹੈ। ਫਿਰ ਉਸ ਨੂੰ ਇੱਕ ਯੋਜਨਾ ਅਧੀਨ ਨਿਊਯਾਰਕ ਭੇਜਦੀ ਹੈ। ਉਸ ਤੋਂ ਖਹਿੜਾ ਛੁਡਾਉਂਦੀ ਹੋਈ ਕਹਿੰਦੀ ਹੈ ਤੇਰੇ ਜਿਹੇ ਮੁੰਡਿਆਂ ਨੇ ਕੁੜੀਆਂ ਦਾ ਜਿਊਣਾ ਡਿਸਟਰਬ ਕੀਤਾ ਹੋਇਆ, ਬੈਂਕ ਤੋਂ ਲਿਮਟਾਂ ਚੱਕ ਕੇ ਕਿਸ਼ਤਾਂ 'ਤੇ ਬੁਲਟ ਲਿਆ ਹੁੰਦਾ ਫਿਰ ਜਿਉ ਲੱਗਦੇ ਕਾਲਜ ਦੀ ਗੇੜੀ ਮਾਰਨ। ਫਿਰ ਤੋਂ ਖਹਿੜਾ ਛੁਡਾਉਣ ਲਈ ਨਾ ਚਾਹੁੰਦੇ ਹੋਏ ਵੀ ਤੇਰੀ ਝੂਠੀ ਮਸ਼ੂਕ ਬਣ ਕੇ ਰਹਿਣ ਦਾ ਢੌਂਗ ਕਰਨਾ ਪਿਆ। (ਸਫਾ-126) ਇਸੇ ਤਰ੍ਹਾਂ ਉਹ ਅੱਗੇ ਕਹਿੰਦੀ ਹੈ-ਇਸ ਕਜੀਏ ਤੋਂ ਬਚਣ ਲਈ ਸੇਫਜ਼ੋਨ 'ਚ ਰਹਿਣ ਲਈ ਤੈਨੂੰ ਰਾਂਝਾ ਬਣਾ ਕੇ ਵਿਲਾਇਤ ਭੇਜ ਦਿੱਤਾ, ਹੁਣ ਕਰ ਇੱਥੇ ਮੌਜਾਂ। (ਸਫਾ-126) ਇੰਜ ਇਹ ਇੱਕਤਰਫਾ ਪਿਆਰ ਅਤੇ ਝੂਠੇ ਢੌਂਗ ਦੀ ਪ੍ਰੇਮ ਕਹਾਣੀ ਬਹੁਤਾ ਚਿਰ ਨਹੀਂ ਚੱਲਦੀ ਤੇ ਇਸ ਦਾ ਅੰਤ ਇਕ ਪਾਸੇ ਭਾਵ ਅਰਵੀਰ ਵੱਲੋਂ ਦੁਖਾਂਤਕ ਅਤੇ ਦੂਸਰੇ ਪਾਸੇ ਕਿਰਨਾਂ ਵੱਲੋਂ ਸੁਖਾਂਤਕ ਹੁੰਦਾ ਹੈ। ਦਇਆ ਰਾਮ ਪਰਵਾਸੀ ਮਜ਼ਦੂਰ ਦੀ ਪ੍ਰੇਮ ਕਹਾਣੀ ਗਰੀਬੀ ਕਾਰਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ। ਉਸ ਲਈ ਉਸ ਦੀ ਪ੍ਰੇਮਿਕਾ ਮੇਘਨਾ ਸੁਪਨਾ ਬਣ ਕੇ ਰਹਿ ਜਾਂਦੀ ਹੈ।

ਇਸ ਨਾਵਲ ਨੂੰ ਵਧੇਰੇ ਯਥਾਰਥਕ ਬਣਾਉਣ ਲਈ ਨਾਵਲਕਾਰ ਨੇ ਪਾਤਰਾਂ ਦੀ ਭਾਸ਼ਾ ਨੂੰ ਉਹਨਾਂ ਦੇ ਸੁਭਾਅ, ਸਥਾਨ ਅਤੇ ਲਹਿਜੇ ਅਨੁਸਾਰ ਵਰਤਿਆ ਹੈ। ਜਿਵੇਂ ਦਇਆਰਾਮ ਦੀ ਭਾਸ਼ਾ ਬਿਹਾਰੀ, ਨਿਹੰਗ ਸਿੰਘ ਦੀ ਭਾਸ਼ਾ ਠੇਠ ਗੜ ਗੱਜ ਬੋਲੇ, ਅਰਵੀਰ ਉਸ ਦੇ ਪਿਤਾ ਅਤੇ ਉਸ ਦੇ ਪਰਵਾਰ ਦੀ ਭਾਸ਼ਾ ਮਲਵਈ ਅਤੇ ਅਮਰੀਕਾ ਵਿੱਚ ਲੇਖ ਕਿਰਦਾਰ ਜਿਵੇਂ ਐਮੀ, ਪਾਵੇਲ ਸਿੰਘ, ਜੈਸੀ ਆਦਿ ਦੀ ਭਾਸ਼ਾ ਸਲੈਂਗ ਵਾਲੀ ਅੰਗਰੇਜ਼ੀ ਵਰਤੀ ਹੈ। ਜਿਵੇਂ ਦਇਆ ਰਾਮ, ਠੀਕਬਾ ਹਮ ਅਭੀ ਬਗਲ ਕੇ ਛਾਇਆ ਮੇ ਖੜਾ ਹੋ ਜਾਤ ਆਪ ਜਲਦੀ ਸੇ ਆਈਏ, ਦਾਦੀ ਦੀ ਭਾਸ਼ਾ, ਘਰ ਦੀ ਆਬੋ ਹਵਾ 'ਚੋਂ ਮੈਨੂੰ ਤਾਂ ਪ੍ਰਤਾਪ ਸੂਗ ਆਉਣ ਲੱਗ ਪੀ ਏ, ਮੈਂ ਤਾਂ ਉਹ ਛਤੜੇ ਵੱਲ ਜਿੱਥੇ ਤੂੰ ਹੀ ਇਹਦਾ ਰਾਤੀ ਮੰਜਾ ਡਾਇਆ ਸੀ ਬਿੰਦੇ ਬਿੰਦੇ ਬੈਟਰੀ ਦਾ ਚਾਨਣ ਮਾਰ ਕੇ ਵੇਖਦੀ ਪਈ ਸਾਂ', ਇੰਜ ਨਿਊਯਾਰਕ ਵਿੱਚ ਰਹਿ ਰਹੀ ਪਾਵੇਲ ਸਿੰਘ ਦੀ ਭਾਸ਼ਾ 'ਵਰਕਸ਼ਾਪ, ਲੀਗਲ ਏਡ, ਕਮਿਊਨਿਟੀ ਅਤੇ ਮੈਨੂੰ ਬਸ ਹੁਣ ਸਮਝ ਆਈ ਹੈ ਕਿ ਸਾਇਲਸ ਇਜ ਵਰਸ਼ ਦੈਨ ਸਪੀਕਿੰਗ।' ਨਾਵਲ ਵਿੱਚ ਇਹ ਗੱਲ ਕਿਸੇ ਭਾਸ਼ਾ ਨੂੰ ਘੱਟ ਸਮਝਣ ਵਾਲੇ ਪਾਠਕ ਲਈ ਮੁਸ਼ਕਲ ਪੈਦਾ ਕਰਦੀ ਹੈ। ਡਾਕਟਰ ਦਵੇਸ਼ਵਰ ਇਸ ਨੂੰ ਯਥਾਰਥਕ ਸਿਰਜਣਕਾਰੀ ਕਹਿੰਦੇ ਹਨ, ਪਰ ਮੈਨੂੰ ਲੱਗਦਾ ਹੈ ਕਿ ਇਹ ਅਤਿ ਦਾ ਯਥਾਰਥ ਹੋ ਨਿੱਬੜਿਆ ਹੈ। ਕਈ ਵਾਰੀ ਪਾਤਰਾਂ ਦੀ ਭਾਸ਼ਾ ਨੂੰ ਸਮਝਣ ਦੇ ਲਈ ਜ਼ੋਰ ਲਾਉਣਾ ਪੈਂਦਾ ਹੈ। ਪਾਤਰਾਂ ਵੱਲੋਂ ਵਰਤੀ ਗਈ ਸਥਾਨਕ ਰੰਗਣ ਵਾਲੀ ਗੂੜ੍ਹ ਭਾਸ਼ਾ ਨਾਵਲ ਦੀ ਰੌਚਕਤਾ ਵਿੱਚ ਵਿਘਨ ਪੈਦਾ ਕਰਦੀ ਹੈ। ਦੇਖਿਆ ਜਾਏ ਤਾਂ ਭਾਸ਼ਾ ਰਾਹੀਂ ਯਥਾਰਥਕਤਾ ਦਾ ਆਭਾਸ ਹੀ ਪੈਦਾ ਕਰਨਾ ਹੁੰਦਾ ਹੈ। ਆਪਣੇ ਸਮਾਜ ਅਤੇ ਭਾਸ਼ਾ ਤੋਂ ਬਾਹਰੇ ਲਏ ਦੂਸਰੇ ਸਮਾਜ ਅਤੇ ਭਾਸ਼ਾ ਦੇ ਪਾਤਰਾਂ ਦੀ ਗੱਲਬਾਤ ਨੂੰ ਨਾਵਲ ਵਿਚਲੀ ਵਰਤੀ ਗਈ ਮੂਲ ਭਾਸ਼ਾ ਵਿੱਚ ਢਾਲ ਕੇ ਪ੍ਰਸਤੁਤ ਕਰਨਾ ਹੀ ਠੀਕ ਹੁੰਦਾ ਹੈ। ਇਸ ਨਾਵਲ ਵਿੱਚ ਭਾਸ਼ਾ ਸਾਹਿਤਕ ਪੱਧਰ ਵਾਲੀ ਵੀ ਨਹੀਂ ਹੈ, ਇਸ ਦਾ ਉਦਾਹਰਨ, ਜਿਵੇਂ ਜੇ ਭਰੋਸਾ ਨਹੀਂ ਸੀ ਕਰਨਾ ਤਾਂ ਕਾਹਤੋਂ ਲੂਤ-ਲੂਤ ਕਰਦਾ ਫਿਰਦਾਂ। (ਸਫਾ-57) ਤੂੰ ਤਾਂ ਸੁੱਥਣ ਦਾ ਨਾੜਾ ਦੇੜ੍ਹਨ ਨੂੰ ਕਾਹਲਾ ਹੋਇਆ ਪਿਐਂ। (ਸਫਾ-58) ਇਸੇ ਤਰ੍ਹਾਂ ਇਹ ਨਾਵਲ ਬਹੁਪੱਖੀ, ਬਹੁ-ਪਸਾਰੀ ਅਤੇ ਬਹੁ-ਅਰਥੀ ਵੀ ਨਹੀਂ ਹੈ ।ਇਹ ਸਿਰਫ ਪਰਵਾਸ ਵਿਚਲੇ ਸੱਭਿਆਚਾਰਕ ਦਮਨ ਨੂੰ ਸਿਰਜਦਾ ਹੈ। ਇਹ ਗੱਲ ਇਸ ਲਈ ਕਹੀ ਗਈ ਹੈ ਕਿ ਨਾਵਲ ਵਿੱਚ ਇਕੱਲਤਾ, ਉਦਾਸੀਨਤਾ, ਬੇਰੁਜ਼ਗਾਰੀ, ਡੌਂਕੀ ਲਾਣਾ, ਪੁਲਸ ਅਤੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਵਿਚਲੀਆਂ ਝੜਪਾਂ ਆਦਿ ਨੂੰ ਸਿਰਫ ਨਾਵਲਕਾਰ ਨੇ ਛੂਹਿਆ ਹੀ ਹੈ।

ਸਮੁੱਚੇ ਰੂਪ ਵਿੱਚ ਇਹ ਨਾਵਲ ਦੋ ਪਰਵਾਸੀ ਮੁੱਖ ਪਾਤਰਾਂ ਅਰਬੀਰ ਅਤੇ ਦਇਆਰਾਮ ਦੇ ਜੀਵਨ ਨੂੰ ਫਿਲਮੀ ਕਹਾਣੀ ਵਾਂਗ ਭਾਵੁਕਤਾ, ਰੋਮਾਂਸ, ਮੈਲੋ-ਡਰਾਮਾ ਅਤੇ ਨਾਟਕੀ ਵਾਰਤਾਲਾਪ ਰਾਹੀਂ ਸਿਰਜਦਾ ਪਰਵਾਸ ਦੇ ਸੱਚ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਇਹ ਨਾਵਲ ਪਾਤਰਾਂ ਦੇ ਦੇਸ਼ ਕਾਲ ਤੇ ਵਾਤਾਵਰਨ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਦੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿੱਚ ਲਿਪਾਂਤਰਨ ਕਰਨ ਦੀ ਅਤੇ ਪਾਠਕ ਵੱਲੋਂ ਸਮਝਣ ਦੀ ਔਖਿਆਈ ਦੇ ਬਾਵਜੂਦ ਲੀਕ ਤੋਂ ਥੋੜ੍ਹਾ ਜਿਹਾ ਹਟ ਕੇ ਤਾਂ ਹੈ, ਪਰ ਪਾਠਕ ਦੀ ਦਿਲਚਸਪੀ ਬਣਾਈ ਰੱਖਦਾ ਹੈ।

**ਸੰਪਰਕ-98552-63576**

## ਸ਼ਫ਼ਾ 1 ਦੀ ਬਾਕੀ

## ਪੌਣਾ ਮੀਲ ਸਰਹੱਦ-ਸੰਤਾਲੀ...

ਭੋਗੀਆਂ ਬੱਲਿਆ, ਹੁਣ ਸੋਹਣਾ ਖਾਨੇ ਆਂ, ਰੰਗ ਭਾਗ ਲੱਗੇ ਨੇ।

**ਆਜ਼ਾਦੀ ਦਾ ਲੇਖ**

1968 ਦੇ ਸਾਲ ਮੈਂ ਗੌਰਮਿੰਟ ਗਰਲਜ਼ ਹਾਈ ਸਕੂਲ ਮਹਿਤਪੁਰ ਅੱਠਵੀਂ ਵਿੱਚ ਪੜ੍ਹਦੀ ਸੀ। ਨਕੋਦਰ ਅਜ਼ਾਦੀ ਦਿਹਾੜਾ ਮਨਾਇਆ ਜਾਣਾ ਸੀ। ਮੇਰੀ ਅਧਿਆਪਕ ਨੇ ਮੈਨੂੰ ਇੱਕ ਸਫ਼ਾ ਘਰੋਂ ਲਿਖ ਕੇ ਲਿਆਉਣ ਲਈ ਕਿਹਾ। ਅਸੀਂ ਜੋ ਨਿੱਤ ਸੁਣਦੇ, ਵੇਖਦੇ ਅਤੇ ਹੰਢਾਅ ਰਹੇ ਸਾਂ, ਮੈਂ ਲਿਖ ਲਿਆ। ਅਗਲੇ ਦਿਨ ਕਲਾਸ ਅੱਗੇ ਖੜ੍ਹੇ ਹੋ ਕੇ ਪਹਿਲਾ ਵਾਕ ਹੀ ਪੜ੍ਹਿਆ ਕਿ ਅਜ਼ਾਦੀ ਨੇ ਦੇਸ਼ ਦੀ ਬਰਬਾਦੀ ਕਰ ਦਿੱਤੀ।

ਸੁਣਦੇ ਸਾਰ ਭੈਣਜੀਆਂ ਨੇ ਵਰਕਾ ਖੋਹ ਕੇ ਟੁਕੜੇ-ਟੁਕੜੇ ਕਰ ਦਿੱਤਾ ਤੇ ਗਰਜੇ, ਉੱਥੇ ਵੱਡੇ-ਵੱਡੇ ਅਫ਼ਸਰਾਂ, ਨੇਤਾਵਾਂ ਨੇ ਆਉਣਾ, ਇਹ ਸੁਣਾਉਣਾ ਉਨ੍ਹਾਂ ਨੂੰ?

ਮੈਂ ਡਰ ਗਈ, ਮੈਨੂੰ ਲੱਗਿਆ ਕਿ ਹੁਣ ਮੈਨੂੰ ਰੂਲ ਪੈਣਗੇ। ਰੂਲ ਤਾਂ ਨਾ ਪਏ, ਪਰ ਮੈਂ ਬਹੁਤ ਉਦਾਸ ਹੋਈ। ਸਾਡੇ ਘਰਾਂ ਵਿੱਚ ਵੱਡੇ ਗੌਲਿਆਂ, ਹੱਲਿਆਂ ਦੇ ਦੁੱਖਾਂ-ਭੁੱਖਾਂ ਦੀਆਂ ਕਹਾਣੀਆਂ ਅਜੇ ਵੀ ਕੋਠੇ ਮੱਲੀ ਬੈਠੀਆਂ ਸਨ। ਉਸ ਸਮੇਂ ਦੀ ਮਾਮੂਲੀ ਜਿਹੀ ਸਕੂਲ ਫ਼ੀਸ ਵੀ ਕਦੇ ਵਕਤ ਸਿਰ ਨਹੀਂ ਦੇ ਹੋਈ। ਜੋ ਉਜਾੜਾ ਲੋਕ ਹੰਢਾ ਰਹੇ ਸਨ, ਉਹਦਾ ਕਿਤਾਬਾਂ ਵਿੱਚ ਕਿਤੇ ਜ਼ਿਕਰ ਨਹੀਂ ਸੀ ਅਤੇ ਜੋ ਕਿਤਾਬਾਂ ਵਿੱਚ ਅਸੀਂ ਪੜ੍ਹ ਰਹੀਆਂ ਸੀ, ਉਹ ਸਾਡੇ ਘਰਾਂ ਦੇ ਵਰਤੀਣ ਨਾਲ ਜਮਾਂ ਮੇਲ ਨਹੀਂ ਸੀ ਖਾਂਦਾ।

ਮੇਰੀ ਅੰਮਾ ਨੂੰ ਨਾ ਅਜ਼ਾਦੀ ਦਾ ਪਤਾ ਸੀ, ਨਾ ਗ਼ੁਲਾਮੀ ਦਾ, ਉਨ੍ਹਾਂ ਨੂੰ ਸਿਰਫ਼ ਇਹ ਪਤਾ ਸੀ ਕਿ ਤਬਾਦਲੇ ਤੋਂ ਪਹਿਲਾਂ ਉਹਦਾ ਪਿੰਡ ਤਿੰਨ ਕੱਸੀ ਸੁਰਗ ਸੀ ਤੇ ਉਜਾੜਾ ਨਰਕ। ਕਿੱਕਰ ਥੱਲੇ ਮੰਜੀ ਡਾਹ ਕੇ ਬੈਠੇ ਬਾਬਾ ਜੀ ਪੁੱਛਦੇ, ਨਿੱਕੀਏ, ਹੱਲਿਆਂ ਦੀ ਦੁਰਗਤ ਮੁਤੱਲਕ ਕਿਤਾਬਾਂ ਵਿੱਚ ਕੀ ਲਿਖਿਆ ਨੇ? ਕਿੰਨੇ ਲੋਗ ਵੱਢੇ ਗਏ, ਕਿੰਨੇ ਪਿੰਡ ਤੇ ਸ਼ਹਿਰ ਫੂਕ ਘੱਤਿਓ ਨੇ, ਕਿੰਨੇ ਉੱਜੜ ਗਏ, ਨਿੱਖੜ ਗਏ, ਧੀਆਂ ਧਿਆਣੀਆਂ ਨਾਲ ਧੱਕਾ ਕਰਨ ਵਾਲਿਆਂ ਨੂੰ ਸਜ਼ਾਵੀਂ ਮਿਲੀਆਂ ਕਿ ਨਾ? ਹੁਣ ਤੋੜੀਂ ਕੋਈ ਗਵੇੜ ਤਾਂ ਲਾ ਲਿਆ ਹੋਨੇਗਾ?

ਏਸਰਾਂ ਦਾ ਤਾਂ ਕੁਛ ਨਹੀਂ ਲਿਖਿਆ।

ਆਪਣੇ ਟਿੱਬੇ ਜੇਡੇ ਲਾਸ਼ਾਂ ਦੇ ਢੇਰ ਤਾਂ ਅਸਾਂ ਰਾਹ ਵਿੱਚ ਆਪ ਵੇਖੇ ਨ।

ਬਾਬਾ ਜੀ ਥੋੜ੍ਹੇ ਵਕਫ਼ੇ ਬਾਅਦ ਚੁੱਪ ਤੋੜਦੇ, ਸੁਣਨੇ ਪਏ ਆਂ ਨਿੱਕੀਏ ਪਈ ਜਿਨ੍ਹਾਂ ਲੀਡਰਾਂ ਕਤਲੇਆਮ ਕਰਵਾਇਆ, ਉਵ੍ਹਾ ਹਕੂਮਤਾਂ ਕਰਦੇ ਪਏ ਨ।

ਆਪਾਂ ਨੂੰ ਫੇਰ ਵੱਢਣਗੇ?

ਓਈਓ ਜਾਣਨ, ਉਤ ਨੇ ਨਿਰੇ।

**ਸਾਡਾ ਦੇਸ**

ਜਦੋਂ ਵੀ ਕਿਸੇ ਨੇ ਮੇਰੇ ਬਾਬਾ ਜੀ ਨੂੰ ਸੁਭਾਉਕੀ ਪੁੱਛਣਾ ਕਿਹੜੇ ਪਿੰਡ ਦੇ ਓ ਬਜ਼ੁਰਗੋ? ਬਾਬਾ ਜੀ ਨੇ ਸੁਭਾਉਕੀ ਜੁਆਬ ਦੇਣਾ, ਓਧਰੋਂ ਆਂ ਤਿੰਨ ਕੱਸਿਓਂ ਮੁਲਤਾਨੋਂ।

ਇੱਧਰ ਜੰਮੇ ਅਸੀਂ ਜੁਆਕਾਂ ਨੇ ਪਾਕਿਸਤਾਨੋਂ ਆਏ ਲੋਕਾਂ ਤੋਂ ਇਹੋ ਸੁਣਿਆ, ਸਾਡਾ ਦੇਸ ਤਾਂ ਓਧਰ ਰਹਿ ਗਿਆ।

ਜਦੋਂ ਪੱਛੋਂ ਹੁੱਲਣੀ ਤਾਂ ਮੇਰੀ ਦਾਦੀ ਨੇ ਪੱਖੀ ਪੈਂਦ 'ਤੇ ਰੱਖਦਿਆਂ ਕਹਿਣਾ, ਹਾ ਅ ਅ ਅ ! ਕੇਈ ਠੰਢੀ 'ਵਾ ਏ। ਜੇ ਬੱਦਲ ਪੱਛੋਂ ਤੋਂ ਚੜ੍ਹ ਕੇ ਆਵੇ ਤਾਂ ਬਹੁਤ ਵੱਸੇਗਾ, ਠੰਢ ਵਰਤੇਗੀ।

ਪਿੰਡ ਦੇ ਚਾਚਿਆਂ, ਤਾਇਆਂ, ਬਾਬਿਆਂ, ਹਰੇਕ ਦੇ ਮੁੱਖੋਂ ਹਮੇਸ਼ਾ ਇੱਕੋ ਗੱਲ ਸੁਣੀ, ਜੇ ਕਿਤੇ ਦੋਵੇਂ ਮੁਲਕ ਇੱਕ ਹੋ ਜਾਣ, ਅੜਿੱਕੇ ਚੁੱਕੇ ਜਾਣ ਤਾਂ ਇੱਕ ਵਾਰੀ ਗਰਾਈਆਂ, ਯਾਰਾਂ ਬੇਲੀਆਂ ਨੂੰ ਮਿਲ ਆਵੀਏ ਜਿਨ੍ਹਾਂ ਸਾਡੀਆਂ ਜਾਨਾਂ ਦੀ ਪਰਵਾਹ ਕੀਤੀ, ਧਾਹੀਂ ਮਾਰ-ਮਾਰ ਟੋਰਿਆ ਤੇ ਮੁੜ ਆਉਣ ਦੀ ਪੱਕੀ ਤਾਗ਼ੀਦ ਕੀਤੀ। ਪਿੰਡ ਦੀ ਮਿੱਟੀ ਮੱਥੇ ਛੁਹਾ ਆਵੀਏ ਤਾਂ ਸੌਖੇ ਮਰਜਾਂਗੇ।

ਕਿੰਨੀ ਤੜਫ਼ ਸੀ, ਕਿੰਨੀ ਕਲਪਨ, ਕਿੰਨਾ ਉਦਰੇਵਾਂ ਸੀ- ਜੰਮਣ ਭੋਇੰ ਦਾ।

ਇਹ ਸੂਲ, ਇਹ ਦਰਦ ਕਿਵੇਂ ਦੱਸਿਆ ਜਾਊ, ਕਿਵੇਂ ਲਿਖਿਆ ਜਾਊ-ਕੋਈ ਇਲਮ ਨਹੀਂ...

**ਉੱਜੜੇ ਗਰਾਂ ਦੇ ਵਾਸੀ**

ਕਾਫ਼ਲੇ ਅਕਸਰ ਹੀ ਰਾਤਾਂ ਨੂੰ ਹਨੇਰੇ ਦੀ ਓਹਲ ਵਿੱਚ ਟੁਰੇ। ਜੋ ਦਿਨ ਦੇ ਚਾਨਣੇ ਭੱਜ ਨਿਕਲੇ, ਉਹ ਉੱਚੀਆਂ ਫ਼ਸਲਾਂ, ਝੱਲ੍ਹਾਂ, ਡੂੰਘੇ ਟੋਇਆਂ ਵਿੱਚ ਲੁਕ ਕੇ ਬੈਠੇ ਨਿਕਲ ਜਾਣ ਲਈ ਰਾਤ ਦੀ ਉਡੀਕ ਕਰਦੇ। ਹਨੇਰੇ ਨੇ ਕੇਈਆਂ ਨੂੰ ਨਿਗ਼ਲ ਲਿਆ ਤੇ ਕੇਈਆਂ ਨੂੰ ਬਚਾ ਲਿਆ।

ਬਚਣ ਵਾਲਿਆਂ ਵਿੱਚ ਮੇਰੇ ਨਾਨਕਿਆਂ ਦਾ ਖ਼ੁਸ਼ਨਸੀਬ ਕਾਫ਼ਲਾ ਵੀ ਸੀ। ਮੇਰੇ ਨਾਨਾ ਜੀ ਸ. ਕਰਤਾਰ ਸਿੰਘ ਜ਼ਿਲ੍ਹਾ ਮਿੰਟਗੁਮਰੀ (ਹੁਣ ਸਾਹੀਵਾਲ) ਦੇ ਪਿੰਡ ਆਰਿਫ਼ਵਾਲਾ ਚੱਕ ਨੰਬਰ 353 52 ਦੇ ਮੋਹਤਬਰ ਨੰਬਰਦਾਰ ਸਨ। ਇਨ੍ਹਾਂ ਦੀ ਬਾਸਮਤੀ ਲਾਹੌਰ ਤੱਕ ਮਸ਼ਹੂਰ ਸੀ।

ਨਾਨਾ ਜੀ ਦੱਸਦੇ ਹੁੰਦੇ ਕਿ ਭਾਦਰੋਂ ਦੇ ਮਹੀਨੇ ਥੋੜ੍ਹੀ-ਥੋੜ੍ਹੀ ਫ਼ਿਰਕੂ ਜ਼ਹਿਰ ਘੁਲਦੀ ਪਈ ਸੀ, ਪਰ ਕਿਸੇ ਗੌਲਿਆ ਨਾ। ਜਦੋਂ ਏਧਰੋਂ ਲੁੱਟੇ-ਪੁੱਟੇ ਮੰਦੇ ਹਾਲੀਂ ਲੋਗ ਓਧਰ ਪਹੁੰਚੇ ਤਾਂ ਬਦਲੇ ਵਿੱਚ ਲੁੱਟਣ ਮਾਰਨ ਦੀਆਂ ਵਾਰਦਾਤਾਂ ਹੋਣ ਲੱਗੀਆਂ, ਫਿਰ ਅਸੀਂ ਡਰੇ। ਇੱਕ-ਅੱਧ ਪਿੰਡ ਦਾ ਟੁਰਿਆ ਕਾਫ਼ਲਾ ਤਾਂ ਰਾਹ ਵਿੱਚ ਆਮ ਹੀ ਵੱਢਿਆ ਜਾਂਦਾ ਸੀ। ਏਸੇ ਕਰਕੇ ਦੰਗਿਆਂ ਦੌਰਾਨ ਨੇੜੇ-ਨੇੜੇ ਦੇ 10-12 ਪਿੰਡਾਂ ਦਾ ਇਕੱਠਾ ਕਾਫ਼ਲਾ ਗੱਡਿਆਂ ਉੱਤੇ ਆਪਣਾ ਸੰਸਾਰ ਲੱਦ ਕੇ ਅੱਸੂ (ਅਗਸਤ-ਸਤੰਬਰ) ਦੇ ਮਹੀਨੇ ਹਥਿਆਰਾਂ ਦੀ ਮੁਸਤੈਦੀ ਨਾਲ ਟੁਰਿਆ।

ਰਾਹ ਵਿੱਚੋਂ ਹੋਰ ਪਿੰਡਾਂ ਦੇ ਲੋਕ ਵੀ ਰਲ਼ਦੇ ਰਹੇ। ਇਨ੍ਹਾਂ ਦਾ ਮਾਲ ਡੰਗਰ ਵੀ ਪਿੱਛੇ-ਪਿੱਛੇ ਆ ਗਿਆ। ਇਹ ਉੱਨੀ ਮੀਲ ਲੰਬਾ ਕਾਫ਼ਲਾ ਸੀ। ਰਸਤੇ ਵਿੱਚ ਇਨ੍ਹਾਂ ਨੂੰ ਵੀ ਦੰਗਾਈਆਂ ਨੇ ਘੇਰਿਆ ਅਤੇ ਹਥਿਆਰ ਦੇਣ ਲਈ ਕਿਹਾ। ਇੱਕ ਵਾਰ ਤਾਂ ਸਭਨਾਂ ਦਾ ਤ੍ਰਾਹ ਨਿਕਲ ਗਿਆ, ਮੇਰੀ ਨਾਨੀ ਸਰਦਾਰਨੀ ਹੁਕਮ ਕੌਰ ਵਾਪਰਨ ਵਾਲੇ ਭਾਣੇ ਨੂੰ ਸੋਚ ਕੇ ਧੁਰ ਤਾਈਂ ਕੰਬ ਗਈ। ਇਨ੍ਹਾਂ ਹਥਿਆਰ ਨਹੀਂ ਦਿੱਤੇ ਅਤੇ ਮੁਕਾਬਲਾ ਕਰਨ ਲਈ ਤਿਆਰ ਹੋ ਗਏ, ਵੱਡਾ ਕਾਫ਼ਲਾ ਹੋਣ ਕਾਰਨ ਕੋਈ ਵੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਮੇਰੀ ਬੀਬੀ ਵੀ ਇਸ ਕਾਫ਼ਲੇ ਨਾਲ਼ ਸੀ। ਇਨ੍ਹਾਂ ਰਾਹ ਵਿੱਚ ਕਾਵਾਂ-ਕੁੱਤਿਆਂ ਦੇ ਖਾਧੇ ਮੁਰਦੇ ਵੇਖੇ। ਉਹ ਦੱਸਦੇ ਸਨ ਕਿ ਕਿਵੇਂ ਉਨ੍ਹਾਂ ਦੀ ਜਾਨ ਮੁੱਠੀ ਵਿੱਚ ਆਈ ਰਹੀ।

ਫ਼ਾਜ਼ਿਲਕਾ ਕੋਲੋਂ ਸਤਲੁਜ ਦਰਿਆ ਪਾਰ ਕੀਤਾ ਤਾਂ ਇਹ ਲੋਥਾਂ ਅਤੇ ਲਹੂ ਨਾਲ ਭਰਿਆ ਹੋਇਆ ਸੀ। ਆਰਿਫ਼ਵਾਲਾ ਦਾ ਕਾਫ਼ਲਾ ਅਬੋਹਰ ਨੇੜੇ ਗੋਬਿੰਦਗੜ੍ਹ ਕੱਚਾ ਸੀਡ ਫਾਰਮ ਵਿਖੇ ਚਾਰ ਰਾਤਾਂ ਰਿਹਾ। ਇਸ ਤੋਂ ਬਾਅਦ ਮੌੜ ਮੰਡੀ ਜ਼ਿਲ੍ਹਾ ਮਾਨਸਾ ਰੁਲਣ ਬਾਅਦ ਕਿਸੇ ਜੰਡਵਾਲਾ ਭੀਮੇਸ਼ਾਹ ਦੀ ਦੱਸ ਪਾਈ ਕਿ ਉਹ ਪਿੰਡ ਬਿਲਕੁਲ ਖਾਲੀ ਜੇ, ਉੱਥੇ ਲਗੇ ਜਾਓ। ਮੇਰੇ ਨਾਨਾ ਜੀ ਅਤੇ ਆਰਿਫ਼ਵਾਲਾ ਦੇ ਸਾਰੇ ਘਰ ਇੱਥੇ ਆ ਗਏ। ਜੰਡਵਾਲਾ ਭੀਮੇਸ਼ਾਹ, ਤਹਿਸੀਲ ਅਰਨੀਵਾਲਾ ਜ਼ਿਲ੍ਹਾ ਫ਼ਾਜ਼ਿਲਕਾ ਪੱਕੇ ਵਸ ਗਏ। ਭੀਮੇਸ਼ਾਹ ਮੁਸਲਮਾਨ ਮੁਰੱਬਿਆਂ ਦਾ ਮਾਲਕ ਸੀ, ਉਸੇ ਨੇ ਜੰਡਵਾਲਾ ਵਸਾਇਆ ਸੀ। ਇਹ ਵੀ ਪੂਰਾ ਮੁਸਲਮਾਨਾਂ ਦਾ ਗਰਾਂ ਸੀ, ਜੋ ਹੁਣ ਉੱਜੜ ਗਿਆ ਸੀ। ਅਸੀਂ ਉੱਜੜੇ ਹੋਏ ਇਸ ਉੱਜੜੇ ਹੋਏ ਗਰਾਂ ਵਿੱਚ ਆਣ ਵਸੇ।

ਨਾਨਾ ਜੀ ਦੱਸਦੇ ਕਿ ਉਹ ਜਦੋਂ ਜੰਡਵਾਲੇ ਆਏ ਤਾਂ ਭੀਮੇਸ਼ਾਹ ਦੀ ਨਵੀਂ ਬਣੀ ਬਹੁਤ ਵੱਡੀ ਹਵੇਲੀ ਨੂੰ ਕੌਡੀਆਂ ਵਾਲਾ ਲਾਲ ਗਾਨਾ ਬੱਝਿਆ ਹੋਇਆ ਸੀ। ਸੰਤ ਬਾਬਾ ਤਾਰਾ ਸਿੰਘ ਜੀ ਖ਼ੁਸ਼ਦਿਲ ਜੀ ਅਤੇ ਨਾਨਕਿਆਂ ਦਾ ਪਰਵਾਰ ਇਸੇ ਹਵੇਲੀ ਵਿੱਚ ਰਹੇ। ਇਹਦੇ ਨਾਲ ਹੀ ਮਸੀਤ ਸੀ, ਕਈ ਟੱਬਰਾਂ ਨੇ ਇੱਥੇ ਪਨਾਹ ਲਈ। ਬਾਅਦ ਵਿੱਚ ਇਹ ਮਸੀਤ ਗੁਰਦੁਆਰੇ ਵਿੱਚ ਤਬਦੀਲ ਹੋ ਗਈ।

(ਜਾਣਕਾਰੀ ਦਾ ਸਰੋਤ-ਮੇਰੇ ਨਾਨਾ ਜੀ ਕਰਤਾਰ ਸਿੰਘ ਮੌੜ ਦੇ ਪੋਤਰੇ ਪਰਕਾਸ਼ ਸਿੰਘ ਮੌੜ ਅਤੇ ਮਨਮੋਹਨ ਸਿੰਘ ਮੌੜ)

**ਸੰਪਰਕ : 81469-11118**

# ਨੀਲਾ ਪਾਣੀ ਕਾਲਾ ਇਤਿਹਾਸ


ਅੰਡੇਮਾਨ ਸੈਲੂਲਰ ਜੇਲ ਦੇ ਬਾਹਰ ਸਜ਼ਾ ਦੇਣ ਦਾ ਦ੍ਰਿਸ਼।

## ਅੰਡੇਮਾਨ ਡਾਇਰੀਜ਼

ਭੁਪਿੰਦਰ ਸਿੰਘ ਮਾਨ

ਜੇਲ੍ਹ ਦੇ ਸੈੱਲ ਅੰਦਰ ਜਾਂਦੇ ਹੀ ਮੈਂ ਝੁਕਿਆ ਤੇ ਧਰਤੀ ਨੂੰ ਮੱਥਾ ਲਾ ਕੇ ਕਾਫੀ ਸਮਾਂ ਝੁਕਿਆ ਰਿਹਾ। ਮੇਰੇ ਬੱਚੇ ਆਸੇ-ਪਾਸੇ ਖੜੇ ਸਨ ।ਜਦੋਂ ਮੈਂ ਉੱਠਿਆ ਤਾਂ ਮੱਥੇ 'ਤੇ ਮਿੱਟੀ ਲੱਗੀ ਹੋਈ ਸੀ। ਮੇਰੇ ਦੋਵੇਂ ਬੱਚੇ ਸਵਾਲੀਆ ਨਜ਼ਰ ਨਾਲ ਮੈਨੂੰ ਦੇਖ ਰਹੇ ਸਨ। ਉਸ ਸਮੇਂ ਮੇਰੀ ਸਥਿਤੀ ਬਹੁਤ ਭਾਵੁਕ ਸੀ। ਸ੍ਰੀਮਤੀ ਨੇ ਆਪਣੀ ਚੁੰਨੀ ਨਾਲ ਮੇਰੇ ਮੱਥੇ ਤੋਂ ਮਿੱਟੀ ਸਾਫ ਕੀਤੀ। ਮੈਂ ਪਲਾਥੀ ਮਾਰ ਕੇ ਫਰਸ਼ 'ਤੇ ਬੈਠ ਗਿਆ।ਫਿਰ ਬੱਚਿਆਂ ਨੂੰ ਨਾਲ ਬਿਠਾ ਕੇ ਗਦਰੀ ਬਾਬਿਆਂ ਅਤੇ ਹੋਰ ਆਜ਼ਾਦੀ ਘੁਲਾਟੀਆਂ ਦੀ ਕੁਰਬਾਨੀ ਅਤੇ ਇਸ ਜੇਲ੍ਹ ਵਿੱਚ ਉਹਨਾਂ 'ਤੇ ਹੋਏ ਤਸ਼ੱਦਦ ਅਤੇ ਅਣਮਨੁੱਖੀ ਵਰਤਾਰੇ ਬਾਰੇ ਦੱਸਿਆ। ਇਸ ਯਾਤਰਾ ਦੀ ਪ੍ਰਾਪਤੀ ਇਹੀ ਰਹੀ ਕਿ ਮੇਰੇ ਬੱਚੇ ਸਾਡੇ ਇਤਿਹਾਸ ਦੇ ਨੇੜੇ ਹੋ ਸਕੇ ।ਅਸੀਂ ਸਾਰੇ ਅੰਡੇਮਾਨ ਦੀ ਬਦਨਾਮ ਸੈਲੂਲਰ ਜੇਲ੍ਹ ਦੀ ਇੱਕ ਕੋਠੜੀ ਵਿੱਚ ਸੀ।ਅੰਡੇਮਾਨ ਅਤੇ ਨਿਕੋਬਾਰ ਟਾਪੂ ਹਮੇਸ਼ਾ ਹੀ ਮੇਰੇ ਲਈ ਇੱਕ ਖਿੱਚ ਦਾ ਕੇਂਦਰ ਰਹੇ ਹਨ। ਮੇਰੀ ਲੰਬੇ ਸਮੇਂ ਤੋਂ ਅੰਡੇਮਾਨ ਜਾਣ ਦੀ ਇੱਛਾ ਸੀ। ਬਚਪਨ ਵਿੱਚ ਜਦੋਂ ਸੁਰਿੰਦਰ ਛਿੰਦਾ ਜਿਉਣਾ ਮੌੜ ਦਾ ਕਿੱਸਾ ਗਾਉਂਦਾ ਹੁੰਦਾ ਸੀ, 'ਕਾਲੇ ਪਾਣੀਓਂ ਖ਼ਤ ਕਿਸ਼ਨੇ ਨੇ ਜਿਉਣੇ ਨੂੰ ਪਾਇਆ, ਬਦਲਾ ਲੈ ਲਈ ਸੋਹਣਿਆ ਜੇ ਮਾਂ ਦਾ ਜਾਇਆ' ਤਾਂ ਉਹ ਸ਼ਬਦ ਮੇਰੇ ਮਨ ਵਿੱਚ ਗੂੰਜ ਜਾਂਦੇ ਸਨ। ਫਿਰ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਬਾਰੇ ਬਹੁਤ ਪੜ੍ਹਿਆ ਸੀ। ਅਧਿਆਪਨ ਦੇ ਖੇਤਰ ਵਿੱਚ ਆਉਣ ਤੋਂ ਬਾਅਦ ਹਰ ਸਾਲ ਗਦਰੀ ਬਾਬੇ ਇਨ ਕਾਲਾ ਪਾਣੀ ਦਾ ਪਾਠ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ । ਇੱਕ ਵਾਰੀ ਕਿਸੇ ਟੀਮ ਨਾਲ ਜਾਣ ਦਾ ਮੌਕਾ ਬਣਦਾ-ਬਣਦਾ ਰਹਿ ਗਿਆ। ਮੇਰੇ ਮਨ ਵਿੱਚ ਵਿਦੇਸ਼ ਨਾਲੋਂ ਜ਼ਿਆਦਾ ਇਸ ਧਰਤੀ 'ਤੇ ਜਾਣ ਦੀ ਇੱਛਾ ਸੀ। ਅਸਲ ਵਿੱਚ ਮੈਂ ਆਪਣੇ ਦੇਸ਼ ਦੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਨਾ ਚਾਹੁੰਦਾ ਸੀ। ਇਸ ਜੇਲ੍ਹ ਦੀਆਂ ਗੱਲਾਂ ਸੁਣ ਕੇ, ਮੇਰੀ ਧਰਮ ਪਤਨੀ ਵੀ ਚਾਹੁਣ ਲੱਗੀ ਕਿ ਕਾਲੇ ਪਾਣੀ ਜ਼ਰੂਰ ਜਾਈਏ। ਅਸੀਂ ਇਤਿਹਾਸਕ ਨਜ਼ਰੀਏ ਤੋਂ ਵੇਖੀਏ ਤਾਂ 'ਕਾਲਾ ਪਾਣੀ', ਜਿਸ ਦਾ ਅਰਥ ਹੈ 'ਕਾਲ ਭਾਵ ਮੌਤ ਦੇਣ ਵਾਲਾ ਪਾਣੀ', ਪੋਰਟ ਬਲੇਅਰ ਵਿੱਚ ਸੈਲੂਲਰ ਜੇਲ੍ਹ ਨੂੰ ਦਰਸਾਉਂਦਾ ਹੈ। ਮੇਰੇ ਲਈ ਇਹ ਜੇਲ੍ਹ ਬੰਗਾਲ ਦੀ ਖਾੜੀ ਦੇ ਹਨੇਰੇ, ਧੋਖੇਬਾਜ਼ ਪਾਣੀਆਂ ਵਿੱਚ ਜਲਾਵਤਨ ਹੋਣ ਨਾਲ ਜੁੜੇ ਡਰ ਅਤੇ ਇਕੱਲਤਾ ਦਾ ਪ੍ਰਤੀਕ ਹੈ। ਬ੍ਰਿਟਿਸ਼ ਸ਼ਾਸਨ ਦੌਰਾਨ ਭਾਰਤੀ ਆਜ਼ਾਦੀ ਘੁਲਾਟੀਆਂ ਲਈ ਇਹ ਜੇਲ੍ਹ ਤੋਂ ਵੱਧ ਮੌਤ ਦੀ ਨਿਸ਼ਾਨੀ ਸੀ। ਇਹ ਸਥਾਨ ਮਨੋਵਿਗਿਆਨਕ ਅਤੇ ਸਰੀਰਕ ਦੁੱਖਾਂ ਦੀ ਅਥਾਹ ਖੱਡ ਸੀ, ਜਿਸ ਵਿੱਚ ਡਿੱਗਣ ਵਾਲੇ ਲਈ ਵਾਪਸ ਜਾਣ ਦੀ ਕੋਈ ਜਗ੍ਹਾ ਬਾਕੀ ਨਹੀਂ ਰਹਿੰਦੀ। ਇੱਥੇ ਪਹੁੰਚਿਆ ਕੈਦੀ ਮੁੱਖ ਭੂਮੀ, ਪਰਵਾਰ ਅਤੇ ਉਮੀਦ ਤੋਂ ਵੱਖ ਹੋ ਜਾਂਦਾ ਸੀ। ਇੱਥੇ ਪਹੁੰਚਣ ਦਾ ਮਤਲਬ ਸੀ ਆਪਣੀ ਜ਼ਿੰਦਗੀ ਦੇ ਪਹਿਲਾਂ ਵਾਲੇ ਸਾਲਾਂ ਨੂੰ ਮਨਫੀ ਕਰਕੇ ਦੁੱਖਾਂ ਭਰੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨੀ। ਥੋੜ੍ਹੇ ਸ਼ਬਦਾਂ ਵਿੱਚ ਆਖੀਏ ਤਾਂ ਕਾਲਾ ਪਾਣੀ ਸ਼ਬਦ ਦੂਰ-ਦੁਰਾਡੇ, ਮਾਫ ਨਾ ਕਰਨ ਵਾਲੀ ਧਰਤੀ ਤੇ ਦੇਸ਼ ਨਿਕਾਲੇ ਦੀ ਦਹਿਸ਼ਤ ਨੂੰ ਉਜਾਗਰ ਕਰਦਾ ਹੈ। ਇਸ ਦੀ ਭੂਗੋਲਿਕ ਸਥਿਤੀ ਇਸ ਨੂੰ ਅਜਿਹਾ ਕਰਨ ਲਈ ਯੋਗ ਬਣਾਉਂਦੀ ਹੈ। ਇਸ ਦੇ ਚਾਰੇ ਪਾਸੇ ਫੈਲਿਆ ਅਨੰਤ ਸਮੁੰਦਰ ਇੱਕ ਕੁਦਰਤੀ ਰੁਕਾਵਟ ਵਜੋਂ ਕੰਮ ਕਰਦਾ ਸੀ।ਇੱਥੋਂ ਦਾ ਹੁੰਮਸ ਭਰਿਆ ਮੌਸਮ ਨਿਰਾਸ਼ਾ ਦੀ ਭਾਵਨਾ ਨੂੰ ਵਧਾਉਂਦਾ ਸੀ।

ਸਾਡੀ ਇੱਥੇ ਸਿਜਦਾ ਕਰਨ ਦੀ ਇੱਛਾ ਬੇਟੀ ਦੇ ਕੈਨੇਡਾ ਤੋਂ ਆਉਣ ਤੋਂ ਬਾਅਦ ਪੂਰੀ ਹੋਈ, ਜਦੋਂ ਅਸੀਂ ਸਾਰਿਆਂ ਨੇ ਇੱਥੇ ਘੁੰਮਣ ਦਾ ਪ੍ਰੋਗਰਾਮ ਬਣਾਇਆ। ਧੀ ਰਾਣੀ ਨੇ ਜਲਦੀ ਹੀ ਆਪਣੀ ਕਰਮ ਭੂਮੀ ਕੈਨੇਡਾ ਵਾਪਸ ਮੁੜ ਜਾਣਾ ਸੀ। ਇਸ ਤੋਂ ਪਹਿਲਾਂ ਅਸੀਂ ਪੂਰੇ ਰਾਜਸਥਾਨ ਦਾ ਚੱਕਰ ਲਾ ਆਏ ਸੀ। ਸਾਡੇ ਲਈ ਉਸ ਨਾਲ ਸਮਾਂ ਬਿਤਾਉਣਾ ਬਹੁਤ ਮੁੱਲਵਾਨ ਸੀ। ਉਸ ਦੀਆਂ ਦੋ ਮਹੀਨੇ ਦੀਆਂ ਛੁੱਟੀਆਂ ਹੱਥ ਵਿੱਚ ਫੜੀ ਰੇਤ ਵਾਂਗ ਪਤਾ ਨਹੀਂ ਕਦੋਂ ਖਤਮ ਹੋਣ ਦੇ ਕੰਢੇ ਪਹੁੰਚ ਚੁੱਕੀਆਂ ਸਨ। ਅਸੀਂ ਇਕੱਠੇ ਸਮਾਂ ਬਿਤਾਉਣ ਲਈ ਅੰਡੇਮਾਨ ਨਿਕੋਬਾਰ ਜਾਣ ਦਾ ਫੈਸਲਾ ਕੀਤਾ, ਇਹ ਪੁੰਨ ਨਾਲ ਫਲੀਆਂ ਵਾਲੀ ਗੱਲ ਸੀ।ਗਦਰੀ ਬਾਬਿਆਂ ਨੂੰ ਨਤਮਸਤਕ ਹੋਣਾ ਤੇ ਨਾਲ ਹੀ ਧੀ ਰਾਣੀ ਨਾਲ ਸਮਾਂ ਬਿਤਾਉਣਾ। ਮੈਂ ਅੰਡੇਮਾਨ ਜਾਣ ਲਈ ਕਾਫੀ ਖੋਜ ਕੀਤੀ। ਮੇਰੇ ਲਈ ਸਭ ਤੋਂ ਪਹਿਲਾਂ ਪਰਵਾਰ ਦੀ ਸੁਰੱਖਿਆ ਦਾ ਮਸਲਾ ਸੀ। ਜਦੋਂ ਮੈਂ ਇਸ ਸੰਬੰਧ ਵਿੱਚ ਪਹਿਲਾਂ ਜਾ ਚੁੱਕੇ ਦੋਸਤਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਿਆ ਕਿ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਉੱਤੇ ਅਪਰਾਧ ਦਰ ਜ਼ੀਰੋ ਦੇ ਨੇੜੇ ਹੈ। ਉਸ ਤੋਂ ਬਾਅਦ ਟਿਕਟਾਂ ਦੀ ਬੁਕਿੰਗ ਅਤੇ ਅਗਲੀ ਸਾਰੀ ਯੋਜਨਾ 'ਤੇ ਕੰਮ ਕਰਦੇ-ਕਰਦੇ ਜਾਣ ਦੀ ਤਾਰੀਖ ਨੇੜੇ ਆ ਗਈ।


ਅੰਡੇਮਾਨ ਜੇਲ੍ਹ ਦਾ ਬਾਹਰੀ ਦ੍ਰਿਸ਼।

ਅਸੀਂ ਸ਼ਾਮ ਨੂੰ ਘਰੋਂ ਤੁਰੇ। ਸਾਨੂੰ ਮਾਨਸਾ ਤੋਂ ਟਰੇਨ ਤੱਕ ਲੈ ਕੇ ਜਾਣ ਦੀ ਜ਼ਿੰਮੇਵਾਰੀ ਮੇਰੇ ਛੋਟੇ ਭਰਾਵਾਂ ਵਰਗੇ ਦੋਸਤ ਇੰਦਰਜੀਤ ਨੇ ਨਿਭਾਈ। ਚਾਰ ਵਜੇ ਅਸੀਂ ਮਾਨਸਾ ਤੋਂ ਟਰੇਨ ਫੜ ਕੇ ਦਿੱਲੀ ਪਹੁੰਚ ਗਏ। ਟਰੇਨ ਜਦੋਂ ਅੱਠ ਵਜੇ ਦਿੱਲੀ ਕੈਂਟ ਦੇ ਇਲਾਕੇ ਵਿੱਚ ਪਹੁੰਚੀ ਤਾਂ ਦੇਖਿਆ ਕਿ ਮਾਹੌਲ ਥੋੜ੍ਹਾ ਅਢੁੱਕਵਾਂ ਲੱਗ ਰਿਹਾ ਸੀ। ਰੇਲ ਲਾਈਨ ਨਾਲ ਲੱਗਦੀਆਂ ਝੌਂਪੜੀਆਂ ਵਿੱਚ ਵੱਡਾ ਜਮਾਵੜਾ ਸੀ।ਉੱਥੇ ਚੋਰੀ ਅਤੇ ਛੋਟੇ-ਮੋਟੇ ਅਪਰਾਧ ਅਕਸਰ ਹੀ ਹੁੰਦੇ ਹਨ। ਦਿੱਲੀ ਕੈਂਟ ਤੋਂ ਬਾਹਰ ਨਿਕਲ ਕੇ ਅਸੀਂ ਟੈਕਸੀ ਲਈ। ਰਸਤੇ ਵਿੱਚ ਇੱਕ ਚੰਗੇ ਹੋਟਲ ਤੋਂ ਖਾਣਾ ਖਾ ਕੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚ ਗਏ। ਸਾਡੀ ਫਲਾਈਟ ਟਰਮੀਨਲ ਨੰਬਰ ਦੋ ਤੋਂ ਸੀ। ਜਹਾਜ਼ ਨੇ ਸਵੇਰੇ 5 ਵਜੇ ਉਡਾਣ ਭਰਨੀ ਸੀ। ਅਸੀਂ ਹਵਾਈ ਅੱਡੇ 'ਤੇ ਗਿਆਰਾਂ ਵਜੇ ਹੀ ਪਹੁੰਚ ਗਏ ਸੀ। ਅਸੀਂ ਕੁਝ ਸਮਾਂ ਕੁਰਸੀਆਂ 'ਤੇ ਬੈਠੇ ਰਹੇ, ਫਿਰ ਲੌਂਜ ਵਿੱਚ ਜਾਣ ਦਾ ਫੈਸਲਾ ਕੀਤਾ। ਬੈਂਕ ਦੇ ਕ੍ਰੈਡਿਟ ਕਾਰਡ 'ਤੇ ਇਹ ਸਹੂਲਤ ਮੁਫਤ ਮਿਲ ਜਾਂਦੀ ਹੈ। ਜਦੋਂ ਅਸੀਂ ਲੌਂਜ ਵਿੱਚ ਗਏ ਤਾਂ ਹਰ ਚੀਜ਼ ਮੁਫਤ ਦੇਖ ਕੇ ਸਮਝ ਆਈ ਕਿ ਅਸੀਂ ਬਾਹਰ ਖਾਣੇ 'ਤੇ ਵਾਧੂ ਖਰਚਾ ਹੀ ਕਰ ਆਏ ਹਾਂ। ਸਵੇਰੇ ਚਾਰ ਵਜੇ ਤਾਕਤ ਦਾ ਸਮਾਂ ਬਹੁਤ ਮੁਸ਼ਕਿਲ ਨਾਲ ਬਿਤਾਇਆ ਤੇ ਕੁਰਸੀਆਂ 'ਤੇ ਬੈਠੇ ਹੀ ਥੋੜ੍ਹੀ-ਥੋੜ੍ਹੀ ਨੀਂਦ ਲੈ ਲਈ। ਸਵੇਰੇ ਪੰਜ ਵਜੇ ਜਹਾਜ਼ ਉੱਡਿਆ ਅਤੇ ਅਸੀਂ ਲੱਗਭੱਗ ਸਾਢੇ ਸੱਤ ਵਜੇ ਕਲਕੱਤਾ ਉੱਤਰ ਗਏ। ਉੱਥੇ ਕਿਣਮਿਣ ਹੋ ਰਹੀ ਸੀ। ਕਲਕੱਤੇ ਦਾ ਹਵਾਈ ਅੱਡਾ ਕਾਫੀ ਸੋਹਣਾ ਹੈ। ਉੱਥੇ ਸਾਡੇ ਕੋਲ ਇੰਤਜ਼ਾਰ ਕਰਨ ਦਾ ਸਮਾਂ ਥੋੜ੍ਹਾ ਹੀ ਸੀ। ਅਸੀਂ ਉੱਥੋਂ ਅਗਲੇ ਜਹਾਜ਼ ਵਿੱਚ ਸਵਾਰ ਹੋ ਗਏ। ਇੱਥੋਂ ਸਫਰ ਬਹੁਤ ਲੰਬਾ ਨਹੀਂ ਸੀ। ਦੋਵੇਂ ਬੱਚੇ ਤਾਂ ਸੌਂ ਗਏ, ਪਰ ਅਸੀਂ ਜਾਗਦੇ ਰਹੇ। ਲੱਗਭੱਗ ਗਿਆਰਾਂ ਵਜੇ ਪੋਰਟ ਬਲੇਅਰ ਦੇ ਅਸਮਾਨ ਵਿੱਚ ਜਹਾਜ਼ ਨੇ ਚੱਕਰ ਲਾਇਆ ਤਾਂ ਹੇਠਾਂ ਦੂਰ ਤੱਕ ਛੋਟੇ-ਛੋਟੇ ਹਰਿਆਲੀ ਦੇ ਟੋਟੇ ਦਿਖਾਈ ਦੇਣ ਲੱਗੇ। ਦੋਵੇਂ ਬੱਚੇ ਵੀ ਜਾਗ ਪਏ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅੰਡੇਮਾਨ ਦੇ 572 ਟਾਪੂਆਂ ਵਿੱਚੋਂ ਕੁਝ ਸਾਨੂੰ ਅਸਮਾਨ ਵਿੱਚੋਂ ਦਿਖਾਈ ਦੇ ਰਹੇ ਹਨ। ਮੈਂ ਕਿਤੇ ਪੜ੍ਹਿਆ ਸੀ ਕਿ ਉਨ੍ਹਾਂ ਵਿੱਚੋਂ ਸਿਰਫ਼ ਸੈਂਤੀ ਟਾਪੂਆਂ ਉੱਤੇ ਹੀ ਮਨੁੱਖ ਵੱਸਦਾ ਹੈ। ਥੋੜ੍ਹੇ ਸਮੇਂ ਬਾਅਦ ਜਦੋਂ ਜਹਾਜ਼ ਹਵਾਈ ਅੱਡੇ 'ਤੇ ਉੱਤਰਿਆ ਤਾਂ ਬਾਹਰ ਤੇਜ਼ ਮੀਂਹ ਪੈ ਰਿਹਾ ਸੀ। ਮੇਰੇ ਮਨ ਵਿੱਚ ਬਾਰਿਸ਼ ਦੇ ਕਈ ਰੰਗ ਹਨ। ਸਾਡੇ ਪੰਜਾਬ ਵਿੱਚ ਤਾਂ ਮੀਂਹ ਦੀ ਬੜੀ ਉਪਮਾ ਹੈ। ਸੈਂਕੜੇ ਗੀਤ ਮੀਂਹ ਉੱਤੇ ਲਿਖੇ ਗਏ ਹਨ। ਜਦੋਂ ਪੋਰਟ ਬਲੇਅਰ ਦੇ ਵੀਰ ਸਾਵਰਕਰ ਹਵਾਈ ਅੱਡੇ 'ਤੇ ਇੰਡੀਗੋ ਏਅਰਲਾਈਨ ਦਾ ਜਹਾਜ਼ ਉੱਤਰਿਆ ਤਾਂ ਮੈਂ ਦੇਖਿਆ ਕਿ ਰਨਵੇ ਤਲਾਬ ਬਣਿਆ ਪਿਆ ਹੈ।ਅਸੀਂ ਜਹਾਜ਼ ਵਿੱਚੋਂ ਬਾਹਰ ਆਏ ਤਾਂ ਹਲਕੀ ਕਿਣਮਿਣ ਨਾਲ ਇਉਂ ਲੱਗਿਆ ਜਿਵੇਂ ਬੱਦਲ ਹੱਥਾਂ ਵਿੱਚ ਫੁੱਲਾਂ ਦੇ ਹਾਰ ਲੈ ਕੇ ਸਵਾਗਤ ਲਈ ਖੜ੍ਹੇ ਹੋਣ। ਕਾਲੀਆਂ-ਕਾਲੀਆਂ ਘਟਾਵਾਂ ਚੜ੍ਹੀਆਂ ਹੋਈਆਂ ਸਨ। ਇਹਨਾਂ ਨੇ ਬਚਪਨ ਦੀ ਯਾਦ ਤਾਜ਼ਾ ਕਰ ਦਿੱਤੀ। ਹੁਣ ਤਾਂ ਪੰਜਾਬ ਵਿੱਚ ਕਾਲੀਆਂ ਘਟਾਵਾਂ ਵੇਖੇ ਨੂੰ ਵੀ ਜੁਗ ਬੀਤ ਗਏ ਹਨ। ਇਹ ਹਨੇਰਾ ਵਾਤਾਵਰਨ ਨੂੰ ਥੋੜ੍ਹਾ ਉਦਾਸ ਤਾਂ ਕਰ ਰਿਹਾ ਸੀ, ਪਰ ਇਸ ਵਿੱਚ ਵੀ ਆਪਣਾ ਹੀ ਮਜ਼ਾ ਸੀ।

ਜਦੋਂ ਅਸੀਂ ਆਪਣਾ ਸਾਮਾਨ ਪ੍ਰਾਪਤ ਕਰਕੇ ਤੁਰਨ ਲੱਗੇ ਤਾਂ ਉੱਥੇ ਤੈਨਾਤ ਦੋ ਔਰਤ ਕਾਂਸਟੇਬਲਾਂ ਤੋਂ ਪਤਾ ਲੱਗਿਆ ਕਿ ਕਈ ਦੇਸ਼ਾਂ ਦੇ ਨਾਗਰਿਕਾਂ ਨੂੰ ਇੱਥੇ ਆਉਣ ਦੀ ਮਨਾਹੀ ਹੈ। ਉਹ ਯਕੀਨੀ ਬਣਾ ਰਹੀਆਂ ਸਨ ਕਿ ਪਾਸਪੋਰਟ ਅਨੁਸਾਰ ਪਾਕਿਸਤਾਨ, ਜਪਾਨ, ਇੰਡੋਨੇਸ਼ੀਆ, ਬਰਮਾ ਅਤੇ ਮਲੇਸ਼ੀਆ ਵਰਗੇ ਦੇਸ਼ਾਂ ਦੇ ਨਾਗਰਿਕ ਅੱਗੇ ਨਾ ਜਾ ਸਕਣ। ਇਹਨਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਖਾਸ ਕਿਸਮ ਦੀ ਮਨਜ਼ੂਰੀ ਦੀ ਲੋੜ ਪੈਂਦੀ ਹੈ। ਇੱਕ ਸਿਪਾਹੀ ਔਰਤ ਨੇ ਦੱਸਿਆ ਕਿ ਕੱਲ੍ਹ ਦੀ ਹੀ ਬਾਰਿਸ਼ ਸ਼ੁਰੂ ਹੋਈ ਹੈ। ਇਹ ਮੌਸਮ ਦਾ ਪਹਿਲਾ ਮੀਂਹ ਸੀ। ਅੰਡੇਮਾਨ ਵਿੱਚ ਘੁੰਮਣ ਲਈ ਧੁੱਪ ਵਾਲੇ ਦਿਨ ਚੰਗੇ ਮੰਨੇ ਜਾਂਦੇ ਹਨ। ਉੱਥੋਂ ਮੈਂ ਟੈਕਸੀ ਵਾਲੇ ਨੂੰ ਫੋਨ ਕੀਤਾ। ਇੰਨੇ ਸਮੇਂ ਵਿੱਚ ਵੀ ਅਸਮਾਨ ਵਾਰੀ-ਵਾਰੀ ਬਰਸ ਰਿਹਾ ਸੀ, ਜਿਵੇਂ ਕੁਝ ਕਹਿ ਰਿਹਾ ਹੋਵੇ। ਹਲਕੀਆਂ-ਹਲਕੀਆਂ ਫੁਹਾਰਾਂ ਸਾਨੂੰ ਆਨੰਦਿਤ ਕਰ ਰਹੀਆਂ ਸਨ। ਮੇਰਾ ਤਾਂ ਨਹਾਉਣ ਨੂੰ ਦਿਲ ਕਰ ਆਇਆ ਸੀ। ਪਿੰਡ ਤੋਂ ਜਦੋਂ ਤੁਰੇ ਸੀ ਤਾਂ ਬਹੁਤ ਗਰਮੀ ਸੀ, ਪਰ ਇੱਥੇ ਕਾਫੀ ਸ਼ਾਨਦਾਰ ਮੌਸਮ ਸੀ। ਇੰਨੇ ਵਿੱਚ ਸਾਡਾ ਟੈਕਸੀ ਵਾਲਾ ਪਹੁੰਚ ਗਿਆ। ਅਸੀਂ ਟੈਕਸੀ ਵਿੱਚ ਬੈਠ ਕੇ ਪਹਿਲਾਂ ਹੀ ਬੁੱਕ ਕਰਵਾਏ ਹੋਟਲ ਵੱਲ ਚੱਲ ਪਏ। ਨਵੇਂ ਸ਼ਹਿਰ ਤੇ ਨਵੀਂ ਜਗ੍ਹਾ ਨੂੰ ਦੇਖਦੇ ਹੋਏ ਅਸੀਂ ਆਨੰਦਿਤ ਹੋ ਰਹੇ ਸੀ। ਤੇਜ਼ ਮੀਂਹ ਇਉਂ ਲੱਗਦਾ ਸੀ ਜਿਵੇਂ ਕੋਈ ਬੱਦਲੀ ਝੂਮਦੀ ਗਾਉਂਦੀ ਨਾਚ ਦਿਖਾ ਰਹੀ ਹੋਵੇ। ਸੜਕ ਦੇ ਕਿਨਾਰੇ ਦਰੱਖਤਾਂ ਦੇ ਪੱਤੇ ਧੋ ਕੇ ਹਰੇ ਕਚੂਰ ਕੱਢ ਦਿੱਤੇ ਸਨ। ਸਭ ਕੁਝ ਧੋਤਾ ਹੋਇਆ ਦਿਖਾਈ ਦੇ ਰਿਹਾ ਸੀ। ਇੱਥੇ ਇੱਕ ਗੱਲ ਬਹੁਤ ਸ਼ਾਨਦਾਰ ਸੀ ਕਿ ਕਿਤੇ ਵੀ ਪਾਣੀ ਖੜ੍ਹਾ ਨਹੀਂ ਸੀ। ਜਦੋਂ ਅਸੀਂ ਹੋਟਲ ਵਿੱਚ ਆਏ ਤਾਂ ਦੂਰ ਦਿਖਦੇ ਸਮੁੰਦਰ ਵਿੱਚ ਖੜ੍ਹੀਆਂ ਪਾਲ ਵਾਲੀਆਂ ਕਿਸ਼ਤੀਆਂ ਅਤੇ ਡੋਂਗੀਆਂ ਉੱਤੇ ਵੀ ਮੀਂਹ ਪੈਂਦਾ ਦਿਖਾਈ ਦੇ ਰਿਹਾ ਸੀ। ਮੈਂ ਆਪਣੇ ਖਿਆਲਾਂ ਵਿੱਚ ਸੋਚਿਆ ਕਿ ਇੱਥੋਂ ਦਾ ਜਵਾਲਾਮੁਖੀ ਵੀ ਥੋੜ੍ਹਾ-ਥੋੜ੍ਹਾ ਸੁਲਗ ਰਿਹਾ ਹੋਵੇਗਾ। ਉਸ ਉੱਤੇ ਬਾਰਿਸ਼ ਡਿੱਗ ਰਹੀ ਹੋਵੇਗੀ, ਪਰ ਉਹ ਕਿਉਂ ਸ਼ਾਂਤ ਨਹੀਂ ਹੁੰਦਾ। ਸ਼ਾਇਦ ਅੱਗ ਕਦੇ ਖਾਮੋਸ਼ ਨਹੀਂ ਹੁੰਦੀ। ਇਸੇ ਲਈ ਜਿਸ ਬੰਦੇ ਵਿੱਚ ਅੱਗ ਹੁੰਦੀ ਹੈ, ਉਹ ਵੀ ਖਾਮੋਸ਼ ਨਹੀਂ ਬੈਠਦਾ। ਉਹ ਕੁਝ ਨਾ ਕੁਝ ਕਰਨ ਦੀ ਤਾਂਘ ਵਿੱਚ ਲੱਗਿਆ ਰਹਿੰਦਾ ਹੈ। ਮੈਨੂੰ ਵੀ ਲੱਗਦਾ ਹੈ ਕਿ ਮੇਰੇ ਅੰਦਰ ਘੁੰਮਣ-ਫਿਰਨ ਦੀ ਅੱਗ ਸਮੇਂ-ਸਮੇਂ 'ਤੇ ਭਬੂਕੇ ਵਾਂਗ ਮਚ ਉੱਠਦੀ ਹੈ। ਮੈਂ ਧਿਆਨ ਮਾਰਿਆ ਤਾਂ ਇਸ ਸਾਲ ਵਿੱਚ ਇਹ ਮੇਰੀ ਤੀਜੀ ਯਾਤਰਾ ਸੀ। ਜਨਵਰੀ ਵਿੱਚ ਮੈਂ ਉੜੀਸਾ ਘੁੰਮਿਆ, ਮਾਰਚ ਵਿੱਚ ਰਾਜਸਥਾਨ ਅਤੇ ਹੁਣ ਅਪ੍ਰੈਲ ਵਿੱਚ ਅੰਡੇਮਾਨ ਦੀ ਖ਼ੂਬਸੂਰਤ ਧਰਤੀ 'ਤੇ ਦ੍ਰਿਸ਼ਾਂ ਦਾ ਆਨੰਦ ਮਾਣ ਰਿਹਾ ਸੀ। ਮੈਂ ਸੋਚਿਆ ਕਿ ਮੇਰੇ ਨਾਲੋਂ ਭਾਗਾਂ ਵਾਲਾ ਬੰਦਾ ਕੌਣ ਹੋ ਸਕਦਾ ਹੈ? ਸਾਡੇ ਰਹਿਬਰ ਗੁਰੂ ਨਾਨਕ ਦੇਵ ਜੀ ਵੱਡੇ ਯਾਤਰੂ ਸਨ। ਉਹਨਾਂ ਨੇ ਪੈਦਲ ਹੀ ਹਜ਼ਾਰਾਂ ਕਿਲੋਮੀਟਰ ਯਾਤਰਾ ਕੀਤੀ ਸੀ। ਉਹਨਾਂ ਨੇ ਬਾਣੀ ਦੀ ਰਚਨਾ ਵੀ ਇਹਨਾ ਉਦਾਸੀਆਂ ਸਮੇਂ ਹੀ ਕੀਤੀ ਸੀ।

ਅਸੀਂ ਹੋਟਲ ਵਿੱਚ ਥੋੜ੍ਹਾ ਸਮਾਂ ਆਰਾਮ ਕਰਨ ਤੋਂ ਬਾਅਦ ਅੰਡੇਮਾਨ ਦੀ ਮਸ਼ਹੂਰ ਸੈਲੂਲਰ ਜੇਲ੍ਹ ਦੇਖਣ ਲਈ ਚੱਲ ਪਏ। ਸਭ ਤੋਂ ਪਹਿਲਾਂ ਮੌਸਮ ਦੇਖਦੇ ਹੋਏ ਅਸੀਂ ਦੋ ਛਤਰੀਆਂ ਖਰੀਦੀਆਂ। ਜੇਲ੍ਹ ਦੀਆਂ ਟਿਕਟਾਂ ਮੈਂ ਪਹਿਲਾਂ ਹੀ ਬੁੱਕ ਕਰਵਾ ਲਈਆਂ ਸਨ। ਇੱਥੇ ਲਾਈਟ ਐਂਡ ਸਾਊਂਡ ਸ਼ੋਅ ਦੇਖਣ ਲਈ ਵੀ 300 ਰੁਪਏ ਦੀ ਵੱਖਰੀ ਟਿਕਟ ਲੱਗਦੀ ਹੈ। ਅਸੀਂ ਸ਼ਰਧਾ ਨਾਲ ਭਰੇ ਮਨ ਲੈ ਕੇ ਸਾਡੇ ਗਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਪੋਰਟ ਬਲੇਅਰ ਸੈਲੂਲਰ ਜੇਲ੍ਹ ਦੀ ਫੇਰੀ ਸ਼ੁਰੂ ਕੀਤੀ। ਇਸ ਜੇਲ੍ਹ ਦੇ ਵਿਸ਼ਾਲ ਦਰਵਾਜ਼ੇ ਨੂੰ ਲੰਘਦੇ ਹੀ ਦੋਵੇਂ ਪਾਸੇ ਮਿਊਜ਼ੀਅਮ ਆ ਜਾਂਦੇ ਹਨ, ਜਿਨ੍ਹਾਂ ਨੂੰ ਦੇਖਦੇ ਹੋਏ ਭਾਵਨਾ ਭਰ ਜਾਂਦੀ ਹੈ ਕਿ ਇਹ ਜਗ੍ਹਾ ਭਾਰਤ ਦੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨਾਲ ਭਰੀ ਹੋਈ ਹੈ। ਮਿਊਜ਼ੀਅਮ ਵਿੱਚ ਘੁੰਮਦੇ ਹੋਏ ਤਸਵੀਰਾਂ ਦੇਖਦੇ ਜਿੱਥੇ ਅਸੀਂ ਉਨ੍ਹਾਂ ਦੀ ਅਜਿੱਤ ਭਾਵਨਾ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ, ਉੱਥੇ ਅਸੀਂ ਮਿਊਜ਼ੀਅਮ ਵਿੱਚੋਂ ਲੰਘਦੇ ਹੋਏ ਇਨ੍ਹਾਂ ਨਾਇਕਾਂ ਦੁਆਰਾ ਸਹਿਣ ਕੀਤੀਆਂ ਗਈਆਂ ਨਾ ਕਲਪਨਾਯੋਗ ਮੁਸ਼ਕਲਾਂ 'ਤੇ ਵਿਚਾਰ ਕਰਨ ਵਿੱਚ ਸਮਾਂ ਬਿਤਾਇਆ।

ਮਿਊਜ਼ੀਅਮ ਵਿੱਚੋਂ ਬਾਹਰ ਆ ਕੇ ਅਸੀਂ ਸਾਹਮਣੇ ਦਿਖਾਈ ਦੇ ਰਹੀ ਸੈਲੂਲਰ ਜੇਲ੍ਹ ਵੱਲ ਨੂੰ ਤੁਰ ਪਏ। ਬੱਦਲਾਂ ਨਾਲ ਢਕਿਆ ਆਕਾਸ਼ ਵਿਸ਼ਾਲ ਇਮਾਰਤ ਉੱਤੇ ਇੱਕ ਹਨੇਰੇ ਦਾ ਪਰਛਾਵਾਂ ਪਾ ਰਿਹਾ ਸੀ। ਸਾਡੇ ਸਾਹਮਣੇ ਫੈਲੀ ਤਿੰਨ ਮੰਜ਼ਲਾ ਜੇਲ ਦੂਰ ਤੱਕ ਆਪਣੀਆਂ ਲੰਬੀਆਂ ਬਾਹਾਂ ਫੈਲਾਈ ਖੜ੍ਹੀ ਸੀ। ਲਾਲ-ਭੂਰੀਆਂ ਇੱਟਾਂ ਨਾਲ ਬਣਿਆ ਢਾਂਚਾ ਸਮੇਂ ਦੀਆਂ ਮਾਰਾਂ ਸਹਾਰ ਕੇ ਵੀ ਅਜੇ ਤੱਕ ਅਡੋਲ ਖੜ੍ਹਾ ਸੀ।ਜੇਲ੍ਹ ਦੇ ਵਿਚਕਾਰ ਇੱਕ ਉੱਚਾ ਕੇਂਦਰੀ ਟਾਵਰ ਬਣਿਆ ਹੋਇਆ ਸੀ। ਟਾਵਰ ਦੇ ਉੱਪਰਲੇ ਹਿੱਸੇ ਵੱਲ ਵੇਖਣ 'ਤੇ ਪਤਾ ਲੱਗਦਾ ਸੀ ਕਿ ਉਸ ਨੂੰ ਇਸ ਤਰ੍ਹਾਂ ਬਣਾਇਆ ਗਿਆ ਸੀ ਕਿ ਇੱਕ ਪਹਿਰੇਦਾਰ ਖੜ੍ਹ ਕੇ ਸਾਰੀ ਜੇਲ੍ਹ ਦੀ ਹਰ ਹਰਕਤ ਉੱਤੇ ਨਜ਼ਰ ਰੱਖ ਸਕੇ। ਉੱਥੋਂ ਨਿਕਲਦੀਆਂ ਲੰਬੀਆਂ ਇਮਾਰਤਾਂ ਕਿਸੇ ਚੱਕਰ ਦੀਆਂ ਤੀਲ੍ਹੀਆਂ ਵਾਂਗ ਲੱਗਦੀਆਂ ਤੇ ਵੱਖ-ਵੱਖ ਦਿਸ਼ਾਵਾਂ ਵਿੱਚ ਨਿਕਲਦੀਆਂ ਸਨ। ਇਹ ਟਾਵਰ ਪਹਿਰੇਦਾਰਾਂ ਲਈ ਸਭ ਤੋਂ ਮਹੱਤਵਪੂਰਨ ਸਥਾਨ ਸੀ। ਇੱਥੋਂ ਉਹ ਹਰ ਪਾਸੇ ਦੀ ਨਿਗਰਾਨੀ ਕਰ ਸਕਦੇ ਸਨ। ਜੇਲ੍ਹ ਦੇ ਅੰਦਰ ਪ੍ਰਵੇਸ਼ ਕਰਨ ਲਈ ਵੀ ਇਸ ਕੇਂਦਰੀ ਟਾਵਰ ਵਾਲੇ ਰਸਤੇ ਤੋਂ ਹੀ ਲੰਘਣਾ ਪੈਂਦਾ ਸੀ। ਉਸ ਵੱਲ ਜਾਂਦੀਆਂ ਲੋਹੇ ਦੀਆਂ ਪੌੜੀਆਂ ਅਤੇ ਤੰਗ ਗਲਿਆਰੇ ਜੇਲ੍ਹ ਦੀ ਸਖ਼ਤੀ ਨੂੰ ਸਾਫ਼ ਦਰਸਾਉਂਦੇ ਸਨ।

ਥੋੜ੍ਹਾ ਅੱਗੇ ਆਏ ਤਾਂ ਫਾਂਸੀ ਦੇਣ ਵਾਲਾ ਸਥਾਨ ਦਿਖਾਈ ਦਿੱਤਾ। ਲੱਕੜ ਦਾ ਕਾਲਾ ਢਾਂਚਾ ਅਤੇ ਉਸ ਦੇ ਹੇਠਾਂ ਬਣਿਆ ਖਾਲੀ ਹਿੱਸਾ ਇੱਕ ਅਜੀਬ ਡਰ ਪੈਦਾ ਕਰ ਰਿਹਾ ਸੀ। ਉੱਥੇ ਖੜ੍ਹ ਕੇ ਲੱਗਦਾ ਸੀ, ਜਿਵੇਂ ਇਤਿਹਾਸ ਦੀ ਕੋਈ ਦਰਦ ਭਰੀ ਘੜੀ ਅਜੇ ਵੀ ਹਵਾ ਵਿੱਚ ਟੰਗੀ ਹੋਵੇ।ਉਸ ਦੇ ਨੇੜੇ ਹੀ ਸਜ਼ਾ ਦੇਣ ਵਾਲਾ ਸਥਾਨ ਸੀ। ਲੋਹੇ ਦੀਆਂ ਜ਼ੰਜੀਰਾਂ, ਕੈਦੀਆਂ ਨੂੰ ਬੰਨ੍ਹਣ ਵਾਲੇ ਚੱਕਰ ਅਤੇ ਕੰਧਾਂ ਨਾਲ ਜੁੜੇ ਸਖ਼ਤ ਸੰਦ ਅੰਗਰੇਜ਼ ਹਕੂਮਤ ਦੀ ਨਿਰਦਯਤਾ ਦੀ ਗਵਾਹੀ ਦੇ ਰਹੇ ਸਨ। ਉਹਨਾਂ ਨੂੰ ਵੇਖ ਕੇ ਮੇਰੀ ਪਤਨੀ ਨੇ ਡੂੰਘਾ ਸਾਹ ਲੈਂਦੇ ਕਿਹਾ, ਇਹ ਸਿਰਫ਼ ਜੇਲ੍ਹ ਨਹੀਂ, ਕੁਰਬਾਨੀਆਂ ਦਾ ਇਤਿਹਾਸ ਹੈ।

ਅਸੀਂ ਚੁੱਪਚਾਪ ਅੱਗੇ ਵਧਦੇ ਰਹੇ। ਲੰਬੇ ਗਲਿਆਰੇ, ਲੋਹੇ ਦੇ ਦਰਵਾਜ਼ੇ, ਸੁੰਨੇ ਸੈੱਲ ਅਤੇ ਵਿਚਕਾਰ ਖੜ੍ਹਾ ਉਹ ਕੇਂਦਰੀ ਟਾਵਰ ਸਭ ਕੁਝ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਸਮੇਂ ਨੇ ਆਪਣੇ ਅੰਦਰ ਆਜ਼ਾਦੀ ਦੀ ਲੜਾਈ ਦੀਆਂ ਯਾਦਾਂ ਅਜੇ ਵੀ ਸੰਭਾਲ ਕੇ ਰੱਖੀਆਂ ਹੋਣ।ਟਾਵਰ ਦੇ ਹੇਠਲੇ ਗਲਿਆਰੇ ਵਿੱਚ ਦਾਖਲ ਹੋਏ, ਦੋਨੋਂ ਪਾਸਿਆਂ ਸੈੱਲਾਂ ਦੀਆਂ ਲੰਬੀਆਂ ਕਤਾਰਾਂ ਦਿਖਾਈ ਦੇਣ ਲੱਗੀਆਂ। ਹਰ ਸੈੱਲ ਦਾ ਦਰਵਾਜ਼ਾ ਮੋਟੇ ਲੋਹੇ ਦਾ ਬਣਿਆ ਹੋਇਆ ਸੀ। ਉੱਪਰ ਛੋਟੀ ਜਿਹੀ ਜਾਲੀਦਾਰ ਖਿੜਕੀ ਸੀ, ਜਿੱਥੋਂ ਸਿਰਫ਼ ਥੋੜ੍ਹੀ ਜਿਹੀ ਰੌਸ਼ਨੀ ਅੰਦਰ ਪਹੁੰਚਦੀ ਸੀ।

ਮੈਂ ਇੱਕ ਸੈੱਲ ਦੇ ਅੰਦਰ ਜਾ ਕੇ ਨਤਮਸਤਕ ਹੋ ਗਿਆ। ਪਹਿਲਾਂ ਦੱਸੇ ਅਨੁਸਾਰ ਬੱਚਿਆਂ ਨੇ ਗਦਰੀ ਬਾਬਿਆਂ ਬਾਰੇ ਸੁਣ ਕੇ ਇਸ 'ਤੇ ਕਾਫੀ ਗੱਲਬਾਤ ਕੀਤੀ। ਬੇਟੀ ਨੇ ਕਿਹਾ, 'ਇੱਕ ਸੁੰਨਾ ਫਰਸ਼ ਅਤੇ ਉੱਚੀਆਂ ਕੰਧਾਂ, ਇੰਨਾ ਤੰਗ ਸਥਾਨ, ਮੈਨੂੰ ਵੀ ਆਪਣੇ ਸਾਹ ਭਾਰੇ ਲੱਗਣ ਲੱਗ ਪਏ ਹਨ।'

ਉਹਨਾਂ ਦੇ ਹਾਵ-ਭਾਵ ਦੇਖ ਕੇ ਮੈਂ ਮਹਿਸੂਸ ਕੀਤਾ ਕਿ ਸ਼ਾਇਦ ਮੇਰੇ ਬੱਚੇ ਸੋਚ ਰਹੇ ਹੋਣ ਕਿ ਇੱਥੇ ਰਹਿਣ ਵਾਲੇ ਕੈਦੀਆਂ ਨੇ ਕਿੰਨਾ ਇਕੱਲਾਪਨ ਸਹਿਆ ਹੋਵੇਗਾ। ਕਾਲ ਕੋਠੜੀ ਤੋਂ ਹੀ ਛੋਟੇ ਭਰਾ ਗੋਲਡੀ ਨੂੰ ਫੋਨ ਕੀਤਾ ਤੇ ਕਿਹਾ ਕਿ ਬਾਬਾ ਭਾਨ ਸਿੰਘ, ਸੋਹਨ ਸਿੰਘ ਭਕਨਾ, ਵਿਸਾਖਾ ਸਿੰਘ ਤੇ ਕਿਰਪਾਲ ਸਿੰਘ ਕਸੇਲ ਵਰਗੇ ਯੋਧਿਆਂ ਨੂੰ ਯਾਦ ਕਰ ਰਿਹਾ।

ਉਸ ਨੇ ਕਿਹਾ, 'ਬਾਈ ਤੈਨੂੰ ਉਹਨਾਂ ਦੇ ਸੈੱਲ ਦਾ ਕਿਵੇਂ ਪਤਾ ਲੱਗਿਆ?'

ਮੈਂ ਕਿਹਾ, 'ਭਰਾਵਾ ਸੈੱਲ ਦਾ ਤਾਂ ਪਤਾ ਨਹੀਂ, ਪਰ ਮੈਨੂੰ ਲੱਗਦਾ ਕਿ ਹਰ ਸੈੱਲ ਵਿੱਚ ਹੀ ਸਾਡੇ ਗਦਰੀ ਯੋਧਿਆਂ ਵਰਗਾ ਕੋਈ ਯੋਧਾ ਰਿਹਾ ਹੋਊਗਾ।'

ਇੱਕ ਗੱਲ ਨੇ ਮਨ ਨੂੰ ਸੱਟ ਵੀ ਮਾਰੀ ਕਿ ਜੇਲ੍ਹ ਦੇ ਸੱਤ ਭਾਗਾਂ ਵਿੱਚੋਂ ਚਾਰ ਨੂੰ ਸਰਕਾਰ ਤੇ ਲੋਕਾਂ ਨੇ ਢਾਹ ਕੇ ਇੱਟਾਂ ਨੂੰ ਹਸਪਤਾਲ ਤੇ ਆਪਣੇ ਨਿੱਜੀ ਕੰਮਾਂ ਲਈ ਵਰਤ ਲਿਆ ਹੈ। ਹੁਣ ਜੇਲ੍ਹ ਦੇ ਸਿਰਫ ਤਿੰਨ ਹਿੱਸੇ ਹੀ ਬਚੇ ਹਨ। ਸਾਨੂੰ ਆਪਣੀਆਂ ਵਿਰਾਸਤੀ ਇਮਾਰਤਾਂ ਸੰਭਾਲਣ ਦੀ ਜਾਚ ਪਤਾ ਨਹੀਂ ਕਦੋਂ ਆਵੇਗੀ ।ਬਠਿੰਡੇ ਵਾਲਾ ਕਿਲ੍ਹਾ ਭਾਰਤ ਦੇ ਸਭ ਤੋਂ ਪੁਰਾਣੇ ਕਿਲ੍ਹਿਆਂ ਵਿੱਚੋ ਇੱਕ ਹੈ। ਜੇਕਰ ਇਸ ਨੂੰ ਸੈਰ ਸਪਾਟੇ ਲਈ ਵਰਤਿਆ ਜਾਵੇ ਤਾਂ ਇਹ ਇਕੱਲਾ ਹੀ ਬਠਿੰਡੇ ਸ਼ਹਿਰ ਦੀ ਕਿਸਮਤ ਬਦਲ ਸਕਦਾ ਹੈ, ਪਰ ਅਫ਼ਸੋਸ ਸਾਡਾ ਤੇ ਸਰਕਾਰ ਦਾ ਬਿਲਕੁਲ ਧਿਆਨ ਨਹੀਂ ਹੈ।

ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅੰਡੇਮਾਨ ਟਾਪੂ, ਪਹਿਲੀ ਵਾਰ 1789 ਵਿੱਚ ਆਰਚੀਬਾਲਡ ਬਲੇਅਰ ਨੇ ਬਸਤੀਵਾਦੀ ਨੀਤੀ ਅਨੁਸਾਰ ਅੰਗਰੇਜ਼ਾਂ ਅਧੀਨ ਕੀਤਾ ਸੀ ।1857 ਦੇ ਵਿਦਰੋਹ ਤੋਂ ਬਾਅਦ ਇਹ ਇੱਕ ਦੰਡ ਬਸਤੀ ਦੇ ਰੂਪ ਵਿੱਚ ਬਦਲ ਗਿਆ ਸੀ ।ਪੋਰਟ ਬਲੇਅਰ ਵਿਰੋਧੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਇੱਕ ਮੁੱਖ ਸਥਾਨ ਵਜੋਂ ਉੱਭਰਿਆ ਸੀ। ਇਸ ਸੈਲੂਲਰ ਜੇਲ੍ਹ ਨੂੰ ਆਰਕੀਟੈਕਟ ਜੇ.ਪੀ. ਵਾਕਰ ਅਤੇ ਜੇ.ਐੱਫ. ਕਾਲ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ, 1896 ਤੋਂ 1906 ਦੇ ਦਸ ਸਾਲ ਦੇ ਵਕਫੇ ਵਿਚ ਲੱਗਭੱਗ ?5,17,352 ਦੀ ਲਾਗਤ ਨਾਲ ਬਣਾਈ ਗਈ ਸੀ। ਉਸ ਸਮੇਂ ਇਹ ਇੱਕ ਬਹੁਤ ਵੱਡੀ ਰਕਮ ਸੀ।ਬਰਮਾ ਤੋਂ 3 ਕਰੋੜ ਤੋਂ ਵੱਧ ਇੱਟਾਂ ਅਤੇ ਸਥਾਨਕ ਪੱਥਰ ਦੀ ਵਰਤੋਂ ਕਰਕੇ, ਕੁੱਲ 20,000 ਘਣ ਫੁੱਟ ਉਸਾਰੀ ਕੀਤੀ ਗਈ ਸੀ। ਇਸ ਦੇ ਵਿਲੱਖਣ ਪੈਨੋਪਟਿਕਨ ਡਿਜ਼ਾਈਨ ਵਿੱਚ ਇੱਕ ਕੇਂਦਰੀ ਵਾਚ ਟਾਵਰ ਤੋਂ ਨਿਕਲਦੇ ਸੱਤ ਖੰਭ ਸਨ। ਇਨ੍ਹਾ ਸੱਤ ਹਿੱਸਿਆਂ ਵਿੱਚ 696 ਇਕਾਂਤ ਸੈੱਲ ਸਨ, ਜੋ ਪੂਰੀ ਤਰ੍ਹਾਂ ਇਕੱਲਤਾ ਨੂੰ ਯਕੀਨੀ ਬਣਾਉਂਦੇ ਸਨ। ਇਹ ਇਕੱਲਤਾ ਹੀ ਕੈਦੀਆਂ ਲਈ ਇੱਕ ਮਨੋਵਿਗਿਆਨਕ ਤਸੀਹਾ ਸੀ।ਸੈੱਲ ਦੀ ਲੰਬਾਈ ਤੇਰਾਂ ਫੁੱਟ ਅਤੇ ਚੌੜਾਈ ਸੱਤ ਫੁੱਟ ਸੀ। ਕੋਠੜੀ ਵਿੱਚ ਇੱਕ ਛੋਟਾ ਜਿਹਾ ਦਰਵਾਜ਼ਾ ਤੇ ਸਿਰਫ ਉੱਚਾ ਰੋਸ਼ਨਦਾਨ ਸੀ ।ਜਿਸ ਵਿੱਚ ਕੈਦੀਆਂ ਨੂੰ ਰੱਖ ਕੇ ਕਿਸੇ ਨਾਲ ਗੱਲ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ ਸੀ। ਉਸ ਸਮੇਂ ਦਾ ਬਦਨਾਮ ਜੇਲ੍ਹਰ ਡੇਵਿਡ ਬੇਰੀ ਤੇ ਉਸ ਦੇ ਹੇਠਲਾ ਸਟਾਫ ਇਹਨਾਂ 'ਤੇ ਅਣਮਨੁੱਖੀ ਜ਼ੁਲਮ ਕਰਦਾ ਸੀ। ਨਵੇਂ ਆਏ ਕੈਦੀਆਂ ਨੂੰ ਜੇਲ੍ਹਰ ਡੇਵਿਡ ਬੈਰੀ ਆਪਣੇ ਸੰਬੋਧਨ ਵਿੱਚ ਆਖਦਾ ਸੀ, 'ਜੇਕਰ ਤੁਸੀਂ ਮੇਰੇ ਜਾਂ ਇੱਥੋਂ ਦੇ ਦੂਜੇ ਅਫਸਰਾਂ ਦੇ ਹੁਕਮ ਨਹੀਂ ਮੰਨੋਗੇ ਤਾਂ ਤੁਹਾਨੂੰ ਰੱਬ ਹੀ ਬਚਾ ਸਕਦਾ ਹੈ, ਪਰ ਯਾਦ ਰੱਖਿਓ, ਇਸ ਜੇਲ੍ਹ ਦੇ ਨੇੜਲੇ ਤਿੰਨ ਕਿਲੋਮੀਟਰ ਵਿੱਚ ਰੱਬ ਨੂੰ ਵੀ ਆਉਣ ਦੀ ਆਗਿਆ ਨਹੀਂ ਹੈ।'

ਕੈਦੀਆਂ ਉੱਪਰ ਜ਼ੁਲਮ ਦਾ ਤੂਫਾਨ ਹਮੇਸ਼ਾ ਹੀ ਝੁੱਲਦਾ ਰਹਿੰਦਾ ਸੀ। ਇੱਥੇ ਸਜ਼ਾਵਾਂ ਬੇਰਹਿਮ ਸਨ। ਕੈਦੀਆਂ ਨੂੰ ਕੋੜੇ ਮਾਰਨਾ, ਤੇਲ ਲਈ ਨਾਰੀਅਲ ਦੇ ਛਿਲਕਿਆਂ ਨੂੰ ਪੀਸਣ ਵਰਗੀ ਜ਼ਬਰਦਸਤੀ ਮਜ਼ਦੂਰੀ (ਰੋਜ਼ਾਨਾ 30 ਪੌਂਡ ਦੇ ਕੋਟੇ ਦੇ ਨਾਲ), ਭੁੱਖਮਰੀ ਅਤੇ ਕਰਾਸ-ਬਾਰ ਦੀਆਂ ਬੇੜੀਆਂ ਵਿੱਚ ਜਕੜਨ ਦਾ ਸਾਹਮਣਾ ਕਰਨਾ ਪੈਂਦਾ ਸੀ। ਇਹ ਸਭ ਤਸੀਹੇ ਉਨ੍ਹਾਂ ਦੇ ਇਰਾਦੇ ਨੂੰ ਤੋੜਨ ਦੇ ਉਦੇਸ਼ ਨਾਲ ਸਨ। ਆਜ਼ਾਦੀ ਘੁਲਾਟੀਆਂ, ਜਿਨ੍ਹਾਂ ਵਿੱਚ ਭਾਈ ਪਰਮਾਨੰਦ, ਸੋਹਨ ਸਿੰਘ ਅਤੇ ਗਦਰੀ ਬਾਬਾ ਇਨਕਲਾਬੀਆਂ ਵਰਗੇ ਪ੍ਰਮੁੱਖ ਪੰਜਾਬੀ ਸ਼ਾਮਲ ਸਨ, ਵਿਨਾਇਕ ਦਾਮੋਦਰ ਸਾਵਰਕਰ ਅਤੇ ਬਟੁਕੇਸ਼ਵਰ ਦੱਤ ਵਰਗੇ ਹੋਰਾਂ ਦੇ ਨਾਲ, ਜੇਲ੍ਹਰਾਂ ਅਤੇ ਅਧਿਕਾਰੀਆਂ ਨਾਲ ਜ਼ਬਰਦਸਤ ਟਕਰਾਅ ਹੋਏ, ਬੇਰਹਿਮ ਬਦਲਿਆਂ ਦੇ ਬਾਵਜੂਦ ਭੁੱਖ ਹੜਤਾਲਾਂ ਅਤੇ ਵਿਰੋਧ ਪ੍ਰਦਰਸ਼ਨ ਕੀਤੇ। ਉਸ ਸਮੇਂ ਗਦਰੀ ਬਾਬਿਆਂ ਨੇ ਲੰਬਾ ਸੰਘਰਸ਼ ਕੀਤਾ, ਕਈ ਕੈਦੀਆਂ ਦੀ ਮੌਤ ਹੋਈ। ਅੰਤ ਗਦਰੀਆਂ ਦੇ ਸੰਘਰਸ਼ ਸਾਹਮਣੇ ਸਰਕਾਰ ਨੂੰ ਝੁਕਣਾ ਪਿਆ। ਉਨ੍ਹਾਂ ਨੇ ਰਾਜਨੀਤਿਕ ਕੈਦੀਆਂ ਨੂੰ ਕਈ ਸਹੂਲਤਾਂ ਦਿੱਤੀਆਂ। ਮਹਾਤਮਾ ਗਾਂਧੀ ਅਤੇ ਰਬਿੰਦਰਨਾਥ ਟੈਗੋਰ ਦੇ ਦਬਾਅ ਕਾਰਨ 1937 ਵਿੱਚ ਜੇਲ੍ਹ ਬੰਦ ਹੋਣ ਦੀ ਸ਼ੁਰੂਆਤ ਹੋਈ, ਜਿਸ ਵਿੱਚ ਆਖਰੀ ਕੈਦੀ 1939 ਤੱਕ ਵਾਪਸ ਕਲਕੱਤੇ ਚਲੇ ਗਏ ।



ਪੰਜਾਬ ਦੇ ਕਾਲੇ ਪਾਣੀ ਜੇਲ ਵਿੱਚ ਕੈਦ ਸੁਤੰਤਰਤਾ ਸੰਗਰਾਮੀਆਂ ਦੀ ਸੂਚੀ ਨਾਲ ਲੇਖਕ।

ਅੰਡੇਮਾਨ ਜੇਲ੍ਹ ਵਿੱਚ ਬੰਦ ਔਰਤ ਕੈਦੀਆਂ ਨੂੰ ਵਿਆਹ ਕਰਨ ਦੀ ਆਗਿਆ ਵੀ ਬੜੇ ਅਜੀਬ ਤਰੀਕੇ ਨਾਲ ਦਿੱਤੀ ਜਾਂਦੀ ਸੀ। ਕਰਾਚੀ, ਪਿਸ਼ਾਵਰ, ਪੱਛਮੀ ਬੰਗਾਲ, ਉੜੀਸਾ ਤੋਂ ਆਈਆਂ ਔਰਤਾਂ ਲਾਈਨ ਵਿੱਚ ਖੜ੍ਹੇ ਕੈਦੀਆਂ ਵਿੱਚੋਂ ਕਿਸੇ ਦੀ ਵੀ ਬਾਂਹ ਫੜ ਕੇ ਵਿਆਹ ਲਈ ਹਾਮੀ ਭਰ ਸਕਦੀਆਂ ਸਨ। ਇਸ ਸਾਰੇ ਵਰਤਾਰੇ ਨੂੰ ਸਵੰਬਰ ਪਰੇਡ ਆਖਿਆ ਜਾਂਦਾ ਸੀ। ਇਸ ਤੋਂ ਬਾਅਦ ਛੇ ਮਹੀਨੇ ਤੱਕ ਦੋਵਾਂ ਨੂੰ ਪ੍ਰੇਮਨਗਰ ਹਿੱਸੇ ਵਿੱਚ ਇਕੱਠੇ ਰਹਿਣ ਦੀ ਆਗਿਆ ਹੁੰਦੀ ਸੀ। ਛੇ ਮਹੀਨਿਆਂ ਬਾਅਦ ਜਦੋਂ ਦੋਵਾਂ ਜਣਿਆਂ ਦਾ ਆਪਸ ਵਿੱਚ ਤਾਲਮੇਲ ਹੋ ਜਾਂਦਾ ਤਾਂ ਸ਼ਾਦੀਪੁਰ ਹਿੱਸੇ ਵਿੱਚ ਵਿਆਹ ਕਰਕੇ ਰਹਿਣ ਦੀ ਆਗਿਆ ਮਿਲਦੀ ਸੀ। ਇਸ ਤਰ੍ਹਾਂ ਦੇ ਹੋਏ ਵਿਆਹਾਂ ਤੋਂ ਪੈਦਾ ਹੋਈਆਂ ਪੀੜ੍ਹੀਆਂ ਦੇ ਬਹੁਤ ਸਾਰੇ ਲੋਕ ਹਾਲੇ ਵੀ ਅੰਡੇਮਾਨ ਦੇ ਨਿਵਾਸੀ ਹਨ।

ਅੰਡੇਮਾਨ ਨੇ ਅੰਗਰੇਜ਼ ਹੀ ਨਹੀਂ, ਜਾਪਾਨੀਆਂ ਦੇ ਜ਼ੁਲਮ ਨੂੰ ਵੀ ਝੱਲਿਆ ਹੈ ।ਦੂਜੇ ਵਿਸ਼ਵ ਯੁੱਧ ਦੌਰਾਨ 23 ਮਾਰਚ, 1942 ਤੋਂ ਅਕਤੂਬਰ 1945 ਤੱਕ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ 'ਤੇ ਜਾਪਾਨੀ ਕਾਬਜ਼ ਰਹੇ। ਉਹਨਾਂ ਦੇ ਕਬਜ਼ੇ ਵਾਲੇ ਸਮੇਂ ਵਿੱਚ ਬੇਰਹਿਮੀ ਅਤੇ ਜ਼ੁਲਮ ਦੀ ਇੰਤਹਾ ਦੇਖਣ ਨੂੰ ਮਿਲੀ। ਅੰਗਰੇਜ਼ਾਂ ਦੁਆਰਾ ਬਿਨਾਂ ਕਿਸੇ ਵਿਰੋਧ ਦੇ ਟਾਪੂਆਂ ਨੂੰ ਛੱਡਣ ਤੋਂ ਬਾਅਦ, ਜਾਪਾਨ ਨੇ ਕੰਟਰੋਲ ਆਪਣੇ ਕਬਜ਼ੇ ਵਿੱਚ ਲੈ ਲਿਆ। ਜਪਾਨੀਆਂ ਦਾ ਸ਼ੁਰੂ ਵਿੱਚ ਸਥਾਨਕ ਲੋਕਾਂ ਦੁਆਰਾ ਬਸਤੀਵਾਦੀ ਸ਼ਾਸਨ ਤੋਂ ਮੁਕਤੀਦਾਤਾ ਵਜੋਂ ਸਵਾਗਤ ਕੀਤਾ ਗਿਆ। ਇਹ ਉਮੀਦ ਜਲਦੀ ਹੀ ਭਿਆਨਕਤਾ ਵਿੱਚ ਬਦਲ ਗਈ, ਕਿਉਂਕਿ ਜਾਪਾਨੀ ਫੌਜ ਨੇ ਦਹਿਸ਼ਤ ਦਾ ਰਾਜ ਲਾਗੂ ਕਰ ਦਿੱਤਾ ਸੀ। ਉਨ੍ਹਾਂ ਦਾ ਕਬਜ਼ਾ ਰਣਨੀਤਕ ਹਿੱਤਾਂ ਨੂੰ ਪੂਰਾ ਕਰਨ ਲਈ ਸੀ। ਜਪਾਨੀ ਫੌਜ ਸਹਿਯੋਗੀ ਦੇਸ਼ਾਂ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਲਈ ਇਹਨਾ ਟਾਪੂਆਂ ਨੂੰ ਇੱਕ ਜਲ ਸੈਨਾ ਦੇ ਅੱਡੇ ਵਜੋਂ ਵਰਤਣਾ ਚਾਹੁੰਦੀ ਸੀ। ਉਹਨਾਂ ਦੀ ਇਹ ਇੱਛਾ ਸਥਾਨਕ ਆਬਾਦੀ ਅਤੇ ਕੈਦੀਆਂ ਦੋਵਾਂ ਦੀ ਬੇਰਹਿਮੀ ਨਾਲ ਅਧੀਨਗੀ ਵਿੱਚ ਬਦਲ ਗਈ ਸੀ। ਜ਼ੁਲਮਾਂ ਦਾ ਇੱਕ ਹੋਰ ਦੌਰ ਸ਼ੁਰੂ ਹੋ ਗਿਆ ਸੀ, ਜਿੱਥੇ ਮਨੁੱਖਤਾ ਫਿਰ ਇਕ ਵਾਰ ਹਾਰਦੀ ਨਜ਼ਰ ਆਈ।

ਇਹ ਟਾਪੂ ਸਿਰਫ਼ ਸਮੁੰਦਰ ਦੇ ਵਿਚਕਾਰ ਹੀ ਸਥਿਤ ਨਹੀਂ-ਇਹ ਦਰਦ ਦੇ ਇਤਿਹਾਸ ਵਿੱਚ ਡੁੱਬੇ ਹੋਏ ਹਨ। ਹਰ ਲਹਿਰ ਜਿਵੇਂ ਇੱਕ ਕਹਾਣੀ ਸੁਣਾਉਂਦੀ ਹੈ, ਹਰ ਇੱਟ ਕਿਸੇ ਜ਼ੁਲਮ ਦੀ ਗਵਾਹ ਹੈ। ਜਾਪਾਨੀ ਬੇਰਹਿਮੀ ਦੀਆਂ ਕਹਾਣੀਆਂ ਦਿਲ ਦਹਿਲਾਅ ਦੇਣ ਵਾਲੀਆਂ ਸਨ। ਜਪਾਨੀ ਅੰਗਰੇਜ਼ਾਂ ਨੂੰ ਜ਼ੁਲਮ ਕਰਨ ਵਿੱਚ ਕਈ ਕਦਮ ਪਿੱਛੇ ਛੱਡ ਗਏ।ਇੱਕ ਬਦਨਾਮ ਘਟਨਾ ਵਿੱਚ 1942 ਵਿੱਚ ਹੋਮਫ੍ਰੇਗੰਜ ਵਿਖੇ 44 ਸ਼ੱਕੀ ਜਾਸੂਸਾਂ ਨੂੰ ਫਾਂਸੀ ਦੇ ਦਿੱਤੀ ਗਈ ਸੀ। ਇੱਕ ਹੋਰ ਘਟਨਾ ਵਿੱਚ ਆਮ ਨਾਗਰਿਕਾਂ ਨੂੰ ਬ੍ਰਿਟਿਸ਼ ਸਰਕਾਰ ਦੀ ਮਦਦ ਕਰਨ ਦੇ ਦੋਸ਼ ਵਿੱਚ ਘੇਰ ਲਿਆ ਗਿਆ ਅਤੇ ਸਮੂਹਿਕ ਤੌਰ 'ਤੇ ਗੋਲੀ ਮਾਰ ਦਿੱਤੀ ਗਈ ਸੀ। ਉਨ੍ਹਾਂ ਬਦਨਸੀਬਾਂ ਦੀਆਂ ਲਾਸ਼ਾਂ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ ਸੀ। ਜਾਪਾਨੀਆਂ ਨੇ ਕੈਦੀਆਂ ਅਤੇ ਸਥਾਨਕ ਲੋਕਾਂ ਨੂੰ ਬਹੁਤ ਤਸੀਹੇ ਦਿੱਤੇ। ਵਾਟਰਬੋਰਡਿੰਗ, ਬਾਂਸ ਦੇ ਡੰਡਿਆਂ ਨਾਲ ਕੁੱਟਣਾ ਅਤੇ ਭੁੱਖੇ ਰੱਖਣ ਵਰਗੇ ਤਰੀਕਿਆਂ ਦੀ ਵਰਤੋਂ ਕੀਤੀ ਗਈ ਸੀ। ਦੰਦ ਕਥਾ ਅਨੁਸਾਰ ਸਥਾਨਕ ਲੋਕਾਂ ਨੂੰ ਗੁਲਾਮ ਵਰਗੀਆਂ ਸਥਿਤੀਆਂ ਵਿੱਚ ਹਵਾਈ ਪੱਟੀਆਂ ਅਤੇ ਕਿਲ੍ਹੇ ਬਣਾਉਣ ਲਈ ਮਜਬੂਰ ਕੀਤਾ ਗਿਆ। ਇਹਨਾਂ ਲੋਕਾਂ ਵਿੱਚੋਂ ਬਹੁਤ ਸਾਰੇ ਥਕਾਵਟ ਨਾਲ ਮਰ ਗਏ ਜਾਂ ਮਾਮੂਲੀ ਉਲੰਘਣਾਵਾਂ ਲਈ ਫਾਂਸੀ ਦੇ ਦਿੱਤੀ ਗਈ। ਕੁਝ ਨੂੰ ਦਰੱਖਤਾਂ ਨਾਲ ਬੰਨ੍ਹਿਆ ਗਿਆ ਅਤੇ ਸੰਗੀਨਾਂ ਨਾਲ ਖਤਮ ਕਰ ਦਿੱਤਾ ਗਿਆ। ਜਾਪਾਨੀਆਂ ਨੇ ਭੋਜਨ ਸਪਲਾਈ ਵੀ ਲੁੱਟੀ, ਜਿਸ ਨਾਲ ਵਿਆਪਕ ਅਕਾਲ ਪੈ ਗਿਆ ਸੀ। ਇਹ ਟਾਪੂ ਤੇ 1944 ਤੱਕ ਕੁਪੋਸ਼ਣ ਅਤੇ ਬਿਮਾਰੀ ਨੇ ਅੱਧੀ ਤੋਂ ਵੱਧ ਆਬਾਦੀ ਖਤਮ ਹੋ ਗਈ ਸੀ। ਲੋਕਾਂ ਵੱਲੋਂ ਜਾਨ ਬਚਾਉਣ ਲਈ ਘਾਹ ਖਾਣ ਦੀਆਂ ਰਿਪੋਰਟਾਂ ਵੀ ਆਈਆਂ ਸਨ। ਇਨ੍ਹਾਂ ਬੇਰਹਿਮ ਭਰੇ ਵਰਤਾਰਿਆਂ ਤੋਂ ਬਚੇ ਨਿਰੰਜਨ ਨਾਂਅ ਦੇ ਸਥਾਨਕ ਵਿਅਕਤੀ ਨੇ ਬਾਅਦ ਵਿੱਚ ਦੱਸਿਆ ਕਿ ਜਾਪਾਨੀ ਸੈਨਿਕ ਡਰ ਪੈਦਾ ਕਰਨ ਲਈ ਮਨਮਾਨੇ ਢੰਗ ਨਾਲ ਵਿਅਕਤੀਆਂ ਦੇ ਸਿਰ ਵੱਢ ਦਿੰਦੇ ਸਨ।ਉਨ੍ਹਾਂ ਦੇ ਕੱਟੇ ਹੋਏ ਸਿਰ ਚੇਤਾਵਨੀ ਵਜੋਂ ਪ੍ਰਦਰਸ਼ਤ ਕੀਤੇ ਜਾਂਦੇ ਸਨ। ਇਹ ਤਿੰਨ ਸਾਲਾਂ ਦਾ ਭਿਆਨਕ ਸੁਪਨਾ 1945 ਵਿੱਚ ਜਾਪਾਨ ਦੇ ਆਤਮ ਸਮਰਪਣ ਨਾਲ ਹੀ ਖਤਮ ਹੋਇਆ। ਅੰਤ ਵਿੱਚ ਬ੍ਰਿਟਿਸ਼ ਫੌਜਾਂ ਨੇ ਟਾਪੂਆਂ 'ਤੇ ਦੁਬਾਰਾ ਕਬਜ਼ਾ ਕਰ ਲਿਆ, ਜਪਾਨ ਦੀ ਫੌਜ ਅੰਡੇਮਾਨ ਦੇ ਇਤਿਹਾਸ ਵਿੱਚ ਸਦਮੇ ਦੀ ਵਿਰਾਸਤ ਛੱਡ ਗਈ ਸੀ ।

ਪ੍ਰਸਿੱਧ ਕਵੀ ਅਤੇ ਸੁਤੰਤਰਤਾ ਸੰਗਰਾਮੀ ਦੀਵਾਨ ਸਿੰਘ ਕਾਲੇ ਪਾਣੀ ਵੀ ਇੱਥੇ ਕੈਦ ਰਹੇ ਸਨ ।ਇੱਥੇ ਹੀ ਉਹਨਾਂ ਨੂੰ ਤਸੀਹੇ ਦੇ ਕੇ ਜਪਾਨੀਆਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ।29 ਦਸੰਬਰ, 1943 ਨੂੰ ਸੁਭਾਸ਼ ਚੰਦਰ ਬੋਸ ਤਿੰਨ ਦਿਨਾਂ ਦੇ ਦੌਰੇ ਲਈ ਪੋਰਟ ਬਲੇਅਰ ਪਹੁੰਚੇ ਸਨ। ਇਹਨਾਂ ਟਾਪੂਆਂ ਨਾਲ ਉਨ੍ਹਾਂ ਦੇ ਸੰਬੰਧਾਂ ਵਿੱਚ ਇੱਕ ਮਹੱਤਵਪੂਰਨ ਪਲ ਸੀ। 30 ਦਸੰਬਰ ਨੂੰ ਉਨ੍ਹਾਂ ਨੇ ਜਿਮਖਾਨਾ ਮੈਦਾਨ, ਜਿਸ ਨੂੰ ਹੁਣ ਨੇਤਾਜੀ ਸਟੇਡੀਅਮ ਵਜੋਂ ਜਾਣਿਆ ਜਾਂਦਾ ਹੈ, ਵਿਖੇ ਭਾਰਤੀ ਤਿਰੰਗਾ ਲਹਿਰਾਇਆ, ਜੋ ਕਿ ਬ੍ਰਿਟਿਸ਼ ਸ਼ਾਸਨ ਤੋਂ ਟਾਪੂਆਂ ਦੀ ਮੁਕਤੀ ਦਾ ਪ੍ਰਤੀਕ ਬਣਿਆ ਸੀ । ਇਹ ਕਾਰਵਾਈ ਕਬਜ਼ੇ ਵਾਲੇ ਇਲਾਕਿਆਂ ਵਿੱਚ ਆਜ਼ਾਦ ਹਿੰਦ ਸਰਕਾਰ ਦੀ ਮੌਜੂਦਗੀ ਸਥਾਪਤ ਕਰਨ ਦੀ ਉਨ੍ਹਾਂ ਦੀ ਵਿਆਪਕ ਰਣਨੀਤੀ ਦਾ ਹਿੱਸਾ ਸੀ। ਇਸ ਫੇਰੀ ਦੌਰਾਨ, ਉਨ੍ਹਾਂ ਨੇ ਕੈਦ ਕੀਤੇ ਗਏ ਇਨਕਲਾਬੀਆਂ ਬਾਰੇ ਪੁੱਛਗਿੱਛ ਕਰਦੇ ਹੋਏ, ਸੈਲੂਲਰ ਜੇਲ੍ਹ ਦਾ ਵੀ ਦੌਰਾ ਕੀਤਾ, ਜੋ ਕਿ ਬਹੁਤ ਇਤਿਹਾਸਕ ਮਹੱਤਵ ਵਾਲੀ ਜਗ੍ਹਾ ਹੈ। ਹਾਲਾਂਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਕਲਕੱਤਾ ਭੇਜ ਦਿੱਤਾ ਗਿਆ ਸੀ। ਅਸੀਂ ਸਾਰੇ ਸੈੱਲ ਦੇਖਦੇ ਹੋਏ ਹੇਠਾਂ ਆਏ। ਉੱਥੇ ਅਸੀਂ ਨਾਰੀਅਲ ਪੀੜਨ ਵਾਲੇ ਕੋਹਲੂ ਨੂੰ ਦੇਖਿਆ। ਇੱਕ ਚੱਕਰ 'ਚ ਚਾਰੇ ਪਾਸੇ ਲਾ ਕੇ ਲਾਈਟ ਐਂਡ ਸਾਊਂਡ ਸ਼ੋਅ ਦੇਖਣ ਲਈ ਤੁਰ ਪਏ।

ਅਜ਼ਾਦੀ ਦੇ ਸੰਘਰਸ਼ ਨੂੰ ਦਰਸਾਉਣ ਲਈ ਦਿਖਾਇਆ ਜਾਂਦਾ, ਸਾਮ ਦਾ ਇਹ ਲਾਈਟ ਐਂਡ ਸਾਊਂਡ ਸ਼ੋਅ ਕਾਫ਼ੀ ਵਧੀਆ ਸੀ।ਇਸ ਨੂੰ ਕਈ ਸਾਲ ਪਹਿਲਾਂ ਦੇਖ ਚੁੱਕੇ ਸੱਜਣ ਨੇ ਦੱਸਿਆ ਕਿ ਹੁਣ ਇਸ ਨੂੰ ਕਾਫੀ ਬਦਲ ਦਿੱਤਾ ਗਿਆ ਹੈ। ਉਸ ਅਨੁਸਾਰ ਸ਼ੋਅ ਦੀ ਪੇਸ਼ਕਾਰੀ ਵਿੱਚ ਰਾਜਨੀਤਿਕ ਤੌਰ 'ਤੇ ਕੀਤਾ ਹੇਰਫੇਰ ਮਨ ਨੂੰ ਸੱਟ ਮਾਰਦਾ ਹੈ ।ਹੁਣ ਇਹ ਸ਼ੋਅ ਕੁਝ ਸ਼ਖਸੀਅਤਾਂ ਨੂੰ ਜ਼ਿਆਦਾ ਮਹਿਮਾ ਦਿੰਦੇ ਹੋਏ ਦੂਜਿਆਂ ਨੂੰ ਪਾਸੇ ਕਰ ਰਿਹਾ । ਇਸ ਸਖ਼ਤ ਹਕੀਕਤ ਦੇ ਬਾਵਜੂਦ ਕਿ ਤਸੀਹੇ ਦਿੱਤੇ ਗਏ ਕੈਦੀਆਂ ਵਿੱਚ 75 ਫੀਸਦੀ ਬੰਗਾਲੀ ਅਤੇ 20 ਫੀਸਦੀ ਪੰਜਾਬੀ ਸਨ। ਉਹ ਵੀ ਕੁਰਬਾਨੀ ਦੀ ਬਰਾਬਰ ਮਾਨਤਾ ਦੇ ਹੱਕਦਾਰ ਹਨ। ਮੈਂ ਵੀ ਇਸ ਗੱਲ ਨੂੰ ਮਹਿਸੂਸ ਕੀਤਾ। ਫਿਰ ਵੀ ਅਸੀਂ ਇਸ ਸ਼ੋਅ ਦਾ ਚੰਗਾ ਆਨੰਦ ਮਾਣਿਆ। ਸਾਡੇ ਲਈ ਇਹ ਬਹੁਤ ਮਹੱਤਵਪੂਰਨ ਅਤੇ ਯਾਦਗਾਰ ਪਲ ਰਹੇ। ਇਸ ਲਾਈਟ ਐਂਡ ਸਾਊਂਡ ਦੇ ਸ਼ੋਅ ਰਾਹੀਂ ਅਸੀਂ ਇਕ ਵਾਰੀ ਫੇਰ ਇਸ ਜੇਲ੍ਹ ਵਿੱਚ ਕੈਦ ਰਹੇ ਗਦਰੀ ਬਾਬਿਆਂ ਅਤੇ ਸ਼ਹੀਦਾਂ ਨੂੰ ਇੱਕ ਵਾਰ ਫੇਰ ਦੁਬਾਰਾ ਯਾਦ ਕੀਤਾ।ਜਦੋਂ ਸ਼ੋਅ ਖਤਮ ਹੋਇਆ ਤਾਂ ਅਸੀਂ ਬਾਹਰ ਆਉਣ ਲੱਗੇ ਤਾਂ ਦੋ ਵੱਡੀ ਉਮਰ ਦੇ ਸਰਦਾਰ ਵਿਅਕਤੀ ਮੈਨੂੰ ਮਿਲੇ। ਉਹਨਾਂ ਨੇ ਦੱਸਿਆ ਕਿ ਉਹ ਪਹਿਲਾਂ ਵੀ ਦੋ ਵਾਰ ਇੱਥੇ ਆ ਚੁੱਕੇ ਹਨ ।ਇਹਨਾਂ ਵਿੱਚੋਂ ਇੱਕ ਵਿਅਕਤੀ ਘੋਲੀਏ ਪਿੰਡ ਦਾ ਰਹਿਣ ਵਾਲਾ ਬੈਂਕ ਦਾ ਮੁਲਾਜ਼ਮ ਸੀ। ਜਿਹੜਾ ਹੁਣ ਦਿੱਲੀ ਵਾਸੀ ਬਣ ਗਿਆ ਸੀ। ਉਸ ਨਾਲ ਦੂਸਰਾ ਵਿਅਕਤੀ ਕੈਨੇਡਾ ਵਾਸੀ ਸੀ। ਉਸ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਿਆ ਕਿ ਉਹ ਲੁਧਿਆਣੇ ਸਪੋਰਟਸ ਡਿਪਾਰਟਮੈਂਟ ਵਿੱਚੋਂ ਰਿਟਾਇਰਮੈਂਟ ਲੈ ਕੇ 2005 ਵਿੱਚ ਕੈਨੇਡਾ ਚਲਾ ਗਿਆ ਸੀ। ਦੋਵਾਂ ਨੇ ਜੇਲ੍ਹ ਦੇ ਲਾਈਟ ਐਂਡ ਸਾਊਂਡ ਸ਼ੋਅ 'ਤੇ ਆਪਣੇ ਵਿਚਾਰ ਰੱਖੇ। ਉਹਨਾਂ ਦੇ ਵਿਚਾਰ ਕਾਫੀ ਤਿੱਖੇ ਸਨ। ਕੈਨੇਡਾ ਵਾਸੀ ਸਰਦਾਰ ਜੀ ਨੇ ਦੱਸਿਆ ਕਿ ਕਿਸੇ ਸਮੇਂ ਇੱਥੇ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨੇ ਵੀ ਕੈਦ ਕੱਟੀ ਹੈ, ਪਰ ਕਿਸੇ ਵੀ ਇਤਿਹਾਸਕ ਦਸਤਾਵੇਜ਼ ਵਿੱਚ ਇਸ ਗੱਲ ਦਾ ਜ਼ਿਕਰ ਨਹੀਂ ਹੈ। ਮੈਂ ਜਦੋਂ ਰੰਗੂਨ ਦੀ ਗੱਲ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਇੱਥੋਂ ਹੀ ਉਹ ਰੰਗੂਨ ਜੇਲ੍ਹ ਵਿੱਚ ਭੇਜੇ ਗਏ ਸਨ। ਮੀਂਹ ਦੀ ਕਿਣ-ਮਿਣ ਦੁਬਾਰਾ ਸ਼ੁਰੂ ਹੋ ਗਈ ਸੀ ।ਇਸ ਕਰਕੇ ਮੈਂ ਬਹੁਤਾ ਸਮਾਂ ਉਹਨਾਂ ਨਾਲ ਗੱਲਬਾਤ ਨਾ ਕਰ ਸਕਿਆ। ਉਹਨਾਂ ਨਾਲ ਮੇਰੀ ਮੁਲਾਕਾਤ ਯਾਤਰਾ ਦੇ ਅੰਤਿਮ ਦਿਨ ਦੁਬਾਰਾ ਹੋਈ ।ਉਸ ਸਮੇਂ ਮੈਨੂੰ ਪਤਾ ਨਹੀਂ ਸੀ ਕਿ ਮੈਂ ਇੱਕ ਬਹੁਤ ਵੱਡੀ ਸ਼ਖ਼ਸੀਅਤ ਨੂੰ ਮੁਖਾਤਿਬ ਹੋ ਰਿਹਾ ਹਾਂ, ਜਿਹੜੀ ਸਾਡੇ ਦੇਸ਼ ਦੇ ਇੱਕ ਬਹੁਤ ਵੱਡੇ ਦੇਸ਼ਭਗਤ ਸ਼ਹੀਦ ਨਾਲ ਖ਼ੂਨ ਦਾ ਰਿਸ਼ਤਾ ਰੱਖਦੀ ਹੈ। ਅਸੀਂ ਵਾਪਸ ਹੋਟਲ ਵਿੱਚ ਆ ਗਏ ।ਕੱਲ੍ਹ ਨੂੰ ਸਾਡੀ ਯਾਤਰਾ ਨੇੜਲੇ ਟਾਪੂ ਦੇਖਣ ਦੀ ਸੀ। ਸਮੁੰਦਰ ਵਿੱਚ ਮੌਸਮ ਕਾਰਨ ਉਥਲ-ਪੁਥਲ ਹੋ ਜਾਣ ਕਰਕੇ ਸਮੁੰਦਰੀ ਕਰੂਜ਼ ਹੈਵਲੋਕ ਟਾਪੂ ਨਹੀਂ ਜਾ ਰਿਹਾ ਸੀ। ਭਵਿੱਖ ਵਿੱਚ ਅੰਡੇਮਾਨ ਯਾਤਰਾ ਕਰਨ ਵਾਲੇ ਦੋਸਤਾਂ ਲਈ ਸਲਾਹ ਹੈ ਕਿ ਇੱਕ ਪੂਰੀ ਸ਼ਾਮ ਇਸ ਜੇਲ੍ਹ ਲਈ ਹੀ ਰੱਖਣ ਤਾਂ ਜੋ ਉਹ ਇੱਥੋਂ ਦੇ ਇਤਿਹਾਸ ਨਾਲ ਚੰਗੀ ਤਰ੍ਹਾਂ ਰੂਬਰੂ ਹੋ ਸਕਣ। ਅਗਲੇ ਦਿਨ ਟਾਪੂਆਂ 'ਤੇ ਘੁੰਮਣ ਦਾ ਪ੍ਰੋਗਰਾਮ ਬਣਾ ਕੇ ਅਸੀਂ ਨੀਂਦ ਦੇ ਹਵਾਲੇ ਹੋ ਗਏ।

ਸੰਪਰਕ : 94170-81419